Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
I can help you every step of the way.
No Pressure, No Obligation.
DRE#02021283
Fluent in Punjabi and Hindi.

Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 33, August 17, 2019
20451 N. Plum Grove Rd., Palatine, IL 60074
Ph:847-359-0746, Fax:847-705-9388

## ਬਿਪਤਾ ਦੀ ਘੜੀ 'ਚ ਸਿੱਖਾਂ ਨੇ ਫੜੀ ਕਸ਼ਮੀਰੀਆਂ ਦੀ ਬਾਂਹ

**ਚੰਡੀਗੜ੍ਹ:** ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਮਗਰੋਂ ਪੈਦਾ ਹੋਏ ਬਿਪਤਾ ਵਾਲੇ ਹਾਲਾਤ ਵਿਚ ਜਿਸ ਤਰ੍ਹਾਂ ਪੂਰੇ ਦੇਸ਼ ਵਿਚ ਸਿੱਖ ਭਾਈਚਾਰਾ ਕਸ਼ਮੀਰੀਆਂ ਨਾਲ ਆਣ ਖੜ੍ਹਿਆ, ਉਸ ਦੀ ਪੂਰੀ ਦੁਨੀਆ ਵਿਚ ਵਾਹ-ਵਾਹ ਹੋ ਰਹੀ ਹੈ। ਕੁਝ ਭਾਜਪਾ ਆਗੂਆਂ ਵਲੋਂ ਕਸ਼ਮੀਰੀ ਔਰਤਾਂ ਬਾਰੇ ਕੀਤੀਆਂ ਟਿੱਪਣੀਆਂ ਤੋਂ ਬਾਅਦ ਸਿੱਖਾਂ ਵਲੋਂ ਪੜ੍ਹਾਈ ਜਾਂ ਕਾਰੋਬਾਰ ਲਈ ਹੋਰਾਂ ਸੂਬਿਆਂ ਵਿਚ ਆਈਆਂ ਕਸ਼ਮੀਰੀ ਮੁਟਿਆਰਾਂ ਨੂੰ ਉਨ੍ਹਾਂ ਦੇ ਘਰ ਸੁਰੱਖਿਅਤ ਪਹੁੰਚਾਉਣ ਲਈ ਮੁਹਿੰਮ ਛੇੜ ਦਿੱਤੀ ਗਈ।

ਦਿੱਲੀ ਵਿਚ ਕੁਝ ਸਿੱਖ ਨੌਜਵਾਨਾਂ ਨੇ 32 ਕਸ਼ਮੀਰੀ ਮੁਟਿਆਰਾਂ ਨੂੰ ਜੰਮੂ ਕਸ਼ਮੀਰ ਦੇ ਸਭ ਤੋਂ ਵੱਧ ਗੜਬੜ ਵਾਲੇ ਇਲਾਕਿਆਂ ਵਿਚ ਪੈਂਦੇ ਉਨ੍ਹਾਂ ਦੇ ਘਰਾਂ 'ਚ ਸੁਰੱਖਿਅਤ ਪਹੁੰਚਾਇਆ। ਉਧਰ, ਸ੍ਰੀ ਅਕਾਲ ਤਖਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਵਲੋਂ ਕਸ਼ਮੀਰੀ ਔਰਤਾਂ ਦੀ ਰੱਖਿਆ ਦੇ ਹੁਕਮ ਦਿੱਤੇ ਗਏ ਹਨ। ਗੁਰਦੁਆਰਿਆਂ ਵਿਚ ਰਹਿਣ ਤੇ ਖਾਣ-ਪੀਣ ਤੋਂ ਇਲਾਵਾ ਕਸ਼ਮੀਰੀ ਮੁਟਿਆਰਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਸੁਰੱਖਿਅਤ ਪਹੁੰਚਾਉਣ ਦੀ ਵੀ ਸ਼੍ਰੋਮਣੀ ਕਮੇਟੀ ਨੇ ਜ਼ਿੰਮੇਵਾਰੀ ਲਈ ਹੈ। ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਤੇ ਵਿਦਿਅਕ ਅਦਾਰਿਆਂ ਨੂੰ ਹਦਾਇਤ ਕੀਤੀ ਹੈ ਕਿ ਜੇ ਕੋਈ ਕਸ਼ਮੀਰੀ ਔਰਤ ਜਾਂ ਬੱਚੀ ਸ਼ਰਨ ਲਈ ਆਉਂਦੀ ਹੈ ਤਾਂ ਉਸ ਨੂੰ ਰਿਹਾਇਸ਼, ਲੰਗਰ ਅਤੇ ਸੁਰੱਖਿਅਤ ਮਾਹੌਲ ਦਿੱਤਾ ਜਾਵੇ। ਇਨ੍ਹਾਂ ਮੁਟਿਆਰਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਸੁਰੱਖਿਅਤ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਨਿਭਾਉਣ ਲਈ ਕਿਹਾ ਹੈ।

ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਅਬਦਾਲੀ ਦੇ ਵੇਲੇ 22 ਹਜ਼ਾਰ ਹਿੰਦੂ ਔਰਤਾਂ ਨੂੰ ਬੰਦੀ ਬਣਾ ਲਿਆ ਸੀ ਜਿਨ੍ਹਾਂ ਨੂੰ ਸਿੱਖਾਂ ਨੇ ਰਿਹਾਅ ਕਰਵਾਇਆ ਅਤੇ ਘਰੋ-ਘਰੀ ਪਹੁੰਚਾਇਆ ਸੀ। ਹੁਣ ਵੀ ਸਿੱਖ ਕੌਮ ਆਪਣੀ ਇਸ ਪਰੰਪਰਾ ਨੂੰ ਕਾਇਮ ਰੱਖੇਗੀ। ਇਹੀ ਨਹੀਂ, ਪੰਜਾਬ ਸਰਕਾਰ ਵੀ ਇਸ ਕੰਮ ਵਿਚ ਖੁੱਲ੍ਹ ਕੇ ਅੱਗੇ ਆਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਪੜ੍ਹਾਈ ਲਈ ਆਏ ਕਸ਼ਮੀਰੀ ਵਿਦਿਆਰਥੀਆਂ ਨੂੰ ਈਦ ਵਾਲੇ ਦਿਨ ਪੰਜਾਬ ਭਵਨ ਸੱਦ ਕੇ ਦਾਅਵਤ ਦਿੱਤੀ, ਉਥੇ ਹਰ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦਿੱਤਾ। ਔਖੀ ਘੜੀ ਵੇਲੇ ਪੰਜਾਬ ਦੀਆਂ ਕਈ ਯੂਨੀਵਰਸਿਟੀਆਂ ਤੇ ਕਾਲਜਾਂ ਨੇ ਕਸ਼ਮੀਰੀ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ ਕੀਤੀਆਂ ਹਨ। ਕਈ ਸੰਸਥਾਵਾਂ ਨੈਤਿਕ ਤੇ ਮਾਲੀ ਸਹਾਇਤਾ ਦੇਣ ਲਈ ਸਾਹਮਣੇ ਆਈਆਂ ਹਨ। ਵਿਦਿਆਰਥੀਆਂ, ਕਿਸਾਨਾਂ, ਖੇਤ ਮਜ਼ਦੂਰਾਂ ਤੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਕਸ਼ਮੀਰੀਆਂ ਦੇ ਹੱਕ ਵਿਚ ਨਿੱਤਰੀਆਂ ਹਨ।

ਸਿੱਖ ਨੇ ਇਹ ਪਹਿਲ ਉਸ ਸਮੇਂ ਕੀਤੀ ਹੈ ਜਦੋਂ ਕਸ਼ਮੀਰ ਵਿਚੋਂ ਹੋਰਨਾਂ ਸੂਬਿਆਂ ਵਿਚ ਪੜ੍ਹਨ ਆਏ ਕਸ਼ਮੀਰੀ ਵਿਦਿਆਰਥੀ ਕੁਝ ਭਾਜਪਾ ਆਗੂਆਂ ਦੀਆਂ ਭੜਕਾਊ ਟਿੱਪਣੀਆਂ ਕਾਰਨ ਸਹਿਮੇ ਹੋਏ ਹਨ। ਜੰਮੂ ਕਸ਼ਮੀਰ ਵਿਚ ਸਖਤ ਪਾਬੰਦੀਆਂ ਕਾਰਨ ਉਨ੍ਹਾਂ ਦਾ ਆਪਣੇ ਮਾਪਿਆਂ ਨਾਲ ਸੰਪਰਕ ਨਹੀਂ ਹੋ ਰਿਹਾ। ਸਿੱਖ ਨੇ ਪੂਰੇ ਦੇਸ਼ ਵਿਚ ਮੁਹਿੰਮ ਚਲਾਈ ਹੈ ਕਿ ਜਿਥੇ ਵੀ ਕਿਸੇ ਕਸ਼ਮੀਰੀ ਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਸੰਪਰਕ ਕਰੇ। ਉਸ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ। ਦੱਸ ਦਈਏ ਕਿ ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਤੋਂ ਬਾਅਦ ਕਸ਼ਮੀਰ ਦਾ ਦੇਸ਼ ਦੇ ਹੋਰ ਸੂਬਿਆਂ ਨਾਲੋਂ ਸੰਪਰਕ ਟੁੱਟਿਆ ਹੋਇਆ ਹੈ। ਇਸ ਸੂਬੇ ਵਿਚ ਕੀ ਹਾਲਾਤ ਹੈ, ਇਸ ਬਾਰੇ ਕੋਈ ਹਵਾ ਨਹੀਂ ਨਿਕਲਣ ਦਿੱਤੀ ਜਾ ਰਹੀ। ਉਤੋਂ ਭਾਜਪਾ ਆਗੂਆਂ ਵੱਲੋਂ ਕਸ਼ਮੀਰੀ ਔਰਤਾਂ ਬਾਰੇ ਭੱਦੀਆਂ ਟਿੱਪਣੀਆਂ ਕੀਤੀ ਜਾ ਰਹੀਆਂ ਹਨ। ਕੁਝ ਭਾਜਪਾ ਆਗੂਆਂ ਨੇ ਤਾਂ ਬੜੀ ਬੇਸ਼ਰਮੀ ਵਾਲੇ ਬਿਆਨ ਦਿੱਤੇ ਹਨ ਕਿ 'ਧਾਰਾ 370 ਖਤਮ ਹੋਣ ਤੋਂ ਬਾਅਦ ਉਹ ਕਸ਼ਮੀਰ ਦੀਆਂ ਗੋਰੀਆਂ ਕੁੜੀਆਂ ਨੂੰ ਇਧਰ ਲਿਆਉਣਗੇ।' ਇਨ੍ਹਾਂ ਆਗੂਆਂ ਵਿਚ ਹਰਿਆਣੇ ਦਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਸ਼ਾਮਲ ਹੈ ਜੋ ਸ਼ਰੇਆਮ ਬਿਆਨ ਦੇ ਰਿਹਾ ਹੈ ਕਿ ਹੁਣ ਸਾਡੇ ਮੁੰਡੇ ਕਸ਼ਮੀਰੀ ਕੁੜੀਆਂ ਵਿਆਹ ਕੇ ਲਿਆਉਣਗੇ।

ਸਭ ਤੋਂ ਮਾੜੀ ਗੱਲ ਇਹ ਹੈ ਕਿ ਭਾਜਪਾ ਆਗੂਆਂ ਦੀ ਇਸ ਅਤਿ ਦਰਜੇ ਦੇ ਘਟੀਆ ਸੋਚ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੂੰਹੋਂ ਇਕ ਸ਼ਬਦ ਵੀ ਨਹੀਂ ਨਿਕਲਿਆ ਜਿਸ ਕਾਰਨ ਅਜਿਹੇ ਆਗੂਆਂ ਨੂੰ ਹੋਰ ਹੱਲਾਸ਼ੇਰੀ ਮਿਲ ਰਹੀ ਹੈ। ਹੁਣ ਜਦੋਂ ਇਹ ਬੱਚੇ ਸਹਿਮੇ ਹੋਏ ਸਨ ਤਾਂ ਸਿੱਖਾਂ ਨੇ ਜਿਥੇ ਉਨ੍ਹਾਂ ਨੂੰ ਹੌਸਲਾ ਦਿੱਤਾ, ਉਥੇ ਸਖਤ ਪਾਬੰਦੀਆਂ ਦੇ ਬਾਵਜੂਦ ਕਸ਼ਮੀਰੀਆਂ ਨੂੰ ਘਰਾਂ ਤੱਕ ਪਹੁੰਚਾਉਣ ਲਈ ਮੁਹਿੰਮ ਛੇੜ ਦਿੱਤੀ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਕਸ਼ਮੀਰ ਤੱਕ ਪੁੱਜਦਾ ਕਰਨ ਵਿਚ ਵੱਡੀਆਂ ਦਿੱਕਤਾਂ ਆ ਰਹੀਆਂ ਹਨ, ਕੋਈ ਟੈਕਸੀ ਵਾਲਾ

(ਬਾਕੀ ਸਫਾ 6 ਉਤੇ)



## ਭਾਜਪਾ ਦੀ ਬੜ੍ਹਕ ਨੇ ਡਰਾਏ ਅਕਾਲੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਅੱਖ ਹੁਣ ਪੰਜਾਬ ਉਤੇ ਹੈ। ਭਾਜਪਾ ਦੇ ਪੰਜਾਬ ਪ੍ਰਧਾਨ ਸਵੇਤ ਮਲਿਕ ਵਲੋਂ 2022 ਵਿਚ ਸੂਬੇ ਵਿਚ ਕਮਲ ਦਾ ਫੁੱਲ ਖਿੜਾਉਣ ਦੇ ਦਿੱਤੇ ਬਿਆਨ ਤੋਂ ਬਾਅਦ ਅਕਾਲੀਆਂ ਲਈ ਵੀ ਭਾਈਵਾਲਾਂ ਨੇ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਅਕਾਲੀ ਦਲ ਭਾਵੇਂ ਇਸ ਟਿੱਪਣੀ ਬਾਰੇ ਕੁਝ ਵੀ ਬੋਲਣ ਤੋਂ ਟਾਲਾ ਵੱਟ ਰਿਹਾ ਹੈ ਪਰ ਭਾਜਪਾ ਵਲੋਂ ਸੂਬੇ ਵਿਚ ਵਿੱਢੀ ਮੈਂਬਰਸ਼ਿਪ ਮੁਹਿੰਮ ਤੇ ਇਸ ਨੂੰ ਮਿਲ ਰਹੇ ਹੁੰਗਾਰੇ ਤੋਂ ਕਾਫੀ ਘਾਬਰਿਆ ਹੋਇਆ ਹੈ। ਇਸ ਦੇ ਸੰਕੇਤ ਇਸ ਗੱਲੋਂ ਹੀ ਮਿਲਦੇ ਹਨ ਕਿ ਪਿਛਲੇ ਦਿਨੀਂ ਇਕ ਸੀਨੀਅਰ ਅਕਾਲੀ ਆਗੂ ਦਾ ਆਡੀਓ ਵਾਇਰਲ ਹੋਇਆ ਸੀ ਜਿਸ ਵਿਚ ਉਹ ਭਾਜਪਾ ਆਗੂਆਂ ਨੂੰ ਆਪਣੀ ਮੈਂਬਰਸ਼ਿਪ ਮੁਹਿੰਮ ਬਾਦਲ ਦੇ ਹਲਕੇ ਤੋਂ ਦੂਰ ਰੱਖਣ ਦੀ ਬੇਨਤੀ ਕਰ ਰਿਹਾ ਹੈ। ਇਹ ਆਗੂ ਫੋਨ ਉਤੇ ਆਖ ਰਿਹਾ ਹੈ- "ਹੋਰ ਜਿਥੇ ਮਰਜ਼ੀ ਮੈਂਬਰ ਬਣਾਉ ਪਰ ਬਾਦਲ ਸਾਹਬ ਦੇ ਹਲਕੇ ਤੋਂ ਦੂਰ ਰਹਿਓ।"

ਦੱਸ ਦਈਏ ਕਿ ਦੇਸ਼ ਭਰ ਵਿਚ ਚੰਗਾ ਆਧਾਰ ਬਣਾਉਣ ਮਗਰੋਂ ਭਾਜਪਾ ਨੂੰ ਪੰਜਾਬ ਰੜਕ ਰਿਹਾ ਹੈ। ਇਥੇ ਅਜੇ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਰਹਿਮੋ-ਕਰਮ ਉਤੇ ਹੈ। ਪੰਜਾਬ ਭਾਜਪਾ ਪਿਛਲੇ ਸਮੇਂ ਤੋਂ ਅਕਾਲੀ ਦਲ ਤੋਂ ਵੱਧ ਸੀਟਾਂ ਦੀ ਮੰਗ ਕਰਦੀ ਰਹੀ ਹੈ ਪਰ ਹਾਈਕਮਾਨ ਨੇ ਇਸ ਨੂੰ ਨਹੀਂ ਗੌਲਿਆ। ਹੁਣ ਮੰਨਿਆ ਜਾ ਰਿਹਾ ਹੈ ਕਿ ਭਾਜਪਾ ਪੰਜਾਬ ਵਿਚ ਪੈਰ ਪਸਾਰਨ ਲਈ ਹੱਥ-ਪੈਰ ਮਾਰ ਰਹੀ ਹੈ। ਸਵੇਤ ਮਲਿਕ ਦਾ ਦਾਅਵਾ ਹੈ ਕਿ ਪੰਜਾਬ 'ਚ ਮੈਂਬਰਸ਼ਿਪ ਫਾਰਮ ਭਰਨ ਦਾ 2 ਲੱਖ ਦਾ ਟੀਚਾ ਰੱਖਿਆ ਗਿਆ ਸੀ ਪਰ ਸਮੇਂ ਤੋਂ ਪਹਿਲਾਂ ਹੀ 4 ਲੱਖ ਦਾ ਟੀਚਾ ਪੂਰਾ ਕਰ ਲਿਆ ਗਿਆ ਹੈ। ਵਰਕਰਾਂ ਦੀ ਮਿਹਨਤ ਸਦਕਾ ਪੰਜਾਬ ਦੀ ਧਰਤੀ 'ਤੇ 2022 ਵਿਚ ਕਮਲ ਦਾ ਫੁੱਲ ਖਿੜਾ ਕੇ ਹੀ ਦਮ ਲੈਣਗੇ। ਮਲਿਕ ਦੇ ਦਾਅਵੇ ਤੋਂ ਸਪਸ਼ਟ ਹੈ ਕਿ ਭਾਜਪਾ ਹੁਣ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਤੋਂ ਬਰਾਬਰ ਟਿਕਟਾਂ ਮੰਗੇਗੀ ਜਾਂ ਫਿਰ ਅਲੱਗ ਹੀ ਮੈਦਾਨ ਵਿਚ ਨਿੱਤਰ ਸਕਦੀ ਹੈ।

ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਵੋਟ ਫੀਸਦੀ ਪੱਖੋਂ ਬਾਜ਼ੀ ਮਾਰਨ ਕਾਰਨ ਵੀ ਭਾਜਪਾ ਦੇ ਭਾਈਵਾਲਾਂ ਪ੍ਰਤੀ ਸੁਰ ਬਦਲੇ ਹੋਏ ਹਨ। ਇਨ੍ਹਾਂ ਚੋਣਾਂ ਵਿਚ ਕਾਂਗਰਸ 8 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਵੱਡੀ ਜਿੱਤ ਦਾ ਦਾਅਵਾ ਕਰ ਰਹੀ ਹੈ। ਇਸੇ ਤਰ੍ਹਾਂ ਅਕਾਲੀ ਦਲ ਬਾਦਲ

(ਬਾਕੀ ਸਫਾ 6 ਉਤੇ)

100 SPIRITUAL
PATHS AND SHABAD KIRTANS INSIDE
GURBANI | ਗੁਰਬਾਣੀ
FM/AM RADIO
SAREGAMA CARVAAN mini
AVAILABLE AT SELECT INDIAN STORES NEAR YOU
CONTACT: MR SINGH @ +1 518 502 6005 OR +1 859 490 0156

Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including
table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਦਿੱਲੀ 'ਚ ਰਵਿਦਾਸ ਮੰਦਰ ਤੋੜਨ ਖਿਲਾਫ ਭੜਕਿਆ ਦਲਿਤ ਭਾਈਚਾਰਾ

**ਜਲੰਧਰ:** ਦਿੱਲੀ ਦੇ ਤੁਗਲਕਬਾਦ 'ਚ ਬਣੇ ਗੁਰੂ ਰਵਿਦਾਸ ਦਾ ਮੰਦਰ ਢਾਹੇ ਜਾਣ ਖਿਲਾਫ ਪੰਜਾਬ ਭਰ ਵਿਚ ਦਲਿਤ ਭਾਈਚਾਰੇ ਨੇ ਤਿੱਖੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਰਾਜਨੀਤੀ ਤੋਂ ਉੱਪਰ ਉਠਦਿਆਂ ਦਲਿਤ ਭਾਈਚਾਰੇ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਰੋਸ ਪ੍ਰਗਟਾਉਂਦਿਆਂ ਕਈ ਥਾਂਵਾਂ 'ਤੇ ਕੌਮੀ ਮਾਰਗ ਜਾਮ ਕੀਤਾ। ਰੋਸ ਵਜੋਂ ਪੰਜਾਬ ਬੰਦ ਦਾ ਸੱਦਾ ਵੀ ਦਿੱਤਾ ਗਿਆ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ।

ਰੋਸ ਪ੍ਰਗਟਾਉਣ ਵਾਲਿਆਂ ਨੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਭਾਜਪਾ ਦੇ ਆਗੂਆਂ ਨੇ ਵੀ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਦਿੰਦਿਆਂ ਕਿਹਾ ਕਿ ਢਾਹੇ ਗਏ ਗੁਰੂ ਰਵਿਦਾਸ ਮੰਦਿਰ ਨੂੰ ਮੁੜ ਤੋਂ ਪੂਰੀ ਸ਼ਾਨੋ-ਸ਼ੌਕਤ ਨਾਲ ਬਣਾਉਣ ਲਈ ਵੱਖਰੀ ਅਥਾਰਟੀ ਕਾਇਮ ਕੀਤੀ ਜਾਵੇ। ਉਧਰ, ਦਿੱਲੀ ਪੁਲਿਸ ਨੇ ਗੁਰੂ ਰਵਿਦਾਸ ਚਰਨ ਛੋਹ ਪ੍ਰਾਪਤ ਖੁਰਾਲਗੜ੍ਹ ਦੇ ਗੱਦੀਨਸ਼ੀਨ ਸੰਤ ਸਤਵਿੰਦਰ ਸਿੰਘ ਹੀਰਾ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਰਿਹਾਅ ਕਰ ਦਿੱਤਾ। ਪੰਜਾਬ 'ਚ 14 ਤੋਂ ਵੱਧ ਥਾਂਵਾਂ 'ਤੇ ਦਲਿਤ ਭਾਈਚਾਰੇ ਨੇ ਰੋਸ ਦਿਖਾਵੇ ਕੀਤੇ ਅਤੇ ਸੜਕਾਂ 'ਤੇ ਜਾਮ ਲਾਈ ਰੱਖਿਆ। ਇਸ ਨਾਲ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਜਾਮ ਕਾਰਨ ਜਲੰਧਰ, ਫਗਵਾੜਾ, ਫਿਲੌਰ, ਬੰਗਾ, ਬਹਿਰਾਮ, ਗੜ੍ਹਸ਼ੰਕਰ, ਬਲਾਚੌਰ, ਹੁਸ਼ਿਆਰਪੁਰ, ਟਾਂਡਾ, ਭੋਗਪੁਰ, ਲੁਧਿਆਣਾ, ਸੰਗਰੂਰ ਤੇ ਬਰਨਾਲਾ ਵਿਚ ਲੋਕ ਪਰੇਸ਼ਾਨ ਹੁੰਦੇ ਰਹੇ।

ਰੋਸ ਪ੍ਰਗਟਾਵਾ ਕਰ ਰਹੇ ਦਲਿਤ ਭਾਈਚਾਰੇ ਨੇ ਵੱਡੀ ਗਿਣਤੀ 'ਚ ਇਕੱਠੇ ਹੋ ਕੇ ਰਾਮਾਮੰਡੀ ਚੌਕ ਵਿਚ ਕੌਮੀ ਸ਼ਾਹਰਾਹ ਜਾਮ ਕਰ ਦਿੱਤਾ। ਉਹ ਵਾਰ-ਵਾਰ ਮੋਦੀ ਸਰਕਾਰ ਤੇ ਆਰ.ਐਸ.ਐਸ. ਖਿਲਾਫ ਨਾਅਰੇ ਲਾ ਰਹੇ ਸਨ। ਇਸ ਦੌਰਾਨ ਕਈ ਥਾਂਵਾਂ 'ਤੇ ਆਵਾਜਾਈ ਰੋਕਣ ਲਈ ਟਾਇਰਾਂ ਨੂੰ ਅੱਗ ਲਾ ਕੇ ਸੜਕ ਵਿਚ ਰੱਖਿਆ ਗਿਆ। ਗੁਰੂ ਰਵਿਦਾਸ ਚੌਕ ਵਿਚ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ ਦੀ ਅਗਵਾਈ ਹੇਠ ਰੋਸ ਦਿਖਾਵਾ ਕੀਤਾ ਗਿਆ। ਸ੍ਰੀ ਰਿੰਕੂ ਨੇ ਕਿਹਾ ਕਿ ਮੋਦੀ ਸਰਕਾਰ ਨੇ ਦਲਿਤ ਭਾਈਚਾਰੇ ਨਾਲ ਗਿਣ-ਮਿੱਥ ਕੇ ਧੱਕਾ ਕੀਤਾ ਹੈ।

## ਅਕਾਲ ਤਖਤ ਵਲੋਂ ਮੰਦਰ ਤੋੜਨ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਭਗਤ ਰਵਿਦਾਸ ਦਾ ਪੁਰਾਤਨ ਮੰਦਰ ਤੋੜੇ ਜਾਣ ਦੀ ਨਿਖੇਧੀ ਕਰਦਿਆਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਸ ਮਾਮਲੇ 'ਚ ਸਰਕਾਰ ਨੂੰ ਭਾਈਚਾਰੇ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਮੰਦਰ ਨੂੰ ਢਹਿ-ਢੇਰੀ ਕੀਤੇ ਜਾਣ ਕਾਰਨ ਵੱਡੀ ਗਿਣਤੀ 'ਚ ਸ਼ਰਧਾਲੂਆਂ ਦੇ ਮਨਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਮੱਧਕਾਲੀ ਹਮਲਾਵਰਾਂ ਵਾਲੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਮੰਦਰ ਤੋੜਨ ਦੀ ਕਾਰਵਾਈ ਨੂੰ ਜੂਨ 1984 ਵਿਚ ਅਕਾਲ ਤਖਤ ਨੂੰ ਢਹਿ-ਢੇਰੀ ਕਰਨ ਅਤੇ 1992 ਵਿਚ ਬਾਬਰੀ ਮਸਜਿਦ ਨੂੰ ਢਹਿ-ਢੇਰੀ ਕਰਨ ਨਾਲ ਜੋੜਿਆ ਹੈ।

## ਈਦ ਮੌਕੇ ਪਾਕਿਸਤਾਨ ਨੇ ਭਾਰਤ ਤੋਂ ਨਾ ਲਈ ਮਠਿਆਈ

ਅਟਾਰੀ: ਈਦ ਮੌਕੇ ਪਾਕਿਸਤਾਨ ਨੇ ਅਟਾਰੀ ਵਾਹਗਾ ਸਾਂਝੀ ਜਾਂਚ ਚੌਕੀ 'ਤੇ ਬੀ.ਐਸ.ਐਫ਼. ਵਲੋਂ ਦਿੱਤੀ ਮਠਿਆਈ ਲੈਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਪਹਿਲਾਂ ਵੀ ਕਈ ਮੌਕਿਆਂ 'ਤੇ ਪਾਕਿ-ਭਾਰਤ ਵਿਚਾਲੇ ਮਠਿਆਈ ਦਾ ਆਦਾਨ-ਪ੍ਰਦਾਨ ਨਹੀਂ ਹੋ ਸਕਿਆ।

ਭਾਰਤ-ਪਾਕਿ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਵਲੋਂ ਦੋਵਾਂ ਦੇਸ਼ਾਂ ਦੇ ਆਜ਼ਾਦੀ ਦਿਹਾੜਿਆਂ, 26 ਜਨਵਰੀ ਅਤੇ ਈਦ ਸਣੇ ਹੋਰ ਦਿਹਾੜਿਆਂ 'ਤੇ ਇਕ-ਦੂਸਰੇ ਨੂੰ ਮਠਿਆਈ ਅਤੇ ਫਲਾਂ ਦੇ ਟੋਕਰੇ ਭੇਟ ਕਰਨ ਦੀ ਰਸਮ ਲੰਮੇ ਸਮੇਂ ਤੋਂ ਚਲਦੀ ਆ ਰਹੀ ਹੈ। ਬੀਤੇ ਦਿਨੀਂ ਭਾਰਤ ਸਰਕਾਰ ਵਲੋਂ ਜੰਮੂ-ਕਸ਼ਮੀਰ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਐਲਾਨਣ ਪਿੱਛੋਂ ਪਾਕਿਸਤਾਨ ਵਲੋਂ ਭਾਰਤ ਨਾਲ ਕੂਟਨੀਤਕ ਸਬੰਧ ਖਤਮ ਕਰਨ, ਸਮਝੌਤਾ ਐਕਸਪ੍ਰੈੱਸ ਅਤੇ ਬੱਸ ਸੇਵਾ ਸਣੇ ਵਪਾਰ ਨੂੰ ਰੋਕਣ ਦੇ ਐਲਾਨ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਵਧੀ ਕੁੜੱਤਣ ਅਤੇ ਖਟਾਸ ਭਰੇ ਸਬੰਧਾਂ ਵਿਚਾਲੇ ਇਕ ਕਦਮ ਹੋਰ ਵਧਦਿਆਂ ਪਾਕਿਸਤਾਨ ਵਲੋਂ ਈਦ ਦੇ ਦਿਹਾੜੇ 'ਤੇ ਮਠਿਆਈ ਲੈਣ ਤੋਂ ਨਾਂਹ ਕਰ ਦਿੱਤੀ ਗਈ।

INSTALL YOUR SECURITY CAMERAS TODAY
Trusted Name In 4K Technology
VISTA HD Surveillance Systems

20 YEARS OF EXPERIENCE
HIGH QUALITY VIDEO IMAGES
COMMERCIAL GRADE PRODUCT
www.vistacctv.net
We Instal All Over California
Call Sukhpal
1-661-586-5080

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...

■ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250
Gurdeep (Garry) Chhokar
Realtor/Broker
Cell: 317-500-1247
Star Alliance BROKERAGE

We do all type of Home and Commercial Loan. Same day loan approval...


# ਸਿੱਖ ਗੁਰਦੁਆਰਾ ਸੈਨ ਹੋਜ਼ੇ (ਕੈਲੀਫੋਰਨੀਆ)


## ਪ੍ਰਬੰਧਕ ਕਮੇਟੀ ਮੈਂਬਰਾਂ ਦੀ ਚੋਣ - 22 ਸਤੰਬਰ 2019




ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਨੇ ਅਕਾਲ ਪੁਰਖ ਦੀ ਆਪਾਰ ਕਿਰਪਾ ਅਤੇ ਸਮੂਹ ਸਾਧ ਸੰਗਤ ਦੇ ਨਿਰੰਤਰ ਸਹਿਯੋਗ ਰਾਹੀਂ ਗੁਰਦੁਆਰਾ ਸਾਹਿਬ ਅਤੇ ਗੁਰੂ ਨਾਨਕ ਖਾਲਸਾ ਸਕੂਲ ਨੂੰ ਬੁਲੰਦੀਆਂ ਵੱਲ ਪਹੁੰਚਾਇਆ ਹੈ। ਜਿਥੇ ਨਵੀਂ ਬਿਲਡਿੰਗ ਦੇ ਲੋਨ ਦੀ ਕਿਸ਼ਤ ਮਸਾਂ ਚਲਦੀ ਸੀ, ਇਨ੍ਹਾਂ ਨੇ ਗੁਰਦੁਆਰੇ ਦੇ ਬੈਂਕ ਖਾਤਿਆਂ ਵਿਚ 2 ਮਿਲੀਅਨ ਡਾਲਰ ਤੋਂ ਵੱਧ ਮਾਇਆ ਜਮਾਂ ਕਰ ਦਿੱਤੀ ਹੈ। ਗੁਰੂ ਘਰ ਅੰਦਰ ਧਾਰਮਿਕ ਸਮਾਗਮਾਂ ਨੂੰ ਸਿਖਰਾਂ ‘ਤੇ ਲੈ ਗਏ ਹਨ। ਅਮੋਲਕ ਸਿੰਘ ਗਾਖਲ ਭਰਾਵਾਂ ਵਲੋਂ ਸਮੂਹ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਅਤੇ ਖਾਲਸਾ ਸਕੂਲ ਦੀ ਤਰੱਕੀ ਨੂੰ ਜਾਰੀ ਰੱਖਣ ਲਈ ਬਹੁਤ ਜ਼ਰੂਰੀ ਹੈ ਕਿ ਮੌਜੂਦਾ ਪ੍ਰਬੰਧਕ ਕਮੇਟੀ ਦੀ ਸਲੇਟ ਦੇ ਸਾਰੇ 21 ਉਮੀਦਵਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

# ਲੋਕ ਮਸਲਿਆਂ ਦੀ ਥਾਂ ਰਸਮ ਬਣ ਕੇ ਰਹਿ ਗਿਆ ਵਿਧਾਨ ਸਭਾ ਸੈਸ਼ਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਪੰਜਾਬੀਆਂ ਦੇ ਵੱਖ-ਵੱਖ ਵਰਗਾਂ ਦੀਆਂ ਮੰਗਾਂ ਤੇ ਉਮੀਦਾਂ 'ਤੇ ਮੀਂਹ ਵਰਾਉਣ ਦੇ ਉਲਟ ਸੋਕਾ ਪਾ ਗਿਆ ਹੈ। ਵਿਧਾਨ ਸਭਾ ਵਿਚ ਸੂਬੇ ਦੇ ਕਿਸੇ ਵੀ ਵਰਗ ਦੇ ਗੰਭੀਰ ਮੁੱਦੇ ਉਪਰ ਸੰਜੀਦਾ ਬਹਿਸ ਨਹੀਂ ਹੋਈ।

ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਕੇਸ ਵਿਚ ਸੀ.ਬੀ.ਆਈ. ਵੱਲੋਂ ਅਦਾਲਤ ਵਿਚ ਕਲੋਜ਼ਰ ਰਿਪੋਰਟ ਪੇਸ਼ ਕਰਨ ਦਾ ਮੁੱਦਾ ਜ਼ਰੂਰ ਭਖਿਆ ਰਿਹਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ ਮੁੱਦੇ ਉਪਰ ਅਕਾਲੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਤੇ ਆਮ ਆਦਮੀ ਪਾਰਟੀ ਵੱਲੋਂ ਇਸ ਲਈ ਕਾਂਗਰਸ ਤੇ ਅਕਾਲੀਆਂ ਦੋਵਾਂ ਨੂੰ ਕਸੂਰਵਾਰ ਦੱਸਣ ਅਤੇ ਅਕਾਲੀ ਦਲ ਵੱਲੋਂ ਇਸ ਮਾਮਲੇ ਵਿਚ ਕਾਂਗਰਸ ਤੇ 'ਆਪ' ਵੱਲੋਂ ਦੋਸਤਾਨਾ ਮੈਚ ਖੇਡਣ ਦੇ ਦੋਸ਼ਾਂ 'ਤੇ ਹੀ ਜ਼ੋਰ ਦਿੱਤਾ ਗਿਆ। ਨਿਤ ਦਿਨ ਨਸ਼ਿਆਂ ਦੀ ਭੇਟ ਚੜ੍ਹ ਰਹੇ ਨੌਜਵਾਨਾਂ ਦੇ ਗੰਭੀਰ ਮੁੱਦੇ ਉਤੇ ਤੇ ਨਾ ਹੀ ਕਿਸਾਨਾਂ ਦੇ ਕਰਜ਼ੇ ਤੇ ਖੁਦਕੁਸ਼ੀਆਂ 'ਤੇ ਚਰਚਾ ਹੋਈ। ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 15 ਫੀਸਦ ਡੀਏ ਤੇ ਕਈ ਮਹੀਨਿਆਂ ਦਾ ਬਕਾਇਆ ਦੱਬਣ, 6ਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਖੂਹ ਖਾਤੇ ਪਾਉਣ ਆਦਿ ਮੰਗਾਂ ਬਾਰੇ ਵੀ ਕਿਸੇ ਦੇ ਮੂੰਹ ਵਿਚੋਂ ਆਵਾਜ਼ ਨਹੀਂ ਨਿਕਲੀ। 'ਆਪ' ਦੀ ਵਿਧਾਨ ਸਭਾ ਵਿਚ ਉਪ ਨੇਤਾ ਸਰਵਜੀਤ ਕੌਰ ਮਾਣੂਕੇ ਨੇ ਠੇਕਾ ਮੁਲਾਜ਼ਮਾਂ ਦਾ ਮੁੱਦਾ ਉਠਾਇਆ ਪਰ ਸਰਕਾਰ ਨੇ ਇਸ ਨੂੰ ਅਣਸੁਣਿਆ ਕਰੀ ਰੱਖਿਆ। ਇਸ ਸੈਸ਼ਨ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ਉਪਰ ਵੀ ਕੋਈ ਚਰਚਾ ਨਹੀਂ ਹੋਈ।



ਇਸ ਮੌਕੇ ਕਾਂਗਰਸ ਦੇ ਕਿਸੇ ਵੀ ਮੰਤਰੀ ਜਾਂ ਵਿਧਾਇਕ ਵੱਲੋਂ ਆਪਣੇ ਮੁੱਖ ਵਿਰੋਧੀ ਅਕਾਲੀ ਦਲ ਖਿਲਾਫ ਮੂੰਹ ਨਹੀਂ ਖੋਲ੍ਹਿਆ ਗਿਆ। ਦੱਸਣਯੋਗ ਹੈ ਕਿ ਸੈਸ਼ਨ ਦੌਰਾਨ ਅਕਾਲੀ ਦਲ ਦੇ ਵਿਧਾਇਕਾਂ ਨੇ ਬੇਅਦਬੀ ਕਾਂਡ ਬਾਰੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਸੀ। ਸੂਬੇ ਦੇ ਨੀਤੀਗਤ ਮਾਮਲੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਵਿਚਾਰਨ ਲਈ ਵਿਧਾਨ ਸਭਾ ਸਭ ਤੋਂ ਮਹੱਤਵਪੂਰਨ ਜਗ੍ਹਾ ਮੰਨੀ ਜਾਂਦੀ ਹੈ। ਚੁਣੇ ਗਏ ਨੁਮਾਇੰਦਿਆਂ ਤੋਂ ਲੋਕਾਂ ਦੀਆਂ ਸਮੱਸਿਆਵਾਂ ਵਿਧਾਨ ਸਭਾ ਵਿਚ ਉਠਾਉਣ ਦੀ ਤਵੱਕੋ ਰੱਖੀ ਜਾਂਦੀ ਹੈ। ਸੱਤਾਧਾਰੀ ਧਿਰ ਹਮੇਸ਼ਾ ਇਹੀ ਕਹਿੰਦੀ ਹੈ ਕਿ ਚਰਚਾ ਕਰਨ ਲਈ ਮੁੱਦੇ ਦੀ ਘਾਟ ਕਾਰਨ ਇਜਲਾਸ ਲੰਮਾ ਨਹੀਂ ਕੀਤਾ ਜਾ ਸਕਦਾ। ਵਿਰੋਧੀ ਧਿਰਾਂ ਸਪੀਕਰ ਨੂੰ ਮਿਲ ਕੇ ਸੈਸ਼ਨ ਦਾ ਸਮਾਂ ਵਧਾਉਣ ਦੀ ਮੰਗ ਕਰਦੀਆਂ ਆ ਰਹੀਆਂ ਹਨ ਪਰ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਵੀ ਪਤਾ ਹੈ ਕਿ ਜਦੋਂ ਉਹ ਸੱਤਾ ਵਿਚ ਹੋਣਗੇ, ਉਸ ਵਕਤ ਉਨ੍ਹਾਂ ਦੀ ਪਾਰਟੀ ਵੀ ਇਹੀ ਕਰੇਗੀ। ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ, ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਰਹੇ ਕਿਸਾਨਾਂ ਤੇ ਮਜ਼ਦੂਰਾਂ ਦੇ ਮਸਲਿਆਂ, ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਨੌਜਵਾਨਾਂ ਦੇ ਮੁੱਦਿਆਂ ਅਤੇ ਹੋਰ ਮਾਮਲਿਆਂ 'ਤੇ ਚਰਚਾ ਕਰਨ ਦੀ ਥਾਂ ਇਨ੍ਹਾਂ ਨੂੰ ਉਕਾ ਹੀ ਅਣਗੌਲਿਆ ਕੀਤਾ ਗਿਆ।

ਵਿਧਾਨ ਸਭਾ ਅੰਦਰ ਇਹ ਸੰਕੇਤ ਜ਼ਰੂਰ ਮਿਲੇ ਕਿ ਸਰਕਾਰ ਦੀ ਕਾਰਗੁਜ਼ਾਰੀ ਤੋਂ ਉਸ ਦੇ ਵਿਧਾਇਕ ਵੀ ਸੰਤੁਸ਼ਟ ਨਹੀਂ। ਬਹੁਤ ਸਾਰੇ ਮੰਤਰੀ ਆਪਣੇ ਹੀ ਵਿਧਾਇਕਾਂ ਵੱਲੋਂ ਘੇਰੇ ਜਾਂਦੇ ਦਿਖਾਈ ਦਿੱਤੇ। ਸਾਬਕਾ ਓਲੰਪੀਅਨ ਪ੍ਰਗਟ ਸਿੰਘ ਦਾ ਇਹ ਬਿਆਨ ਕਾਬਲੇਗੌਰ ਹੈ ਕਿ ਖੇਡਾਂ ਦੇ ਖੇਤਰ ਵਿਚ ਖਿਡਾਰੀਆਂ ਦੀਆਂ ਨਿੱਕਰਾਂ ਖਰੀਦਣ ਲਈ ਵੀ ਪੈਸਾ ਨਹੀਂ ਹੈ। ਇਕ ਹੋਰ ਵਿਧਾਇਕ ਨੇ ਕੰਮ ਨਾ ਹੋਣ ਦੀ ਸਥਿਤੀ ਵਿਚ ਧਰਨਾ ਤੱਕ ਦੇਣ ਦੀ ਚਿਤਾਵਨੀ ਦਿੱਤੀ। ਕਈ ਗਰੁੱਪਾਂ ਵਿਚ ਵੰਡੀ ਦਿਖਾਈ ਦਿੱਤੀ ਆਮ ਆਦਮੀ ਪਾਰਟੀ ਬਿਜਲੀ ਦੇ ਮੁੱਦੇ ਉਤੇ ਤਾਂ ਬੋਲੀ ਪਰ ਬਾਕੀ ਬਹੁਤ ਸਾਰੇ ਮੁੱਦਿਆਂ ਉਤੇ ਇਕਜੁੱਟਤਾ ਦੀ ਕਮੀ ਰੜਕਦੀ ਰਹੀ। ਅਕਾਲੀ ਦਲ ਅਤੇ ਕਾਂਗਰਸ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉਤੇ ਸੀ.ਬੀ.ਆਈ. ਦੁਆਰਾ ਤਫਤੀਸ਼ ਵਿਚ ਕੁਝ ਨਾ ਲੱਭੇ ਜਾਣ 'ਤੇ ਖਾਰਜ ਰਿਪੋਰਟ ਫਾਈਲ ਕਰਨ ਸਬੰਧੀ ਇਕ-ਦੂਸਰੇ ਨੂੰ ਪਾਸ ਦੇ ਕੇ ਖੇਡਦੇ ਨਜ਼ਰ ਆਏ।

ਜੰਮੂ ਕਸ਼ਮੀਰ ਨੂੰ ਦੋ ਭਾਗਾਂ ਵਿਚ ਵੰਡ ਕੇ ਸੂਬੇ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਤਬਦੀਲ ਕਰਨ ਦੇ ਵੱਡੇ ਮੁੱਦੇ 'ਤੇ ਵਿਧਾਨ ਸਭਾ 'ਚ ਚਰਚਾ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ। ਮੁੱਖ ਮੰਤਰੀ ਨੇ ਧਾਰਾ 370 ਖਤਮ ਕਰਨ ਵਿਰੁੱਧ ਬਿਆਨ ਵਿਧਾਨ ਸਭਾ ਤੋਂ ਬਾਹਰ ਆ ਕੇ ਦਿੱਤਾ। ਇਸ ਮਾਮਲੇ ਉਤੇ ਦਿੱਲੀ ਵਿਚ ਆਮ ਆਦਮੀ ਪਾਰਟੀ ਅਤੇ ਅਕਾਲੀ ਇਕੋ ਪਾਸੇ ਖਲੋਤੇ ਨਜ਼ਰ ਆਏ।

## ਫੂਲਕਾ ਵੱਲੋਂ ਵਿਧਾਇਕਾਂ ਨੂੰ ਕੈਪਟਨ ਸਰਕਾਰ ਖਿਲਾਫ ਏਕੇ ਦਾ ਸੱਦਾ

**ਚੰਡੀਗੜ੍ਹ:** ਅਸਤੀਫਾ ਮਨਜ਼ੂਰ ਹੋਣ ਮਗਰੋਂ ਪੰਜਾਬ ਵਿਧਾਨ ਸਭਾ ਤੋਂ ਸੁਰਖਰੂ ਹੋਏ ਪਦਮਸ੍ਰੀ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਪੰਜਾਬ ਦੇ ਵਿਧਾਇਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਅਸਤੀਫਿਆਂ ਦੀ ਝੜੀ ਲਾਉਣ ਦਾ ਹੋਕਾ ਦਿੱਤਾ ਹੈ। ਉਨ੍ਹਾਂ ਵਿਸ਼ੇਸ਼ ਕਰਕੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ, ਕਾਂਗਰਸੀ ਵਿਧਾਇਕਾਂ ਰਮਨਜੀਤ ਸਿੰਘ ਸਿੱਕੀ ਤੇ ਹਰਮਿੰਦਰ ਸਿੰਘ ਗਿੱਲ, ਬੈਂਸ ਭਰਾਵਾਂ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਬੇਅਦਬੀ ਕਾਂਡ ਉਪਰ ਪਰਦਾ ਪਾਉਣ ਲਈ ਕੈਪਟਨ ਅਤੇ ਬਾਦਲਾਂ ਵੱਲੋਂ ਖੇਡੀ ਜਾ ਰਹੀ ਕਥਿਤ ਦੋਸਤਾਨਾ ਖੇਡ ਵਿਰੁੱਧ ਆਪਣੀ ਜ਼ਮੀਰ ਦੀ ਆਵਾਜ਼ ਪਛਾਣ ਕੇ ਅਸਤੀਫੇ ਆਪਣੇ ਗੁਰੂ ਤੋਂ ਵਾਰ ਕੇ ਉਨ੍ਹਾਂ (ਫੂਲਕਾ) ਵਾਂਗ ਰੂਹਾਨੀ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।

ਸ੍ਰੀ ਫੂਲਕਾ ਨੇ ਕਿਹਾ ਕਿ ਜੇ ਵਿਧਾਨ ਸਭਾ ਦੇ ਵਿਧਾਇਕ ਆਪਣੇ ਗੁਰੂ ਦੀ 4 ਸਾਲ ਪਹਿਲਾਂ ਹੋਈ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਸਮਰੱਥ ਨਹੀਂ ਹੋਏ ਤਾਂ ਫਿਰ ਉਨ੍ਹਾਂ ਨੂੰ ਰੋਸ ਵਜੋਂ ਅਸਤੀਫੇ ਦੇ ਕੇ ਗੁਰੂ ਦਾ ਕਰਜ਼ਾ ਲਾਹੁਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਬੇਅਦਬੀ ਅਤੇ ਬਰਗਾੜੀ ਕਾਂਡਾਂ ਵਿਚ ਬਾਦਲਾਂ ਅਤੇ ਸਾਬਕਾ ਡੀ.ਜੀ.ਪੀ. ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ ਪਰ ਅੱਜ ਵੀ ਸਿੱਧੂ ਦੀ ਝੋਲੀ ਖਾਲੀ ਹੈ, ਜਿਸ ਕਾਰਨ ਇਖਲਾਕੀ ਤੌਰ 'ਤੇ ਉਨ੍ਹਾਂ ਨੂੰ ਹੁਣ ਆਪਣੀ ਵਿਧਾਇਕ ਦੀ ਕੁਰਸੀ 'ਤੇ ਬੈਠਣਾ ਸ਼ੋਭਾ ਨਹੀਂ ਦਿੰਦਾ। ਇਸ ਲਈ ਉਨ੍ਹਾਂ ਨੂੰ ਆਪਣੀ ਵਿਧਾਇਕੀ ਤੋਂ ਅਸਤੀਫਾ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਸਿੱਕੀ ਸਾਲ 2015 ਵਿਚ ਅਸਤੀਫਾ ਦੇ ਕੇ ਗੁਰੂ ਨੂੰ ਸਮਰਪਤ ਹੋਏ ਸਨ ਅਤੇ ਹਰਮਿੰਦਰ ਸਿੰਘ ਗਿੱਲ, ਜਿਨ੍ਹਾਂ ਦੀ ਸਿੱਖ ਕੌਮ ਲਈ ਵੱਡੀ ਕੁਰਬਾਨੀ ਹੈ, ਨੂੰ ਵੀ ਰੋਸ ਵਜੋਂ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਲੋਕ ਇਨਸਾਫ ਪਾਰਟੀ ਦੇ ਵਿਧਾਇਕਾਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਤੋਂ ਇਲਾਵਾ ਸ੍ਰੀ ਖਹਿਰਾ ਨੂੰ ਵੀ ਅਸਤੀਫਾ ਦੇ ਕੇ ਇਸ ਰਾਹ ਪੈਣਾ ਦੀ ਅਪੀਲ ਕੀਤੀ।

## ਸੰਸਦ ਵਿਚ ਵੀ ਗੁਰਦਾਸਪੁਰ ਦੇ ਲੋਕਾਂ ਦੀ ਆਵਾਜ਼ ਨਾ ਬਣ ਸਕਿਆ ਸਨੀ ਦਿਓਲ

**ਬਠਿੰਡਾ:** ਪਾਰਲੀਮੈਂਟ ਦੇ ਮਾਨਸੂਨ ਸੈਸ਼ਨ 'ਚ ਫਿਲਮ ਸਟਾਰ ਐਮ.ਪੀ. ਸਨੀ ਦਿਓਲ ਨੇ ਮੂੰਹ ਨਹੀਂ ਖੋਲ੍ਹਿਆ ਜਦੋਂ ਕਿ ਉਹ ਫਿਲਮਾਂ 'ਚ ਖੂਬ ਗਰਜਦੇ ਹਨ। ਮਾਨਸੂਨ ਸੈਸ਼ਨ 'ਚ ਉਨ੍ਹਾਂ ਦੀ ਹਾਜ਼ਰੀ ਦਾ ਵੀ ਸੋਕਾ ਪਿਆ ਰਿਹਾ। ਗੁਰਦਾਸਪੁਰ ਸੀਟ ਤੋਂ ਸੰਸਦ ਮੈਂਬਰ ਬਣੇ ਸਨੀ ਨੇ ਜਿੱਤ ਮਗਰੋਂ ਹਲਕੇ 'ਚ ਮੂੰਹ ਨਹੀਂ ਦਿਖਾਇਆ ਜਦੋਂ ਕਿ ਪਾਰਲੀਮੈਂਟ ਵਿਚ ਮੌਨ ਧਾਰੀ ਰੱਖਿਆ।

ਇਸ ਕਾਰਨ ਗੁਰਦਾਸਪੁਰ ਦੇ ਲੋਕ ਠੱਗੇ ਮਹਿਸੂਸ ਕਰਦੇ ਹਨ। ਹਲਕੇ ਦੇ ਕੰਮਕਾਰ ਲਈ ਸਨੀ ਨੇ ਆਪਣਾ ਪ੍ਰਤੀਨਿਧ ਗੁਰਪ੍ਰੀਤ ਸਿੰਘ ਨੂੰ ਨਿਯੁਕਤ ਕੀਤਾ ਹੈ। ਸਨੀ ਦਿਓਲ ਆਪਣੇ ਲੜਕੇ ਕਰਨ ਦਿਓਲ ਦੀ ਪਲੇਠੀ ਫਿਲਮ 'ਪਲ ਪਲ ਦਿਲ ਕੇ ਪਾਸ' ਨੂੰ ਰਿਲੀਜ਼ ਕਰਨ ਵਿਚ ਉਲਝੇ ਹੋਏ ਹਨ। ਮਾਨਸੂਨ ਸੈਸ਼ਨ 21 ਜੂਨ ਨੂੰ ਸ਼ੁਰੂ ਹੋਇਆ ਸੀ ਅਤੇ ਕਰੀਬ 37 ਦਿਨ ਬੈਠਕਾਂ ਜੁੜੀਆਂ। ਜਦੋਂ ਸੈਸ਼ਨ ਦਾ ਲੇਖਾ ਜੋਖਾ ਕੀਤਾ ਤਾਂ ਪਤਾ ਲੱਗਾ ਕਿ ਸਨੀ ਦਿਓਲ ਸਿਰਫ ਪੰਜ ਦਿਨ ਹੀ ਸੈਸ਼ਨ ਵਿਚ ਆਏ ਜਦਕਿ ਬਾਕੀ ਸਮਾਂ ਗੈਰਹਾਜ਼ਰ ਰਹੇ। ਹਲਕੇ ਦੇ ਲੋਕ ਆਖਦੇ ਹਨ ਕਿ ਸਨੀ ਹਲਕੇ ਤੋਂ ਦੂਰ ਹਨ ਤੇ ਪਾਰਲੀਮੈਂਟ 'ਚ ਜਾਂਦੇ ਨਹੀਂ। ਠੀਕ ਇਵੇਂ ਹੀ ਧਰਮਿੰਦਰ ਨੇ ਸਾਲ 2004 ਵਿਚ ਚੋਣ ਜਿੱਤਣ ਤੋਂ ਬਾਅਦ ਬੀਕਾਨੇਰ ਦੇ ਲੋਕਾਂ ਨਾਲ ਕੀਤਾ ਸੀ।




ਉਨ੍ਹਾਂ ਦੀ ਪਾਰਲੀਮੈਂਟ ਬਹਿਸ ਵਿਚ ਹਿੱਸਾ ਲੈਣ ਦੀ ਔਸਤ 6.7 ਹੈ ਜਦੋਂ ਕਿ ਪੰਜਾਬ ਦੀ ਦਰ 5 ਹੈ। ਸਨੀ ਨੇ ਨਾ ਬਹਿਸ ਵਿਚ ਹਿੱਸਾ ਲਿਆ ਅਤੇ ਨਾ ਹੀ ਕੋਈ ਲਿਖਤੀ ਸੁਆਲ ਪਾਰਲੀਮੈਂਟ ਵਿਚ ਲਾਇਆ। ਜਦੋਂ ਕਿ ਸੁਆਲਾਂ ਦੀ ਕੌਮੀ ਔਸਤ 18 ਅਤੇ ਪੰਜਾਬ ਦੀ 12 ਰਹੀ ਹੈ। ਪੰਜਾਬ 'ਚੋਂ ਸਨੀ ਇਕਲੌਤੇ ਸੰਸਦ ਮੈਂਬਰ ਹਨ ਜੋ ਪਾਰਲੀਮੈਂਟ 'ਚੋਂ ਸੁੱਚੇ ਮੂੰਹ ਮੁੜੇ ਹਨ। ਫਰੀਦਕੋਟ ਤੋਂ ਕਾਂਗਰਸੀ ਸੰਸਦ ਮੈਂਬਰ ਮੁਹੰਮਦ ਸਦੀਕ ਸਨੀ ਨੂੰ ਪਿੱਛੇ ਛੱਡ ਗਏ। ਭਾਵੇਂ ਸੈਸ਼ਨ ਵਿਚ ਹਿੰਦੀ ਬੋਲਣ ਤੋਂ ਉਨ੍ਹਾਂ ਦਾ ਪੇਚ ਫਸਿਆ ਰਿਹਾ ਪਰ ਉਨ੍ਹਾਂ ਸੈਸ਼ਨ ਦੌਰਾਨ ਤਿੰਨ ਵਾਰ ਬਹਿਸ ਵਿਚ ਹਿੱਸਾ ਲਿਆ ਅਤੇ ਦੋ ਲਿਖਤੀ ਸੁਆਲ ਲਾਏ। ਭਗਵੰਤ ਮਾਨ ਨੇ ਬਹਿਸ 'ਤੇ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਅਤੇ ਸੱਤ ਵਾਰ ਬਹਿਸ ਵਿਚ ਸ਼ਮੂਲੀਅਤ ਕੀਤੀ ਅਤੇ ਐਤਕੀਂ ਉਨ੍ਹਾਂ ਕੋਈ ਲਿਖਤੀ ਸੁਆਲ ਨਹੀਂ ਲਾਇਆ।

ਐਮ.ਪੀ. ਸੁਖਬੀਰ ਸਿੰਘ ਬਾਦਲ ਅਤੇ ਪ੍ਰਨੀਤ ਕੌਰ ਨੇ ਵੀ ਸੈਸ਼ਨ ਦੌਰਾਨ ਇਕ ਵੀ ਲਿਖਤੀ ਸੁਆਲ ਨਹੀਂ ਲਾਇਆ। ਸੁਖਬੀਰ ਬਾਦਲ ਨੇ ਦੋ ਵਾਰ ਬਹਿਸ ਵਿਚ ਅਤੇ ਪ੍ਰਨੀਤ ਕੌਰ ਨੇ ਤਿੰਨ ਵਾਰ ਬਹਿਸ ਵਿਚ ਹਿੱਸਾ ਲਿਆ। ਬਹਿਸ ਵਿਚ ਸਭ ਤੋਂ ਵੱਧ ਸ੍ਰੀ ਆਨੰਦਪੁਰ ਸਾਹਿਬ ਤੋਂ ਐਮ.ਪੀ ਮਨੀਸ਼ ਤਿਵਾੜੀ ਗਰਜੇ। ਉਨ੍ਹਾਂ ਸਭ ਤੋਂ ਵੱਧ 10 ਵਾਰ ਬਹਿਸ ਵਿਚ ਹਿੱਸਾ ਲਿਆ ਜਦੋਂ ਕਿ ਜਸਵੀਰ ਡਿੰਪਾ ਨੇ ਅੱਠ, ਰਵਨੀਤ ਬਿੱਟੂ ਨੇ 6 ਵਾਰ ਅਤੇ ਡਾ.ਅਮਰ ਸਿੰਘ ਨੇ 7 ਵਾਰ ਬਹਿਸ ਵਿਚ ਸ਼ਮੂਲੀਅਤ ਕੀਤੀ। ਸੁਆਲਾਂ ਦੇ ਮਾਮਲੇ ਵਿਚ ਲੁਧਿਆਣਾ ਤੋਂ ਐਮ.ਪੀ ਰਵਨੀਤ ਬਿੱਟੂ ਦੀ ਝੰਡੀ ਰਹੀ। ਉਨ੍ਹਾਂ ਸਭ ਤੋਂ ਵੱਧ 40 ਸੁਆਲ ਲਾਏ ਜਦੋਂ ਕਿ ਚੌਧਰੀ ਸੰਤੋਖ ਸਿੰਘ ਨੇ 30 ਤੇ ਐਮ.ਪੀ ਮਨੀਸ਼ ਤਿਵਾੜੀ ਨੇ 25 ਸੁਆਲ ਪੁੱਛੇ। ਗੁਰਜੀਤ ਸਿੰਘ ਔਜਲਾ ਨੇ 7 ਸੁਆਲ ਪੁੱਛੇ ਜਦਕਿ 6 ਵਾਰ ਬਹਿਸ ਵਿਚ ਹਿੱਸਾ ਲਿਆ। ਗਾਇਕ ਹੰਸ ਰਾਜ ਹੰਸ ਨੇ ਇਸ ਸੈਸ਼ਨ ਵਿਚ ਖਾਤਾ ਖੋਲ੍ਹ ਲਿਆ ਹੈ ਤੇ ਉਨ੍ਹਾਂ ਇੱਕ ਵਾਰ ਬਹਿਸ ਵਿਚ ਸ਼ਮੂਲੀਅਤ ਕੀਤੀ ਅਤੇ ਛੇ ਸੁਆਲ ਪੁੱਛੇ। ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਨੇ 36 ਸੁਆਲ ਪੁੱਛੇ ਅਤੇ 4 ਚਾਰ ਵਾਰ ਬਹਿਸ ਵਿਚ ਹਿੱਸਾ ਲਿਆ।

## 'ਆਪ' ਵਿਧਾਇਕ ਫੂਲਕਾ ਦਾ ਅਸਤੀਫਾ ਮਨਜ਼ੂਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਤਕਰੀਬਨ 10 ਮਹੀਨਿਆਂ ਬਾਅਦ ਆਮ ਆਦਮੀ ਪਾਰਟੀ (ਆਪ) ਦੇ ਵਿਧਾਨ ਸਭਾ ਹਲਕਾ ਦਾਖਾ ਦੇ ਵਿਧਾਇਕ ਤੇ ਪਦਮਸ੍ਰੀ ਵਕੀਲ ਹਰਵਿੰਦਰ ਸਿੰਘ ਫੂਲਕਾ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ।

ਸ੍ਰੀ ਫੂਲਕਾ ਨੇ 12 ਅਕਤੂਬਰ 2018 ਨੂੰ ਕੈਪਟਨ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਦਿੱਤੇ ਗਏ ਭਰੋਸੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਮਾਮਲੇ ਵਿਚ ਬਾਦਲਾਂ ਵਿਰੁੱਧ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਅਸਤੀਫਾ ਦਿੱਤਾ ਸੀ। ਉਹ 'ਆਪ' ਤੋਂ ਪਹਿਲਾਂ ਹੀ ਇਹ ਕਹਿ ਕੇ ਅਸਤੀਫਾ ਦੇ ਚੁੱਕੇ ਹਨ ਕਿ ਉਹ ਜਿਸ ਮਿਸ਼ਨ ਨਾਲ ਸਿਆਸਤ ਵਿਚ ਆਏ ਸਨ, ਉਨ੍ਹਾਂ ਨੂੰ ਇਸ ਪਾਰਟੀ ਵਿਚ ਰਹਿ ਕੇ ਆਪਣਾ ਮਿਸ਼ਨ ਪੂਰਾ ਹੁੰਦਾ ਨਹੀਂ ਦਿਖਾਈ ਦਿੰਦਾ। ਸ੍ਰੀ ਫੂਲਕਾ ਦੇ ਅਸਤੀਫਾ ਦੇਣ ਨਾਲ 'ਆਪ' ਵਿਧਾਇਕਾਂ ਦੀ ਗਿਣਤੀ ਸਰਕਾਰੀ ਤੌਰ 'ਤੇ ਘਟ ਕੇ 20 ਤੋਂ 19 ਅਤੇ ਕੁੱਲ ਵਿਧਾਇਕਾਂ ਦੀ ਗਿਣਤੀ 117 ਤੋਂ ਘੱਟ ਕੇ 116 ਰਹਿ ਗਈ ਹੈ।



ਉਂਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸੰਸਦ ਮੈਂਬਰ ਚੁਣੇ ਜਾਣ ਨਾਲ ਅਤੇ ਭਾਜਪਾ ਦੇ ਸੋਮ ਪ੍ਰਕਾਸ਼ ਦੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਚੁਣੇ ਜਾਣ ਨਾਲ ਕ੍ਰਮਵਾਰ ਵਿਧਾਨ ਸਭਾ ਹਲਕਾ ਜਲਾਲਾਬਾਦ ਅਤੇ ਫਗਵਾੜਾ ਦੀਆਂ ਸੀਟਾਂ ਵੀ ਖਾਲੀ ਹੋ ਗਈਆਂ ਹਨ।

ਇਹ ਦੋਵੇਂ ਸੰਸਦ ਮੈਂਬਰ ਆਪਣੀ ਵਿਧਾਨ ਸਭਾ ਦੀ ਮੈਂਬਰਸ਼ਿਪ ਛੱਡ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ 'ਆਪ' ਦੇ ਵਿਧਾਨ ਸਭਾ ਹਲਕਾ ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਅਤੇ ਮਾਨਸਾ ਤੋਂ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੀ ਵਿਧਾਇਕ ਦੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਕਾਂਗਰਸ ਵਿਚ ਸ਼ਾਮਲ ਹੋ ਚੁੱਕੇ ਹਨ ਅਤੇ ਉਨ੍ਹਾਂ ਦੇ ਅਸਤੀਫੇ ਸਪੀਕਰ ਕੋਲ ਵਿਚਾਰਅਧੀਨ ਹਨ, ਜੋ ਕਿਸੇ ਵੇਲੇ ਵੀ ਪ੍ਰਵਾਨ ਕਰਨ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ 'ਆਪ' ਦੇ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ 'ਆਪ' ਨੂੰ ਅਲਵਿਦਾ ਕਹਿ ਕੇ ਆਪਣੀ ਪੰਜਾਬ ਏਕਤਾ ਪਾਰਟੀ ਬਣਾ ਚੁੱਕੇ ਹਨ। ਉਹ ਪਾਰਟੀ ਤੇ ਵਿਧਾਇਕ ਦੇ ਅਹੁਦਿਆਂ ਤੋਂ ਅਸਤੀਫਾ ਦੇ ਕੇ ਲੋਕ ਸਭਾ ਹਲਕਾ ਬਠਿੰਡਾ ਤੋਂ ਚੋਣ ਵੀ ਲੜ ਚੁੱਕੇ ਹਨ। ਸ੍ਰੀ ਖਹਿਰਾ ਦਾ ਅਸਤੀਫਾ ਵੀ ਵਿਚਾਰਅਧੀਨ ਹੈ। ਸ੍ਰੀ ਖਹਿਰਾ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਖਾਰਜ ਕਰਨ ਬਾਰੇ 'ਆਪ' ਦੀ ਲੀਡਰਸ਼ਿਪ ਵੀ ਸਪੀਕਰ ਨੂੰ ਮਿਲ ਚੁੱਕੀ ਹੈ। 'ਆਪ' ਦੇ ਹੀ ਹਲਕਾ ਜੈਤੋ ਤੋਂ ਵਿਧਾਇਕ ਮਾਸਟਰ ਬਲਦੇਵ ਸਿੰਘ ਵੀ ਪਾਰਟੀ ਤੋਂ ਅਸਤੀਫਾ ਦੇ ਕੇ ਹਲਕਾ ਫਰੀਦਕੋਟ ਤੋਂ ਪੰਜਾਬ ਏਕਤਾ ਪਾਰਟੀ ਵੱਲੋਂ ਲੋਕ ਸਭਾ ਦੀ ਚੋਣ ਲੜ ਚੁੱਕੇ ਹਨ। ਮਾਸਟਰ ਬਲਦੇਵ ਸਿੰਘ ਨੇ ਭਾਵੇਂ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ ਪਰ ਉਨ੍ਹਾਂ ਬਾਰੇ ਸਪੀਕਰ ਨੂੰ ਪੁੱਜੀ ਇਕ ਸ਼ਿਕਾਇਤ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਮੈਂਬਰਸ਼ਿਪ ਦਾ ਮਾਮਲਾ ਵੀ ਸਪੀਕਰ ਦੇ ਵਿਚਾਰਅਧੀਨ ਹੈ। ਇਸ ਤਰਾਂ ਸੂਬੇ ਵਿਚ ਸ੍ਰੀ ਫੂਲਕਾ ਦੇ ਹਲਕਾ ਦਾਖਾ ਤੋਂ ਇਲਾਵਾ ਛੇ ਹੋਰ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣਾਂ ਹੋਣ ਦੇ ਆਸਾਰ ਬਣੇ ਹਨ।

### ਪਾਰਟੀ ਫੂਲਕਾ ਦੇ ਫੈਸਲੇ ਨਾਲ ਸਹਿਮਤ ਨਹੀਂ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਦਾਖਾ ਤੋਂ 'ਆਪ' ਵਿਧਾਇਕ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਦਾ ਅਸਤੀਫਾ ਪ੍ਰਵਾਨ ਹੋਣ 'ਤੇ ਪ੍ਰਤੀਕਿਰਿਆ ਦਿੰਦਿਆਂ ਸ. ਫੂਲਕਾ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਹਲਕੇ ਤੋਂ ਬਤੌਰ ਵਿਧਾਇਕ ਅਸਤੀਫਾ ਦੇਣਾ ਉਨ੍ਹਾਂ ਦਾ ਨਿੱਜੀ ਫੈਸਲਾ ਸੀ ਅਤੇ ਪਾਰਟੀ ਉਨ੍ਹਾਂ ਦੇ ਇਸ ਫੈਸਲੇ ਨਾਲ ਬਿਲਕੁਲ ਸਹਿਮਤ ਨਹੀਂ ਸੀ। ਸ. ਮਾਨ ਨੇ ਕਿਹਾ ਕਿ ਪਾਰਟੀ ਮਹਿਸੂਸ ਕਰਦੀ ਹੈ ਕਿ ਦਾਖਾ ਹਲਕੇ ਦੇ ਵੋਟਰਾਂ ਨਾਲ ਧੱਕਾ ਹੋਇਆ ਹੈ। ਲੋਕਾਂ ਤੇ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਨਿਰਾਦਰ ਹੈ ਕਿਉਂਕਿ ਦਾਖਾ ਹਲਕੇ ਦੇ ਲੋਕਾਂ ਨੇ ਬੜੀਆਂ ਆਸਾਂ ਨਾਲ ਪਾਰਟੀ ਤੇ ਖਾਸ ਕਰ ਕੇ ਸ. ਫੂਲਕਾ ਨੂੰ ਹਲਕੇ ਦੀ ਨੁਮਾਇੰਦਗੀ ਸੌਂਪੀ ਸੀ।

## ਚੇਅਰਮੈਨੀਆਂ ਦੀ ਨਵੀਂ ਸੂਚੀ 'ਚ ਨਾਂ ਦੇਖਣ ਲਈ ਪੱਬਾਂ ਭਾਰ ਹੋਏ ਕਾਂਗਰਸੀ

**ਚੰਡੀਗੜ੍ਹ:** ਕਾਂਗਰਸ ਨੂੰ ਸੱਤਾ ਵਿਚ ਆਏ ਢਾਈ ਸਾਲ ਹੋ ਗਏ ਹਨ, ਪਰ ਅਜੇ ਤੱਕ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਸਰਕਾਰ 'ਚ ਮਨਪਸੰਦ ਅਹੁਦੇ ਲੈਣ ਦੀ ਖਵਾਇਸ਼ ਅਧੂਰੀ ਹੀ ਹੈ। ਹਾਲਾਂਕਿ ਸਰਕਾਰ ਵੱਲੋਂ ਪਿਛਲੇ ਮਹੀਨੇ ਕੁਝ ਕਾਂਗਰਸੀ ਆਗੂਆਂ ਨੂੰ ਚੇਅਰਮੈਨੀਆਂ ਵੰਡੀਆਂ ਗਈਆਂ ਸਨ, ਪਰ ਉਹ ਆਗੂ ਪੁਰਾਣੇ ਤੇ ਸੀਨੀਅਰ ਨੇਤਾਵਾਂ 'ਚ ਸ਼ੁਮਾਰ ਸਨ ਅਤੇ ਹੇਠਲੇ ਪੱਧਰ ਤੋਂ ਅਜੇ ਤੱਕ ਕਿਸੇ ਪਾਰਟੀ ਵਰਕਰ ਨੂੰ ਇਸ ਸੂਚੀ 'ਚ ਸ਼ਾਮਲ ਨਹੀਂ ਕੀਤਾ ਗਿਆ।

ਦੱਸਿਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਚੇਅਰਮੈਨੀਆਂ ਦੀ ਇਕ ਹੋਰ ਸੂਚੀ ਤਿਆਰ ਕਰ ਲਈ ਗਈ ਹੈ, ਜਿਸ 'ਚ ਸ਼ਾਮਲ ਨਾਂਵਾਂ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀ ਆਪਣੀ ਸਹਿਮਤੀ ਦੀ ਮੋਹਰ ਲਗਾਈ ਜਾ ਚੁੱਕੀ ਹੈ।

ਇਸ ਸੂਚੀ 'ਚ ਕੁਝ ਅਜਿਹੇ ਪਾਰਟੀ ਵਰਕਰਾਂ ਦੇ ਨਾਂ ਵੀ ਸ਼ਾਮਲ ਦੱਸੇ ਜਾ ਰਹੇ ਹਨ ਜੋ ਪਾਰਟੀ ਲਈ ਮਿਹਨਤ ਤਾਂ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ, ਪਰ ਉਨ੍ਹਾਂ ਦਾ ਕੋਈ ਪਰਿਵਾਰਕ ਰਾਜਨੀਤਿਕ ਪਿਛੋਕੜ ਨਹੀਂ ਹੈ। ਇਸ ਸੂਚੀ 'ਚ ਇਕ ਦੋ ਕਾਂਗਰਸੀ ਵਰਕਰਾਂ ਦੇ ਨਾਂਵਾਂ ਦੀ ਸਿਫਾਰਸ਼ ਪ੍ਰਨੀਤ ਕੌਰ ਵੱਲੋਂ ਵੀ ਕੀਤੀ ਗਈ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਦਰਜਨ ਭਰ ਚੇਅਰਮੈਨੀਆਂ ਵੰਡਣ ਲਈ ਤਿਆਰ ਕੀਤੀ ਗਈ ਸੂਚੀ 'ਚ ਇਸ ਵਾਰ ਸਰਕਾਰ ਤੋਂ ਨਿਰਾਸ਼ ਚੱਲ ਰਹੇ ਵਾਲਮੀਕਿ ਸਮਾਜ ਨੂੰ ਵੀ ਖੁਸ਼ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਸੂਚੀ ਵਿਚ ਵੱਖ-ਵੱਖ ਇਲਾਕਿਆਂ ਦੇ 2 ਜਾਂ 3 ਆਗੂਆਂ ਦੇ ਨਾਂ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਇਲਾਕੇ ਨਾਲ ਸਬੰਧਤ ਇਕ ਕਾਂਗਰਸੀ ਆਗੂ ਵੱਲੋਂ ਆਪਣਾ ਨਾਂ ਇਸ ਸੂਚੀ 'ਚ ਸ਼ਾਮਲ ਹੋਣ ਸਬੰਧੀ ਪਿਛਲੇ ਦਿਨੀਂ ਆਪਣੇ ਕਰੀਬੀਆਂ ਤੋਂ ਮੁਬਾਰਕਬਾਦ ਵੀ ਕਬੂਲੀ ਜਾਂਦੀ ਰਹੀ ਹੈ, ਪਰ ਸੂਚੀ ਕਿਸੇ ਕਾਰਨ ਥੋੜ੍ਹੀ ਰੋਕ ਲਈ ਗਈ ਸੀ, ਪਰ ਇਕ ਸੀਨੀਅਰ ਕਾਂਗਰਸੀ ਆਗੂ ਅਨੁਸਾਰ ਇਹ ਸੂਚੀ ਹੁਣ ਜਲਦ ਜਾਰੀ ਕਰ ਦਿੱਤੀ ਜਾਵੇਗੀ।

# ਸ਼ਾਹੂਕਾਰਾਂ ਦੇ ਅਸਰ-ਰਸੂਖ ਅੱਗੇ ਝੁਕੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਨੇ ਖੇਤੀ ਮਾਹਿਰਾਂ ਦੀਆਂ ਸਿਫਾਰਸ਼ਾਂ ਅਤੇ ਕਿਸਾਨ ਜਥੇਬੰਦੀਆਂ ਦੇ ਵੱਡੇ ਹਿੱਸੇ ਵੱਲੋਂ ਕੀਤੀ ਜਾ ਰਹੀ ਮੰਗ ਨੂੰ ਦਰਕਿਨਾਰ ਕਰਦਿਆਂ ਫਸਲਾਂ ਦੀ



ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿਚ ਸਿੱਧੀ ਪਾਉਣ ਦੀ ਬਜਾਏ ਆੜ੍ਹਤੀਆਂ ਰਾਹੀਂ ਹੀ ਕਰਦੇ ਰਹਿਣ ਦਾ ਐਲਾਨ ਕੀਤਾ ਹੈ। ਆੜ੍ਹਤੀਆਂ ਦੀ ਫੈਡਰੇਸ਼ਨ ਵੱਲੋਂ ਕਰਵਾਏ ਸਮਾਗਮ ਵਿਚ ਮੁੱਖ ਮੰਤਰੀ ਨੇ ਆੜ੍ਹਤੀਆਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਨੂੰ ਫਸਲਾਂ ਦੀ ਖਰੀਦ ਦੀ ਪ੍ਰਕਿਰਿਆ ਵਿਚੋਂ ਬਾਹਰ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਦਾ ਐਲਾਨ ਸ਼ਾਹੂਕਾਰਾਂ ਦੀ ਜਮਾਤ ਦੇ ਰਾਜਸੀ ਸੱਤਾ ਵਿਚਲੇ ਪ੍ਰਭਾਵ ਨੂੰ ਸਾਬਤ ਕਰਦਾ ਹੈ। ਦੂਸਰੇ ਪਾਸੇ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਨੂੰ ਮੁੱਖ ਮੰਤਰੀ ਨੂੰ ਮਿਲਣ ਦਾ ਸਮਾਂ ਲੈਣ ਵਿਚ ਵੀ ਵੱਡੀ ਦਿੱਕਤ ਆਉਂਦੀ ਹੈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਰਕਾਰੀ ਦਮਨ ਵਿਰੋਧੀ ਫਰੰਟ ਦੇ ਮੁਖੀ ਇੰਦਰਜੀਤ ਸਿੰਘ ਜੇਜੀ ਵੱਲੋਂ ਪਾਈ ਰਿੱਟ ਦੀ ਸੁਣਵਾਈ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ 2002 ਤੋਂ 2007 ਤੱਕ ਵਾਲੀ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਅਤੇ ਖੁਦਕੁਸ਼ੀਆਂ ਬਾਰੇ ਅਧਿਐਨ ਕਰਵਾਉਣ ਲਈ ਪੰਜਾਬ ਰਾਜ ਕਿਸਾਨ ਕਮਿਸ਼ਨ ਬਣਾਉਣ ਦਾ ਭਰੋਸਾ ਦਿੱਤਾ ਸੀ। ਡਾ. ਜੀ.ਐਸ. ਕਾਲਕਟ ਦੀ ਅਗਵਾਈ ਵਿਚ ਕਮਿਸ਼ਨ ਬਣਿਆ ਅਤੇ ਉਸ ਦੀਆਂ ਸਿਫਾਰਸ਼ਾਂ ਵਿਚ ਸਭ ਤੋਂ ਮਹੱਤਵਪੂਰਨ ਸਿਫਾਰਸ਼ ਆੜ੍ਹਤੀ ਪ੍ਰਣਾਲੀ ਨੂੰ ਨਿਯਮਿਤ ਕਰਨ ਬਾਰੇ ਸੀ, ਭਾਵ ਕਿਸਾਨਾਂ ਦੀਆਂ ਜਿਣਸਾਂ ਦਾ ਪੈਸਾ ਆੜ੍ਹਤੀ ਰਾਹੀਂ ਦੇਣ ਦੀ ਬਜਾਇ ਸਿੱਧਾ ਉਨ੍ਹਾਂ ਦੇ ਖਾਤਿਆਂ ਵਿਚ ਪਾਇਆ ਜਾਵੇ। ਸਰਕਾਰ ਨੇ ਕਿਸਾਨਾਂ ਨੂੰ ਇਹ ਹੱਕ ਵੀ ਦਿੱਤਾ ਕਿ ਜਿਹੜੇ ਕਿਸਾਨ ਸਿੱਧੀ ਅਦਾਇਗੀ ਕਰਵਾਉਣਾ ਚਾਹੁੰਦੇ ਹਨ, ਉਹ ਲਿਖ ਕੇ ਦੇ ਦੇਣ ਪਰ ਕਿਸਾਨਾਂ ਦਾ ਵੱਡਾ ਹਿੱਸਾ ਕਰਜ਼ੇ ਦੇ ਜਾਲ ਵਿਚ ਫਸਿਆ ਹੋਣ ਕਾਰਨ ਸ਼ਾਹੂਕਾਰਾਂ ਨੂੰ ਨਾਰਾਜ਼ ਕਰਨ ਦੀ ਹਿੰਮਤ ਨਹੀਂ ਕਰ ਸਕਦਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਰਿਪੋਰਟ ਮੁਤਾਬਕ ਆੜ੍ਹਤ ਲਈ ਆੜ੍ਹਤੀਆਂ ਨੂੰ 2.5 ਫੀਸਦੀ ਕਮਿਸ਼ਨ ਮਿਲਦਾ ਹੈ ਪਰ ਇਸ ਦੇ ਨਾਲ ਉਹ ਸ਼ਾਹੂਕਾਰੇ ਰਾਹੀਂ 18 ਤੋਂ 36 ਫੀਸਦੀ ਤੱਕ ਦਾ ਵਿਆਜ ਲਗਾ ਕੇ ਕਿਸਾਨਾਂ ਦਾ ਸ਼ੋਸ਼ਣ ਕਰਦੇ ਹਨ। ਰਿਪੋਰਟ ਵਿਚ ਆੜ੍ਹਤੀ ਪ੍ਰਣਾਲੀ ਖਤਮ ਕਰਨ ਦੀ ਸਿਫਾਰਸ਼ ਕੀਤੀ ਗਈ। ਕੈਪਟਨ ਸਰਕਾਰ ਦੇ ਸਮੇਂ 2006 ਵਿਚ ਕਿਸਾਨਾਂ ਅਤੇ ਆੜ੍ਹਤੀਆਂ ਦਰਮਿਆਨ ਝਗੜੇ ਨੂੰ ਨਿਬੇੜਨ ਲਈ ਬਿਲ ਦਾ ਖਰੜਾ ਤਿਆਰ ਕੀਤਾ ਗਿਆ ਸੀ ਪਰ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸ਼ਾਹੂਕਾਰੇ ਨੂੰ ਕਾਨੂੰਨੀ ਦਾਇਰੇ ਵਿਚ ਲਿਆਉਣ ਦੀ ਹਿੰਮਤ ਨਹੀਂ ਕੀਤੀ। ਬਾਦਲ ਸਰਕਾਰ ਨੇ ਦਿਹਾਤੀ ਕਰਜ਼ਾ ਨਿਬੇੜਾ ਬਿਲ 2017 ਨੂੰ ਪਾਸ ਕੀਤਾ ਜਿਸ ਵਿਚ ਥੋੜ੍ਹੀ ਸੋਧ ਕਰਕੇ ਮੌਜੂਦਾ ਸਰਕਾਰ ਨੇ 28 ਸਤੰਬਰ 2018 ਨੂੰ ਨੋਟੀਫਿਕੇਸ਼ਨ ਕਰ ਦਿੱਤਾ। ਇਸ ਮੁਤਾਬਕ ਪੰਜ ਡਿਵੀਜ਼ਨਾਂ ਦੇ ਕਮਿਸ਼ਨਰਾਂ ਦੀ ਅਗਵਾਈ ਵਿਚ ਬੋਰਡ ਬਣਾਏ ਗਏ ਜਿਹੜੇ ਕਰਜ਼ਿਆਂ ਸਬੰਧੀ ਝਗੜਿਆਂ ਦਾ ਨਿਬੇੜਾ ਕਰਨਗੇ; ਸ਼ਾਹੂਕਾਰ ਰਜਿਸਟਰਡ ਹੋਣਗੇ ਤੇ ਵਿਆਜ ਦੀ ਦਰ ਨਿਸ਼ਚਿਤ ਹੋਵੇਗੀ ਪਰ ਕਾਨੂੰਨ ਲਾਗੂ ਕਰਨ ਵਿਚ ਸਰਕਾਰ ਦੀ ਕੋਈ ਦਿਲਚਸਪੀ ਨਹੀਂ ਲੱਗਦੀ ਕਿਉਂਕਿ ਅਜੇ ਤੱਕ ਨਾ ਤਾਂ ਲੋਕਾਂ ਨੂੰ ਇਸ ਬਾਰੇ ਠੀਕ ਤਰ੍ਹਾਂ ਦੱਸਿਆ ਗਿਆ ਹੈ ਅਤੇ ਨਾ ਹੀ ਕੋਈ ਕੇਸ ਕਿਸੇ ਬੋਰਡ ਕੋਲ ਗਿਆ ਹੈ।

## ਕਿਸਾਨਾਂ ਨੂੰ ਆੜ੍ਹਤੀਆਂ ਰਾਹੀਂ ਹੀ ਹੋਵੇਗੀ ਅਦਾਇਗੀ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਆੜ੍ਹਤੀਆਂ ਨਾਲ ਪੁਰਾਣੇ ਸਬੰਧ ਹਨ ਅਤੇ ਸੂਬਾ ਸਰਕਾਰ ਕਿਸਾਨਾਂ ਨੂੰ ਆੜ੍ਹਤੀਆਂ ਰਾਹੀਂ ਫਸਲ ਦੀ ਅਦਾਇਗੀ ਕਰਨ ਦਾ ਅਮਲ ਜਾਰੀ ਰੱਖੇਗੀ। ਆੜ੍ਹਤੀਆਂ ਨੇ ਮੁੱਖ ਮੰਤਰੀ ਦੇ ਇਸ ਐਲਾਨ ਦਾ ਤਾੜੀਆਂ ਨਾਲ ਸਵਾਗਤ ਕੀਤਾ। ਲੈਣ-ਦੇਣ ਦੇ ਮਾਮਲਿਆਂ ਵਿਚ ਕਿਸਾਨਾਂ ਵੱਲੋਂ ਆੜ੍ਹਤੀਆਂ ਖਿਲਾਫ ਪੁਲਿਸ ਕੇਸ ਦਰਜ ਕਰਵਾਉਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਅਜਿਹਾ ਨਹੀਂ ਹੋਵੇਗਾ, ਪਰ ਉਹ ਇਸ ਬਾਰੇ ਕਿਸਾਨਾਂ ਨਾਲ ਵੀ ਗੱਲਬਾਤ ਕਰਨਗੇ। ਮੁੱਖ ਮੰਤਰੀ ਨੇ ਸੂਬੇ ਦੀਆਂ ਖਰੀਦ ਏਜੰਸੀਆਂ ਅਤੇ ਮੰਡੀ ਬੋਰਡ ਨੂੰ ਪੀ.ਐਫ.ਐਮ.ਐਸ. ਸਾਫਟਵੇਅਰ ਵਰਤਣ ਦੀ ਸਿਖਲਾਈ ਦੇਣ ਦੇ ਹੁਕਮ ਦਿੰਦਿਆਂ ਕਿਸਾਨਾਂ ਦੇ ਬੈਂਕ ਖਾਤਿਆਂ ਨੂੰ ਪੀ.ਐਫ.ਐਮ.ਐਸ. 'ਤੇ ਅਪਲੋਡ ਕਰਨ ਅਤੇ ਆੜ੍ਹਤੀਆਂ ਦੇ ਬੈਂਕ ਖਾਤਿਆਂ ਨਾਲ ਲਿੰਕ ਕਰਨ ਲਈ ਆਖਿਆ।

## ਪੰਜਾਬ ਸਿੱਖਿਆ ਬੋਰਡ ਲਵੇਗਾ 5ਵੀਂ ਤੇ 8ਵੀਂ ਜਮਾਤ ਦੀਆਂ ਪ੍ਰੀਖਿਆਵਾਂ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ (ਪੀ. ਐਸ. ਈ.ਬੀ.) ਵੱਲੋਂ ਸਟੇਟ ਕੌਂਸਲ ਆਫ ਐਜੂਕੇਸ਼ਨ ਐਂਡ ਟਰੇਨਿੰਗ (ਐਸ. ਸੀ. ਈ. ਆਰ. ਟੀ.) ਦੀ ਸਲਾਹ ਨਾਲ ਹਰੇਕ ਅਕਾਦਮਿਕ ਸਾਲ ਦੇ ਅੰਤ 'ਚ ਪੰਜਵੀਂ ਤੇ ਅੱਠਵੀਂ ਜਮਾਤਾਂ ਦੀਆਂ ਪ੍ਰੀਖਿਆਵਾਂ ਪੀ.ਐਸ.ਈ.ਬੀ. ਵੱਲੋਂ ਨਿਰਧਾਰਿਤ ਕੀਤੇ ਕਾਰਜਕ੍ਰਮ ਅਨੁਸਾਰ ਲਈਆਂ ਜਾਣਗੀਆਂ।

ਬੁਲਾਰੇ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਨੀਤੀ ਮੁਤਾਬਿਕ ਪ੍ਰੀਖਿਆ ਪਾਸ ਕਰਨ ਲਈ ਮਾਪਦੰਡ ਨਿਰਧਾਰਿਤ ਕਰੇਗਾ। ਇਸ ਤੋਂ ਇਲਾਵਾ ਪ੍ਰੀਖਿਆ ਪਾਸ ਕਰਨ 'ਚ ਅਸਫਲ ਰਹਿਣ ਵਾਲੇ ਵਿਦਿਆਰਥੀਆਂ ਦੀ ਦੋ ਮਹੀਨਿਆਂ ਦੇ ਅੰਦਰ-ਅੰਦਰ ਮੁੜ ਪ੍ਰੀਖਿਆ 'ਬੱਚਿਆਂ ਲਈ ਮੁਫਤ ਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ-2009' ਤਹਿਤ ਲਈ ਜਾਵੇਗੀ। ਉਨ੍ਹਾਂ ਜਾਣਕਾਰੀ ਦਿੱਤੀ ਕਿ ਵਿਦਿਆਰਥੀ ਦੇ ਪ੍ਰੀਖਿਆ 'ਚ ਫੇਲ੍ਹ ਹੋਣ 'ਤੇ ਬੋਰਡ ਵੱਲੋਂ 2 ਮਹੀਨਿਆਂ 'ਚ ਲਈ ਜਾਣ ਵਾਲੀ ਪ੍ਰੀਖਿਆ ਤੋਂ ਪਹਿਲਾਂ ਹੀ ਅਜਿਹੇ ਵਿਦਿਆਰਥੀ ਨੂੰ ਅਗਲੀ ਜਮਾਤ 'ਚ ਆਰਜ਼ੀ ਤੌਰ 'ਤੇ ਦਾਖਲਾ ਦੇ ਦਿੱਤਾ ਜਾਵੇਗਾ ਤੇ ਅਜਿਹੇ ਵਿਦਿਆਰਥੀ ਨੂੰ ਸਬੰਧਿਤ ਸਕੂਲ ਵਲੋਂ ਸਾਰੀਆਂ ਜ਼ਰੂਰੀ ਹਦਾਇਤਾਂ ਤੇ ਅਕਾਦਮਿਕ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵਿਦਿਆਰਥੀ ਪੀ.ਐਸ.ਈ.ਬੀ. ਵੱਲੋਂ ਬਾਅਦ ਵਿਚ ਲਈ ਜਾਣ ਵਾਲੀ ਪ੍ਰੀਖਿਆ 'ਚ ਵੀ ਅਸਫਲ ਰਹਿੰਦਾ ਹੈ ਤਾਂ ਉਸ ਨੂੰ ਪਿਛਲੀ ਜਮਾਤ 'ਚ ਹੀ ਰੱਖਿਆ ਜਾਵੇਗਾ।

# ਧਾਰਾ 370: ਮੈਂ ਪਾਰਟੀ ਦੇ ਫੈਸਲੇ ਤੋਂ ਅੱਡ ਥੋੜ੍ਹਾ ਹਾਂ: ਬਾਦਲ

**ਬਠਿੰਡਾ:** ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦਾ ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ ਵੱਲੋਂ ਧਾਰਾ 370 ਨੂੰ ਮਨਸੂਖ ਕਰਨ ਬਾਰੇ ਹੋਏ ਫੈਸਲੇ ਬਾਰੇ ਨਜ਼ਰੀਆ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦਾ ਜਵਾਬ ਸੀ, ਸਾਡੀ ਪਾਰਟੀ ਦਾ ਫੈਸਲਾ ਹੋ ਗਿਆ ਹੈ। ਮੈਂ ਪਾਰਟੀ ਤੋਂ ਅੱਡ ਥੋੜ੍ਹਾ ਹਾਂ।



ਦੱਸਣਯੋਗ ਹੈ ਕਿ ਸੰਸਦ ਅੰਦਰ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਤਬਦੀਲ ਕਰਨ 'ਤੇ ਚੱਲ ਰਹੀ ਬਹਿਸ ਅਤੇ ਵੋਟ ਪਾਉਣ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਸੋਧੇ ਜਾ ਰਹੇ ਕਾਨੂੰਨ ਦੇ ਪੱਖ ਵਿਚ ਵੋਟ ਪਾਈ ਹੈ।

ਦੇਸ਼ ਦੀ ਸਿਆਸਤ ਵਿਚ ਆਉਣ ਵਾਲੇ ਲੰਬੇ ਸਮੇਂ ਦੇ ਉਤਰਾਅ ਚੜ੍ਹਾਵਾਂ ਨੂੰ ਦੇਖਣ ਤੇ ਖੁਦ ਉਸ ਦਾ ਹਿੱਸਾ ਰਹਿਣ ਵਾਲਿਆਂ ਵਿਚੋਂ ਇਸ ਮੌਕੇ ਸ਼ਾਇਦ ਪ੍ਰਕਾਸ਼ ਸਿੰਘ ਬਾਦਲ ਹੀ ਸਭ ਤੋਂ ਵੱਧ ਤਜਰਬੇਕਾਰ ਹਨ। ਇੰਨੇ ਵੱਡੇ ਫੈਸਲੇ ਸਮੇਂ ਉਨ੍ਹਾਂ ਦੀ ਖਾਮੋਸ਼ੀ ਨੂੰ ਤੋੜਨ ਅਤੇ ਰਾਇ ਜਾਣਣ ਦੀ ਕੋਸ਼ਿਸ਼ ਕਰਨ ਕਾਰਨ ਉਨ੍ਹਾਂ ਨੂੰ ਪਿੰਡ ਬਾਦਲ ਸਥਿਤ ਘਰ ਵਿਚ ਮਿਲਣ ਦਾ ਸਬੱਬ ਬਣ ਗਿਆ। ਸਿਆਸੀ ਅੰਦੋਲਨਾਂ ਵਿਚੋਂ ਗੁਜ਼ਰ ਕੇ ਕੇਂਦਰੀ ਖੇਤੀ ਮੰਤਰੀ ਅਤੇ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਪੰਜਾਬ ਦੇ 93 ਸਾਲਾ ਇਸ ਬਜ਼ੁਰਗ ਬਾਰੇ ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਉਹ ਢਿੱਡ ਦੀ ਗੱਲ ਕਿਸੇ ਨੂੰ ਨਹੀਂ ਦੱਸਦੇ।

ਲੋਕਾਂ ਨਾਲ ਰਾਬਤਾ ਬਣਾਈ ਰੱਖਣ ਦਾ ਉਨ੍ਹਾਂ ਦਾ ਸ਼ੌਕ ਹੌਲੀ-ਹੌਲੀ ਆਦਤ ਵਿਚ ਬਦਲ ਗਿਆ। ਧਾਰਾ 370 ਬਾਰੇ ਵੀ ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਦੀ ਤਬੀਅਤ ਕੁੱਝ ਠੀਕ ਨਹੀਂ ਰਹਿੰਦੀ, ਇਸ ਲਈ ਉਹ ਕੋਰ ਕਮੇਟੀ ਦੀ ਮੀਟਿੰਗ ਵਿਚ ਵੀ ਨਹੀਂ ਗਏ ਅਤੇ ਨਾ ਹੀ ਵਿਧਾਨ ਸਭਾ ਦੇ ਸੈਸ਼ਨ ਵਿਚ ਹਿੱਸਾ ਲਿਆ ਹੈ। ਮੌਜੂਦਾ ਸਮੇਂ 'ਚ ਉਨ੍ਹਾਂ ਦੀ ਨੂੰਹ ਹਰਸਿਮਰਤ ਕੌਰ ਬਾਦਲ ਕੇਂਦਰੀ ਵਜ਼ਾਰਤ ਵਿਚ ਕੈਬਨਿਟ ਮੰਤਰੀ ਹਨ ਅਤੇ ਪੁੱਤਰ ਸੁਖਬੀਰ ਸਿੰਘ ਬਾਦਲ ਲੋਕ ਸਭਾ ਦੇ ਮੈਂਬਰ ਹਨ ਤੇ ਪਾਰਟੀ ਦੀ ਅਗਵਾਈ ਕਰ ਰਹੇ ਹਨ।

# ਵਿੱਤੀ ਖੁਸ਼ਕੀ ਚੁੱਕਣ ਵਿਚ ਨਾਕਾਮ ਰਹੀ ਕੈਪਟਨ ਸਰਕਾਰ

**ਚੰਡੀਗੜ੍ਹ:** ਵਿੱਤੀ ਸੰਕਟ ਨਾਲ ਦੋ-ਦੋ ਹੱਥ ਕਰ ਰਹੀ ਕੈਪਟਨ ਸਰਕਾਰ ਦੀਆਂ ਮੁਸ਼ਕਲਾਂ ਘਟਦੀਆਂ ਨਜ਼ਰ ਨਹੀਂ ਆ ਰਹੀਆਂ। ਪੰਜਾਬ ਸਰਕਾਰ ਦੀ ਹਾਲਤ ਫਿਲਹਾਲ ਆਮਦਨੀ ਅਠੰਨੀ ਖਰਚਾ ਰੁਪਈਆ ਵਾਲੀ ਹੋਈ ਪਈ ਹੈ, ਕਿਉਂਕਿ ਸਰਕਾਰ ਦੀ 31 ਫੀਸਦੀ ਕਮਾਈ ਚੁੱਕੇ ਹੋਏ ਕਰਜ਼ ਦਾ ਵਿਆਜ ਚੁਕਾਉਣ 'ਚ ਹੀ ਜਾ ਰਹੀ ਹੈ। ਹਾਲਤ ਇਹ ਹੈ ਕਿ ਮਾਲੀਆ ਪ੍ਰਾਪਤੀ 'ਚ ਵਾਧੇ ਦੀ ਰਫਤਾਰ ਹੌਲੀ ਹੋਣ ਦੇ ਚਲਦੇ ਵਿਕਾਸ ਯੋਜਨਾਵਾਂ ਦੇ ਬਜਟ 'ਚ ਵੀ ਸਰਕਾਰ ਨੂੰ ਕਟੌਤੀ ਕਰਨੀ ਪੈ ਰਹੀ ਹੈ।

ਵਿੱਤੀ ਸਾਲ 2016-17 ਤੋਂ 2017-18 ਤੱਕ ਸਰਕਾਰ ਦੀ ਮਾਲੀਆ ਉਗਰਾਹੀ 'ਚ ਬਹੁਤ ਮਾਮੂਲੀ ਵਾਧਾ ਦਰਜ ਹੋਇਆ ਹੈ, ਜਿਸ ਦੇ ਚਲਦੇ ਵਿਕਾਸ ਯੋਜਨਾਵਾਂ ਦੇ ਅੱਧ ਵਿਚਾਲੇ ਲਟਕ ਜਾਣ ਦਾ ਵੀ ਖਦਸ਼ਾ ਜਤਾਇਆ ਜਾ ਰਿਹਾ ਹੈ। ਇਸ ਦੇ ਇਲਾਵਾ ਸਰਕਾਰੀ ਦੀ ਕਮਾਈ 'ਚੋਂ 22 ਫੀਸਦੀ ਹਿੱਸਾ ਮੁਲਾਜ਼ਮਾਂ ਨੂੰ ਪੈਨਸ਼ਨ-ਤਨਖਾਹ ਤੇ ਭੱਤਿਆਂ 'ਤੇ ਖਰਚ ਹੋ ਰਿਹਾ ਹੈ। ਇਹ ਖੁਲਾਸਾ ਰਾਜ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਇਜਲਾਸ ਦੌਰਾਨ ਰੱਖੀ ਗਈ ਰਿਪੋਰਟ 'ਚ ਹੋਇਆ ਹੈ।



ਖਜ਼ਾਨਾ ਮੰਤਰੀ ਨੇ 2017-18 ਦੇ ਵਿੱਤੀ ਅੰਕੜਿਆਂ ਨੂੰ ਸਾਲ 2016-17 ਦੇ ਅੰਕੜਿਆਂ ਨਾਲ ਤੁਲਨਾ ਕਰਦੇ ਹੋਏ ਪੇਸ਼ ਕੀਤਾ ਹੈ। ਰਿਪੋਰਟ ਦੇ ਮੁਤਾਬਿਕ ਮਾਰਚ-ਅਪ੍ਰੈਲ 2017-18 'ਚ ਸਰਕਾਰ ਦੀ ਕੁੱਲ ਮਾਲੀਆ ਪ੍ਰਾਪਤੀ 52979.44 ਕਰੋੜ ਰੁਪਏ ਰਹੀ ਜੋ ਪਿਛਲੇ ਵਿੱਤ ਸਾਲ ਦੀ ਤੁਲਨਾ 'ਚ 10.41 ਫੀਸਦੀ ਹੀ ਜ਼ਿਆਦਾ ਹੈ।

ਇਸ ਦਾ ਮੁੱਖ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਸਰਕਾਰ ਦਾ ਕੇਂਦਰੀ ਟੈਕਸਾਂ 'ਚ ਹਿੱਸਾ 10.59 ਫੀਸਦੀ ਤੇ ਕੇਂਦਰ ਤੋਂ ਮਿਲਣ ਵਾਲੀ ਸਹਾਇਤਾ 'ਚ 59.57 ਫੀਸਦੀ ਦਾ ਵਾਧਾ ਹੋਇਆ। ਵੈਟ ਅਤੇ ਜੀ.ਐਸ.ਟੀ. ਤੋਂ ਕਮਾਈ 'ਚ ਵੀ 8.39 ਫੀਸਦੀ ਦੀ ਵਾਧਾ ਵੀ ਹਾਸਲ ਹੋਇਆ ਹੈ, ਜਦੋਂ ਕਿ ਰਾਜ ਨੂੰ ਐਕਸਾਈਜ਼ ਤੋਂ 16.56 ਫੀਸਦੀ, ਸਟਾਂਪ ਤੇ ਰਜਿਸਟਰੇਸ਼ਨ ਤੋਂ 4.48 ਫੀਸਦੀ, ਭੂਮੀ ਮਾਮਲਿਆਂ 'ਚ 34.68 ਫੀਸਦੀ ਵਾਧਾ ਦਰਜ ਕੀਤਾ ਗਿਆ ਸੀ ਪਰ ਹੋਰ ਟੈਕਸਾਂ ਤੋਂ ਹੋਣ ਵਾਲੀ ਕਮਾਈ 'ਚ 2017-18 ਵਿਚ 64.89 ਫੀਸਦੀ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਜੋ ਸਰਕਾਰ ਲਈ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਸਾਲ 2017-18 ਦੌਰਾਨ ਰਾਜ ਸਰਕਾਰ ਦਾ ਕੁੱਲ ਮਾਲੀਏ ਦਾ ਖਰਚ 7138.67 ਕਰੋੜ ਰੁਪਏ ਰਿਹਾ, ਜਿਸ 'ਚੋਂ 3692.20 ਕਰੋੜ (31.72 ਫੀਸਦੀ) ਵਿਆਜ ਚੁਕਾਉਣ 'ਚ ਖਰਚ ਹੋ ਗਿਆ ਜਦੋਂ ਕਿ ਕਰਮਚਾਰੀਆਂ-ਅਧਿਕਾਰੀਆਂ ਨੂੰ ਤਨਖਾਹ-ਭੱਤੇ ਅਤੇ ਪੈਨਸ਼ਨ 'ਚ 1435.05 ਕਰੋੜ (16.36 ਫੀਸਦੀ) ਰੁਪਏ ਚਲੇ ਗਏ। ਪੁਲਿਸ ਪ੍ਰਸ਼ਾਸਨ 'ਤੇ ਸਰਕਾਰ ਨੇ 506.13 ਕਰੋੜ (10.67 ਫੀਸਦੀ) ਖਰਚ ਕੀਤੇ ਪਰ ਪਬਲਿਕ ਵਰਕਸ ਦੇ ਕੰਮਾਂ ਤੋਂ ਸਰਕਾਰ ਨੇ ਪਿੱਛੇ ਹੱਥ ਖਿੱਚਦੇ 2016-17 ਦੇ ਮੁਕਾਬਲੇ 7.99 ਕਰੋੜ ਰੁਪਏ ਦੀ ਅਦਾਇਗੀ ਘੱਟ ਕੀਤੀ ਜਦਕਿ ਮੈਡੀਕਲ ਤੇ ਪਬਲਿਕ ਹੈਲਥ 'ਤੇ ਬਜਟ ਵਿਚ 166.43 ਕਰੋੜ, ਸਿੰਚਾਈ ਯੋਜਨਾਵਾਂ ਦੇ ਬਜਟ 'ਚ ਵੀ 66.83 ਕਰੋੜ ਤੇ ਰਾਜ ਟਰਾਂਸਪੋਰਟ 'ਚ 2016-17 ਦੇ ਬਜਟ ਦੇ ਮੁਕਾਬਲੇ 23.31 ਕਰੋੜ ਰੁਪਏ ਘੱਟ ਜਾਰੀ ਕੀਤੇ ਗਏ।

# ਰਾਮ ਰਹੀਮ ਦੀ ਪੈਰੋਲ ਦੀ ਅਰਜ਼ੀ ਨਾਮਨਜ਼ੂਰ

**ਚੰਡੀਗੜ੍ਹ:** ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਪੈਰੋਲ ਦੀ ਅਰਜ਼ੀ ਨੂੰ ਸੁਨਾਰੀਆ ਜੇਲ੍ਹ ਦੇ ਸੁਪਰਡੈਂਟ ਨੇ ਨਾਮਨਜ਼ੂਰ ਕਰ ਦਿੱਤਾ ਹੈ। ਡੇਰਾ ਮੁਖੀ ਸਾਧਵੀਆਂ ਨਾਲ ਜਬਰ ਜਨਾਹ ਅਤੇ ਪੱਤਰਕਾਰ ਰਾਮਚੰਦਰ ਛਤਰਪਤੀ ਦੀ ਹੱਤਿਆ ਦੇ ਮਾਮਲੇ 'ਚ ਸੁਨਾਰੀਆ ਜੇਲ੍ਹ 'ਚ ਬੰਦ ਹੈ ਅਤੇ ਉਸ ਦੀ ਪਤਨੀ ਹਰਜੀਤ ਕੌਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਅਰਜ਼ੀ ਦੇ ਕੇ ਆਪਣੇ ਪਤੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦਿੱਤੇ ਜਾਣ ਦੀ ਮੰਗ ਕੀਤੀ ਸੀ।

ਹਰਜੀਤ ਕੌਰ ਦਾ ਇਹ ਵੀ ਕਹਿਣਾ ਸੀ ਕਿ ਉਸ ਦੀ ਸੱਸ ਜਾਣੀ ਰਾਮ ਰਹੀਮ ਦੀ ਮਾਂ ਨਸੀਬ ਕੌਰ ਕਾਫੀ ਗੰਭੀਰ ਹਾਲਤ 'ਚ ਹੈ ਅਤੇ 85 ਸਾਲ ਦੀ ਉਮਰ 'ਚ ਉਸ ਦੇ ਦਿਲ ਦੀ ਐਂਜੀਓਗ੍ਰਾਫੀ ਹੋਣੀ ਹੈ ਅਤੇ ਨਸੀਬ ਕੌਰ ਇਸ ਗੱਲ ਨੂੰ ਲੈ ਕੇ ਜ਼ਿਦ ਕਰ ਰਹੀ ਹੈ ਕਿ ਉਹ ਆਪਣੇ ਬੇਟੇ ਰਾਮ ਰਹੀਮ ਦੀ ਮੌਜੂਦਗੀ 'ਚ ਹੀ ਆਪਣਾ ਇਲਾਜ ਕਰਵਾਏਗੀ। ਜੇਕਰ ਉਸ ਦਾ ਬੇਟਾ ਉਸ ਕੋਲ ਨਹੀਂ ਹੋਵੇਗਾ ਤਾਂ ਉਹ ਆਪਣਾ ਇਲਾਜ ਨਹੀਂ ਕਰਵਾਏਗੀ।

ਹਾਈਕੋਰਟ 'ਚ ਵਕੀਲਾਂ ਦੀ ਹੜਤਾਲ ਕਾਰਨ ਹਰਜੀਤ ਕੌਰ ਵਲੋਂ ਰਾਮ ਰਹੀਮ ਦੇ ਬੇਟੇ ਜਸਮੀਤ ਸਿੰਘ ਨੇ ਮਾਮਲੇ ਦੀ ਪੈਰਵੀ ਕੀਤੀ ਸੀ ਅਤੇ ਹਾਈਕੋਰਟ ਨੇ ਸੁਨਾਰੀਆ ਜੇਲ੍ਹ ਦੇ ਸੁਪਰਡੈਂਟ ਨੂੰ ਕੈਦੀਆਂ ਦੇ ਚੰਗੇ ਆਚਰਨ ਸਬੰਧੀ ਨਿਯਮਾਂ ਤਹਿਤ ਇਸ ਮਾਮਲੇ 'ਤੇ ਵਿਚਾਰ ਕਰ ਕੇ ਪੰਜ ਦਿਨਾਂ ਦੇ ਅੰਦਰ ਆਪਣਾ ਫੈਸਲਾ ਦੇਣ ਨੂੰ ਕਿਹਾ ਗਿਆ ਸੀ।

ਸੁਨਾਰੀਆ ਜੇਲ੍ਹ ਦੇ ਸੁਪਰਡੈਂਟ ਨੇ ਇਸ



ਮਾਮਲੇ 'ਚ ਡਿਪਟੀ ਕਮਿਸ਼ਨਰ ਸਿਰਸਾ ਤੋਂ ਰਿਪੋਰਟ ਮੰਗੀ ਸੀ ਅਤੇ ਸਿਰਸਾ ਦੇ ਡੀ.ਸੀ. ਨੇ ਡਾਕਟਰਾਂ ਦੀ ਇਕ ਟੀਮ ਬਣਾ ਕੇ ਉਨ੍ਹਾਂ ਨੂੰ ਰਾਮ ਰਹੀਮ ਦੀ ਮਾਂ ਦੀ ਸਿਹਤ ਸਬੰਧੀ ਰਿਪੋਰਟ ਦੇਣ ਲਈ ਕਿਹਾ ਸੀ। ਡਾਕਟਰਾਂ ਦੀ ਟੀਮ ਨੇ ਨਸੀਬ ਕੌਰ ਦੀ ਸਿਹਤ ਦੀ ਵਿਆਪਕ ਜਾਂਚ ਕਰਨ ਅਤੇ ਪੂਰੀ ਪੜਤਾਲ ਕਰਨ ਤੋਂ ਬਾਅਦ ਡੀ.ਸੀ. ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਸੀ ਅਤੇ ਸਿਰਸਾ ਦੇ ਐਸ.ਪੀ. ਨੇ ਵੀ ਇਸ ਬਾਰੇ 'ਚ ਡੀ.ਸੀ. ਸਿਰਸਾ ਨੂੰ ਆਪਣੀ ਰਿਪੋਰਟ ਸੀਲ ਬੰਦ ਲਿਫਾਫੇ 'ਚ ਦੇ ਦਿੱਤੀ ਸੀ। ਡੀ.ਸੀ. ਸਿਰਸਾ ਨੇ ਇਨ੍ਹਾਂ ਸਾਰੀਆਂ ਰਿਪੋਰਟਾਂ ਨੂੰ ਨਾਲ ਲਗਾ ਕੇ ਆਪਣੀ ਰਿਪੋਰਟ ਸੁਨਾਰੀਆ ਜੇਲ੍ਹ ਦੇ ਸੁਪਰਡੈਂਟ ਕੋਲ ਭੇਜ ਦਿੱਤੀ ਸੀ। ਇਨ੍ਹਾਂ ਸਾਰੀਆਂ ਰਿਪੋਰਟਾਂ ਦਾ ਅਧਿਐਨ ਕਰਨ ਤੋਂ ਬਾਅਦ ਸੁਨਾਰੀਆ ਜੇਲ੍ਹ ਦੇ ਸੁਪਰਡੈਂਟ ਨੇ ਗੁਰਮੀਤ ਰਾਮ ਰਹੀਮ ਦੀ ਪੈਰੋਲ ਦੀ ਅਰਜ਼ੀ ਨਾਮਨਜ਼ੂਰ ਕਰ ਦਿੱਤੀ।

ਡਾਕਟਰਾਂ ਦੀ ਟੀਮ ਨੇ ਨਸੀਬ ਕੌਰ ਦੀ ਸਿਹਤ ਦੀ ਪੂਰੀ ਤਰ੍ਹਾਂ ਜਾਂਚ-ਪੜਤਾਲ ਤੋਂ ਬਾਅਦ ਆਪਣੀ ਰਿਪੋਰਟ 'ਚ ਉਨ੍ਹਾਂ ਦੀ ਹਾਲਤ ਨੂੰ ਸਥਿਰ ਦੱਸਿਆ, ਜਦੋਂਕਿ ਪੁਲਿਸ ਨੇ ਆਪਣੀ ਰਿਪੋਰਟ 'ਚ ਇਥੋਂ ਤੱਕ ਕਹਿ ਦਿੱਤਾ ਕਿ ਜੇਕਰ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਜੇਲ੍ਹ ਤੋਂ ਬਾਹਰ ਆਉਂਦਾ ਹੈ ਤਾਂ ਮੁੜ ਤੋਂ ਕਾਨੂੰਨ ਵਿਵਸਥਾ ਦੀ ਸਥਿਤੀ ਖਰਾਬ ਹੋ ਸਕਦੀ ਹੈ ਅਤੇ ਹਾਲਾਤ ਹੋਰ ਵਿਗੜ ਸਕਦੇ ਹਨ। ਉਕਤ ਕਾਰਨਾਂ ਕਰ ਕੇ ਜੇਲ੍ਹ ਸੁਪਰਡੈਂਟ ਨੇ ਰਾਮ ਰਹੀਮ ਦੀ ਪੈਰੋਲ ਦੀ ਅਰਜ਼ੀ ਨੂੰ ਨਾਮਨਜ਼ੂਰ ਕਰ ਦਿੱਤਾ।

## ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਵੀ ਮਿਲੇਗੀ ਬੱਚੇ ਦੀ ਸੰਭਾਲ ਲਈ ਛੁੱਟੀ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੁਰੱਖਿਆ ਬਲਾਂ ਦੇ ਇਕੱਲੇ ਪੁਰਸ਼ ਸਰਵਿਸ ਕਰਮੀਆਂ ਲਈ ਬੱਚਿਆਂ ਦੀ ਸੰਭਾਲ ਲਈ ਮਿਲਣ ਵਾਲੇ (ਚਾਈਲਡ ਕੇਅਰ ਲੀਵ, ਸੀ.ਸੀ.ਐਲ.) ਲਾਭਾਂ 'ਚ ਵਾਧਾ ਕਰ ਦਿੱਤਾ ਹੈ ਅਤੇ ਨਾਲ ਹੀ ਔਰਤ ਅਧਿਕਾਰੀਆਂ ਦੇ ਮਾਮਲੇ 'ਚ ਸੀ.ਸੀ.ਐਲ. ਵਿਵਸਥਾ 'ਚ ਕੁਝ ਰਾਹਤ ਦਿੱਤੀ ਗਈ ਹੈ।

ਰੱਖਿਆ ਮੰਤਰਾਲੇ ਵੱਲੋਂ ਜਾਰੀ ਬਿਆਨ 'ਚ ਰਾਜਨਾਥ ਸਿੰਘ ਨੇ ਇਕੱਲੇ ਪੁਰਸ਼ ਸੇਵਾ ਕਰਮੀਆਂ ਨੂੰ ਬੱਚਿਆਂ ਦੀ ਸੰਭਾਲ ਲਈ ਛੁੱਟੀ (ਸੀ.ਸੀ.ਐਲ.) ਦੇ ਲਾਭਾਂ 'ਚ ਵਿਸਥਾਰ ਨੂੰ ਮਨਜ਼ੂਰੀ ਦੇ ਦਿੱਤੀ ਹੈ। ਵਰਤਮਾਨ 'ਚ ਸੁਰੱਖਿਆ ਬਲਾਂ 'ਚ ਮਹਿਲਾ ਅਧਿਕਾਰੀਆਂ ਨੂੰ ਸੀ.ਸੀ.ਐਲ. ਪ੍ਰਦਾਨ ਕੀਤੀ ਜਾ ਰਹੀ ਹੈ। ਹਾਲ ਹੀ 'ਚ ਡੀ.ਓ.ਪੀ.ਟੀ. ਨੇ ਨਾਗਰਿਕ ਕਰਮਚਾਰੀਆਂ ਨੂੰ ਸੀ.ਸੀ.ਐਲ. ਦੇ ਲਾਭਾਂ ਲਈ ਕੁਝ ਸੋਧਾਂ ਕੀਤੀਆਂ ਹਨ, ਜਿਸ ਦੇ ਤਹਿਤ ਹੁਣ ਤੱਕ ਮਹਿਲਾ ਕਰਮਚਾਰੀਆਂ ਨੂੰ ਦਿੱਤੀ ਜਾਣ ਵਾਲੀ ਸੀ.ਸੀ.ਐਲ. ਨੂੰ ਇਕੱਲੇ ਪੁਰਸ਼ ਸਰਕਾਰੀ ਕਰਮਚਾਰੀਆਂ ਲਈ ਵੀ ਵਧਾਇਆ ਗਿਆ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਾਨਾਜੀ, ਪ੍ਰਣਬ ਤੇ ਹਜ਼ਾਰਿਕਾ ਬਣੇ ਭਾਰਤ ਰਤਨ

**ਨਵੀਂ ਦਿੱਲੀ:** ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ, ਭਾਰਤੀ ਜਨਸੰਘ ਦੇ ਆਗੂ ਸਵਰਗੀ ਨਾਨਾਜੀ ਦੇਸ਼ਮੁਖ ਅਤੇ ਸਵਰਗੀ ਗਾਇਕ ਭੁਪੇਨ ਹਜ਼ਾਰਿਕਾ ਨੂੰ ਦੇਸ਼ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਭਾਰਤ ਰਤਨ ਨਾਲ ਸਨਮਾਨਿਆ ਗਿਆ। ਇਥੇ ਰਾਸ਼ਟਰਪਤੀ ਭਵਨ 'ਚ ਹੋਏ ਸਮਾਗਮ ਦੌਰਾਨ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸ੍ਰੀ ਮੁਖਰਜੀ, ਸ੍ਰੀ ਹਜ਼ਾਰਿਕਾ ਦੇ ਪੁੱਤਰ ਤੇਜ ਅਤੇ ਸ੍ਰੀ ਦੇਸ਼ਮੁਖ ਦੇ ਨੇੜਲੇ ਰਿਸ਼ਤੇਦਾਰ ਵਿਕਰਮਜੀਤ ਸਿੰਘ ਨੂੰ ਇਹ ਵੱਕਾਰੀ ਸਨਮਾਨ ਦਿੱਤਾ। ਸ੍ਰੀ ਹਜ਼ਾਰਿਕਾ ਅਤੇ ਦੇਸ਼ਮੁਖ ਨੂੰ ਮਰਨ ਉਪਰੰਤ ਭਾਰਤ ਰਤਨ ਨਾਲ ਨਿਵਾਜਿਆ ਗਿਆ ਹੈ।

ਦਰਬਾਰ ਹਾਲ 'ਚ ਹੋਏ ਸਮਾਗਮ ਦੌਰਾਨ ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਕਈ ਕੇਂਦਰੀ ਮੰਤਰੀ, ਅਸਾਮ ਦੇ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਅਤੇ ਹੋਰ ਹਸਤੀਆਂ ਹਾਜ਼ਰ ਸਨ। ਭਾਰਤ ਰਤਨ ਚਾਰ ਸਾਲਾਂ ਦੇ ਵਕਫੇ ਮਗਰੋਂ ਦਿੱਤਾ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਬਾਨੀ ਮਦਨ ਮੋਹਨ ਮਾਲਵੀਆ ਨੂੰ ਨਰਿੰਦਰ ਮੋਦੀ ਸਰਕਾਰ ਨੇ 2015 'ਚ ਭਾਰਤ ਰਤਨ ਨਾਲ ਨਿਵਾਜਿਆ ਸੀ।

'ਪ੍ਰਣਬ ਦਾ' ਵਜੋਂ ਪਿਆਰ ਨਾਲ ਜਾਣੇ ਜਾਂਦੇ ਸ੍ਰੀ ਮੁਖਰਜੀ (83) ਪੰਜਵੇਂ ਰਾਸ਼ਟਰਪਤੀ ਹਨ ਜਿਨ੍ਹਾਂ ਨੂੰ ਇਹ ਸਨਮਾਨ ਮਿਲਿਆ ਹੈ। ਉਹ 2012 ਤੋਂ 2017 ਵਿਚਕਾਰ ਮੁਲਕ ਦੇ ਰਾਸ਼ਟਰਪਤੀ ਰਹੇ। ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀਆਂ ਸਰਵਪੱਲੀ ਰਾਧਾਕ੍ਰਿਸ਼ਨਨ, ਰਾਜੇਂਦਰ ਪ੍ਰਸਾਦ, ਜ਼ਾਕਿਰ ਹੁਸੈਨ ਅਤੇ ਵੀ.ਵੀ. ਗਿਰੀ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਕੇਂਦਰ ਸਰਕਾਰ ਨੇ ਜਨਵਰੀ 'ਚ ਸ੍ਰੀ ਮੁਖਰਜੀ, ਦੇਸ਼ਮੁਖ ਅਤੇ ਹਜ਼ਾਰਿਕਾ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਸੀ। ਸਰਕਾਰ ਵਲੋਂ ਹੁਣ ਤੱਕ 48 ਹਸਤੀਆਂ ਨੂੰ ਭਾਰਤ ਰਤਨ ਨਾਲ ਨਿਵਾਜਿਆ ਜਾ ਚੁੱਕਿਆ ਹੈ।

# ਧਾਰਾ 370 ਦੇ ਖਾਤਮੇ ਲਈ ਭਾਜਪਾ ਨੇ ਤਿੰਨ ਮਹੀਨੇ ਪਹਿਲਾਂ ਅਰੰਭੇ ਸੀ ਯਤਨ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦਿੰਦੀ ਧਾਰਾ 370 ਨੂੰ ਖਤਮ ਕਰਨ ਲਈ ਭਾਵੇਂ ਕਿ ਭਾਜਪਾ ਸਰਕਾਰ ਲੰਘੇ ਸੋਮਵਾਰ ਨੂੰ ਰਾਜ ਸਭਾ ਵਿਚ ਮਤਾ ਲਿਆਈ ਸੀ ਪਰ ਭਾਜਪਾ ਨੇ ਇਸ ਨੂੰ ਬਿਨਾਂ ਕਿਸੇ ਅੜਿੱਕੇ ਦੇ ਪਾਸ ਕਰਵਾਉਣ ਲਈ ਯਤਨ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਅਗਵਾਈ ਵਿਚ ਤਿੰਨ ਮਹੀਨੇ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਸਨ। ਪਾਰਟੀ ਨੇ ਸੀਨੀਅਰ ਆਗੂਆਂ ਦੀਆਂ ਡਿਊਟੀਆਂ ਲਾਈਆਂ ਸਨ।

ਭਾਜਪਾ ਦੇ ਇਕ ਸੀਨੀਅਰ ਆਗੂ ਜੋ ਇਸ ਮੁਹਿਮ ਵਿਚ ਸ਼ਾਮਲ ਸੀ, ਨੇ ਇਸ ਸਬੰਧੀ ਜ਼ਿਕਰ ਕਰਦਿਆਂ ਦੱਸਿਆ ਕਿ ਅਨੇਕਾਂ ਅਜਿਹੇ ਬਿਲ ਸਨ, ਜਿਨ੍ਹਾਂ ਨੂੰ ਭਾਜਪਾ, ਮੋਦੀ ਸਰਕਾਰ ਦੀ ਪਹਿਲੀ ਮਿਆਦ ਵਿਚ ਪਾਸ ਕਰਵਾਉਣਾ ਚਾਹੁੰਦੀ ਸੀ ਪਰ ਰਾਜ ਸਭਾ ਵਿਚ ਐਨ.ਡੀ.ਏ. ਦਾ ਬਹੁਮਤ ਨਾ ਹੋਣ ਕਾਰਨ ਇਹ ਪਾਸ ਨਹੀ ਹੋ ਸਕੇ ਸਨ। ਉਨ੍ਹਾਂ ਨੇ ਤੀਹਰੇ ਤਲਾਕ ਬਿਲ ਦਾ ਹਵਾਲਾ ਦਿੱਤਾ, ਜੋ ਕਿ ਰਾਜ ਸਭਾ ਵਿਚ ਐਨ.ਡੀ.ਏ. ਦੀ ਬਹੁਗਿਣਤੀ ਨਾ ਹੋਣ ਕਾਰਨ ਰੁਕ ਗਿਆ ਸੀ। ਇਸ ਤੋਂ ਬਾਅਦ ਪਾਰਟੀ ਨੇ ਇਸ ਮੁੱਦੇ ਉਤੇ ਵਿਰੋਧੀ ਪਾਰਟੀਆਂ, ਜਿਨ੍ਹਾਂ ਵਿਚ ਬੀਜੂ ਜਨਤਾ ਦਲ (ਬੀ.ਜੇ.ਡੀ.), ਤਿਲੰਗਾਨਾ ਰਾਸ਼ਟਰੀਯ ਸਮਿਤੀ (ਟੀ.ਆਰ.ਐਸ.), ਵਾਈ.ਐਸ.ਆਰ. ਕਾਂਗਰਸ ਪਾਰਟੀ(ਵਾਈ.ਐਸ.ਆਰ.ਸੀ.ਪੀ.) ਅਤੇ ਅੰਨਾਡੀਐਮਕੇ ਨੂੰ ਸਰਕਾਰ ਦੀ ਤਰਫ ਕਰਨ ਦੇ ਯਤਨ ਆਰੰਭ ਦਿੱਤੇ ਸਨ।

ਇਸ ਮੁਹਿਮ ਵਿਚ ਭਾਜਪਾ ਦੇ ਉੜੀਸਾ ਤੋਂ ਆਗੂ ਧਰਮਿੰਦਰ ਪ੍ਰਧਾਨ, ਪਿਊਸ਼ ਗੋਇਲ ਜੋ ਤਾਮਿਲਨਾਡੂ ਦਾ ਇੰਚਾਰਜ ਸੀ, ਭੂਪੇਂਦਰ ਯਾਦਵ ਅਤੇ ਓਮ ਮਾਥੁਰ ਸ਼ਾਮਲ ਸਨ। ਇਹ ਮੁਹਿਮ ਅਪਰੈਲ ਦੇ ਆਖਿਰ ਵਿਚ ਸ਼ੁਰੂ ਕੀਤੀ ਸੀ। ਭਾਜਪਾ ਆਗੂਆਂ ਨੇ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੂੰ ਸਮਝਾਇਆ ਕਿ ਕਿਵੇਂ ਧਾਰਾ 370 ਨੂੰ ਹਟਾਉਣਾ ਦੇਸ਼ ਹਿੱਤ ਵਿਚ ਹੈ। ਇਸ ਮੁੱਦੇ ਉਤੇ ਇਕ ਮਹੀਨੇ ਤੱਕ ਚਰਚਾ ਚੱਲੀ ਅਤੇ ਇਕ ਰਾਏ ਪੈਦਾ ਕੀਤੀ ਗਈ।

## ਖਰੜ ਵਾਸੀ ਨੇ ਜਿੱਤਿਆ ਪੰਜਾਬ ਸਾਵਣ ਬੰਪਰ

**ਚੰਡੀਗੜ੍ਹ:** ਖਰੜ ਵਾਸੀ ਜਾਰਜ ਮਸੀਹ ਅਤੇ ਉਸ ਦੀ ਪਤਨੀ ਸੁਮਨ ਪ੍ਰਿਆ ਜੋ ਪੀ.ਜੀ.ਆਈ., ਚੰਡੀਗੜ੍ਹ ਵਿਚ ਸੀਨੀਅਰ ਨਰਸਿੰਗ ਅਫਸਰ ਵਜੋਂ ਸੇਵਾ ਨਿਭਾਅ ਰਹੇ ਹਨ, ਨੇ ਪੰਜਾਬ ਰਾਜ ਸਾਵਣ ਬੰਪਰ-2019 ਦਾ ਪਹਿਲਾ ਇਨਾਮ ਜਿੱਤਿਆ ਹੈ। ਜਾਰਜ ਮਸੀਹ ਨੇ ਦੱਸਿਆ ਕਿ ਉਸ ਨੇ ਗੁਰਦਾਸਪੁਰ ਜ਼ਿਲ੍ਹੇ ਵਿਚ ਪੈਂਦੇ ਆਪਣੇ ਜੱਦੀ ਪਿੰਡ ਦੁਰਗਾਬਾਦ 'ਚ ਲਾਟਰੀ ਦੀਆਂ ਦੋ ਟਿਕਟਾਂ ਖਰੀਦੀਆਂ ਸੀ। ਉਸ ਨੇ ਇਹ ਟਿਕਟਾਂ ਆਪਣੀ ਪਤਨੀ ਨੂੰ ਦੇ ਦਿੱਤੀਆਂ ਤੇ ਸੁਮਨ ਪ੍ਰਿਆ ਨੂੰ ਡੇਢ ਕਰੋੜ ਰੁਪਏ ਦਾ ਪਹਿਲਾ ਇਨਾਮ ਨਿਕਲ ਆਇਆ।

# ਬਾਦਲ ਤੇ ਸੈਣੀ ਨੂੰ ਜੇਲ੍ਹ ਭੇਜਣ ਬਾਰੇ ਫੂਲਕਾ ਨੇ ਕੈਪਟਨ ਨੂੰ ਵੰਗਾਰਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਤੋਂ ਅਸਤੀਫਾ ਦੇਣ ਵਾਲੇ ਪਦਮਸ੍ਰੀ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਕਾਂਡ ਸਬੰਧੀ ਨਵੀਂ ਚੁਣੌਤੀ ਦਿੱਤੀ ਹੈ। ਸ੍ਰੀ ਫੂਲਕਾ ਨੇ ਕਿਹਾ ਹੈ ਕਿ ਜੇਕਰ ਪੰਜਾਬ ਸਰਕਾਰ ਇਹ ਸ਼ਰਤ ਲਾ ਦੇਵੇ ਕਿ ਬੇਅਦਬੀ ਕੇਸਾਂ ਸਬੰਧੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਨੂੰ ਜੇਲ੍ਹ ਭੇਜਣ ਬਦਲੇ ਉਨ੍ਹਾਂ (ਫੂਲਕਾ) ਨੂੰ ਆਪਣਾ ਪਦਮਸ੍ਰੀ ਪੁਰਸਕਾਰ ਵਾਪਸ ਕਰਨਾ ਪਵੇਗਾ ਤਾਂ ਉਹ ਇਸ ਲਈ ਵੀ ਤਿਆਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਦੋਂ ਵੀ ਬਾਦਲ ਅਤੇ ਸੈਣੀ ਨੂੰ ਜੇਲ੍ਹ ਭੇਜੇਗੀ, ਉਹ ਉਸ ਤੋਂ ਅਗਲੇ ਦਿਨ ਹੀ ਆਪਣਾ ਪਦਮਸ੍ਰੀ ਵਾਪਸ ਕਰ ਦੇਣਗੇ। ਸ੍ਰੀ ਫੂਲਕਾ ਨੇ ਇਥੋਂ ਤੱਕ ਆਖ ਦਿੱਤਾ ਕਿ ਜੇਕਰ ਪੰਜਾਬ ਸਰਕਾਰ ਨੂੰ ਉਨ੍ਹਾਂ ਦੇ ਇਸ ਵਾਅਦੇ 'ਤੇ ਯਕੀਨ ਨਹੀਂ ਹੈ ਤਾਂ ਉਹ ਅਗਾਊਂ ਆਪਣਾ ਪਦਮਸ੍ਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪਣ ਲਈ ਵੀ ਤਿਆਰ ਹਨ।

ਦੱਸਣਯੋਗ ਹੈ ਕਿ ਪੰਜਾਬ ਦੇ ਚਾਰ ਮੰਤਰੀਆਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ ਅਤੇ ਗੁਰਪ੍ਰੀਤ ਸਿੰਘ ਕਾਂਗੜ ਨੇ ਸ੍ਰੀ ਫੂਲਕਾ ਉਪਰ ਦੋਸ਼ ਲਾਇਆ ਸੀ ਕਿ ਉਹ ਸਿਆਸੀ ਡਰਾਮੇਬਾਜ਼ੀ ਕਰ ਰਹੇ ਹਨ ਅਤੇ ਜੇਕਰ ਉਹ ਬੇਅਦਬੀ ਮੁੱਦੇ ਉਪਰ ਸੁਹਿਰਦ ਹਨ ਤਾਂ ਮੋਦੀ ਸਰਕਾਰ ਨੂੰ ਆਪਣਾ ਪਦਮਸ੍ਰੀ ਵਾਪਸ ਕਰ ਦੇਣ। ਸ੍ਰੀ ਫੂਲਕਾ ਨੇ ਕਿਹਾ ਕਿ ਉਨ੍ਹਾਂ ਦੀ ਇਨ੍ਹਾਂ ਚਾਰ ਮੰਤਰੀਆਂ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ, ਇਹ ਸਾਰੇ ਮੰਤਰੀ ਉਨ੍ਹਾਂ ਦੇ ਚੰਗੇ ਦੋਸਤ ਹਨ।

## ਅੰਬਾਨੀ ਵਲੋਂ ਦੇਣਦਾਰੀਆਂ ਘਟਾਉਣ ਲਈ ਹਿੱਸੇਦਾਰੀ ਵੇਚਣ ਦਾ ਫੈਸਲਾ

**ਮੁੰਬਈ:** ਰਿਲਾਇੰਸ ਇੰਡਸਟਰੀਜ਼ ਨੇ ਕੰਪਨੀ ਦੀਆਂ ਦੇਣਦਾਰੀਆਂ ਨੂੰ ਘਟਾਉਣ ਦੇ ਇਰਾਦੇ ਨਾਲ ਆਪਣੀ ਕਾਰੋਬਾਰੀ ਹਿੱਸੇਦਾਰੀ ਸਾਊਦੀ ਅਰਬ ਦੀ ਤੇਲ ਕਾਰੋਬਾਰ 'ਚ ਮੋਹਰੀ ਕੰਪਨੀ ਅਰੈਮਕੋ ਤੇ ਭਾਰਤ ਪੈਟਰੋਲੀਅਮ ਨੂੰ ਵੇਚਣ ਦਾ ਫੈਸਲਾ ਕੀਤਾ ਹੈ।

ਰਿਲਾਇੰਸ, ਅਰੈਮਕੋ ਨੂੰ ਤੇਲ ਅਤੇ ਰਸਾਇਣ ਕਾਰੋਬਾਰ 'ਚੋਂ 20 ਫੀਸਦੀ ਜਦੋਂਕਿ ਬੀਪੀ ਨੂੰ ਆਪਣੇ 1400 ਪੈਟਰੋਲ ਪੰਪਾਂ ਤੇ ਏਵੀਏਸ਼ਨ ਈਂਧਣ ਵੇਚਣ ਦੇ ਕਾਰੋਬਾਰ ਵਿਚੋਂ 49 ਫੀਸਦੀ ਹਿੱਸੇਦਾਰੀ 1.15 ਲੱਖ ਕਰੋੜ ਰੁਪਏ 'ਚ ਵੇਚੇਗੀ। ਕਰਾਰ ਮੁਤਾਬਕ ਅਰੈਮਕੋ ਵਲੋਂ ਖਰੀਦੀ ਜਾਣ ਵਾਲੀ 20 ਫੀਸਦੀ ਹਿੱਸੇਦਾਰੀ ਵਿਚ ਗੁਜਰਾਤ ਦੇ ਜਾਮਨਗਰ ਵਿਚਲੀ ਰਿਫਾਈਨਰੀ ਵਿਚੋਂ ਨਿਕਲਦਾ ਰੋਜ਼ਾਨਾ 1.36 ਮਿਲੀਅਨ ਬੈਰਲ ਤੇਲ ਵੀ ਸ਼ਾਮਲ ਹੈ, ਜਿਸ ਦਾ ਐਂਟਰਪ੍ਰਾਈਜ਼ ਮੁੱਲ 75 ਅਰਬ ਅਮਰੀਕੀ ਡਾਲਰ ਦੇ ਕਰੀਬ ਹੈ। ਉਧਰ, ਭਾਰਤ ਪੈਟਰੋਲੀਅਮ ਪੈਟਰੋਲ ਪੰਪਾਂ 'ਤੇ ਐਵੀਏਸ਼ਨ ਈਂਧਣ ਦੀ ਵੇਚ-ਵੱਟ ਦੇ ਕਾਰੋਬਾਰ ਦਾ 49 ਫੀਸਦੀ ਹਿੱਸੇ ਲਈ ਸੱਤ ਹਜ਼ਾਰ ਕਰੋੜ ਰੁਪਏ ਤਾਰੇਗੀ। ਰਿਲਾਇੰਸ ਦਾ ਟੈਲੀਕਾਮ ਤੇ ਹੋਰ ਰਿਟੇਲ ਕਾਰੋਬਾਰਾਂ ਸਮੇਤ ਕੁੱਲ ਐਂਟਰਪ੍ਰਾਈਜ਼ ਮੁੱਲ 134 ਅਰਬ ਅਮਰੀਕੀ ਡਾਲਰ ਹੈ।

# ਅਮਰੀਕੀ ਗਰੀਨ ਕਾਰਡ ਬਾਰੇ ਨਿਯਮ ਹੋਰ ਸਖਤ

**ਵਾਸ਼ਿੰਗਟਨ:** ਅਮਰੀਕਾ ਵਿਚ ਵਸਦੇ ਕਾਨੂੰਨੀ ਪਰਵਾਸੀਆਂ ਦਾ ਨਾਗਰਿਕ ਬਣਨਾ ਵਧੇਰੇ ਮੁਸ਼ਕਿਲ ਕਰਦਿਆਂ ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਫੂਡ ਸਟੈਂਪ ਜਾਂ ਰਿਹਾਇਸ਼ੀ ਮਦਦ ਜਿਹੀਆਂ ਸਹੂਲਤਾਂ ਲੈ ਰਹੇ ਲੋਕਾਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਹੋਮਲੈਂਡ ਸੁਰੱਖਿਆ ਵਿਭਾਗ ਵਲੋਂ ਜਾਰੀ ਕੀਤੇ ਗਏ ਨਵੇਂ ਕਾਨੂੰਨ ਅਨੁਸਾਰ ਅਜਿਹੇ ਲੋਕਾਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾਵੇਗਾ, ਜੋ ਕੌਂਸਲਰ ਅਧਿਕਾਰੀ ਨੂੰ ਇਹ ਭਰੋਸਾ ਦਿਵਾਉਣ ਵਿਚ ਨਾਕਾਮ ਰਹਿਣਗੇ ਕਿ ਉਹ ਅਮਰੀਕਾ ਸਰਕਾਰ ਵਲੋਂ ਆਪਣੇ ਨਾਗਰਿਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਕਦੇ ਵੀ ਵਰਤੋਂ ਨਹੀਂ ਕਰਨਗੇ। ਵ੍ਹਾਈਟ ਹਾਊਸ ਮੁਤਾਬਕ ਇਹ ਯਕੀਨੀ ਬਣਾਇਆ ਜਾਵੇਗਾ ਕਿ ਜੋ ਕੋਈ ਬਾਹਰੀ ਵਿਅਕਤੀ ਅਮਰੀਕਾ ਵਿਚ ਦਾਖਲ ਹੋਣਾ ਚਾਹੁੰਦਾ ਹੈ ਤਾਂ ਉਹ ਆਪਣੀ ਮਾਲੀ ਮਦਦ ਆਪ ਕਰਨ ਦੇ ਸਮਰੱਥ ਅਤੇ ਜਨਤਕ ਸਹੂਲਤਾਂ 'ਤੇ ਨਿਰਭਰ ਨਾ ਹੋਵੇ।

# ਭਾਜਪਾ ਦੀ ਬੜ੍ਹਕ ਨੇ ਡਰਾਏ ਅਕਾਲੀ

*(ਸਫਾ ਇਕ ਦੀ ਬਾਕੀ)*

ਪਰਿਵਾਰ ਵਾਲੀਆਂ ਦੋ ਸੀਟਾਂ ਜਿੱਤ ਕੇ ਦੁਬਾਰਾ ਮੈਦਾਨ ਵਿਚ ਆਉਣ ਦੇ ਦਮਗਜ਼ੇ ਮਾਰ ਰਿਹਾ ਹੈ ਪਰ ਜੇ ਇਨ੍ਹਾਂ ਚੋਣ ਨਤੀਜਿਆਂ ਨੂੰ ਧਿਆਨ ਨਾਲ ਦੇਖੀਏ ਤਾਂ ਕਈ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ।

ਸਿਆਸੀ ਪਾਰਟੀਆਂ ਦੀ ਮਜ਼ਬੂਤੀ ਇਸ ਗੱਲ ਤੋਂ ਵੀ ਝਲਕਦੀ ਹੈ ਕਿ ਉਹ ਕਿੰਨੀਆਂ ਸੀਟਾਂ 'ਤੇ ਚੋਣ ਲੜਦੀ ਹੈ ਅਤੇ ਉਨ੍ਹਾਂ ਵਿਚੋਂ ਕਿੰਨੀਆਂ ਜਿੱਤਦੀ ਹੈ। ਇਸ ਵਿਚ ਸਭ ਤੋਂ ਚੰਗਾ ਰਿਕਾਰਡ ਭਾਰਤੀ ਜਨਤਾ ਪਾਰਟੀ ਦਾ ਰਿਹਾ ਜਿਸ ਨੇ ਤਿੰਨ ਸੀਟਾਂ ਲੜੀਆਂ ਅਤੇ ਦੋ ਜਿੱਤੀਆਂ ਭਾਵ 66 ਫੀਸਦੀ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਅਕਾਲੀ ਦਲ 20 ਫੀਸਦ ਸੀਟਾਂ 'ਤੇ ਜੇਤੂ ਰਿਹਾ; ਉਸ ਨੇ 10 ਸੀਟਾਂ ਲੜੀਆਂ ਅਤੇ 2 ਉਤੇ ਜਿੱਤ ਪ੍ਰਾਪਤ ਕੀਤੀ। ਕਾਂਗਰਸ 61 ਫੀਸਦੀ ਸੀਟਾਂ 'ਤੇ ਜੇਤੂ ਰਹੀ। ਕੁੱਲ ਮਿਲਾ ਕੇ ਭਾਜਪਾ ਨੇ ਇਹ ਹਿਸਾਬ ਲਾ ਲਿਆ ਹੈ ਕਿ ਅਕਾਲੀ ਦਲ ਦੇ ਹੁਣ ਦਿਨ ਪੁੱਗ ਗਏ ਹਨ। ਹੁਣ ਤੱਕ ਧਰਮ ਦੇ ਨਾਮ ਉਤੇ ਸਿਆਸਤ ਕਰਦੇ ਰਹੇ ਅਕਾਲੀ ਲੋਕ ਮਨਾਂ ਵਿਚੋਂ ਲਹਿ ਗਏ ਹਨ ਤੇ ਹੁਣ ਇਸ ਮੌਕੇ ਦਾ ਫਾਇਦਾ ਉਠਾਉਣ ਦਾ ਵੇਲਾ ਹੈ। ਭਾਜਪਾ ਇਸੇ ਮੌਕੇ ਨੂੰ ਸਾਂਭਣ ਦੀ ਰਣਨੀਤੀ ਉਤੇ ਚੱਲ ਰਹੀ ਹੈ।

## ਸਮਲਿੰਗੀ ਵਿਆਹ ਬਾਰੇ ਨਜ਼ਰਸਾਨੀ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਐਲਜੀਬੀਟੀਕਿਊ (ਸਮਲਿੰਗੀ, ਗੇਅ, ਬਾਈ ਸੈਕਸੁਅਲ, ਟਰਾਂਸਜੈਂਡਰ, ਟਰਾਂਸਸੈਕਸੁਅਲ ਅਤੇ ਸਮਲਿੰਗੀ ਪੁਰਸ਼) ਭਾਈਚਾਰੇ ਲਈ ਵੱਖ-ਵੱਖ ਨਾਗਰਿਕ ਹੱਕ ਜਿਵੇਂ ਸਮਲਿੰਗੀ ਵਿਆਹ, ਗੋਦ ਅਤੇ ਮੁੱਲ ਦੀ ਕੁੱਖ ਦੀ ਮੰਗ ਵਾਲੀ ਖਾਰਜ ਕੀਤੀ ਪਟੀਸ਼ਨ 'ਤੇ ਨਜ਼ਰਸਾਨੀ ਦੀ ਮੰਗ ਖਾਰਜ ਕਰ ਦਿੱਤੀ ਹੈ।

# ਬਿਪਤਾ ਦੀ ਘੜੀ 'ਚ ਸਿੱਖਾਂ ਨੇ ਫੜੀ ਕਸ਼ਮੀਰੀਆਂ ਦੀ ਬਾਂਹ

*(ਸਫਾ ਇਕ ਦੀ ਬਾਕੀ)*

ਇਸ ਸੂਬੇ ਵੱਲ ਜਾਣ ਲਈ ਮੂੰਹ ਨਹੀਂ ਕਰ ਰਿਹਾ ਪਰ ਉਹ ਹਰ ਹੀਲੇ ਬੱਚਿਆਂ ਨੂੰ ਮਾਪਿਆਂ ਤੱਕ ਪੁੱਜਦਾ ਕਰ ਰਹੇ ਹਨ। ਦੱਸ ਦਈਏ ਕਿ ਇਸ ਤੋਂ ਪਹਿਲਾਂ ਪੁਲਵਾਮਾ ਹਮਲੇ ਸਮੇਂ ਵੀ ਅਜਿਹੇ ਹਾਲਾਤ ਬਣੇ ਸਨ। ਹਮਲੇ ਤੋਂ ਬਾਅਦ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਪੜ੍ਹਨ ਜਾਂ ਕੰਮ-ਧੰਦੇ ਲਈ ਆਏ ਕਸ਼ਮੀਰੀਆਂ ਦੀ ਸ਼ਰੇਆਮ ਕੁੱਟਮਾਰ ਕੀਤੀ ਗਈ ਸੀ। ਇਸ ਮੌਕੇ ਪੰਜਾਬੀਆਂ ਨੇ ਖੁੱਲ੍ਹ ਕੇ ਇਨ੍ਹਾਂ ਦੀ ਮਦਦ ਕੀਤੀ। ਆਮ ਲੋਕਾਂ ਨੇ ਵੀ ਕਸ਼ਮੀਰੀਆਂ ਲਈ ਆਪਣੇ ਘਰਾਂ ਦੇ ਬੂਹੇ ਖੋਲ੍ਹ ਦਿੱਤੇ। ਗੁਰੂ ਘਰਾਂ ਵਿਚ ਵੱਡੀ ਗਿਣਤੀ ਕਸ਼ਮੀਰੀਆਂ ਨੇ ਸ਼ਰਨ ਲਈ। ਪੰਜਾਬ ਸਰਕਾਰ ਨੇ ਹਵਾਈ ਜਹਾਜ਼ ਰਾਹੀਂ ਕਸ਼ਮੀਰੀਆਂ ਨੂੰ ਉਨ੍ਹਾਂ ਦੇ ਘਰ ਪਹੁੰਚਾਇਆ ਸੀ। ਉਦੋਂ ਕੌਮਾਂਤਰੀ ਪੱਧਰ 'ਤੇ ਸਿੱਖ ਭਾਈਚਾਰੇ ਦੀਆਂ ਇਸ ਕੰਮ ਲਈ ਸਿਫਤਾਂ ਹੋਈਆਂ ਸਨ। ਇਸ ਵਾਰ ਵੀ ਭਾਈਚਾਰਾ ਬਿਪਤਾ ਮਾਰਿਆਂ ਦੀ ਮਦਦ ਲਈ ਅੱਗੇ ਆਇਆ ਹੈ।

**ਔਰਤਾਂ ਦੀ ਰਾਖੀ ਲਈ ਸਿੱਖਾਂ ਨੂੰ ਅੱਗੇ ਆਉਣ ਦਾ ਸੱਦਾ:** ਸਰਬੱਤ ਖਾਲਸਾ ਵਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਕਸ਼ਮੀਰੀ ਔਰਤਾਂ ਬਾਰੇ ਵਰਤੀ ਜਾ ਰਹੀ ਸ਼ਬਦਾਵਲੀ ਦਾ ਵਿਰੋਧ ਕੀਤਾ ਹੈ। ਆਪਣੇ ਵਕੀਲ ਰਾਹੀਂ ਭੇਜੇ ਇਸ ਸੰਦੇਸ਼ ਵਿਚ ਕਿਹਾ ਕਿ ਕਸ਼ਮੀਰੀ ਔਰਤਾਂ ਖਿਲਾਫ ਅਨੈਤਿਕ ਸ਼ਬਦਾਵਲੀ ਦੀ ਵਰਤੋਂ ਨਿੰਦਣਯੋਗ ਹੈ। ਉਨ੍ਹਾਂ ਕਸ਼ਮੀਰੀ ਔਰਤਾਂ ਨੂੰ ਭਰੋਸਾ ਦਿੱਤਾ ਕਿ ਸਿੱਖ ਕੌਮ ਉਨ੍ਹਾਂ ਨਾਲ ਖੜ੍ਹੀ ਹੈ ਅਤੇ ਹਰ ਤਰ੍ਹਾਂ ਦੀ ਸੁਰੱਖਿਆ ਮੁਹੱਈਆ ਕਰੇਗੀ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਮਹਿਲਾਵਾਂ ਦਾ ਅਪਮਾਨ ਕਰਨ ਵਾਲਿਆਂ ਖਿਲਾਫ ਸਖਤੀ ਵਰਤੇ ਜਾਣ ਦੀ ਲੋੜ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਭਾਰਤ 'ਚ ਹੜ੍ਹਾਂ ਨੇ ਮਚਾਈ ਤਬਾਹੀ, 200 ਤੋਂ ਵੱਧ ਮੌਤਾਂ, ਲੱਖਾਂ ਲੋਕ ਬੇਘਰ

**ਮੁੰਬਈ:** ਦੇਸ਼ ਦੇ ਪੱਛਮੀ ਹਿੱਸੇ ਗੁਜਰਾਤ ਤੋਂ ਲੈ ਦੱਖਣ ਦੇ ਰਾਜਾਂ ਤੱਕ ਹੜ੍ਹਾਂ ਦਾ ਕਹਿਰ ਲਗਾਤਾਰ ਜਾਰੀ ਹੈ। ਗੁਜਰਾਤ, ਮਹਾਰਾਸ਼ਟਰ, ਕਰਨਾਟਕ ਤੇ ਕੇਰਲ 'ਚ ਹੁਣ ਤੱਕ 200 ਮੌਤਾਂ ਹੋ ਗਈਆਂ ਹਨ। ਪ੍ਰਸ਼ਾਸਨ ਨੂੰ ਨੀਵੇਂ ਇਲਾਕਿਆਂ ਵਿਚ ਫਸੇ ਲੋਕਾਂ ਨੂੰ ਉਥੋਂ ਕੱਢਣ ਕੇ ਸੁਰੱਖਿਅਤ ਥਾਵਾਂ ਉਤੇ ਲਿਜਾਣ ਵਿਚ ਖਾਸੀਆਂ ਮੁਸ਼ਕਲਾਂ ਆ ਰਹੀਆਂ ਹਨ। ਰੇਲ ਤੇ ਹਵਾਈ ਸੇਵਾਵਾਂ ਵੀ ਅਸਰਅੰਦਾਜ਼ ਹੋਈਆਂ। ਕੋਚੀ ਹਵਾਈ ਅੱਡੇ ਨੂੰ ਪਾਣੀ ਭਰਨ ਕਰਕੇ ਬੰਦ ਕਰ ਦਿੱਤਾ ਗਿਆ।

ਕਰਨਾਟਕ ਵਿਚ ਹੁਣ ਤੱਕ ਹੜ੍ਹਾਂ ਦੀ ਮਾਰ ਹੇਠ ਆਏ 80 ਹਜ਼ਾਰ ਦੇ ਕਰੀਬ ਲੋਕਾਂ ਨੂੰ ਉਥੋਂ ਕੱਢਿਆ ਜਾ ਚੁੱਕਾ ਹੈ। ਤਾਮਿਲਨਾਡੂ ਸਰਕਾਰ ਨੇ ਮੀਂਹ ਦੀ ਮਾਰ ਹੇਠ ਆਏ ਨੀਲਗਿਰੀ ਜ਼ਿਲ੍ਹੇ ਵਿਚ ਰਾਹਤ ਕਾਰਜਾਂ ਲਈ ਭਾਰਤੀ ਹਵਾਈ ਫੌਜ ਨੂੰ ਤਿਆਰ ਬਰ ਤਿਆਰ ਰਹਿਣ ਲਈ ਆਖਿਆ ਹੈ। ਇਸ ਦੌਰਾਨ ਨਵੀਂ ਦਿੱਲੀ ਵਿਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਜੋ ਕਿ ਕੇਰਲਾ ਦੀ ਵਾਇਨਾਡ ਸੰਸਦੀ ਸੀਟ ਦੀ ਨੁਮਾਇੰਦਗੀ ਕਰਦੇ ਹਨ, ਨੇ ਹੜ੍ਹਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ ਤੇ ਇਮਦਾਦ ਮੰਗੀ। ਵਾਇਨਾਡ ਦੇ ਮੇਪੱਡੀ ਵਿਚ ਦੋ ਪਹਾੜਾਂ ਵਿਚਲਾ ਵੱਡਾ ਹਿੱਸਾ ਪੂਰੀ ਤਰ੍ਹਾਂ ਰੁੜ੍ਹ ਗਿਆ। ਰੱਖਿਆ ਵਿਭਾਗ ਦੇ ਸੂਤਰਾਂ ਮੁਤਾਬਕ ਪੁੱਥੂਮਾਲਾ ਵਿਚ ਜ਼ਮੀਨ ਖਿਸਕਣ ਨਾਲ ਵੱਡੀ ਗਿਣਤੀ ਘਰਾਂ ਨੂੰ ਨੁਕਸਾਨ ਪੁੱਜਾ ਤੇ 150 ਦੇ ਕਰੀਬ ਲੋਕ ਉਥੇ ਫਸ ਗਏ ਹਨ। ਹੁਣ ਤੱਕ 22,165 ਲੋਕਾਂ ਨੂੰ 315 ਰਾਹਤ ਕੈਂਪਾਂ 'ਚ ਤਬਦੀਲ ਕੀਤਾ ਗਿਆ ਹੈ।

ਫਾਇਰ ਤੇ ਐਮਰਜੈਂਸੀ ਵਿਭਾਗ, ਐਸ.ਡੀ.ਆਰ.ਐਫ., ਐਨ.ਡੀ.ਆਰ.ਐਫ. ਤੇ ਫੌਜ ਦੀਆਂ ਸਾਂਝੀਆਂ ਰਾਹਤ ਟੀਮਾਂ 1.24 ਲੱਖ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾ ਚੁੱਕੀ ਹੈ। ਰਾਹਤ ਕਾਰਜਾਂ ਵਿਚ ਆਈ.ਏ.ਐਫ. ਦੇ ਦੋ ਹੈਲੀਕਾਪਟਰ ਵੀ ਲਾਏ ਗਏ ਹਨ। ਕਰਨਾਟਕ ਵਿਚ ਸਭ ਤੋਂ ਵੱਧ ਮਾਰ ਬਾਗਲਕੋਟ, ਵਿਜੈਪੁਰਾ, ਰਾਏਚੂਰ, ਯਾਦਗਿਰੀ, ਉੱਤਰਾ ਤੇ ਦੱਖਣੀ ਕੰਨੜਾ, ਸ਼ਿਵਾਮੋਗਾ, ਕੋਡਾਗੂ ਤੇ ਚਿੱਕਮਗਲੂਰ ਜ਼ਿਲ੍ਹਿਆਂ ਨੂੰ ਪਈ ਹੈ।

ਬਚਾਅ ਤੇ ਰਾਹਤ ਏਜੰਸੀਆਂ ਮੁਤਾਬਕ ਗੁਜਰਾਤ ਦੇ ਸੌਰਾਸ਼ਟਰ ਤੇ ਕੱਛ 'ਚ ਲਗਾਤਾਰ ਭਾਰੀ ਬਾਰਸ਼ ਦੇ ਚਲਦਿਆਂ ਮਰਨ ਵਾਲਿਆਂ ਦੀ ਗਿਣਤੀ 31 ਹੋ ਗਈ ਹੈ। ਸੂਬੇ 'ਚ ਖਰਾਬ ਮੌਸਮ ਦੇ ਚਲਦਿਆਂ ਮਛੇਰਿਆਂ ਨੂੰ ਸਮੁੰਦਰ 'ਚ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਮਹਾਰਾਸ਼ਟਰ ਦੇ 4 ਲੱਖ ਤੋਂ ਵੱਧ ਲੋਕਾਂ ਨੂੰ ਰਾਹਤ ਕੈਂਪਾਂ ਤੱਕ ਪਹੁੰਚਾਇਆ ਜਾ ਚੁੱਕਾ ਹੈ। ਕੇਂਦਰ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਹੜ੍ਹ ਨਾਲ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹੇ ਸਾਂਗਲੀ ਦਾ ਹਵਾਈ ਸਰਵੇਖਣ ਕੀਤਾ ਗਿਆ।

## ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਮਾਰੇ ਲੋਕਾਂ ਦੀ ਮਦਦ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਮਹਾਰਾਸ਼ਟਰ ਦੇ ਕੁਝ ਇਲਾਕਿਆਂ 'ਚ ਭਾਰੀ ਬਾਰਿਸ਼ ਕਾਰਨ ਹੜ੍ਹਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਕਰਨ ਦਾ ਫੈਸਲਾ ਕੀਤਾ ਹੈ। ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਮਹਾਰਾਸ਼ਟਰ ਦੇ ਜ਼ਿਲ੍ਹਾ ਕੋਹਲਾਪੁਰ ਦੇ ਕਸਬਾ ਸਾਂਗਲੀ 'ਚ ਭਾਰੀ ਬਾਰਿਸ਼ ਮਗਰੋਂ ਪਾਣੀ ਦੀ ਮਾਰ ਝੱਲ ਰਹੇ ਸਥਾਨਕ ਨਿਵਾਸੀਆਂ ਦੀ ਸਾਰ ਲੈਣ ਲਈ ਮੁੰਬਈ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਸਿੰਘ ਬਾਵਾ ਨੂੰ ਉਥੇ ਭੇਜਿਆ ਹੈ। ਉਨ੍ਹਾਂ ਕਿਹਾ ਕਿ ਮੁੰਬਈ ਤੋਂ ਮੈਂਬਰ ਗੁਰਿੰਦਰ ਸਿੰਘ ਬਾਵਾ ਦੇ ਨਾਲ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ ਵੀ ਹਾਲਾਤ ਦਾ ਜਾਇਜ਼ਾ ਲੈਣ ਤੇ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਗਏ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਉੱਥੇ ਪ੍ਰਭਾਵਿਤ ਲੋਕਾਂ ਨੂੰ ਦਵਾਈਆਂ ਤੇ ਕੱਪੜੇ ਆਦਿ ਮੁਹੱਈਆ ਕਰਵਾ ਰਹੀ ਹੈ।

## ਕਸ਼ਮੀਰ ਮੁੱਦਾ ਯੂ.ਐਨ. ਸੁਰੱਖਿਆ ਕੌਂਸਲ ਦੇ ਏਜੰਡੇ 'ਤੇ: ਪਾਕਿਸਤਾਨ

**ਇਸਲਾਮਾਬਾਦ:** ਪਾਕਿਸਤਾਨ ਨੇ ਭਾਰਤ ਵੱਲੋਂ ਜੰਮੂ ਤੇ ਕਸ਼ਮੀਰ ਨੂੰ ਆਪਣਾ ਅੰਦਰੂਨੀ ਮਾਮਲਾ ਦੱਸਣ ਦੇ ਤਰਕ ਨੂੰ ਰੱਦ ਕਰਦਿਆਂ ਕਿਹਾ ਕਿ ਕਸ਼ਮੀਰ ਦਾ ਮੁੱਦਾ 'ਵਿਵਾਦਿਤ ਖੇਤਰ' ਵਜੋਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਏਜੰਡੇ ਉੱਤੇ ਹੈ। ਵਿਦੇਸ਼ ਦਫਤਰ ਦੇ ਬੁਲਾਰੇ ਮੁਹੰਮਦ ਫੈਸਲ ਨੇ ਕਿਹਾ ਕਿ ਪਾਕਿਸਤਾਨ ਨੇ ਜੰਮੂ ਤੇ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਦੀ ਇਕਤਰਫਾ ਕਾਰਵਾਈ ਨੂੰ ਰੱਦ ਕਰ ਦਿੱਤਾ ਹੈ।

ਭਾਰਤ ਸਰਕਾਰ ਦੀ ਇਕਤਰਫਾ ਪੇਸ਼ਕਦਮੀ ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਇਸ ਤੱਥ ਨੂੰ ਨਹੀਂ ਬਦਲ ਸਕਦੀ ਕਿ ਕਸ਼ਮੀਰ 'ਵਿਵਾਦਿਤ ਖੇਤਰ' ਹੈ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਸਟਾਫ ਦੀ ਲੋੜ ਹੈ
ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 515-291-1961
32-33

## ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
32-34





## Matrimonials

### ਲੜਕੀ ਦੀ ਲੋੜ ਹੈ

ਰਵਿਦਾਸੀਆ ਸਿੱਖ ਲੜਕੇ, ਉਮਰ 44, 5'-7", ਕਲੀਨ ਸ਼ੇਵ, ਵੈਸ਼ਨੂੰ, ਚੰਗੀ ਜੌਬ ਕਰਦੇ ਅਮਰੀਕਨ ਇਮੀਗਰਾਂਟ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 916-730-8029
33-36

Looking for a suitable girl for Ramgarhia Sikh boy 31 yrs, 5'-10", working at a very reputed IT company in San Jose, California. Caste no bar. Pl contact: psingh03850@gmail.com or Ph: 512-806-4053

punjabtimesusa.com

### ਲੜਕੇ ਦੀ ਲੋੜ ਹੈ

Wanted suitable match for Sikh Ramgarhia girl, 31 yrs, 5'-3", working as Radiation Oncology Physicist in USA. Email Bio-data & photo: quest4singh@gmail.com
32-

Wanted suitable match from USA or Canada for a Canadian citizen Kamboj Chandi girl 26 yrs, 5'-2", B Tech. net working as senior consultant. Father vet doctor (retired), Mother retired colonel from defense. Pl respond with photo and bio-data at email: chandi.avtar@yahoo.com or Ph: 780-200-8082
32-33


## 31 ਅਕਤੂਬਰ ਨੂੰ ਬਣਨਗੇ 2 ਨਵੇਂ ਕੇਂਦਰ ਸ਼ਾਸਿਤ ਸੂਬੇ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਪੁਨਰਗਠਨ ਬਿੱਲ 2019 ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਇਹ ਬਿੱਲ ਰਾਜ ਸਭਾ ਤੇ ਲੋਕ ਸਭਾ 'ਚ ਪਾਸ ਹੋ ਚੁੱਕਾ ਸੀ। ਨਵੇਂ ਕੇਂਦਰ ਸ਼ਾਸਿਤ ਸੂਬੇ ਜੰਮੂ-ਕਸ਼ਮੀਰ ਤੇ ਲੱਦਾਖ 31 ਅਕਤੂਬਰ ਨੂੰ ਹੋਂਦ 'ਚ ਆਉਣਗੇ।

ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਰਾਸ਼ਟਰਪਤੀ ਨੇ ਜੰਮੂ-ਕਸ਼ਮੀਰ ਪੁਨਰਗਠਨ ਕਾਨੂੰਨ 2019 ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰਾਲੇ ਨੇ ਇਕ ਨੋਟੀਫਿਕੇਸ਼ਨ 'ਚ ਕਿਹਾ ਕਿ ਜੰਮੂ-ਕਸ਼ਮੀਰ ਪੁਨਰਗਠਨ ਕਾਨੂੰਨ 2019 (2019 ਦੇ 34) ਦੀ ਧਾਰਾ 2 ਦੇ ਭਾਗ (ਏ) ਦੁਆਰਾ ਪ੍ਰਦਾਨ ਸ਼ਕਤੀਆਂ ਦੇ ਅਨੁਰੂਪ ਕੇਂਦਰ ਸਰਕਾਰ ਨੇ ਇਸ ਲਈ ਅਕਤੂਬਰ 2019 ਦੇ 31ਵੇਂ ਦਿਨ ਨੂੰ ਨਿਰਧਾਰਿਤ ਕੀਤਾ ਹੈ ਜੋ ਕਿ ਇਸ ਕਾਨੂੰਨ ਦੇ ਉਦੇਸ਼ਾਂ ਲਈ ਨਿਰਧਾਰਿਤ ਦਿਨ ਹੈ।

ਇਸ ਬਿੱਲ ਅਨੁਸਾਰ ਜੰਮੂ-ਕਸ਼ਮੀਰ ਕੇਂਦਰ ਸ਼ਾਸਿਤ ਸੂਬੇ ਦੀ ਪੁਡੂਚੇਰੀ ਦੀ ਤਰ੍ਹਾਂ ਵਿਧਾਨ ਸਭਾ ਹੋਵੇਗੀ ਤੇ ਲੱਦਾਖ ਚੰਡੀਗੜ੍ਹ ਦੀ ਤਰ੍ਹਾਂ ਵਿਧਾਇਕਾਂ ਦੇ ਬਿਨਾਂ ਕੇਂਦਰ ਸ਼ਾਸਿਤ ਸੂਬਾ ਹੋਵੇਗਾ। ਇਨ੍ਹਾਂ 'ਚ ਕਾਨੂੰਨ ਤੇ ਵਿਵਸਥਾ ਦਾ ਜ਼ਿੰਮਾ ਕੇਂਦਰ ਕੋਲ ਹੋਵੇਗਾ।


## Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)





Cell: (510)-677-9942
Shop: (510)-505-9605
www.princebarbershop.com

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ





ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਨੂੰ ਹਰਿਆ-ਭਰਿਆ ਬਣਾਉਣ ਲਈ ਹੰਭਲਾ

**ਅੰਮ੍ਰਿਤਸਰ:** ਦਰਬਾਰ ਸਾਹਿਬ ਦੀ ਪਰਿਕਰਮਾ ਨੂੰ ਹਰੀ-ਭਰੀ ਦਿੱਖ ਦੇਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਪਰਿਕਰਮਾ ਦੇ ਵਰਾਂਡਿਆਂ ਦੇ ਉਪਰ ਹਰੀਆਂ-ਭਰੀਆਂ ਤੇ ਫੁੱਲਦਾਰ ਵੇਲਾਂ ਲਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਪਰਿਕਰਮਾ ਵਿਚ ਵਿਸ਼ੇਸ਼ ਕਿਸਮ ਦੇ ਬੂਟੇ ਵੀ ਲਾਏ ਜਾਣਗੇ। ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਦੇ ਚੌਗਿਰਦੇ ਨੂੰ ਹਰਿਆ-ਭਰਿਆ ਬਣਾਉਣ ਲਈ ਵਿੱਢੀ ਮੁਹਿੰਮ ਤਹਿਤ ਪਹਿਲਾਂ 'ਵਰਟੀਕਲ ਗਾਰਡਨ' ਅਤੇ 'ਰੂਫ ਗਾਰਡਨ' ਮੁਹਿੰਮ ਸ਼ੁਰੂ ਕੀਤੀ ਸੀ।

ਇਸ ਤਹਿਤ ਸ੍ਰੀ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਵਰਟੀਕਲ ਗਾਰਡਨ ਦੀ ਸਥਾਪਨਾ ਕੀਤੀ ਗਈ ਹੈ। ਸਰਾਵਾਂ ਦੀਆਂ ਛੱਤਾਂ ਤੇ ਪ੍ਰਸ਼ਾਸਕੀ ਇਮਾਰਤ ਦੀ ਛੱਤ ਉਪਰ ਗਾਰਡਨ ਬਣਾਏ ਗਏ ਹਨ। ਹੁਣ ਪਰਿਕਰਮਾ ਦੇ ਵਰਾਂਡਿਆਂ ਦੀ ਦੂਜੀ ਮੰਜ਼ਿਲ 'ਤੇ ਜੈਸਮਿਨ, ਚਮੇਲੀ, ਮਧੂ ਮਾਲਤੀ, ਟੀਕੋਮਾ, ਕਲੇਰੋ ਟਨਡਨ ਤੇ ਹੋਰ ਵੇਲਾਂ ਲਾਈਆਂ ਜਾ ਰਹੀਆਂ ਹਨ। ਇਹ ਸੇਵਾ ਕਲਕੱਤਾ ਵਾਸੀ ਤੇ ਆਈ.ਐਚ.ਏ. ਫਾਉਂਡੇਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਆਹਲੂਵਾਲੀਆ ਵੱਲੋਂ ਕੀਤੀ ਗਈ ਹੈ। ਇਸ ਦੀ ਸ਼ੁਰੂਆਤ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਕੀਤੀ ਗਈ।


ਡਾ. ਰੂਪ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਹਰਿਆਵਲ ਭਰਪੂਰ ਅਤੇ ਫੁੱਲਦਾਰ ਵੇਲਾਂ ਨੂੰ ਪਰਿਕਰਮਾ ਦੀ ਦੂਜੀ ਮੰਜ਼ਿਲ ਤੋਂ ਹੇਠਾਂ ਲਟਕਾਇਆ ਜਾਵੇਗਾ। ਇਸ ਨਾਲ ਪਰਿਕਰਮਾ ਦੇ ਚਾਰੇ ਪਾਸੇ ਹਰਿਆਵਲ ਦਿਖਾਈ ਦੇਵੇਗੀ। ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਵੀ ਬੂਟੇ ਲਾਉਣ ਦੀ ਯੋਜਨਾ ਹੈ। ਇੱਥੇ ਅੰਬਾਂ ਦੇ ਵਿਸ਼ੇਸ਼ ਕਿਸਮ ਦੇ ਬੂਟੇ ਲਾਏ ਜਾਣਗੇ। ਇਹ ਬੂਟੇ ਅਮਰਪਾਲੀ ਕਿਸਮ ਦੇ ਹਨ, ਜੋ ਝਾੜੀ ਦੀ ਤਰ੍ਹਾਂ ਹੋਣਗੇ ਅਤੇ ਪੰਜ ਤੋਂ ਛੇ ਫੁੱਟ ਉਚਾਈ ਤਕ ਰਹਿਣਗੇ। ਇਨ੍ਹਾਂ ਨਾਲ ਪਰਿਕਰਮਾ ਵਿਚ ਵੀ ਹਰਿਆਵਲ ਦਿਖਾਈ ਦੇਵੇਗੀ। ਉਨ੍ਹਾਂ ਦੱਸਿਆ ਕਿ ਇਹ ਇਕ ਅਜਿਹਾ ਬੂਟਾ ਹੈ, ਜੋ ਹਰ ਵੇਲੇ ਆਕਸੀਜਨ ਮੁਹੱਈਆ ਕਰਦਾ ਹੈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਵਿਚ ਬੂਟੇ ਲਾਉਣ ਨਾਲ ਪੱਥਰ ਦੀ ਤਪਸ਼ ਅਤੇ ਇਸ ਤੋਂ ਪੈਂਦੀ ਲਿਸ਼ਕੋਰ ਤੋਂ ਵੀ ਛੁਟਕਾਰਾ ਮਿਲੇਗਾ।

# ਵਿਰਾਸਤ-ਏ-ਖਾਲਸਾ ਦੇ ਨਾਂ ਇਕ ਹੋਰ ਰਿਕਾਰਡ ਦਰਜ

**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ 'ਚ ਬਣਾਇਆ ਗਿਆ ਦੁਨੀਆਂ ਦਾ ਵਿਲੱਖਣ ਅਜਾਇਬ ਘਰ 'ਵਿਰਾਸਤ-ਏ-ਖਾਲਸਾ' ਹੁਣ ਭਾਰਤ ਤੋਂ ਬਾਅਦ ਏਸ਼ੀਆ 'ਚ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਅਜਾਇਬ ਘਰ ਬਣ ਗਿਆ ਹੈ ਤੇ ਇਸ ਦਾ ਨਾਮ 'ਏਸ਼ੀਆ ਬੁੱਕ ਆਫ ਰਿਕਾਰਡਜ਼' ਵਿਚ ਦਰਜ ਹੋ ਗਿਆ ਹੈ।

ਪੰਜਾਬ ਦੇ ਸੈਰ ਸਪਾਟਾ ਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਏਸ਼ੀਆ ਬੁੱਕ ਆਫ ਰਿਕਾਰਡਜ਼ ਵੱਲੋਂ ਇਸ ਦੀ ਪੁਸ਼ਟੀ ਕਰ ਦਿੱਤੀ ਗਈ ਹੈ। ਅਸਲ 'ਚ ਇਹ ਵਿਰਾਸਤ-ਏ-ਖਾਲਸਾ ਵੱਲੋਂ ਬਣਾਇਆ ਗਿਆ ਤੀਸਰਾ ਰਿਕਾਰਡ ਹੈ। ਇਸ ਤੋਂ ਪਹਿਲਾਂ ਫਰਵਰੀ 2019 ਵਿਚ ਲਿਮਕਾ ਬੁਕ ਆਫ ਰਿਕਾਰਡਜ਼ ਅਤੇ ਫਿਰ ਇੰਡੀਆ ਬੁੱਕ ਆਫ ਰਿਕਾਰਡਜ਼ ਵੱਲੋਂ ਵਿਰਾਸਤ-ਏ-ਖਾਲਸਾ ਨੂੰ ਭਾਰਤ 'ਚੋਂ ਸਭ ਤੋਂ ਵੱਧ ਵੇਖੇ ਜਾਣ ਵਾਲੇ ਅਜਾਇਬ ਘਰ 'ਚ ਸ਼ਾਮਲ ਕੀਤਾ ਗਿਆ ਸੀ। ਸ੍ਰੀ ਚੰਨੀ ਅੱਗੇ ਦੱਸਿਆ ਕਿ ਪੰਜਾਬ ਦੇ 550 ਸਾਲਾਂ ਦੇ ਸ਼ਾਨਮੱਤੇ ਇਤਿਹਾਸ ਨੂੰ ਰੂਪਮਾਨ ਕਰਨ ਵਾਲੇ ਵਿਰਾਸਤ-ਏ-ਖਾਲਸਾ ਨੂੰ ਮਹਿਜ਼ ਸਾਢੇ 7 ਸਾਲਾਂ 'ਚ ਇਕ ਕਰੋੜ ਤੋਂ ਵੱਧ ਦੇਸ਼-ਦੁਨੀਆਂ ਤੋਂ ਆਉਣ ਵਾਲੇ ਸੈਲਾਨੀ ਦੇਖ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਵੱਖ-ਵੱਖ ਦੇਸ਼ਾਂ ਦੇ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਅਤੇ ਹੋਰ



ਸ਼ਖਸੀਅਤਾਂ ਦੀ ਆਮਦ ਤੇ ਉਨ੍ਹਾਂ ਵੱਲੋਂ ਕੀਤੀ ਸ਼ਲਾਘਾ ਸਦਕਾ ਹੀ ਵਿਰਾਸਤ-ਏ-ਖਾਲਸਾ ਅੱਜ ਏਸ਼ੀਆ ਮਹਾਂਦੀਪ 'ਚ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਅਜਾਇਬ ਘਰ ਬਣ ਸਕਿਆ ਹੈ। ਉਨ੍ਹਾਂ ਕਿਹਾ ਕਿ ਅਗਲਾ ਟੀਚਾ ਵਿਰਾਸਤ-ਏ-ਖਾਲਸਾ ਨੂੰ ਦੁਨੀਆਂ ਭਰ 'ਚੋਂ ਨੰਬਰ ਇਕ ਅਜਾਇਬ ਘਰ ਬਣਾਉਣਾ ਹੈ। ਸਭਿਆਚਾਰ ਤੇ ਸੈਰ ਸਪਾਟਾ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਕਾਸ ਪ੍ਰਤਾਪ ਨੇ ਦੱਸਿਆ ਕਿ ਵਿਰਾਸਤ-ਏ-ਖਾਲਸਾ ਹਰ ਪੱਖ ਤੋਂ ਲਗਾਤਾਰ ਵਧੀਆ ਕਾਰਗੁਜ਼ਾਰੀ ਦੇ ਰਿਹਾ ਹੈ। ਜਦੋਂ ਤੋਂ ਵਿਰਾਸਤ-ਏ-ਖਾਲਸਾ ਹੋਂਦ 'ਚ ਆਇਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਸ੍ਰੀ ਆਨੰਦਪੁਰ ਸਾਹਿਬ ਸ਼ਹਿਰ ਤੇ ਇਲਾਕੇ ਦੀ ਆਰਥਿਕਤਾ ਨੂੰ ਜ਼ਬਰਦਸਤ ਹੁਲਾਰਾ ਵੀ ਮਿਲਿਆ ਹੈ।

# ਪੁਰਾਤਤਵ ਵਿਭਾਗ ਨੇ ਸ਼੍ਰੋਮਣੀ ਕਮੇਟੀ ਨੂੰ ਪਾਈ ਝਾੜ

**ਚੰਡੀਗੜ੍ਹ:** ਸੂਬੇ ਦੇ ਪੁਰਾਤਤਵ ਵਿਭਾਗ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਦੀਵਾਨ ਟੋਡਰ ਮੱਲ ਦੀ ਫਤਿਹਗੜ੍ਹ ਸਾਹਿਬ ਸਥਿਤ ਇਤਿਹਾਸਕ ਜਹਾਜ਼ ਹਵੇਲੀ ਨਾਲ ਛੇੜਛਾੜ ਕਰਨ 'ਤੇ ਝਾੜ ਪਾਈ ਹੈ। ਦੱਸਣਯੋਗ ਹੈ ਕਿ ਇਹ ਇਮਾਰਤ ਸਿੱਖਾਂ ਲਈ ਇਤਿਹਾਸਕ ਮਹੱਤਤਾ ਰੱਖਦੀ ਹੈ ਕਿਉਂਕਿ ਟੋਡਰ ਮੱਲ ਨੇ ਆਪਣਾ ਘਰ (ਜਿਸ ਨੂੰ ਜਹਾਜ਼ ਹਵੇਲੀ ਵਜੋਂ ਜਾਣਿਆ ਜਾਂਦਾ ਹੈ) ਵੇਚ ਕੇ ਜ਼ਮੀਨ ਦਾ ਛੋਟਾ ਜਿਹਾ ਟੁਕੜਾ ਖਰੀਦਿਆ ਸੀ ਤਾਂ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਜਿਨ੍ਹਾਂ ਨੂੰ ਸਰਹਿੰਦ ਦੇ ਨਵਾਬ ਨੇ ਨੀਂਹਾਂ ਵਿਚ ਚਿਣਵਾ ਦਿੱਤਾ ਸੀ, ਦਾ ਸਸਕਾਰ ਕੀਤਾ ਜਾ ਸਕੇ।

ਜਹਾਜ਼ ਹਵੇਲੀ ਨੂੰ 1980 ਵਿਚ ਪੰਜਾਬ ਸਰਕਾਰ ਨੇ ਸੁਰੱਖਿਅਤ ਇਮਾਰਤ ਐਲਾਨ ਦਿੱਤਾ ਸੀ ਪਰ ਸਰਕਾਰ ਦੇ ਸਭਿਆਚਾਰਕ ਮਾਮਲਿਆਂ, ਪੁਰਾਤਤਵ ਅਤੇ ਅਜਾਇਬ ਘਰਾਂ ਬਾਰੇ ਵਿਭਾਗ ਨੇ ਜ਼ਮੀਨ ਐਕੁਆਇਰ ਨਹੀਂ ਕੀਤੀ ਸੀ। ਇਸ ਦੀ ਮਾਲਕੀ ਦਾਹਕਿਆਂ ਤੋਂ ਕੁਝ ਨਿੱਜੀ ਲੋਕਾਂ ਕੋਲ ਸੀ। ਇਸ ਬਾਰੇ ਉਦੋਂ ਰੌਲਾ ਪਿਆ ਜਦੋਂ



2007 ਵਿਚ ਮੁਹਾਲੀ ਦੇ ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਨੇ ਇਸ ਇਮਾਰਤ ਸਣੇ ਜ਼ਮੀਨ ਖਰੀਦ ਲਈ ਸੀ। ਇਹ ਟਰੱਸਟ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਸਾਬਕਾ ਨਿਰਦੇਸ਼ਕ ਨਵਜੋਤ ਪਾਲ ਸਿੰਘ ਰੰਧਾਵਾ ਦੇ ਪਰਿਵਾਰ ਵੱਲੋਂ ਚਲਾਇਆ ਜਾ ਰਿਹਾ ਸੀ।

ਸਾਲ 2008 ਵਿਚ ਐਸ.ਜੀ.ਪੀ.ਸੀ. ਨੇ ਟਰੱਸਟ ਤੋਂ ਇਹ ਜ਼ਮੀਨ ਲੈ ਲਈ ਸੀ। ਇਸ ਸਮੇਂ ਦੌਰਾਨ ਇਹ ਇਮਾਰਤ ਬਿਨਾਂ ਕਿਸੇ ਸਾਂਭ-ਸੰਭਾਲ ਤੋਂ ਪਈ ਰਹੀ। ਕੁਝ ਸਾਲਾਂ ਬਾਅਦ ਖਸਤਾ ਹਾਲ ਹੋ ਚੁੱਕੀ ਇਸ ਇਮਾਰਤ ਦੀ ਸਾਂਭ-ਸੰਭਾਲ ਕਰਨ ਦੀ ਬਜਾਏ ਐਸ.ਜੀ.ਪੀ.ਸੀ. ਨੇ ਹਵੇਲੀ ਦੇ ਵਿਹੜੇ ਵਿਚ ਇੱਕ ਕਮਰਾ ਉਸਾਰ ਦਿੱਤਾ। ਹੁਣ ਕੁਝ ਸਮਾਂ ਪਹਿਲਾਂ ਤਿੰਨ ਹੋਰ ਕਮਰਿਆਂ ਦੀ ਨੀਂਹ ਰੱਖ ਦਿੱਤੀ, ਜੋ ਕਿ ਇਤਿਹਾਸਕ ਇਮਾਰਤ ਦੇ ਢਾਂਚੇ ਨਾਲ ਮੇਲ ਨਹੀਂ ਖਾਂਦੀ।

ਪਿਛਲੇ ਮਹੀਨੇ ਪੁਰਾਤਤਵ ਵਿਭਾਗ ਦੀ ਟੀਮ ਇਸ ਹਵੇਲੀ ਦੁਆਲੇ ਜ਼ੋਰ-ਸ਼ੋਰ ਨਾਲ ਚੱਲ ਰਹੇ ਉਸਾਰੀ ਕਾਰਜਾਂ ਨੂੰ ਦੇਖ ਕੇ ਹੈਰਾਨ ਰਹਿ ਗਈ। ਇਸ ਮਗਰੋਂ ਪੁਰਾਤਤਵ ਵਿਭਾਗ ਦੇ ਨਿਰਦੇਸ਼ਕ ਨੇ ਬੀਤੀ 20 ਜੁਲਾਈ ਨੂੰ ਐਸ.ਜੀ.ਪੀ.ਸੀ. ਦੇ ਮੈਨੇਜਰ ਨੂੰ ਪੱਤਰ ਭੇਜ ਕੇ ਝਾੜ ਪਾਈ ਅਤੇ ਤੁਰੰਤ ਕੰਮ ਬੰਦ ਕਰਨ ਲਈ ਆਖਿਆ ਕਿਉਂਕਿ ਇਸ ਉਸਾਰੀ ਨਾਲ ਸੁਰੱਖਿਅਤ ਇਮਾਰਤ ਨਾਲ ਛੇੜਛਾੜ ਹੋ ਰਹੀ ਸੀ।

ਇਤਿਹਾਸਕ ਇਮਾਰਤਾਂ ਸਬੰਧੀ ਐਕਟ ਅਨੁਸਾਰ ਸੁਰੱਖਿਅਤ ਇਮਾਰਤਾਂ ਦੇ 100 ਮੀਟਰ ਘੇਰੇ ਵਿਚ ਕਿਸੇ ਵੀ ਤਰ੍ਹਾਂ ਦੀ ਉਸਾਰੀ 'ਤੇ ਪਾਬੰਦੀ ਹੈ। ਫਤਿਹਗੜ੍ਹ ਸਾਹਿਬ ਤੋਂ ਐਸ.ਜੀ.ਪੀ.ਸੀ. ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ, ਜਿਸ ਦੀ ਦੇਖ-ਰੇਖ ਵਿਚ ਉਸਾਰੀ ਕਾਰਜ ਚੱਲ ਰਹੇ ਸਨ, ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਉਸਾਰੀ ਦਾ ਕੰਮ ਰੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਦੇ ਉਸਾਰੀ ਵਿੰਗ ਵੱਲੋਂ ਇਸ ਮਾਮਲੇ ਸਬੰਧੀ ਵਿਭਾਗ ਨਾਲ ਗੱਲਬਾਤ ਕੀਤੀ ਜਾ ਰਹੀ ਹੈ।

### ਅੰਤਰਰਾਸ਼ਟਰੀ ਨਗਰ ਕੀਰਤਨ ਬਾਰੇ ਜਾਣਕਾਰੀ ਦੇਵੇਗਾ ਜੀ.ਪੀ.ਆਰ.ਐਸ. ਸਿਸਟਮ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਆਰੰਭ ਕੀਤੇ ਗਏ ਅੰਤਰਰਾਸ਼ਟਰੀ ਨਗਰ ਕੀਰਤਨ ਦੀ ਸਥਿਤੀ ਸੰਗਤ ਨੂੰ ਦੱਸਣ ਲਈ ਜੀ.ਪੀ.ਆਰ.ਐਸ. ਸਿਸਟਮ ਦੀ ਵਰਤੋਂ ਕੀਤੀ ਗਈ ਹੈ। ਪਾਲਕੀ ਸਾਹਿਬ ਵਾਲੀ ਗੱਡੀ 'ਚ ਜੀ.ਪੀ.ਆਰ.ਐਸ. ਟ੍ਰੈਕਿੰਗ ਉਪਕਰਨ ਲਾਇਆ ਗਿਆ ਹੈ ਤਾਂ ਜੋ ਸੰਗਤ ਨੂੰ ਨਗਰ ਕੀਰਤਨ ਬਾਰੇ ਜਾਣਕਾਰੀ ਮਿਲਦੀ ਰਹੇ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਬਾਠ ਨੇ ਦੱਸਿਆ ਕਿ ਨਗਰ ਕੀਰਤਨ ਦੇ ਸਵਾਗਤ ਲਈ ਸੰਗਤਾਂ ਅੰਦਰ ਭਾਰੀ ਉਤਸ਼ਾਹ ਹੈ, ਜਿਸ ਕਰਕੇ ਨਿਰਧਾਰਤ ਸਮੇਂ ਅਨੁਸਾਰ ਅਗਲੇ ਪੜਾਵਾਂ 'ਤੇ ਪੁੱਜਣਾ ਮੁਸ਼ਕਲ ਹੋ ਰਿਹਾ ਹੈ। ਇਸ ਲਈ ਸੰਗਤ ਨੂੰ ਨਗਰ ਕੀਰਤਨ ਦੀ ਅਸਲ ਲੋਕੇਸ਼ਨ ਦੀ ਜਾਣਕਾਰੀ ਦੇਣ ਲਈ ਜੀ.ਪੀ.ਆਰ.ਐਸ. ਦੀ ਵਰਤੋਂ ਕੀਤੀ ਗਈ ਹੈ।

# ਸਰਕਾਰ ਵੱਲੋਂ ਬਰਗਾੜੀ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇਣ ਦਾ ਫੈਸਲਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੀ.ਬੀ.ਆਈ. ਵੱਲੋਂ ਬਰਗਾੜੀ ਬੇਅਦਬੀ ਮਾਮਲੇ ਵਿਚ ਦਾਇਰ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਨੇ ਸਬੰਧਤ ਅਧਿਕਾਰੀਆਂ ਨੂੰ ਕੇਸ ਦਾਇਰ ਕਰਨ ਲਈ ਆਖ ਦਿੱਤਾ ਹੈ। ਇਸ ਦੌਰਾਨ ਕੁਝ ਕਾਂਗਰਸੀ ਵਿਧਾਇਕ ਇਸ ਮੁੱਦੇ 'ਤੇ ਮਤਾ ਲਿਆਉਣ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਹਨ।

ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨੇ ਪੰਜਾਬ ਪੁਲਿਸ ਦੇ ਮੁਖੀ ਦਿਨਕਰ ਗੁਪਤਾ, ਐਡਵੋਕੇਟ ਜਨਰਲ ਅਤੁਲ ਨੰਦਾ ਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਲੋਜ਼ਰ ਰਿਪੋਰਟ ਨੂੰ ਛੇਤੀ ਚੁਣੌਤੀ ਦੇਣ ਲਈ ਕਿਹਾ ਹੈ। ਹਾਲਾਂਕਿ ਇਸ ਮਾਮਲੇ ਨੂੰ ਲੈ ਕੇ ਸਰਕਾਰ ਦੀ ਆਪਣੀ ਸਥਿਤੀ ਸਪੱਸ਼ਟ ਨਹੀਂ ਹੈ ਤੇ ਪੁਲਿਸ ਹੈੱਡਕੁਆਟਰ, ਐਡਵੋਕੇਟ ਜਨਰਲ ਅਤੇ ਮੁੱਖ ਮੰਤਰੀ ਦੇ ਬਿਆਨਾਂ ਵਿਚ ਤਾਲਮੇਲ ਦੀ ਘਾਟ ਸਾਫ ਨਜ਼ਰ ਆਉਂਦੀ ਹੈ।

ਇਸ ਮੁੱਦੇ ਨੂੰ ਲੈ ਕੇ ਕਈ ਕਾਂਗਰਸੀ ਵਿਧਾਇਕ ਨਾਰਾਜ਼ ਹਨ ਤੇ ਉਹ ਚਾਹੁੰਦੇ ਹਨ ਕਿ ਸਰਕਾਰ ਬਰਗਾੜੀ ਮੁੱਦੇ 'ਤੇ ਸਖਤ ਕਾਰਵਾਈ ਕਰਕੇ ਆਪਣੇ ਵਾਅਦੇ ਨੂੰ ਪੂਰਾ ਕਰੇ। ਉਹ ਇਸ ਮੁੱਦੇ 'ਤੇ ਮਤਾ ਲਿਆਉਣ ਬਾਰੇ ਵਿਚਾਰ ਕਰ ਰਹੇ ਹਨ। ਇਹ ਮਤਾ ਸਪੀਕਰ ਨੂੰ ਦਿੱਤਾ ਜਾਵੇਗਾ ਜਿਸ ਤਹਿਤ ਉਹ ਸਬੰਧਤ ਪੁਲਿਸ ਅਫਸਰ ਵਿਰੁਧ ਕਾਰਵਾਈ ਕਰ ਸਕਦੇ ਹਨ।

ਇਕ ਸੀਨੀਅਰ ਕਾਂਗਰਸੀ ਵਿਧਾਇਕ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਹਰ ਹਾਲ ਕਾਰਵਾਈ ਚਾਹੁੰਦੇ ਹਨ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਟਰਾਂਸਪੋਰਟ ਵਿਭਾਗ ਵਿਚ ਚਲ ਰਹੀਆਂ ਗੜਬੜੀਆਂ ਬਾਰੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਵੱਖਰੀ ਮੀਟਿੰਗ ਕਰਕੇ ਜਾਣਕਾਰੀ ਹਾਸਲ ਕੀਤੀ ਤੇ ਇਕ ਅਧਿਕਾਰੀ ਵਿਰੁਧ ਕਾਰਵਾਈ ਕਰਨ ਦਾ ਫੈਸਲਾ ਕੀਤਾ।

## ਸਿੱਖ ਕਤਲੇਆਮ ਸਬੰਧੀ ਸਾਬਕਾ ਡੀ. ਜੀ. ਪੀ. ਦੇ ਬਿਆਨ ਦੀ ਜਾਂਚ ਦੀ ਮੰਗ ਉਠੀ

**ਨਵੀਂ ਦਿੱਲੀ:** ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ 1984 ਦੇ ਮੁਖੀ ਕੁਲਦੀਪ ਸਿੰਘ ਭੋਗਲ ਅਤੇ ਐਡਵੋਕੇਟ ਪ੍ਰਸੂਨ ਕੁਮਾਰ ਨੇ 1984 ਦੇ ਮਾਮਲਿਆਂ ਦੀ ਜਾਂਚ ਕਰ ਰਹੀ ਐਸ.ਆਈ.ਟੀ. ਦੇ ਦਫਤਰ ਵਿਚ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਯੂ.ਪੀ. ਦੇ ਸਾਬਕਾ ਡੀ.ਜੀ.ਪੀ. ਸੁਲਖਾਨ ਸਿੰਘ ਸਬੰਧੀ ਇਕ ਮੰਗ ਪੱਤਰ ਸੌਂਪਿਆ।

ਭੋਗਲ ਨੇ ਦੱਸਿਆ ਕਿ ਸਾਬਕਾ ਡੀ.ਜੀ.ਪੀ. ਦੇ ਮਈ ਮਹੀਨੇ 'ਚ ਮੀਡੀਆ 'ਚ ਛਪੇ ਬਿਆਨ ਵਿਚ ਮੱਧ ਪ੍ਰਦੇਸ਼ ਮੁੱਖ ਮੰਤਰੀ ਕਮਲਨਾਥ ਦੀ ਸਿੱਖ ਕਤਲੇਆਮ 'ਚ ਸ਼ਮੂਲੀਅਤ ਦਾ ਦਾਅਵਾ ਕੀਤਾ ਸੀ ਅਤੇ ਅਸੀਂ ਉਸ ਸਮੇਂ ਐਸ.ਆਈ.ਟੀ. ਨੂੰ ਪੱਤਰ ਸੌਂਪ ਕੇ ਮੰਗ ਕੀਤੀ ਸੀ ਕਿ ਸਾਬਕਾ ਡੀ.ਜੀ.ਪੀ. ਸੁਲਖਾਨ ਸਿੰਘ ਨੂੰ ਬਤੌਰ ਗਵਾਹ ਵਜੋਂ ਸੱਦਿਆ ਜਾਵੇ। ਭੋਗਲ ਨੇ ਦੱਸਿਆ ਕਿ ਇਸ ਮਾਮਲੇ 'ਚ ਐਸ.ਆਈ.ਟੀ. ਦਫਤਰ ਵੱਲੋਂ ਜਵਾਬ ਦਿੱਤਾ ਗਿਆ ਕਿ ਉਕਤ ਮਾਮਲੇ ਸਬੰਧੀ ਡੀ.ਜੀ.ਪੀ. ਸੁਲਖਾਨ ਸਿੰਘ ਨੇ ਦੱਸਿਆ ਹੈ ਕਿ ਉਸ ਨੂੰ ਫੋਨ ਰਾਹੀਂ ਕੁਝ ਲੋਕਾਂ ਨੇ ਜੋ ਦੱਸਿਆ ਸੀ ਅਤੇ ਉਸ ਨੇ ਲੋਕਾਂ ਤੋਂ ਸੁਣੀ ਸੁਣਾਈ ਗੱਲ ਨੂੰ ਫੇਸਬੁੱਕ 'ਤੇ ਪੋਸਟ ਕਰ ਦਿੱਤਾ ਅਤੇ ਬਾਅਦ 'ਚ ਉਸ ਪੋਸਟ ਨੂੰ ਹਟਾ ਵੀ ਦਿੱਤਾ। ਭੋਗਲ ਨੇ ਦੱਸਿਆ ਕਿ ਐਸ.ਆਈ.ਟੀ. ਅਧਿਕਾਰੀ ਨੂੰ ਮੰਗ ਕੀਤੀ ਹੈ ਕਿ ਸੁਲਖਾਨ ਸਿੰਘ ਦੇ ਬਿਆਨ ਦੀ ਜਾਂਚ ਕੀਤੀ ਜਾਵੇ ਅਤੇ ਉਸ ਕੋਲੋਂ ਪੁੱਛਿਆ ਜਾਵੇ ਕਿ ਉਹ ਕੌਣ ਲੋਕ ਸਨ, ਜਿਨ੍ਹਾਂ ਦੀ ਗੱਲ ਸੁਣ ਕੇ ਉਸ ਨੇ ਫੇਸਬੁੱਕ 'ਤੇ ਕਮਲਨਾਥ ਦੀ ਸਿੱਖ ਕਤਲੇਆਮ 'ਚ ਸ਼ਮੂਲੀਅਤ ਸਬੰਧੀ ਪੋਸਟ ਪਾਈ ਸੀ। ਭੋਗਲ ਨੇ ਕਿਹਾ ਕਿ ਡੀ.ਜੀ.ਪੀ. ਵਰਗੇ ਅਹਿਮ ਅਹੁਦੇ ਦੀ ਜ਼ਿੰਮੇਵਾਰੀ ਨਿਭਾਉਣ ਵਾਲਾ ਵਿਅਕਤੀ ਅਜਿਹੇ ਗੈਰ-ਜ਼ਿੰਮੇਵਾਰ ਬਿਆਨ ਨਹੀਂ ਦੇ ਸਕਦਾ। ਇਸ ਲਈ ਮਾਮਲੇ ਸਬੰਧੀ ਤੱਥਾਂ ਦੀ ਜਾਂਚ ਜ਼ਰੂਰੀ ਹੈ।

### ਹਵਾਈ ਹਾਦਸੇ 'ਚ ਭਾਰਤੀ ਮੂਲ ਦਾ ਡਾਕਟਰ ਜੋੜਾ ਤੇ ਧੀ ਹਲਾਕ

**ਵਾਸ਼ਿੰਗਟਨ:** ਅਮਰੀਕਾ ਦੇ ਫਿਲਾਡੈਲਫੀਆ 'ਚ ਇਕ ਛੋਟਾ ਨਿੱਜੀ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਭਾਰਤੀ ਮੂਲ ਦੇ ਡਾਕਟਰ ਜੋੜੇ ਅਤੇ ਉਨ੍ਹਾਂ ਦੀ 19 ਸਾਲਾ ਧੀ ਦੀ ਮੌਤ ਹੋ ਗਈ। ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਮੁਤਾਬਿਕ ਮ੍ਰਿਤਕਾਂ ਦੀ ਪਛਾਣ ਡਾਕਟਰ ਜਸਵੀਰ ਖੁਰਾਣਾ (60), ਉਨ੍ਹਾਂ ਦੀ ਪਤਨੀ ਦਿਵਿਆ ਖੁਰਾਣਾ (54) ਅਤੇ ਪੁੱਤਰੀ ਕਿਰਨ ਖੁਰਾਣਾ (19) ਵਜੋਂ ਹੋਈ ਹੈ।

# ਸਿੱਖ ਰੈਫਰੈਂਸ ਲਾਇਬ੍ਰੇਰੀ ਮਾਮਲੇ 'ਚ ਝੂਠ ਬੋਲ ਰਹੇ ਨੇ ਬਾਦਲ: ਆਪ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਮਾਝਾ ਜ਼ੋਨ ਦੇ ਕਨਵੀਨਰ ਕੁਲਦੀਪ ਸਿੰਘ ਧਾਲੀਵਾਲ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਦੋਸ਼ ਲਾਇਆ ਕਿ ਉਹ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਮੁੱਦੇ 'ਤੇ ਸਿੱਖਾਂ ਨਾਲ ਝੂਠ ਬੋਲ ਰਹੇ ਹਨ। ਹਰਸਿਮਰਤ ਕੌਰ ਬਾਦਲ ਕੇਂਦਰੀ ਮੰਤਰੀ ਹਨ।

ਇਸ ਤੋਂ ਇਲਾਵਾ 15 ਸਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਪੰਜਾਬ ਵਿਚ ਰਹੀ ਹੈ ਪਰ ਇਸ ਦੌਰਾਨ ਕਦੇ ਵੀ ਸਿੱਖ ਮਸਲਿਆਂ ਬਾਰੇ ਉਹ ਨਹੀਂ ਬੋਲੇ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੇ ਕਈ ਸਿੱਖ ਜਰਨੈਲ ਮੁਖੀ ਰਹੇ ਹਨ ਅਤੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ

ਸ. ਧਾਲੀਵਾਲ ਨੇ ਦਾਅਵਾ ਕੀਤਾ ਕਿ ਸਿੱਖ ਰੈੱਫਰੈਂਸ ਲਾਇਬ੍ਰੇਰੀ ਦਾ ਸਾਰਾ ਸਾਮਾਨ ਵਾਪਸ ਆ ਚੁੱਕਾ ਹੈ ਪਰ ਬਾਦਲਾਂ ਵੱਲੋਂ ਇਸ ਸਬੰਧੀ ਸਿੱਖਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੈੱਫਰੈਂਸ ਲਾਇਬ੍ਰੇਰੀ ਦੇ ਸਾਮਾਨ ਦੀ ਪਹਿਲੀ ਕਿਸ਼ਤ 31 ਅਕਤੂਬਰ 1984 ਨੂੰ ਸੀਬੀਆਈ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਗਈ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਨ ਸਿੰਘ ਸਨ, ਜਿਨ੍ਹਾਂ ਨੂੰ ਇਹ ਸਾਮਾਨ ਸੌਂਪਿਆ ਗਿਆ ਸੀ। ਇਸ ਤੋਂ ਬਾਅਦ ਇਹ ਸਾਮਾਨ ਪੰਜ ਕਿਸ਼ਤਾਂ ਵਿਚ ਵਾਪਸ ਆਇਆ ਹੈ।




ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨੇ ਸੱਤਾ ਵਿਚ ਹੁੰਦਿਆਂ ਕਦੇ ਵੀ ਸਿੱਖ ਮੁੱਦਿਆਂ ਨੂੰ ਨਹੀਂ ਉਠਾਇਆ ਹੈ ਅਤੇ ਜਦੋਂ ਉਹ ਸੱਤਾ ਤੋਂ ਬਾਹਰ ਹੁੰਦੇ ਹਨ ਤਾਂ ਸਿੱਖਾਂ ਸਮੇਤ ਪੰਜਾਬ ਦੇ ਮੁੱਦੇ ਵੀ ਉਨ੍ਹਾਂ ਨੂੰ ਯਾਦ ਆ ਜਾਂਦੇ ਹਨ। ਉਨ੍ਹਾਂ ਕਿਹਾ ਕਿ ਵਾਜਪਾਈ ਸਰਕਾਰ ਵੇਲੇ ਸੁਖਬੀਰ ਸਿੰਘ ਬਾਦਲ ਖੁਦ ਕੇਂਦਰੀ ਮੰਤਰੀ ਸੀ। ਇਸ ਤੋਂ ਬਾਅਦ ਮੋਦੀ ਸਰਕਾਰ ਵੇਲੇ ਪਿਛਲੇ ਪੰਜ ਸਾਲ ਅਤੇ ਮੁੜ ਹੁਣ ਦਲ ਵੱਲੋਂ ਸਨਮਾਨਿਤ ਵੀ ਕੀਤਾ ਗਿਆ ਹੈ ਪਰ ਸਿੱਖ ਰੈੱਫਰੈਂਸ ਲਾਇਬ੍ਰੇਰੀ ਦਾ ਮਾਮਲਾ ਕਦੇ ਵੀ ਨਹੀਂ ਉਠਾਇਆ ਹੈ।

ਉਨ੍ਹਾਂ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਕਿਹਾ ਕਿ ਉਹ ਸਿੱਖ ਰੈੱਫਰੈਂਸ ਲਾਇਬ੍ਰੇਰੀ ਦੀਆਂ ਪੁਸਤਕਾਂ ਅਤੇ ਧਾਰਮਿਕ ਗ੍ਰੰਥਾਂ ਤੇ ਹੋਰ ਸਾਜ਼ੋ-ਸਾਮਾਨ ਕਿੱਥੇ ਗਿਆ ਹੈ, ਬਾਰੇ ਸਪੱਸ਼ਟ ਕਰਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੋਵੇਂ ਆਪਸ ਵਿਚ ਰਲੇ ਹੋਏ ਹਨ ਅਤੇ ਇਹ ਦੋਸਤਾਨਾ ਮੈਚ ਖੇਡ ਰਹੇ ਹਨ। ਲੋਕਾਂ ਦਾ ਧਿਆਨ ਹਟਾਉਣ ਲਈ ਮੁੱਖ ਮੁੱਦਿਆਂ ਨੂੰ ਵਿਸਾਰ ਦਿੱਤਾ ਜਾਂਦਾ ਹੈ।

# ਵਿਕਾਸ ਦਰ ਪੱਖੋਂ ਹਰਿਆਣਾ ਤੇ ਹਿਮਾਚਲ ਤੋਂ ਵੀ ਪੱਛੜਿਆ ਪੰਜਾਬ

**ਚੰਡੀਗੜ੍ਹ:** ਸਰਕਾਰ ਦੀ ਮਾੜੀ ਨੀਤੀ ਕਾਰਨ ਵਿਕਾਸ ਦਰ ਦੇ ਮਾਮਲਿਆਂ ਵਿਚ ਪੰਜਾਬ ਕਾਫੀ ਪੱਛੜ ਗਿਆ ਹੈ। ਵਿਕਾਸ ਦਰ ਦੇ ਮਾਮਲਿਆਂ ਵਿਚ ਕਦੇ ਦੇਸ਼ ਦੇ ਮੋਹਰਲੀ ਕਤਾਰ ਦੇ ਸੂਬਿਆਂ ਵਿਚ ਰਿਹਾ ਪੰਜਾਬ ਪੱਛਮੀ ਬੰਗਾਲ ਜਿਹੇ ਘੱਟ ਵਿਕਾਸ ਦਰ ਵਾਲੇ ਮੰਨੇ ਜਾਂਦੇ ਸੂਬਿਆਂ ਤੋਂ ਵੀ ਪਿੱਛੇ ਰਹਿ ਗਿਆ ਹੈ। ਪੰਜਾਬ ਵਿਚ ਮੌਜੂਦਾ ਵਿਕਾਸ ਦਰ 5.91 ਫੀਸਦੀ ਦਰਜ ਕੀਤੀ ਗਈ ਹੈ। ਦੇਸ਼ ਵਿਚ ਸਭ ਤੋਂ ਘੱਟ ਵਿਕਾਸ ਦਰ ਵਾਲਾ ਰਾਜ ਗੋਆ ਦੱਸਿਆ ਗਿਆ ਹੈ। ਜਿਸ ਦੀ ਵਿਕਾਸ ਦਰ ਸਿਰਫ 0.47 ਫੀਸਦੀ ਦਰਜ ਕੀਤੀ ਗਈ ਹੈ। ਵਿਕਾਸ ਨੂੰ ਲੈ ਕੇ ਹੋਏ ਇਕ ਸਰਵੇਖਣ ਦੀ ਰਿਪੋਰਟ ਅਨੁਸਾਰ ਪੰਜਾਬ ਦੇ ਗੁਆਂਢੀ ਸੂਬਿਆਂ ਹਰਿਆਣਾ ਅਤੇ ਹਿਮਾਚਲ ਦੀ ਵਿਕਾਸ ਦਰ ਵੀ ਪੰਜਾਬ ਤੋਂ ਵੱਧ ਦੱਸੀ ਗਈ ਹੈ। ਹਰਿਆਣਾ ਵਿਚ ਇਹ ਅੰਕੜਾ 8.19 ਅਤੇ ਹਿਮਾਚਲ ਵਿਚ 7.34 ਫੀਸਦੀ ਦਰਜ ਕੀਤਾ ਗਿਆ ਹੈ।


ਸੂਬੇ ਦੀ ਕੁੱਲ ਆਮਦਨ ਦਾ 31 ਫੀਸਦੀ ਹਿੱਸਾ ਤਾਂ ਇਸ ਦੇ ਸਿਰ 'ਤੇ ਚੜ੍ਹੇ ਕਰਜ਼ੇ ਦੇ ਵਿਆਜ ਦੀ ਅਦਾਇਗੀ ਵਿਚ ਚਲਿਆ ਜਾਂਦਾ ਹੈ। ਇਸ ਦੇ ਨਾਲ ਹੀ ਸੂਬੇ ਵਿਚ ਮਾਲੀ ਪ੍ਰਾਪਤੀ ਦੀ ਰਫਤਾਰ ਵੀ ਬੇਹੱਦ ਮੱਠੀ ਹੈ। ਇਸੇ ਕਾਰਨ ਸੂਬੇ ਦੀਆਂ ਵਿਕਾਸ ਯੋਜਨਾਵਾਂ ਦੇ ਲਈ ਨਿਰਧਾਰਤ ਕੀਤੀ ਜਾਣ ਵਾਲੀ ਰਾਸ਼ੀ ਵਿਚ ਵੀ ਕਟੌਤੀ ਕੀਤੀ ਗਈ ਹੈ। ਪਿਛਲੇ 3-4 ਸਾਲਾਂ ਵਿਚ ਪੰਜਾਬ ਦੀ ਮਾਲੀ ਪ੍ਰਾਪਤੀ ਵੀ ਕੋਈ ਆਸ਼ਾਵਾਦੀ ਨਹੀਂ ਰਹੀ। ਵਿਕਾਸ ਯੋਜਨਾਵਾਂ ਦੇ ਲਈ ਰਾਖਵੀਂ ਰੱਖੀ ਜਾਣ ਵਾਲੀ ਧਨ ਰਾਸ਼ੀ ਵਿਚ ਕਮੀ ਹੋਣਾ ਬਹੁਤ ਸੁਭਾਵਿਕ ਰਿਹਾ। ਸੂਬੇ ਵਿਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਦੇ ਪਹਿਲੇ ਸਾਲ ਵਿਚ ਮਾਲੀ ਪ੍ਰਾਪਤੀ ਬੇਸ਼ੱਕ ਠੀਕ-ਠਾਕ ਰਹੀ ਪਰ ਅਗਲੇ ਸਾਲ ਇਸ ਵਿਚ ਥੋੜ੍ਹਾ ਵਾਧਾ ਦਰਜ ਕੀਤਾ ਗਿਆ ਪਰ ਇਹ ਵਾਧਾ ਇੰਨਾ ਨਹੀਂ ਸੀ ਕਿ ਇਸ ਨਾਲ ਵਿਕਾਸ ਦੀ ਰਫਤਾਰ ਜਾਂ ਦਰ ਦੀ ਦੇਸ਼ ਦੇ ਹੋਰ ਵਿਕਸਿਤ ਸੂਬਿਆਂ ਦੇ ਨਾਲ ਤੁਲਨਾ ਕੀਤੀ ਜਾ ਸਕੇ। ਮਾਲੀ ਪ੍ਰਾਪਤੀ ਵਿਚ ਇਸ ਵਾਧੇ ਦਾ ਇਕ ਕਾਰਨ ਸੂਬੇ ਨੂੰ ਕੇਂਦਰੀ ਟੈਕਸਾਂ ਵਿਚੋਂ ਮਿਲਣ ਵਾਲੇ ਹਿੱਸੇ ਦਾ ਵਧਣਾ ਵੀ ਰਿਹਾ। ਸੂਬੇ ਦੀ ਵਿੱਤੀ ਸਥਿਤੀ 'ਚ ਕੋਈ ਸੁਧਾਰ ਨਾ ਹੋਣ 'ਤੇ ਸੰਪੂਰਨ ਵਿਕਾਸ ਦਰ ਦਾ ਪ੍ਰਭਾਵਿਤ ਹੋਣਾ ਬਹੁਤ ਸੁਭਾਵਿਕ ਸੀ ਅਤੇ ਇਹ ਅਜੇ ਤੱਕ ਵੀ ਜਾਰੀ ਹੈ।

ਪੰਜਾਬ ਵਿਚ ਵਿਕਾਸ ਦਰ ਵਿਚ ਕਮੀ ਦਾ ਸੰਕਟ ਮੂਲ ਰੂਪ ਨਾਲ ਵਿੱਤੀ ਸੰਕਟ ਤੋਂ ਹੀ ਪੈਦਾ ਹੋਇਆ ਹੈ ਅਤੇ ਸੂਬੇ ਵਿਚ ਮੰਦੀ ਦਾ ਇਹ ਸੰਕਟ ਅਜੇ ਜਾਰੀ ਹੈ। ਸਾਲ 2018 ਦਾ ਪੂਰਾ ਸਾਲ ਇਸੇ ਤੰਗੀ ਨਾਲ ਜੂਝਦਿਆਂ ਨਿਕਲ ਗਿਆ ਅਤੇ ਮੌਜੂਦਾ ਸਾਲ ਵਿਚ ਵੀ ਅਜਿਹੇ ਕਿਸੇ ਕਦਮ ਦਾ ਸੰਕੇਤ ਨਹੀਂ ਮਿਲਦਾ ਕਿ ਇਸ ਦਿਸ਼ਾ ਵਿਚ ਸੁਧਾਰ ਦੀ ਕੋਈ ਕਿਰਨ ਦਿਖਾਈ ਦੇ ਸਕਦੀ ਹੈ। ਪੰਜਾਬ ਵਿਚ ਵਿਧਾਨ ਸਭਾ ਚੋਣਾਂ ਅਤੇ ਫਿਰ ਲੋਕ ਸਭਾ ਚੋਣਾਂ ਦੇ ਸਮੇਂ ਵੀ ਕਾਂਗਰਸ ਵੱਲੋਂ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ ਪਰ ਉਨ੍ਹਾਂ ਦੀ ਪੂਰਤੀ ਦੇ ਰਾਹ ਵਿਚ ਸੂਬੇ ਦਾ ਵਿੱਤੀ ਸੰਕਟ ਆਉਂਦਾ ਰਿਹਾ ਹੈ।

ਪੰਜਾਬ ਸਰਕਾਰ ਦਾ ਖਜ਼ਾਨਾ ਅਜੇ ਵੀ ਪੂਰੀ ਤਰ੍ਹਾਂ ਨਾਲ ਖਾਲੀ ਦੱਸਿਆ ਜਾ ਰਿਹਾ ਹੈ। ਸੂਬੇ ਦੀ ਸਰਕਾਰ ਖੁੱਲ੍ਹੇ ਰੂਪ ਨਾਲ ਕੋਈ ਨਵਾਂ ਵੱਡਾ ਟੈਕਸ ਲਗਾਉਣ ਦੀ ਹਿੰਮਤ ਵੀ ਨਹੀਂ ਜੁਟਾ ਸਕਦੀ। ਪਰਦੇ ਦੇ ਪਿੱਛੇ ਤੋਂ ਬਿਜਲੀ ਦਰਾਂ ਵਧਾਉਣ ਵਰਗੇ ਛੋਟੇ-ਮੋਟੇ ਕਦਮ ਜ਼ਰੂਰ ਚੁੱਕੇ ਗਏ ਹਨ ਪਰ ਉਨ੍ਹਾਂ ਨਾਲ ਸੰਕਟ 'ਤੇ ਕਾਬੂ ਪਾਉਣਾ ਸੰਭਵ ਨਹੀਂ ਹੋ ਸਕਦਾ। ਅਜਿਹੀ ਸਥਿਤੀ ਵਿਚ ਸੂਬੇ ਦੀ ਵਿਕਾਸ ਦਰ ਵਿਚ ਵਾਧੇ ਦੀ ਕਲਪਨਾ ਪੂਰੀ ਹੁੰਦੀ ਦਿਖਾਈ ਨਹੀਂ ਦੇ ਰਹੀ।

## ਸਿੱਧੂ ਪਰਿਵਾਰ ਨੂੰ ਸਦਮਾ, ਜਵਾਨ ਪੁੱਤ ਦਾ ਵਿਛੋੜਾ

**ਟਰੇਸੀ, ਕੈਲੀਫੋਰਨੀਆ (ਬਿਊਰੋ):** ਨਜ਼ਦੀਕੀ ਸ਼ਹਿਰ ਮਾਊਂਟੇਨ ਹਾਊਸ ਨਿਵਾਸੀ ਸ. ਕੁਲਬੀਰ ਸਿੰਘ ਸਿੱਧੂ ਤੇ ਸਰਦਾਰਨੀ ਸੁਖਵੰਤ ਕੌਰ ਸਿੱਧੂ ਨੂੰ ਉਦੋਂ ਵੱਡਾ ਸਦਮਾ ਪੁੱਜਾ ਜਦੋਂ ਉਨ੍ਹਾਂ ਦਾ 19 ਸਾਲ ਦਾ ਜਵਾਨ ਪੁੱਤ ਸੁਮੇਧ ਸਿੰਘ ਸਿੱਧੂ ਇਸ ਫਾਨੀ ਦੁਨੀਆਂ ਨੂੰ ਅਚਾਨਕ ਅਲਵਿਦਾ ਆਖ ਗਿਆ। ਸੁਮੇਧ ਆਪਣੇ ਪਿੱਛੇ ਮਾਤਾ-ਪਿਤਾ ਤੋਂ ਬਿਨਾ ਇੱਕ ਭਰਾ ਕਰਨ ਸਿੰਘ ਨੂੰ ਵਿਲਕਦਾ ਛੱਡ ਗਿਆ।



ਸੁਮੇਧ ਸਿੰਘ ਸਿੱਧੂ ਦੀ ਲਾਸ਼ ਉਸ ਦੀ ਗੱਡੀ ਸਮੇਤ ਮਾਊਂਟੇਨ ਹਾਊਸ ਨੇੜਲੀ ਝੀਲ ਵਿਚੋਂ ਬਰਾਮਦ ਹੋਈ। ਸੁਮੇਧ ਸਿੰਘ ਸਿੱਧੂ ਦਾ ਸਸਕਾਰ 17 ਅਗਸਤ, ਸਨਿਚਰਵਾਰ ਨੂੰ ਸਵੇਰੇ 10 ਵਜੇ ਫਰਾਈਜ਼ ਮੈਮੋਰੀਅਲ ਚੈਪਲ (550 S. Central Avenue, Ph: 209-836-1970), ਟਰੇਸੀ ਵਿਖੇ ਹੋਵੇਗਾ। ਭੋਗ ਅਤੇ ਅੰਤਿਮ ਅਰਦਾਸ ਦੁਪਹਿਰ 1:30 ਵਜੇ ਗੁਰਦੁਆਰਾ ਦਸਮੇਸ਼ ਦਰਬਾਰ, ਟਰੇਸੀ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ: 510-378-3264 ਜਾਂ 510-378-2236 ਰਾਹੀਂ ਕੀਤਾ ਜਾ ਸਕਦਾ ਹੈ।

ਵੇਟਰ ਅਤੇ ਹੈਲਪਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
33-36

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA
*Live on Jas TV*
Saturday 9:30AM and Sunday 4PM (Pacific Time)
7021 Village Park Way, Dublin, CA 94568



*Gurdip Singh Sandhu*
Email:
Homeomedicine@yahoo.com

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

## ਕਸ਼ਮੀਰ, ਫਲਸਤੀਨ ਤੇ ਇਜ਼ਰਾਈਲ ਦੇ ਸੰਦਰਭ ਵਿਚ

# ਮੋਦੀ-ਸ਼ਾਹ-ਡੋਵਾਲ ਤਿੱਕੜੀ ਦੀ ਖਤਰਨਾਕ ਰਾਜਨੀਤੀ

ਕਸ਼ਮੀਰ ਮਸਲੇ ਬਾਰੇ ਸੀਨੀਅਰ ਪੱਤਰਕਾਰ ਸਵਾਮੀਨਾਥਨ ਅੰਕਲੇਸਰੀਆ ਅਈਅਰ ਨੇ 11 ਅਗਸਤ ਦੇ ਅੰਗਰੇਜ਼ੀ ਅਖਬਾਰ 'ਟਾਈਮਜ਼ ਆਫ ਇੰਡੀਆ' ਵਿਚ ਇਹ ਸੱਚ ਉਭਾਰਿਆ ਹੈ ਕਿ ਕਸ਼ਮੀਰ ਅੰਦਰ ਭਾਜਪਾ ਦੀ ਪਹੁੰਚ, ਇਜ਼ਰਾਈਲ ਦੀ ਤਰਜ਼ ਉਤੇ ਫਲਸਤੀਨ ਦੇ ਪੱਛਮੀ ਕਿਨਾਰੇ ਵਾਂਗ ਉਚੀਆਂ ਕੰਧਾਂ ਦੀ ਚਾਰਦੀਵਾਰੀ ਦੇ ਆਲੇ-ਦੁਆਲੇ ਨਾਕੇ ਲਾ ਕੇ ਕੀਤੀਆਂ ਕਿਲ੍ਹਾਬੰਦੀਆਂ ਵਿਚ ਹਿੰਦੂ ਬਸਤੀਆਂ ਵਸਾਉਣ ਦੀ ਹੈ। ਇਸ ਤਰ੍ਹਾਂ ਮੁਸਲਿਮ ਬਹੁਗਿਣਤੀ ਖੇਤਰਾਂ ਨੂੰ ਵੱਖ ਵੱਖ ਕਰਕੇ ਇਕ-ਦੂਜੇ ਤੋਂ ਨਿਖੜੇ ਹੋਏ ਟਾਪੂਆਂ ਵਾਂਗ ਵਸਣ ਲਈ ਮਜਬੂਰ ਕਰ ਦਿਤਾ ਜਾਵੇਗਾ। ਹਿੰਦੂ ਬਸਤੀਆਂ

ਗੁਰਬਚਨ ਸਿੰਘ

ਵਸਾਉਣ ਦੀ ਇਹ ਕਾਰਵਾਈ ਸ੍ਰੀਨਗਰ ਅਤੇ ਇਸ ਦੇ ਆਲੇ-ਦੁਆਲੇ ਤੋਂ ਆਰੰਭ ਕੀਤੀ ਜਾਵੇਗੀ। ਐਨ ਉਸੇ ਤਰ੍ਹਾਂ ਜਿਵੇਂ ਇਜ਼ਰਾਈਲ ਨੇ ਜੇਰੂਸਲਮ ਦੇ ਆਲੇ-ਦੁਆਲੇ ਯਹੂਦੀ ਬਸਤੀਆਂ ਵਸਾ ਕੇ ਕੀਤੀ ਹੈ।

ਅਈਅਰ ਅਨੁਸਾਰ ਬਾਅਦ ਵਿਚ ਇਹੀ ਮੁਹਿੰਮ ਪੇਂਡੂ ਖੇਤਰਾਂ ਵਿਚ ਵੀ ਸ਼ੁਰੂ ਕੀਤੀ ਜਾਵੇਗੀ। ਪਿੰਡਾਂ ਦੇ ਪਿੰਡ ਖਰੀਦ ਲਏ ਜਾਣਗੇ ਅਤੇ ਸਾਬਕਾ ਫੌਜੀਆਂ ਨੂੰ ਉਹ ਜਮੀਨ ਮੁਫਤ ਦੇ ਕੇ ਅਤੇ ਆਪਣੀ ਰਾਖੀ ਆਪ ਕਰਨ ਦੇ ਆਧਾਰ ਉਤੇ, ਉਨ੍ਹਾਂ ਨੂੰ ਉਥੇ ਵਸਣ ਲਈ ਪ੍ਰੇਰਿਆ ਜਾਵੇਗਾ। ਵਸੋਂ ਦੀ ਇਹ ਅਦਲਾ-ਬਦਲੀ ਫਲਸਤੀਨ ਨਾਲੋਂ ਕਸ਼ਮੀਰ ਵਿਚ ਤੇਜੀ ਨਾਲ ਹੋਵੇਗੀ, ਕਿਉਂਕਿ ਕਸ਼ਮੀਰ ਦਾ ਜੰਮੂ ਖੇਤਰ ਪਹਿਲਾਂ ਹੀ ਹਿੰਦੂ ਬਹੁਗਿਣਤੀ ਵਾਲਾ ਹੈ। ਅਈਅਰ ਦੇ ਅੰਦਾਜ਼ੇ ਅਨੁਸਾਰ ਦੋ-ਤਿੰਨ ਦਹਾਕਿਆਂ ਵਿਚ ਇਹ ਕਾਰਵਾਈ ਪੂਰੀ ਹੋ ਜਾਵੇਗੀ। ਬੇਸ਼ਕ ਇਸ ਦਾ ਸਿੱਟਾ ਪਾਕਿਸਤਾਨ ਤੇ ਮੁਸਲਿਮ ਦੇਸ਼ਾਂ ਦੀ ਮਦਦ ਨਾਲ ਕਸ਼ਮੀਰੀ ਬਗਾਵਤ ਜਾਰੀ ਰਹਿਣ ਵਿਚ ਨਿਕਲੇਗਾ ਅਤੇ ਦਹਾਕਿਆਂ ਬੱਧੀ ਕਸ਼ਮੀਰ ਹਿੰਸਾ ਦੀ ਸ਼ਿਕਾਰਗਾਹ ਬਣਿਆ ਰਹੇਗਾ। ਅਈਅਰ ਦੇ ਕਥਨ ਅਨੁਸਾਰ ਭਾਜਪਾ ਸਮੇਤ ਬਹੁਤ ਸਾਰੀਆਂ ਪਾਰਟੀਆਂ ਇਸ ਹਿੰਸਾ ਲਈ ਮਾਨਸਿਕ ਤੌਰ 'ਤੇ ਤਿਆਰ ਹਨ, ਜਦੋਂ ਕਿ ਮੌਜੂਦਾ ਹਾਲਾਤ ਵਿਚ ਕਾਂਗਰਸ ਇਸ ਕੰਮ ਵਿਚ ਬਹੁਤੀ ਦਖਲਅੰਦਾਜ਼ੀ ਨਹੀਂ ਕਰ ਸਕਦੀ।

ਅਈਅਰ ਦੀ ਇਸ ਜਾਣਕਾਰੀ ਦੀ ਪੁਸ਼ਟੀ ਮੋਦੀ ਰਾਜ ਵਿਚ ਭਾਰਤ ਅਤੇ ਇਜ਼ਰਾਈਲ ਸਰਕਾਰਾਂ ਵਿਚਾਲੇ ਬਣੀ ਨੇੜਤਾ ਵੀ ਕਰਦੀ ਹੈ। ਭਾਰਤੀ ਜਨਤਾ ਪਾਰਟੀ ਦਾ ਰਾਜ ਸਭਾ ਮੈਂਬਰ ਅਤੇ ਆਰ. ਐਸ. ਐਸ. ਦਾ ਸਿਧਾਂਤਕਾਰ ਸੁਬਰਾਮਨੀਅਨ ਸਵਾਮੀ ਬੜੇ ਚਿਰ ਤੋਂ ਭਾਰਤ-ਇਜ਼ਰਾਈਲ-ਅਮਰੀਕਾ ਗਠਜੋੜ ਦੀ ਵਕਾਲਤ ਕਰ ਰਿਹਾ ਹੈ। ਕਮਿਊਨਿਸਟਾਂ ਦੇ ਵਿਰੋਧ ਵਿਚ ਸੰਘ ਪਰਿਵਾਰ ਪਹਿਲਾਂ ਤੋਂ ਹੀ ਅਮਰੀਕੀ ਸਾਮਰਾਜ ਪੱਖੀ ਰਿਹਾ ਹੈ। ਅਮਰੀਕੀ ਸਾਮਰਾਜ ਤੇ ਇਜ਼ਰਾਈਲ ਦਾ ਮੁਸਲਮਾਨ ਵਿਰੋਧ ਇਨ੍ਹਾਂ ਦੀ ਮਾਨਸਿਕਤਾ ਦੇ ਐਨ ਫਿਟ ਬੈਠਦਾ ਹੈ। ਇਹ ਐਵੇਂ ਨਹੀਂ ਕਿ ਨਿਰਦੋਸ਼ ਫਲਸਤੀਨੀਆਂ ਦਾ ਵਹਿਸ਼ੀ ਕਤਲੇਆਮ ਕਰਨ ਲਈ ਦੁਨੀਆਂ ਭਰ ਵਿਚ ਬਦਨਾਮ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਨੇਤਿਆਨਾਹੂ ਨਰਿੰਦਰ ਮੋਦੀ ਨਾਲ ਆਪਣੀਆਂ ਫੋਟੋਆਂ ਲਾ ਕੇ ਇਜ਼ਰਾਈਲ ਵਿਚ ਚੋਣ ਪ੍ਰਚਾਰ ਕਰ ਰਿਹਾ ਹੈ ਅਤੇ ਇਜ਼ਰਾਈਲ ਦੀ ਖੁਫੀਆ ਏਜੰਸੀ 'ਮੋਸਾਦ' ਕਸ਼ਮੀਰ ਵਿਚ ਭਾਰਤੀ ਖੁਫੀਆ ਏਜੰਸੀਆ ਦੀ ਸਰਗਰਮ ਮਦਦ ਕਰ ਰਹੀ ਹੈ। ਇਥੋਂ ਤਕ ਕਿ ਅਲ ਜਜੀਰਾ ਨਿਊਜ਼ ਚੈਨਲ ਦਾ ਮੁਕਾਬਲਾ ਕਰਨ ਲਈ ਜੀ ਨਿਊਜ਼ ਚੈਨਲ ਵਲੋਂ ਚਲਾਇਆ ਜਾ ਰਿਹਾ ਨਿਊਜ਼ ਚੈਨਲ ਵਾਇਨ (ਵਰਲਡ ਇਜ਼ ਵਨ ਨਿਊਜ਼), ਮੋਸਾਦ ਦੀ ਮਦਦ ਅਤੇ ਅਗਵਾਈ ਹੇਠ ਚਲਾਇਆ ਜਾ ਰਿਹਾ ਹੈ। ਪਿਛਲੇ ਸਾਲ ਹਥਿਆਰ ਖਰੀਦਣ ਲਈ ਇਜ਼ਰਾਈਲ ਨਾਲ 4000 ਕਰੋੜ ਰੁਪਏ ਦਾ ਕੀਤਾ ਗਿਆ ਸਮਝੌਤਾ ਵੀ ਇਸੇ ਕਾਰਵਾਈ ਦਾ ਹਿੱਸਾ ਹੈ। ਲੰਡਨ ਤੋਂ ਛਪਦੇ ਅਖਬਾਰ 'ਇੰਡੀਪੈਂਡੈਂਟ' ਅਨੁਸਾਰ ਪੁਲਵਾਮਾ ਘਟਨਾ ਪਿਛੋਂ ਪਾਕਿਸਤਾਨ ਦੇ ਬਾਲਾਕੋਟ ਖੇਤਰ ਵਿਚ ਕੀਤਾ ਗਿਆ 'ਸਰਜੀਕਲ ਸਟਰਾਈਕ' (ਹਵਾਈ ਹਮਲਾ) ਵੀ ਇਜ਼ਰਾਈਲੀ ਹਥਿਆਰਾਂ ਅਤੇ ਇਜ਼ਰਾਈਲੀ ਦੇਖ-ਰੇਖ ਹੇਠ ਕੀਤਾ ਗਿਆ ਸੀ।

ਮੋਦੀ-ਸ਼ਾਹ-ਡੋਵਾਲ ਤਿੱਕੜੀ ਵਲੋਂ ਕਸ਼ਮੀਰ ਦੀ ਕਾਗਜ਼ੀ ਖੁਦਮੁਖਤਿਆਰੀ ਖਤਮ ਕਰਨ ਬਾਰੇ ਕੀਤੀ ਗਈ ਕਾਹਲੀ ਦੇ ਕਾਰਨਾਂ ਦੀ ਜਾਣਕਾਰੀ ਵੀ ਸੁਬਰਾਮਨੀਅਨ ਸਵਾਮੀ ਨੇ ਦਿਤੀ ਹੈ। ਉਸ ਦੇ ਟਵੀਟ ਅਨੁਸਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਹਾਜਰੀ ਵਿਚ ਕਸ਼ਮੀਰ ਮਸਲੇ ਬਾਰੇ ਸਾਲਸੀ ਕਰਨ ਦੇ ਸੁਝਾਅ ਅਤੇ ਅਫਗਾਨਿਸਤਾਨ ਵਿਚ ਤਾਲਿਬਾਨ ਨਾਲ ਹੋ ਰਹੇ ਸਮਝੌਤੇ ਵਿਚ ਪਾਕਿਸਤਾਨ ਦੀ ਸਰਦਾਰੀ ਮੰਨ ਲੈਣ ਨੇ ਮੋਦੀ ਸਰਕਾਰ ਦੇ ਪੈਰਾਂ ਥੱਲਿਓਂ ਜਮੀਨ ਕੱਢ ਦਿੱਤੀ ਹੈ। ਬੌਖਲਾਹਟ ਵਿਚ ਆ ਕੇ ਇਸ ਤਿੱਕੜੀ ਨੇ ਅਮਰੀਕਾ ਅਤੇ ਪਾਕਿਸਤਾਨ ਦੀ ਇਸ ਚਾਲ ਨੂੰ ਅਸਫਲ ਕਰਨ ਲਈ ਇਹ ਫੌਰੀ ਕਦਮ ਪੁਟਿਆ ਹੈ। ਸਵਾਮੀ ਦੇ ਇਸ ਕਥਨ ਦੀ ਪੁਸ਼ਟੀ ਆਲਮੀ ਮਸਲਿਆਂ ਦੇ ਮਾਹਿਰ ਅਤੇ ਕੱਟੜ 'ਰਾਸ਼ਟਰਵਾਦੀ' ਪੱਤਰਕਾਰ ਬ੍ਰਹਮ ਚੇਲਾਨੀ ਨੇ ਵੀ ਕੀਤੀ ਹੈ।

ਸੁਬਰਾਮਨੀਅਨ ਸਵਾਮੀ ਨੇ ਇਕ ਹੋਰ ਜਾਣਕਾਰੀ ਵੀ ਦਿਤੀ ਹੈ ਕਿ ਟਰੰਪ ਨੇ ਮੋਦੀ ਨੂੰ ਅਫਗਾਨਿਸਤਾਨ ਵਿਚ ਫੌਜਾਂ ਭੇਜਣ ਲਈ ਕਿਹਾ ਸੀ, ਪਰ ਮੋਦੀ ਨੇ ਇਹ ਸੁਝਾਅ ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਜਾਣਕਾਰੀ ਨਾਲ ਪਿਛਲੇ ਕੁਝ ਸਮੇਂ ਅੰਦਰ ਭਾਰਤ, ਪਾਕਿਸਤਾਨ ਅਤੇ ਅਮਰੀਕਾ ਦੇ ਰਿਸ਼ਤੇ ਨੂੰ ਲੈ ਕੇ ਵਾਪਰੀਆਂ ਘਟਨਾਵਾਂ ਬਾਰੇ ਕਾਫੀ ਕੁਝ ਸਪਸ਼ਟ ਹੋ ਜਾਂਦਾ ਹੈ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਅਮਰੀਕਾ ਨੇ ਕੁਝ ਸਮਾਂ ਪਹਿਲਾਂ ਪਾਕਿਸਤਾਨ ਤੋਂ ਭਾਰਤ ਵੱਲ ਜੋ ਆਪਣਾ ਰੁਖ ਬਦਲਿਆ ਸੀ, ਉਸ ਦਾ ਮੰਤਵ ਮੋਦੀ ਸਰਕਾਰ ਨੂੰ ਅਫਗਾਨਿਸਤਾਨ ਵਿਚ ਆਪਣੀਆਂ ਫੌਜਾਂ ਭੇਜਣ ਲਈ ਮਨਾਉਣਾ ਸੀ, ਤਾਂ ਕਿ ਉਹ ਆਪਣੀਆਂ ਫੌਜਾਂ ਉਥੋਂ ਕੱਢ ਸਕੇ, ਪਰ ਜਦੋਂ ਮੋਦੀ ਸਰਕਾਰ ਨਾ ਮੰਨੀ ਤਾਂ ਟਰੰਪ ਨੇ ਆਪਣਾ ਰੁਖ ਬਦਲ ਕੇ ਇਕ ਵਾਰ ਫਿਰ ਪਾਕਿਸਤਾਨ ਵੱਲ ਕਰ ਲਿਆ ਹੈ।



ਤਿੱਕੜੀ: ਨਰਿੰਦਰ ਮੋਦੀ, ਅਮਿਤ ਸ਼ਾਹ ਅਤੇ ਅਜੀਤ ਡੋਵਾਲ

ਟਰੰਪ ਦੀ ਰਾਜਸੀ ਮਜਬੂਰੀ ਇਹ ਹੈ ਕਿ ਉਹ ਅਗਲੇ ਸਾਲ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ-ਪਹਿਲਾਂ ਅਫਗਾਨਿਸਤਾਨ ਵਿਚੋਂ ਆਪਣੀਆਂ ਫੌਜਾਂ ਕੱਢਣੀਆਂ ਚਾਹੁੰਦਾ ਹੈ, ਤਾਂ ਕਿ ਉਹ ਅਮਰੀਕੀ ਲੋਕਾਂ ਨੂੰ ਇਹ ਦਸ ਸਕੇ ਕਿ ਉਸ ਨੇ ਚੋਣਾਂ ਦੌਰਾਨ ਅਮਰੀਕੀ ਲੋਕਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰ ਦਿਤਾ ਹੈ। ਇਸ ਸਾਲ ਸਤੰਬਰ ਮਹੀਨੇ ਵਿਚ ਇਥੋਂ ਫੌਜਾਂ ਕਢਣ ਦਾ ਐਲਾਨ ਕਰਕੇ, ਉਹ ਅਗਲੇ ਸਾਲ ਸਤੰਬਰ ਮਹੀਨੇ ਤਕ ਇਥੋਂ ਫੌਜਾਂ ਕਢਣਾ ਚਾਹੁੰਦਾ ਹੈ, ਤਾਂ ਕਿ ਨਵੰਬਰ ਵਿਚ ਪੈਣ ਵਾਲੀਆ ਵੋਟਾਂ ਸਮੇਂ ਉਹ ਇਸ ਦਾ ਰਾਜਸੀ ਫਾਇਦਾ ਲੈ ਸਕੇ।

ਇਸੇ ਲਈ ਉਹ ਤਾਲਿਬਾਨ ਨਾਲ ਛੇਤੀ ਤੋਂ ਛੇਤੀ ਕੋਈ ਸਮਝੌਤਾ ਸਿਰੇ ਚਾੜ੍ਹਨਾ ਚਾਹੁੰਦਾ ਹੈ, ਪਰ ਹੁਣ ਤਕ ਤਾਲਿਬਾਨ ਨਾਲ ਹੋਈ ਗੱਲਬਾਤ ਵਿਚੋਂ ਉਸ ਨੂੰ ਤਾਲਿਬਾਨ ਉਤੇ ਯਕੀਨ ਨਹੀਂ ਬੱਝ ਰਿਹਾ। ਇਸ ਯਕੀਨ ਦਹਾਨੀ ਲਈ ਹੀ ਟਰੰਪ ਨੇ ਪਾਕਿਸਤਾਨ ਤੋਂ ਮਦਦ ਮੰਗੀ ਹੈ। ਤਾਲਿਬਾਨ ਛੇਤੀ ਹੀ ਅਫਗਾਨਿਸਤਾਨ ਦੀ ਸਰਕਾਰ ਵਿਚ ਭਾਈਵਾਲ ਬਣਨਗੇ, ਇਹ ਸੱਚਾਈ ਹੁਣ ਕਿਸੇ ਕੋਲੋਂ ਲੁਕੀ ਹੋਈ ਨਹੀਂ। ਇਸ ਹਾਲਤ ਤੋਂ ਘਬਰਾਈ ਹੋਈ ਮੋਦੀ-ਸ਼ਾਹ-ਡੋਵਾਲ ਤਿੱਕੜੀ ਇਸ ਹੱਦ ਤਕ ਖਤਰਨਾਕ ਜੂਆ ਖੇਡਣ ਲਈ ਤਿਆਰ ਹੋ ਗਈ ਹੈ ਕਿ ਉਸ ਨੇ ਸਮੁੱਚੀ ਕਸ਼ਮੀਰੀ ਵਸੋਂ ਹੀ ਦਾਅ ਉਤੇ ਲਾ ਦਿਤੀ ਹੈ।

ਆਈ. ਏ. ਐਸ. ਦੇ ਇਮਤਿਹਾਨ ਵਿਚ ਪਹਿਲੇ ਨੰਬਰ ਉਤੇ ਆਏ ਅਤੇ ਬਾਅਦ ਵਿਚ ਨੌਕਰੀ ਤੋਂ ਅਸਤੀਫਾ ਦੇ ਕੇ ਰਾਜਸੀ ਆਗੂ ਬਣੇ ਸ਼ਾਹ ਫੈਜ਼ਲ ਦਾ ਕਥਨ ਹੈ ਕਿ ਕਸ਼ਮੀਰ ਵਿਚ ਇਹ ਆਮ ਚਰਚਾ ਹੈ ਕਿ ਮੋਦੀ-ਸ਼ਾਹ-ਡੋਵਾਲ ਤਿੱਕੜੀ ਆਪਣੇ ਜੂਏ ਦੀ ਸਫਲਤਾ ਲਈ 8000-10000 ਮੁਸਲਮਾਨ ਕਤਲ ਵੀ ਕਰ ਸਕਦੀ ਹੈ। ਇਕ ਅਸਲੋਂ ਹੀ ਨਰਮ ਦਲੀ ਅਤੇ ਭਾਰਤੀ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਆਪਣੀ ਰਾਜਸੀ ਲੜਾਈ ਲੜਨ ਦੇ ਪੈਰੋਕਾਰ ਸ਼ਾਹ ਫੈਜ਼ਲ ਦਾ ਇਹ ਕਥਨ ਅੱਖਾਂ ਖੋਲ੍ਹਣ ਲਈ ਆਪਣੇ-ਆਪ ਵਿਚ ਹੀ ਕਾਫੀ ਹੈ ਕਿ ਕਸ਼ਮੀਰ ਵਿਚ ਕੀ ਕੁਝ ਦਾਅ 'ਤੇ ਲੱਗਾ ਪਿਆ ਹੈ!

ਪਰ ਮੌਜੂਦਾ ਆਲਮੀ ਹਾਲਾਤ ਵਿਚ ਇਹ ਜੂਆ ਇਸ ਤਿੱਕੜੀ ਦੇ ਕਿਆਸੇ ਸਿੱਟਿਆਂ ਤੋਂ ਵੀ ਕਿਤੇ ਵਧੇਰੇ ਖਤਰਨਾਕ ਸਿੱਟੇ ਕੱਢ ਸਕਦਾ ਹੈ। ਦਰਅਸਲ ਸਮੁੱਚੀ ਮਨੁੱਖ ਜਾਤੀ ਇਸ ਵੇਲੇ ਆਪਣੀ ਹੋਂਦ ਦੇ ਸੰਕਟ ਵਿਚੋਂ ਲੰਘ ਰਹੀ ਹੈ। ਇਹ ਸੰਕਟ ਆਰਥਕ ਵੀ ਹੈ, ਸਮਾਜਕ ਵੀ, ਸਭਿਆਚਾਰਕ ਵੀ ਅਤੇ ਰੂਹਾਨੀਅਤ ਭਾਵ ਆਤਮਿਕ ਕੰਗਾਲੀ ਦਾ ਵੀ ਹੈ।

2008 ਤੋਂ ਆਰੰਭ ਹੋਏ ਆਰਥਕ ਸੰਕਟ ਨੇ ਸਾਮਰਾਜੀਆਂ ਦੀ ਮੱਤ ਮਾਰੀ ਹੋਈ ਹੈ। ਉਹ ਜਿਵੇਂ-ਜਿਵੇਂ ਇਸ ਸੰਕਟ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦੇ ਹਨ, ਉਵੇਂ-ਉਵੇਂ ਇਸ ਸੰਕਟ ਵਿਚ ਹੋਰ ਡੂੰਘਾ ਧਸਦੇ ਜਾਂਦੇ ਹਨ। ਲਗਾਤਾਰ ਕਰੀਬ ਸਾਰੇ ਦੇਸ਼ਾਂ ਦੇ ਅਰਥਚਾਰਿਆਂ ਦਾ ਹੋ ਰਿਹਾ ਮੰਦਾ ਹਾਲ ਅਤੇ ਦੋ ਸਭ ਤੋਂ ਵੱਡੇ ਅਰਥਚਾਰਿਆਂ-ਅਮਰੀਕਾ ਅਤੇ ਚੀਨ ਵਿਚਾਲੇ ਛਿੜੀ ਵਪਾਰਕ ਤੇ ਕਰੰਸੀ ਜੰਗ, ਇਸ ਦੀਆਂ ਸਪਸ਼ਟ ਮਿਸਾਲਾਂ ਹਨ।

ਦੂਜੀ ਸੰਸਾਰ ਸਾਮਰਾਜੀ ਜੰਗ ਦੇ ਇਤਿਹਾਸਕਾਰ ਇਹ ਦਸਦੇ ਹਨ ਕਿ ਯੂਰਪ ਵਿਚ ਪਹਿਲਾਂ ਵਪਾਰਕ ਜੰਗ ਛਿੜੀ, ਜੋ ਬਾਅਦ ਵਿਚ ਕਰੰਸੀ ਜੰਗ ਵਿਚ ਬਦਲ ਗਈ ਅਤੇ ਜਿਸ ਦਾ ਅਗਲਾ ਪੜਾਅ ਹਥਿਆਰਾਂ ਦੀ ਜੰਗ ਸੀ। ਇਸ ਦਾ ਮਤਲਬ ਹੈ ਕਿ ਅਸੀਂ ਤੀਜੀ ਸੰਸਾਰ ਸਾਮਰਾਜੀ ਜੰਗ ਦੇ ਦੂਜੇ ਪੜਾਅ ਵਿਚੋਂ ਲੰਘ ਰਹੇ ਹਾਂ। ਜਿਸ ਕਿਸਮ ਦੀਆਂ ਆਲਮੀ ਹਾਲਤਾਂ ਬਣੀਆਂ ਹੋਈਆਂ ਹਨ, ਇਹ ਜੰਗ ਕਿਸੇ ਵੇਲੇ ਵੀ ਤੀਜੇ ਪੜਾਅ ਵਿਚ ਪਹੁੰਚ ਸਕਦੀ ਹੈ।

ਅਮਰੀਕੀ ਸਾਮਰਾਜੀਆਂ ਦੇ ਮੁੱਖ ਅਖਬਾਰ 'ਨਿਊ ਯਾਰਕ ਟਾਈਮਜ਼' ਨੇ ਐਵੇਂ ਨਹੀਂ ਲਿਖਿਆ ਕਿ ਮੋਦੀ ਤਿੱਕੜੀ ਦਾ ਇਹ ਫੈਸਲਾ ਇਸ ਖੇਤਰ ਵਿਚ ਪ੍ਰਮਾਣੂ ਜੰਗ ਦਾ ਕਾਰਨ ਵੀ ਬਣ ਸਕਦਾ ਹੈ। ਜਿਹੜਾ ਪਾਕਿਸਤਾਨ ਕੁਝ ਮਹੀਨੇ ਪਹਿਲਾਂ ਚੀਨ, ਰੂਸ ਅਤੇ ਅਮਰੀਕਾ ਦੇ ਕਹਿਣ ਉਤੇ ਪੰਜਾਬ ਨਾਲ ਲਗਦੀ ਆਪਣੀ ਸਰਹੱਦ ਖੋਲ੍ਹਣ ਲਈ ਤਿਆਰ ਹੋ ਗਿਆ ਸੀ, ਉਸ ਨੇ ਇਸ ਸੀਮਾ ਰਾਹੀਂ ਹੁੰਦਾ ਸੀਮਤ ਵਪਾਰ ਵੀ ਬੰਦ ਕਰ ਦਿਤਾ ਹੈ।

ਇਮਰਾਨ ਖਾਨ ਦਾ ਇਹ ਬਿਆਨ ਉਸ ਦੇ ਮਨ ਅੰਦਰਲੀ ਭਾਵਨਾ ਨੂੰ ਪ੍ਰਗਟ ਕਰ ਰਿਹਾ ਹੈ ਕਿ ਮੋਦੀ ਸਰਕਾਰ ਸੰਘ ਦੀ ਵਿਚਾਰਧਾਰਾ ਮੁਤਾਬਕ ਕੰਮ ਕਰ ਰਹੀ ਹੈ ਅਤੇ ਸੰਘ ਦੀ ਨਾਜੀ ਵਿਚਾਰਧਾਰਾ ਨੇ ਕਸ਼ਮੀਰ ਨੂੰ ਨਰਕ ਬਣਾਇਆ ਹੋਇਆ ਹੈ, ਜੋ ਵਿਚਾਰਧਾਰਾ ਕਸ਼ਮੀਰ ਦੀ ਮੁਸਲਿਮ ਵਸੋਂ ਨੂੰ ਜਬਰੀ ਘਟ ਗਿਣਤੀ ਵਿਚ ਬਦਲਣਾ ਚਾਹੁੰਦੀ ਹੈ। ਇਮਰਾਨ ਖਾਨ ਨੇ ਕਿਹਾ ਹੈ ਕਿ ਜਿਵੇਂ ਹਿਟਲਰ ਵਲੋਂ ਯਹੂਦੀਆਂ ਉਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਵੇਖ ਕੇ ਸੰਸਾਰ ਭਾਈਚਾਰੇ ਨੇ ਦੜ ਵੱਟ ਛਡੀ ਸੀ, ਇਸੇ ਤਰ੍ਹਾਂ ਹੁਣ ਕਸ਼ਮੀਰੀ ਲੋਕਾਂ ਉਤੇ ਹੋ ਰਹੇ ਜਬਰ ਬਾਰੇ ਸੰਸਾਰ ਭਾਈਚਾਰਾ ਚੁਪ ਹੈ, ਜਦੋਂ ਕਿ ਇਹ ਜਬਰ ਕਸ਼ਮੀਰ ਤਕ ਨਹੀਂ ਰੁਕੇਗਾ ਸਗੋਂ ਇਸ ਨਾਜੀ ਵਿਚਾਰਧਾਰਾ ਦੀ ਲਪੇਟ ਵਿਚ ਹਿੰਦੁਸਤਾਨ ਦੇ ਬਾਕੀ ਮੁਸਲਮਾਨ ਅਤੇ ਪਾਕਿਸਤਾਨ ਵੀ ਆਵੇਗਾ।

ਬੇਸ਼ਕ ਇਹ ਤਿੱਕੜੀ ਪਾਕਿਸਤਾਨ ਨੂੰ ਕੁਚਲ ਦੇਣ ਦੀਆਂ ਜੋ ਖੁਸ਼ਫਹਿਮੀਆਂ ਪਾਲ ਰਹੀ ਹੈ, ਇਸ ਦੀ ਫੂਕ ਛੇਤੀ ਹੀ ਨਿਕਲ ਜਾਵੇਗੀ। ਜੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਦਾ ਚੀਨ ਬਾਰੇ ਬਿਆਨ ਸਹੀ ਹੈ, ਤਾਂ ਫਿਰ ਇਹ ਮੰਨ ਲਿਆ ਜਾਣਾ ਚਾਹੀਦਾ ਹੈ ਕਿ ਇਸ ਮਸਲੇ ਉਤੇ ਚੀਨ ਪਾਕਿਸਤਾਨ ਨਾਲ ਖੜ੍ਹੇਗਾ। ਸੁਬਰਾਮਨੀਅਨ ਸਵਾਮੀ ਸਮੇਤ ਆਰ. ਐਸ. ਐਸ. ਦੇ ਬ੍ਰਾਹਮਣੀ ਸਿਧਾਂਤਕਾਰਾਂ ਨੂੰ ਇਹ ਭਰਮ ਹੈ ਕਿ ਦਰਪੇਸ਼ ਮੌਜੂਦਾ ਆਰਥਕ ਸੰਕਟ ਕਾਰਨ ਵਡੀ ਭਾਰਤੀ ਮੰਡੀ ਦੇ ਲਾਲਚ ਵਿਚ ਚੀਨ ਅਤੇ ਇਰਾਨ ਭਾਰਤ ਨਾਲ ਖੜ੍ਹਨਗੇ; ਪਰ ਜਿਵੇਂ ਅਮਰੀਕਾ ਦਾ ਚੀਨ ਅਤੇ ਇਰਾਨ ਨਾਲ ਟਕਰਾਓ ਵਧ ਰਿਹਾ ਹੈ, ਉਸ ਹਾਲਤ ਵਿਚ ਇਨ੍ਹਾਂ ਦਾ ਇਹ ਭਰਮ ਵੀ ਛੇਤੀ ਹੀ ਟੁਟ ਜਾਵੇਗਾ। ਇਰਾਨ ਦੇ ਧਾਰਮਿਕ ਮੁਖੀ ਨੇ ਇਹ ਬਿਆਨ ਦੇ ਕੇ ਆਪਣੀ ਸਥਿਤੀ ਕੁਝ ਕੁ ਸਪਸ਼ਟ ਕਰ ਦਿਤੀ ਹੈ ਕਿ ਕਸ਼ਮੀਰ ਦਾ ਮਸਲਾ ਭਾਰਤ ਤੇ ਪਾਕਿਸਤਾਨ ਨੂੰ ਆਪਸ ਵਿਚ ਬੈਠ ਕੇ ਨਜਿੱਠ ਲੈਣਾ ਚਾਹੀਦਾ ਹੈ, ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਕਸ਼ਮੀਰੀਆਂ ਉਤੇ ਕੀਤਾ ਜਾ ਰਿਹਾ ਜੁਲਮ ਬੰਦ ਹੋਣਾ ਚਾਹੀਦਾ ਹੈ।

ਪਿਛਲੇ ਸਾਲ ਤੋਂ ਕਸ਼ਮੀਰੀ ਖਾੜਕੂਆਂ ਵਿਚਾਲੇ ਇਕ ਬੜੀ ਦਿਲਚਸਪ ਬਹਿਸ ਛਿੜੀ ਹੋਈ ਹੈ, ਜੋ ਹੁਣੇ ਜਿਹੇ ਵਾਪਰੀਆਂ ਘਟਨਾਵਾਂ ਕਾਰਨ ਹੋਰ ਵੀ ਤਿੱਖੀ ਹੋ ਜਾਣ ਦੀ ਸੰਭਾਵਨਾ ਹੈ। ਇਸਲਾਮੀ ਖਾੜਕੂਆਂ ਦੇ ਕਸ਼ਮੀਰ ਵਿਚ ਦਾਖਲੇ ਨਾਲ ਇਹ ਚਰਚਾ ਆਰੰਭ ਹੋ ਗਈ ਹੈ ਕਿ ਕੀ ਕਸ਼ਮੀਰੀ ਮੁਸਲਮਾਨ ਧਰਤੀ ਦੇ ਟੁਕੜੇ ਭਾਵ ਕਸ਼ਮੀਰ ਦੀ ਆਜ਼ਾਦੀ ਲਈ ਲੜ ਰਹੇ ਹਨ, ਜਾਂ ਸ਼ਰਾ ਦੇ ਅਸੂਲਾਂ ਨੂੰ ਕਸ਼ਮੀਰ ਵਿਚ ਲਾਗੂ ਕਰਵਾਉਣ ਲਈ ਲੜ ਰਹੇ ਹਨ। ਸਤਹੀ ਪਧਰ ਉਤੇ ਇਕੋ ਜਿਹੀਆਂ ਜਾਪਦੀਆਂ ਇਨ੍ਹਾਂ ਦੋਹਾਂ ਧਾਰਨਾਵਾਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਧਰਤੀ ਦੇ ਟੁਕੜੇ ਲਈ ਲੜਨ ਦਾ ਭਾਵ ਆਰਥਕ ਮੰਗਾਂ ਜਾਂ ਆਪਣੀਆਂ ਪਦਾਰਥਕ ਸਹੂਲਤਾਂ ਲਈ ਲੜਨਾ ਹੈ, ਜਦੋਂ ਕਿ ਸ਼ਰਾ ਲਈ ਲੜਨ ਦਾ ਭਾਵ ਬਿਨਾ ਕਿਸੇ ਜਾਤੀ ਗਰਜ ਦੇ ਇਸਲਾਮ ਦੇ ਸਰਬ-ਵਿਆਪੀ ਸਮਾਜੀ ਅਸੂਲਾਂ ਲਈ ਲੜਨਾ ਹੈ। ਇਸਲਾਮੀ ਖਾੜਕੂਆਂ ਦਾ ਮੰਨਣਾ ਹੈ ਕਿ ਜਹਾਦ ਸ਼ਰਾ ਵਾਸਤੇ ਲੜਨ ਲਈ ਪ੍ਰੇਰਦਾ ਹੈ। ਜੇ ਇਹ ਲੜਾਈ ਸ਼ਰਾ ਦੇ ਸਿਧਾਂਤਾਂ ਉਤੇ ਕੇਂਦ੍ਰਿਤ ਹੋ ਜਾਂਦੀ ਹੈ, ਤਾਂ ਇਹ ਸੰਘਰਸ਼ ਦਹਾਕਿਆਂ ਤਕ ਚਲ ਸਕਦਾ ਹੈ, ਕਿਉਂਕਿ ਇਸਲਾਮ ਜਿਹਾ ਇਨਕਲਾਬੀ ਧਰਮ ਜਹਾਦ ਦੇ ਨਾਂ 'ਤੇ ਇਸ ਸੰਘਰਸ਼ ਦੀ ਪੁਸ਼ਟੀ ਕਰਦਾ ਹੈ।

# ਸੋਨੀਆ ਗਾਂਧੀ ਕਾਂਗਰਸ ਦੀ ਅੰਤ੍ਰਿਮ ਪ੍ਰਧਾਨ

**ਨਵੀਂ ਦਿੱਲੀ:** ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਸੋਨੀਆ ਗਾਂਧੀ ਨੂੰ ਪਾਰਟੀ ਦੀ ਅੰਤ੍ਰਿਮ ਪ੍ਰਧਾਨ ਬਣਾ ਦਿੱਤਾ ਗਿਆ। 12 ਘੰਟਿਆਂ ਤੱਕ ਚੱਲੇ ਮੀਟਿੰਗਾਂ ਦੇ ਦੌਰ ਤੋਂ ਬਾਅਦ ਸੋਨੀਆ ਦੇ ਨਾਂ ਉਤੇ ਕਾਂਗਰਸ ਵਰਕਿੰਗ ਕਮੇਟੀ ਵਿਚ ਆਮ ਸਹਿਮਤੀ ਬਣੀ। ਇਸ ਤੋਂ ਪਹਿਲਾਂ ਸਵੇਰੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ, ਜਿਸ ਤੋਂ ਬਾਅਦ ਸੂਬੇ ਦੇ ਹੋਰਨਾਂ ਆਗੂਆਂ ਤੋਂ ਪ੍ਰਧਾਨਗੀ ਦੇ ਉਮੀਦਵਾਰ ਬਾਰੇ ਸਲਾਹ ਮਸ਼ਵਰਾ ਕਰਨ ਲਈ ਪੰਜ ਕਮੇਟੀਆਂ ਬਣਾਈਆਂ ਸਨ ਜਿਨ੍ਹਾਂ ਨੇ ਆਪਣੀ ਰਿਪੋਰਟ ਦਿੱਤੀ। ਉਦੋਂ ਰਾਹੁਲ ਗਾਂਧੀ ਦਾ ਨਾਂ ਹੀ ਮੁੜ ਪ੍ਰਧਾਨਗੀ ਲਈ ਉਭਰ ਕੇ ਸਾਹਮਣੇ ਆ ਰਿਹਾ ਸੀ।

ਕਾਂਗਰਸ ਦੇ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਸੋਨੀਆ ਗਾਂਧੀ ਨੂੰ ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਹੁਲ ਗਾਂਧੀ ਨੇ ਪ੍ਰਧਾਨ ਵਜੋਂ ਕਾਂਗਰਸ ਨੂੰ ਯੋਗ ਅਗਵਾਈ ਦਿੱਤੀ ਹੈ। ਉਨ੍ਹਾਂ ਰਾਹੁਲ ਦੇ ਕਾਰਜਕਾਲ ਦੀ ਸ਼ਲਾਘਾ ਵਿਚ ਮਤਾ ਪਾਸ ਕਰਦਿਆਂ ਕਿਹਾ ਹੈ ਕਿ ਉਹ ਹਰ ਗਰੀਬ ਦੀ ਆਵਾਜ਼ ਬਣ ਕੇ ਉੱਭਰੇ ਹਨ ਅਤੇ ਉਨ੍ਹਾਂ ਦੇ ਕਾਰਜਕਾਲ ਵਿਚ ਕਾਂਗਰਸ




ਨੇ ਹਮਲਾਵਰ ਰੁਖ ਅਖਤਿਆਰ ਕੀਤਾ ਹੈ। ਇਸ ਤੋਂ ਪਹਿਲਾਂ ਵਰਕਿੰਗ ਕਮੇਟੀ ਨੇ ਰਾਹੁਲ ਨੂੰ ਹੀ ਪ੍ਰਧਾਨ ਬਣਾਏ ਰੱਖਣ ਦਾ ਮਤਾ ਪਾਇਆ ਜਿਸ ਨੂੰ ਰਾਹੁਲ ਨੇ ਖਾਰਜ ਕਰ ਦਿੱਤਾ।

ਤੀਸਰੇ ਮਤੇ ਵਿਚ ਸੋਨੀਆ ਗਾਂਧੀ ਨੂੰ ਪ੍ਰਧਾਨ ਬਣਨ ਦੀ ਅਪੀਲ ਕੀਤੀ ਗਈ। ਸ੍ਰੀਮਤੀ ਸੋਨੀਆ ਗਾਂਧੀ ਨੂੰ ਕਾਂਗਰਸ ਪ੍ਰਧਾਨ ਬਣਾਏ ਜਾਣ ਉਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਲਾਘਾ ਕੀਤੀ ਹੈ ਅਤੇ ਕਿਹਾ ਕਿ ਉਹ ਕਾਂਗਰਸ ਨੂੰ ਮੁੜ ਬੁਲੰਦੀਆਂ ਉਤੇ ਲੈ ਕੇ ਜਾਣ ਦੇ ਸਮਰੱਥ ਹਨ। ਦੂਜੇ ਪਾਸੇ ਭਾਜਪਾ ਦੇ ਆਗੂ ਰਾਕੇਸ਼ ਸਿਨਹਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਨੂੰ ਪੜ੍ਹਾਇਆ ਜਾਵੇਗਾ ਕਿ ਕਾਂਗਰਸ ਦੇ ਆਗੂਆਂ ਦਾ ਇਕ ਪਰਿਵਾਰ ਵਿਚ ਅਥਾਹ ਵਿਸ਼ਵਾਸ ਸੀ।

ਇਸ ਤੋਂ ਪਹਿਲਾਂ ਪਾਰਟੀ ਨੇ ਸੀਨੀਅਰ ਆਗੂ ਮਲਿਕਾਰਜੁਨ ਖੜਗੇ ਅਤੇ ਮੁਕੁਲ ਵਾਸਨਿਕ ਦੇ ਨਾਵਾਂ ਨੂੰ ਰਾਹੁਲ ਦੇ ਸੰਭਾਵੀ ਵਾਰਸਾਂ ਵਜੋਂ ਉਛਾਲਿਆ ਸੀ। ਕਾਂਗਰਸ ਵਰਕਿੰਗ ਕਮੇਟੀ ਦੀ ਸਵੇਰੇ ਦੋ ਘੰਟੇ ਦੀ ਮੀਟਿੰਗ ਤੋਂ ਬਾਅਦ ਸ਼ਾਮ ਨੂੰ ਦੁਬਾਰਾ ਮੀਟਿੰਗ ਦੀ ਤਿਆਰੀ ਸੀ ਤਾਂ ਉਤਰਾਧਿਕਾਰੀ ਦੀ ਚੋਣ ਲਈ ਬਣਾਈਆਂ ਪੰਜ ਸਬ ਕਮੇਟੀਆਂ ਨੇ ਇਕਸੁਰ ਹੋ ਕੇ ਮੁੜ ਰਾਹੁਲ ਗਾਂਧੀ ਦੇ ਨਾਂ ਦਾ ਹੀ ਸੁਝਾਅ ਦਿੱਤਾ ਸੀ।

# ਰਾਜ-ਸੱਤਾ ਦੇ ਨਸ਼ੇ 'ਚ ਭਾਜਪਾ ਦੀਆਂ ਮਨਮਰਜੀਆਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਨਰਿੰਦਰ ਮੋਦੀ ਗੁਜਰਾਤ ਵਿਚ ਸਾਲ 2001 ਵਿਚ ਮੁੱਖ ਮੰਤਰੀ ਖੁਦ ਨਹੀਂ ਸੀ ਬਣਿਆ, ਮੁੱਖ ਮੰਤਰੀ ਦੀ ਕੁਰਸੀ ਲਈ ਦੋ ਭਾਜਪਾ ਆਗੂਆਂ ਦੀ ਖਿੱਚੋਤਾਣ ਵਿਚ ਦੋਵਾਂ ਨੂੰ ਪਾਸੇ ਕਰ ਕੇ ਭਾਜਪਾ ਹਾਈ ਕਮਾਂਡ ਨੇ ਵਿਧਾਇਕ ਬਣੇ ਤੋਂ ਬਿਨਾ ਹੀ ਬਣਾ ਦਿੱਤਾ ਸੀ। ਅਗਲੇ ਸਾਲ ਉਥੇ ਜੋ ਕੁਝ ਹੋਇਆ, ਅੱਜ ਉਸ ਦੀ ਚਰਚਾ ਦੀ ਲੋੜ ਨਹੀਂ, ਪਰ ਜਦੋਂ 2007 ਦੀਆਂ ਅਸੈਂਬਲੀ ਚੋਣਾਂ ਹੋਈਆਂ ਤਾਂ ਵੱਡੇ-ਵੱਡੇ ਰਾਜਸੀ ਵਿਸ਼ਲੇਸ਼ਕਾਂ ਦੇ ਕਿਆਫੇ ਰੱਦ ਕਰ ਕੇ ਗੁਜਰਾਤ ਵਿਚ ਭਾਜਪਾ ਦੀ ਏਡੀ ਵੱਡੀ ਜਿੱਤ ਹੋਈ ਕਿ ਹਰ ਕੋਈ ਹੈਰਾਨ ਰਹਿ ਗਿਆ। ਉਸ ਜਿੱਤ ਤੋਂ ਪਹਿਲਾਂ ਕਦੇ-ਕਦੇ ਕਿਹਾ ਜਾਂਦਾ ਸੀ ਕਿ ਗੁਜਰਾਤ ਇੱਕ ਰਾਜ ਨਹੀਂ ਰਿਹਾ, ਇੱਕ ਖਾਸ ਵਿਚਾਰਧਾਰਾ ਦੀ ਲੈਬਾਰਟਰੀ ਬਣ ਗਿਆ ਹੈ, ਜਿੱਥੋਂ ਦਾ ਤਜਰਬਾ ਦੇਸ਼ ਪੱਧਰ 'ਤੇ ਲਾਗੂ ਕਰਨ ਲਈ ਤਿਆਰੀਆਂ ਚੱਲ ਰਹੀਆਂ ਹਨ।

ਸਾਰੇ ਦੇਸ਼ ਵਿਚ ਇਹ ਤਜਰਬਾ ਲਾਗੂ ਕਰਨ ਵਾਸਤੇ ਆਰ. ਐਸ. ਐਸ. ਤੇ ਉਸ ਦੇ ਸੰਗਠਨਾਂ ਨੇ ਉਦੋਂ ਤੱਕ ਉਡੀਕ ਕੀਤੀ, ਜਦੋਂ ਤੱਕ ਭਾਰਤ ਦੀ ਸਭ ਤੋਂ ਭ੍ਰਿਸ਼ਟਾਚਾਰੀ ਸਰਕਾਰ ਵਜੋਂ ਡਾ. ਮਨਮੋਹਨ ਸਿੰਘ ਵਾਲੀ ਟੀਮ ਪੂਰੀ ਤਰ੍ਹਾਂ ਬਦਨਾਮ ਨਾ ਹੋ ਗਈ। ਜਦੋਂ ਭ੍ਰਿਸ਼ਟਾਚਾਰ ਤੋਂ ਅੱਕੇ ਲੋਕ ਕਹਿਣ ਲੱਗ ਪਏ ਕਿ ਇਨ੍ਹਾਂ ਨੂੰ ਪਾਸੇ ਕਰੋ, ਹੋਰ ਭਾਵੇਂ ਕਾਲਾ ਚੋਰ ਆ ਜਾਵੇ, ਉਦੋਂ ਭਾਜਪਾ ਤੇ ਇਸ ਦੇ ਪਿੱਛੇ ਖੜ੍ਹੇ ਆਰ. ਐਸ. ਐਸ. ਨੇ ਗੁਜਰਾਤ ਦੇ ਮੁੱਖ ਮੰਤਰੀ ਨੂੰ ਦੇਸ਼ ਦੇ ਪੈਮਾਨੇ 'ਤੇ ਲੋਕਾਂ ਸਾਹਮਣੇ ਇਸ ਤਰ੍ਹਾਂ ਪੇਸ਼ ਕੀਤਾ ਕਿ ਕੋਈ ਉਸ ਦੇ ਅੱਗੇ ਅੜਨ ਵਾਲਾ ਨਹੀਂ ਸੀ ਦਿੱਸਦਾ। ਵਿਰੋਧ ਤਾਂ ਇਸ ਪਾਰਟੀ ਦੇ ਅੰਦਰੋਂ ਵੀ ਕੁਝ ਹੱਦ ਤੱਕ ਹੁੰਦਾ ਸੁਣਦਾ ਸੀ, ਬਾਹਰੋਂ ਵੀ ਕਿਆਫੇ ਲੱਗਦੇ ਸੁਣੇ ਸਨ, ਪਰ ਇੱਕ ਧਰਮ ਦੇ ਨਾਂ 'ਤੇ ਉਸ ਦੀ ਚੜ੍ਹਤਲ ਨੂੰ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਦੇ ਵਿਰੋਧ ਵਿਚ ਲਪੇਟ ਕੇ ਇੰਜ ਪੇਸ਼ ਕੀਤਾ ਗਿਆ ਕਿ ਦੂਜੇ ਧਰਮਾਂ ਦੇ ਕਈ ਲੋਕ ਵੀ ਕਿਸੇ ਭਲੇ ਦੀ ਆਸ ਵਿਚ ਉਸ ਪਾਸੇ ਵਗ ਗਏ ਸਨ। ਦੇਸ਼ ਦੀ ਸਿਆਸੀ ਦਿੱਖ ਉਸ ਮੋੜ 'ਤੇ ਬਦਲਨੀ ਸ਼ੁਰੂ ਹੋਈ ਸੀ ਤੇ ਅੱਜ ਜ਼ਮੀਨ-ਅਸਮਾਨ ਦਾ ਫਰਕ ਪੈ ਚੁਕਾ ਹੈ।

ਅਸੀਂ ਪਿਛਲੇ ਹਫਤੇ ਇਹ ਸੰਕੇਤ ਦੇ ਦਿੱਤਾ ਸੀ ਕਿ ਪੌਣੇ ਪੰਜ ਸਾਲ ਬਾਕੀ ਪਏ ਹੋਣ ਦੇ ਬਾਵਜੂਦ ਜਿਵੇਂ ਭਾਜਪਾ ਦੀ ਮੋਦੀ ਸਰਕਾਰ ਹਰ ਰੋਜ਼ ਬਿੱਲ ਪਾਸ ਕਰਾਉਣ ਦੀ ਦੌੜ ਵਿਚ ਪੈ ਗਈ ਹੈ, ਇਹ ਕੋਈ ਇਹੋ ਜਿਹਾ ਕੰਮ ਕਰ ਸਕਦੀ ਹੈ, ਜੋ ਉਸ ਦੇ ਅਸਲ ਏਜੰਡੇ ਵਿਚੋਂ ਹੋਵੇਗਾ। ਇਸ ਹਫਤੇ ਉਹ ਕੰਮ ਕਰ ਦਿੱਤਾ ਗਿਆ ਹੈ। ਲੋਕ ਸਭਾ ਵਿਚ ਉਨ੍ਹਾਂ ਕੋਲ ਬਹੁ-ਸੰਮਤੀ ਹੋਣ ਦਾ ਕਿਸੇ ਨੂੰ ਸ਼ੱਕ ਨਹੀਂ ਸੀ, ਪਰ ਛੋਟੇ ਬਿੱਲ ਇੱਕ-ਇੱਕ ਕਰ ਕੇ ਪਾਸ ਕਰਾਉਣ ਨਾਲ ਜਦੋਂ ਇਹ ਸਾਫ ਹੋ ਗਿਆ ਕਿ ਉਨ੍ਹਾਂ ਦਾ ਰਾਹ ਰਾਜ ਸਭਾ ਵਿਚ ਰੋਕੇ ਜਾਣ ਦਾ ਕੋਈ ਖਤਰਾ ਨਹੀਂ ਤਾਂ ਜੰਮੂ-ਕਸ਼ਮੀਰ ਬਾਰੇ ਉਹ ਵੀ ਬਿੱਲ ਪੇਸ਼ ਕਰ ਦਿੱਤਾ, ਜਿਸ ਦੀ ਚਿਰਾਂ ਤੋਂ ਤਿਆਰੀ ਚੱਲ ਰਹੀ ਸੀ। ਭਾਜਪਾ ਇਸ ਬਿੱਲ ਨੂੰ ਪੇਸ਼ ਕਰ ਕੇ ਵਾਪਸ ਲੈਣ ਦੀ ਨਮੋਸ਼ੀ ਨਹੀਂ ਸੀ ਸਹੇੜਨਾ ਚਾਹੁੰਦੀ, ਇਸ ਲਈ ਰਾਜ ਸਭਾ ਨੂੰ ਟੋਹਣ ਪਿੱਛੋਂ ਪੇਸ਼ ਕੀਤਾ ਸੀ। ਉਥੋਂ ਪਾਸ ਹੋਣ ਪਿੱਛੋਂ ਲੋਕ ਸਭਾ ਵਿਚ ਆਰਾਮ ਨਾਲ ਪਾਸ ਹੋ ਜਾਣਾ ਸੀ ਤੇ ਹੋ ਵੀ ਗਿਆ ਹੈ। ਕੋਈ ਅੜਿੱਕਾ ਹੀ ਨਹੀਂ ਪਿਆ।

ਅਸ਼ੋਕ ਸਿੰਘਲ ਨਾਂ ਦਾ ਵਿਅਕਤੀ ਅੱਜ ਜਿੰਦਾ ਨਹੀਂ ਰਿਹਾ, ਪਰ ਪੰਜ ਕੁ ਸਾਲ ਪਹਿਲਾਂ ਇਹ ਗੱਲ ਕਹਿਣ ਵਾਲਾ ਉਹ ਪਹਿਲਾ ਸੀ ਕਿ ਨਰਿੰਦਰ ਮੋਦੀ ਦੀ ਸਰਕਾਰ ਨਹੀਂ ਬਣੀ, ਭਾਰਤ ਵਿਚ ਅੱਠ ਸੌ ਸਾਲ ਬਾਅਦ ਹਿੰਦੂ ਰਾਜ ਪਰਤਿਆ ਹੈ। ਉਸ ਨੂੰ ਇਸ ਧਾਰਨਾ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਸੀ ਕਿ ਇਹ ਸੋਚਣੀ ਮੇਰੀ ਇਕੱਲੇ ਦੀ ਨਹੀਂ, ਨਾਲ ਖੜੋਤੇ ਸਾਡੇ ਮੁੱਖ ਸੰਗਠਨ ਦੀ ਹੈ, ਜਿਸ ਦੀ ਕਮਾਂਡ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਲੈ ਕੇ ਭਾਜਪਾ ਲੀਡਰਸ਼ਿਪ ਤੱਕ ਚੱਲਦੀ ਹੈ। ਉਸ ਵੇਲੇ ਇਹ ਗੱਲ ਆਈ-ਗਈ ਹੋ ਗਈ ਸੀ। ਕਈ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ।

ਜੰਮੂ-ਕਸ਼ਮੀਰ ਬਾਰੇ ਵੀ ਜਦੋਂ ਇਹ ਕਿਹਾ ਗਿਆ ਕਿ ਮੋਦੀ ਸਰਕਾਰ ਆਹ ਕਦਮ ਚੁੱਕ ਰਹੀ ਹੈ ਤਾਂ ਦਿੱਲੀ ਬੈਠੇ ਧਰਮ ਨਿਰਪੱਖਤਾ ਦੇ ਦਾਅਵੇਦਾਰ ਆਗੂਆਂ ਤੋਂ ਲੈ ਕੇ ਸਬੰਧਤ ਰਾਜ ਵਾਲੇ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਤੱਕ ਇਹ ਕਹਿੰਦੇ ਸਨ ਕਿ ਕਿਸੇ ਦੀ ਜੁਰਅਤ ਨਹੀਂ ਕਿ ਏਦਾਂ ਦਾ ਕਦਮ ਚੁੱਕ ਸਕੇ। ਪੰਜ ਸਾਲਾਂ ਵਿਚ ਇਸ ਦੇਸ਼ ਵਿਚ ਆਈ ਤਬਦੀਲੀ ਨੂੰ ਉਹ ਵੇਖ ਨਹੀਂ ਸਨ ਸਕੇ ਜਾਂ ਫਿਰ ਵੇਖ ਕੇ ਵੀ ਹਕੀਕਤ ਦੀ ਸਮਝ ਨਾ ਹੋਣ ਦਾ ਭਰਮ ਪਾਲਦੇ ਰਹੇ ਸਨ। ਇਸ ਵੇਲੇ ਇਹੋ ਜਿਹੇ ਹਾਲਾਤ ਨਹੀਂ ਰਹੇ ਕਿ ਕੋਈ ਇਹ ਕਹੀ ਜਾਵੇ ਕਿ ਕਿਸੇ ਦੀ ਜੁਰਅਤ ਨਹੀਂ ਕਿ ਫਲਾਣਾ ਕੰਮ ਕਰੇ, ਹਾਲਾਤ ਇਹ ਹਨ ਕਿ ਫਲਾਣਾ ਕੰਮ ਇਸ ਤਰ੍ਹਾਂ ਕੱਛ ਵਿਚੋਂ ਮੁੰਗਲੀ ਕੱਢ ਕੇ ਮਾਰਨ ਵਾਂਗ ਕਰ ਦਿੱਤਾ ਜਾਂਦਾ ਹੈ ਕਿ ਜਿਸ ਦੇ ਵੱਜਦੀ ਹੈ, ਉਸ ਨੂੰ ਵੱਜਣ ਵੇਲੇ ਤੱਕ ਇਸ ਦਾ ਪਤਾ ਹੀ ਨਹੀਂ ਲੱਗਦਾ। ਇਹੋ ਕੁਝ ਇਸ ਵਾਰੀ ਜੰਮੂ-ਕਸ਼ਮੀਰ ਵਿਚ ਹੋਇਆ ਹੈ।

ਬਦਲੀਆਂ ਹੋਈਆਂ ਜਿਨ੍ਹਾਂ ਸਥਿਤੀਆਂ ਨੂੰ ਸਮਝਣਾ ਚਾਹੀਦਾ ਸੀ, ਉਹ ਕਿਸੇ ਦੇ ਦੱਸਣ ਵਾਲੀਆਂ ਨਹੀਂ, ਰੋਜ਼ ਦੇ ਅਖਬਾਰਾਂ ਤੇ ਹੋਰ ਮੀਡੀਆ ਚੈਨਲਾਂ ਵਿਚ ਛਾਈਆਂ ਹੁੰਦੀਆਂ ਹਨ। ਇਸ ਦੇਸ਼ ਵਿਚ ਕਦੇ ਇੱਕ ਦੂਸਰੇ ਨਾਲ ਰਾਹ ਜਾਂਦਿਆਂ ਸਾਈਕਲ ਵੀ ਖਹਿ ਜਾਂਦਾ ਸੀ ਤਾਂ ਦੰਗੇ ਹੋ ਜਾਇਆ ਕਰਦੇ ਸਨ। ਕੋਈ ਇਹ ਗੱਲ ਨਹੀਂ ਕਹੇਗਾ ਕਿ ਦੰਗੇ ਹੋਣੇ ਚੰਗੇ ਹੁੰਦੇ ਸਨ, ਉਹ ਨਹੀਂ ਸੀ ਹੋਣੇ ਚਾਹੀਦੇ, ਪਰ ਪਿਛਲੇ ਪੰਜ ਸਾਲਾਂ ਵਿਚ ਦੰਗੇ ਹੀ ਨਹੀਂ ਰੁਕੇ, ਹਾਲਾਤ ਦਾ ਫਰਕ ਇਥੋਂ ਤੱਕ ਪੈ ਚੁਕਾ ਹੈ ਕਿ ਅੱਖਾਂ ਸਾਹਮਣੇ ਭੀੜ ਕਿਸੇ ਨੂੰ ਕਿਸੇ ਝੂਠੇ ਦੋਸ਼ ਹੇਠ ਵੀ ਕੁੱਟਦੀ ਪਈ ਹੋਵੇ ਤਾਂ ਕੋਈ ਰੋਕਣ ਲਈ ਅੱਗੇ ਹੋਣ ਦੀ ਹਿੰਮਤ ਨਹੀਂ ਕਰਦਾ। ਜਦੋਂ ਪਤਾ ਲੱਗ ਜਾਵੇ ਕਿ ਕਿਸੇ ਨੂੰ ਝੂਠੇ ਦੋਸ਼ ਲਾ ਕੇ ਕੁੱਟਿਆ ਤੇ ਉਸ ਨੂੰ 'ਜੈ ਸ੍ਰੀ ਰਾਮ' ਦੇ ਨਾਅਰੇ ਲਾਉਣ ਲਈ ਮਜਬੂਰ ਕੀਤਾ ਗਿਆ ਸੀ, ਇਸ ਦੇ ਬਾਅਦ ਵੀ ਭਾਰਤੀ ਸਮਾਜ ਨੂੰ ਕਿਸੇ ਤਰ੍ਹਾਂ ਦਾ ਕੋਈ ਫਰਕ ਨਹੀਂ ਪੈਂਦਾ, ਜਿਵੇਂ ਲੋਕ ਇਹ ਸੋਚ ਚੁਕੇ ਹੋਣ ਕਿ 'ਏਸੇ ਤੋਂ ਹੋਣਾ ਹੀ ਥਾ।'

ਮੁੱਢ ਇਸ ਬਦਤਮੀਜ਼ੀ ਤੋਂ ਬੱਝਾ ਸੀ ਕਿ ਕੇਰਲਾ ਵਿਚ ਇੱਕ ਯੂਥ ਆਗੂ ਨੇ ਕਿਹਾ ਸੀ ਕਿ ਉਹ ਗਊ ਮਾਸ 'ਤੇ ਪਾਬੰਦੀ ਦੇ ਵਿਰੋਧ ਲਈ ਚਿੱਟੇ ਦਿਨ ਇੱਕ ਸੜਕ 'ਤੇ ਗਾਂ ਮਾਰ ਕੇ ਉਸ ਦਾ ਮਾਸ ਵੰਡੇਗਾ, ਪਰ ਅੱਜ ਹਾਲਤ ਏਨੀ ਬਦਲ ਗਈ ਹੈ ਕਿ ਮਾਸ ਖਾਣ ਵਾਲੇ ਲੋਕਾਂ ਵੱਲੋਂ ਇਹੋ ਜਿਹੇ ਐਲਾਨ ਸੁਣੇ ਜਾਣ ਲੱਗ ਪਏ ਹਨ ਕਿ ਉਨ੍ਹਾਂ ਨੇ ਗਊ ਮਾਸ ਕੀ, ਹਰ ਤਰ੍ਹਾਂ ਦਾ ਮਾਸ ਖਾਣਾ ਛੱਡ ਦਿੱਤਾ ਹੈ, ਕਿਉਂਕਿ ਉਨ੍ਹਾਂ ਨੂੰ ਸਮਝ ਪੈ ਗਈ ਹੈ ਕਿ ਫਲਾਂ-ਸਬਜ਼ੀਆਂ ਵਿਚ ਮਾਸ ਤੋਂ ਵੱਧ ਖੁਰਾਕੀ ਤੱਤ ਮਿਲਦੇ ਹਨ।

ਕਾਂਗਰਸ ਪਾਰਟੀ ਦੀ ਜੋ ਲੀਡਰਸ਼ਿਪ ਪਿਛਲੇ ਸੱਤਰ ਸਾਲਾਂ ਤੋਂ ਕਸ਼ਮੀਰ ਲਈ ਵਿਸ਼ੇਸ਼ ਦਰਜੇ ਦੀ ਲੰਬੜਦਾਰੀ ਕਰਦੀ ਰਹੀ ਸੀ, ਉਸ ਦੀ ਹਾਈ ਕਮਾਂਡ ਦਾ ਹਿੱਸਾ ਰਹੇ ਕਈ ਆਗੂ ਪਾਰਟੀ ਲਾਈਨ ਤੋਂ ਹਟ ਕੇ ਜੰਮੂ-ਕਸ਼ਮੀਰ ਲਈ ਨਰਿੰਦਰ ਮੋਦੀ ਸਰਕਾਰ ਦੇ ਫੈਸਲੇ ਦੀ ਹਮਾਇਤ ਕਰਦੇ ਸੁਣੇ ਜਾ ਰਹੇ ਹਨ। ਪਿਛਲੀ ਲੋਕ ਸਭਾ ਵਿਚ ਇਸ ਪਾਰਟੀ ਦਾ ਡਿਪਟੀ ਆਗੂ ਆਪਣੇ ਪ੍ਰਧਾਨ ਰਾਹੁਲ ਗਾਂਧੀ ਦਾ ਖਾਸ ਜੋਟੀਦਾਰ ਸੁਣਿਆ ਜਾਂਦਾ ਸੀ, ਉਸ ਦਾ ਮਰਹੂਮ ਬਾਪ ਵੀ ਰਾਹੁਲ ਗਾਂਧੀ ਦੇ ਮਰਹੂਮ ਬਾਪ ਦਾ ਜੋਟੀਦਾਰ ਹੁੰਦਾ ਸੀ, ਪਿਛਲੀ ਵਾਰ ਦਾ ਉਹੀ ਡਿਪਟੀ ਲੀਡਰ ਇਸ ਵੇਲੇ ਮੋਦੀ ਸਰਕਾਰ ਦੇ ਨਵੇਂ ਕਦਮ ਲਈ ਖੁੱਲ੍ਹ ਕੇ ਹਮਾਇਤ ਦਾ ਬਿਆਨ ਦੇਣ ਤੱਕ ਪਹੁੰਚ ਗਿਆ ਹੈ। ਪਾਰਟੀ ਦਾ ਕੁੱਲ ਹਿੰਦ ਪੱਧਰ ਦਾ ਮੁੱਖ ਬੁਲਾਰਾ ਵੀ ਲੋਕ ਸਭਾ ਅਤੇ ਰਾਜ ਸਭਾ ਵਿਚ ਆਪਣੀ ਪਾਰਟੀ ਵੱਲੋਂ ਲਏ ਸਟੈਂਡ ਦੀ ਹਮਾਇਤ ਕਰਨ ਦੀ ਥਾਂ ਇਸ ਦਾ ਵਿਰੋਧ ਕਰਨ ਲੱਗ ਪਿਆ ਹੈ।

ਹਵਾਈ ਕੁੱਕੜ ਵਾਂਗ ਰੁੱਖ ਬਦਲ ਗਏ ਇਨ੍ਹਾਂ ਲੋਕਾਂ ਨੂੰ 'ਠੀਕ' ਤਾਂ ਨਹੀਂ ਕਿਹਾ ਜਾ ਸਕਦਾ, ਪਰ ਮੂਰਖ ਕਹਿਣਾ ਵੀ ਗਲਤ ਹੋਵੇਗਾ। ਅਸਲੀਅਤ ਇਹ ਹੈ ਕਿ ਇਹ 'ਅੱਜ ਦੇ ਸਿਆਣੇ ਸਿਆਸਤਦਾਨ' ਹਨ, ਜਿਨ੍ਹਾਂ ਨੇ ਵੇਖ ਲਿਆ ਹੈ ਕਿ ਹਾਲਾਤ ਬੜੇ ਬਦਲ ਗਏ ਹਨ। ਉਹ ਇਹ ਸੋਚ ਰਹੇ ਹਨ ਕਿ ਬੈਕ ਗੇਅਰ ਦੀ ਸੰਭਾਵਨਾ ਨਹੀਂ ਰਹੀ। ਜਿਸ ਤਰ੍ਹਾਂ ਮੌਜੂਦਾ ਸਰਕਾਰ ਨੇ ਪਹਿਲਾਂ ਕੁਝ ਹਲਕੀ-ਫੁਲਕੀ ਕੌੜ ਵਾਲੇ ਬਿੱਲ ਪੇਸ਼ ਕੀਤੇ ਤੇ ਪਾਸ ਕਰਵਾਏ, ਫਿਰ ਤਿੰਨ ਤਲਾਕ ਵਾਲਾ ਪਾਸ ਕਰਵਾ ਲਿਆ ਅਤੇ ਇਥੋਂ ਫਤੀ ਰਵਾਨਗੀ ਵਿਚ ਅਚਾਨਕ ਜੰਮੂ-ਕਸ਼ਮੀਰ ਵਾਲਾ ਬਿੱਲ ਪੇਸ਼ ਕੀਤਾ ਤੇ ਪਾਸ ਕਰਵਾਇਆ ਹੈ, ਉਸ ਪਿੱਛੋਂ ਸਰਕਾਰ ਅੱਗੇ ਕੋਈ ਸਪੀਡ ਬਰੇਕਰ ਨਹੀਂ ਰਿਹਾ ਜਾਪਦਾ।

ਇੱਕ ਹਫਤਾ ਪਹਿਲਾਂ ਤੱਕ ਜੋ ਕਾਂਗਰਸੀ ਲੀਡਰ ਭਾਜਪਾ ਨੂੰ ਮਿਹਣੇ ਦੇਣ ਵੇਲੇ ਦੰਦੀਆਂ ਕਰੀਚਦੇ ਹੁੰਦੇ ਸਨ, ਜਦੋਂ ਉਹ ਅਚਾਨਕ ਆਈ ਇਸ ਤਬਦੀਲੀ ਦੇ ਅਸਰ ਹੇਠ ਗਿਰਗਿਟ ਦੀ ਮਾਸੀ ਦੇ ਪੁੱਤ ਬਣਦੇ ਜਾਪਦੇ ਹਨ ਤਾਂ ਏਦਾਂ ਦਾ ਅਸਰ ਆਮ ਲੋਕਾਂ 'ਤੇ ਵੀ ਪੈਣਾ ਹੈ। ਲੋਕ ਚੜ੍ਹਦੀਆਂ ਲਹਿਰਾਂ ਦੇ ਵਹਿਣ ਦਾ ਛੇਤੀ ਕੀਤੇ ਵਿਰੋਧ ਨਹੀਂ ਕਰਦੇ ਹੁੰਦੇ। ਇਸ ਦਾ ਮਤਲਬ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਵਿਰੋਧ ਹੀ ਕੋਈ ਨਹੀਂ ਰਹਿ ਗਿਆ, ਜਦੋਂ ਕੋਈ ਵਿਰੋਧ ਨਾ ਰਹਿ ਜਾਵੇ, ਉਸ ਵੇਲੇ ਰਾਜ-ਸੱਤਾ ਅੰਦਰੋਂ ਵਿਰੋਧ ਦੀਆਂ ਲਗਰਾਂ ਫੁੱਟਿਆ ਕਰਦੀਆਂ ਹਨ। ਇਹ ਭਵਿੱਖ ਵਿਚ ਵੀ ਹੋ ਸਕਦਾ ਹੈ। ਜੋ ਹਾਲਾਤ ਏਦੂੰ ਪਹਿਲਾਂ ਸਨ, ਜੇ ਉਹ ਨਹੀਂ ਰਹਿ ਗਏ ਤਾਂ ਜੋ ਅੱਜ ਹਨ, ਸਦੀਵੀ ਉਹ ਵੀ ਨਹੀਂ ਹੋ ਸਕਦੇ।

# ਮਸਲਾ-ਏ-ਕਸ਼ਮੀਰ: ਪਤੀ-ਪਤਨੀ ਤੇ ਬਲਦ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਬੀਤੇ ਦਿਨੀਂ ਰਾਜ ਸਭਾ ਵਿਚ ਬਾਦਲ ਦਲ ਦੇ ਬਲਵਿੰਦਰ ਸਿੰਘ ਭੂੰਦੜ ਨੂੰ 'ਜੰਨਤ ਦੇ ਟੋਟੇ ਟੋਟੇ ਕਰਨ ਦੇ ਹੱਕ ਵਿਚ' ਬੋਲਦਿਆਂ ਸੁਣ ਕੇ ਮੈਨੂੰ ਉਹ ਸਮਾਂ ਯਾਦ ਆਇਆ, ਜਦ ਮੈਂ ਅਕਾਲੀ ਦਲ ਵਿਚ ਹੁੰਦਿਆਂ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਮੁਤਾਬਿਕ ਵੱਡੇ ਲੀਡਰਾਂ ਦੀ ਰੀਸੋ ਰੀਸੀ ਪੰਜਾਬ ਲਈ 'ਵੱਧ ਅਧਿਕਾਰਾਂ' ਬਾਰੇ ਸਟੇਜਾਂ 'ਤੇ ਬਾਹਾਂ ਕੱਢ ਕੱਢ ਬੋਲਿਆ ਕਰਦਾ ਸਾਂ। ਨਾਲ ਹੀ ਮੈਨੂੰ ਪੰਜਾਬ ਰਹਿੰਦਾ ਆਪਣਾ ਉਹ ਰਿਸ਼ਤੇਦਾਰ ਸੱਜਣ ਯਾਦ ਆਇਆ, ਜੋ ਮਾਂ-ਮਹਿੱਟਰ ਹੁੰਦਿਆਂ ਵੀ ਕਪੂਰੀ ਨਹਿਰ ਰੋਕਣ ਤੋਂ ਲੈ ਕੇ ਧਰਮ ਯੁੱਧ ਮੋਰਚੇ ਵਿਚ ਨਿਆਣੀ ਉਮਰ ਵਿਚ ਹੀ ਜੇਲ੍ਹ ਯਾਤਰਾ ਕਰਦਾ ਰਿਹਾ। ਯਾਦ ਆਇਆ ਕਿ ਉਹ ਕਦੇ ਕਦੇ ਸਾਨੂੰ ਆਪਣੀ ਪਿੱਠ ਨੰਗੀ ਕਰਕੇ ਕਪੂਰੀ ਵਿਖੇ ਵੱਜੀਆਂ ਪੁਲਿਸ ਦੀਆਂ ਡਾਂਗਾਂ ਦੇ ਜ਼ਖਮ ਦਿਖਾਇਆ ਕਰਦਾ ਸੀ।

ਹੁਣ ਫੈਡਰਲ ਢਾਂਚੇ ਉਤੇ ਸਰਕਾਰੀ ਹਮਲੇ ਨੂੰ ਜਾਇਜ਼ ਠਹਿਰਾ ਰਹੇ ਬਾਦਲ ਦਲੀਆਂ ਨੂੰ ਸੁਣ ਕੇ ਉਹ ਕੀ ਮਹਿਸੂਸ ਕਰਦਾ ਹੋਵੇਗਾ? ਇਹ ਜਾਣਨ ਲਈ ਮੈਂ ਉਤਸੁਕਤਾ ਨਾਲ ਉਸ ਨੂੰ ਫੋਨ ਕੀਤਾ। ਜਵਾਨੀ ਵੇਲੇ ਤੱਕ ਅਕਾਲੀ ਦਲ ਨੂੰ 'ਪੰਥ' ਸਮਝ ਕੇ ਉਸ ਦੇ ਆਗੂਆਂ ਦੇ ਹੁਕਮ ਅਧੀਨ ਹੱਡੀਆਂ ਕੁਟਾਉਂਦੇ ਰਹੇ ਅਤੇ ਖੁਦ ਦਾ ਭਵਿੱਖ ਤਬਾਹ ਕਰ ਚੁਕੇ ਉਸ ਸੱਜਣ ਲਈ ਹੁਣ ਅਕਾਲੀ ਦਲ ਤੋਂ ਬਣੇ 'ਬਾਦਲ ਦਲ' ਵਲੋਂ ਇਕ ਦਮ ਪੁੱਠਾ ਸਟੈਂਡ ਲੈਣ ਦੀ ਕਰਤੂਤ ਹੈ ਤਾਂ ਸਿਰੇ ਦੀ ਮੱਕਾਰ ਮੌਕਾਪ੍ਰਸਤੀ, ਪਰ ਉਹ ਬੰਦਾ ਮਜ਼ਾਕੀਏ ਸੁਭਾਅ ਦਾ ਹੋਣ ਕਰਕੇ ਉਸ ਨੇ ਮੇਰੇ ਸਾਰੇ ਸਵਾਲ ਸੁਣ ਕੇ ਪੇਂਡੂ ਜੀਵਨ ਨਾਲ ਸਬੰਧਿਤ ਇਕ ਕਹਾਣੀ ਛੋਹ ਲਈ।

ਬਾਦਲ ਦਲ ਵਲੋਂ ਭਾਜਪਾ ਨਾਲ ਸਬੰਧਾਂ ਨੂੰ 'ਪਤੀ-ਪਤਨੀ' ਦੇ ਰਿਸ਼ਤਿਆਂ ਨਾਲ ਤਸ਼ਬੀਹ ਦੇਣ ਵਾਲੀ ਇਸ ਦਲ ਦੇ ਆਗੂਆਂ ਵਲੋਂ ਹੁਣ ਤੱਕ ਰਟੀ ਜਾਂਦੀ ਮੁਹਾਰਨੀ ਚੇਤੇ ਕਰਵਾ ਕੇ ਉਹ ਕਹਿਣ ਲੱਗਾ ਕਿ ਇਕ ਵਾਰ ਕਿਸੇ ਪੇਂਡੂ ਕਿਸਾਨ ਨੂੰ ਝੱਲ ਕੁੱਦਿਆ ਕਿ ਉਸ ਨੇ ਕਦੇ ਆਪਣੀ ਘਰ ਵਾਲੀ ਨੂੰ ਕੁੱਟ ਕੇ ਨਹੀਂ ਵੇਖਿਆ, ਕਿਉਂ ਨਾ ਕਿਸੇ ਦਿਨ ਇਹ ਚਾਅ ਵੀ ਪੂਰਾ ਕਰ ਹੀ ਲਿਆ ਜਾਵੇ; ਪਰ ਬੜੀ ਚੁਸਤ ਤੇ ਚਲਾਕ ਉਸ ਦੀ ਘਰ ਵਾਲੀ ਨੇ ਵੀ ਪਤੀ ਦੀ ਮਨਸ਼ਾ ਭਾਂਪ ਲਈ। ਸੋ ਉਹ ਘਰੇਲੂ ਵਰਤੋਂ ਵਿਹਾਰ ਵਿਚ ਪਹਿਲਾਂ ਨਾਲੋਂ ਵੀ ਵੱਧ ਚੁਕੰਨੀ ਹੋ ਗਈ।

ਇਕ ਦਿਨ ਗੁੱਝੀ ਸਕੀਮ ਸੋਚ ਕੇ ਪਤੀ ਬਾਜ਼ਾਰੋਂ ਮੱਛੀ ਲੈ ਆਇਆ ਤੇ ਘਰ ਵਾਲੀ ਨੂੰ ਮੱਛੀ ਬਣਾਉਣ ਦਾ ਹੁਕਮ ਚਾੜ੍ਹ ਕੇ ਆਪ ਖੇਤਾਂ ਨੂੰ ਚਲਾ ਗਿਆ। ਸ਼ਾਮ ਵੇਲੇ ਮੁੱਛਾਂ ਨੂੰ ਤਾਅ ਦਿੰਦਾ ਘਰੇ ਆਇਆ ਤੇ ਪਤਨੀ ਤੋਂ ਰੋਟੀ ਮੰਗੀ। ਮੱਛੀ ਵਾਲੀ ਤਰੀ ਦਾ ਕੌਲਾ ਭਰਿਆ ਦੇਖ ਕੇ ਉਹ ਇਕ ਦਮ ਅੱਗ ਬਬੂਲਾ ਹੋ ਉਠਿਆ, "ਮੈਂ ਤਾਂ ਮੱਛੀ ਦੀ ਸੁੱਕੀ ਸਬਜ਼ੀ ਖਾਣੀ ਸੀ, ਤੂੰ ਇਹ ਹੋਰ ਈ ਕੁਝ ਬਣਾ 'ਤਾ!"

ਪਤਨੀ ਨਿਮਰਤਾ ਨਾਲ ਬੋਲੀ, "ਗੁੱਸੇ ਕਾਹਨੂੰ ਹੁੰਦੇ ਓਂ ਜੀ, ਮੈਂ ਸੁੱਕੀ ਮੱਛੀ ਵੀ ਬਣਾ ਕੇ ਰੱਖੀ ਹੋਈ ਐ, ਹੁਣੇ ਲਿਆ ਦਿੰਦੀ ਹਾਂ।"

ਅਸਲ 'ਚ ਉਸ ਨੇ ਪਤੀ ਦੇ ਮੂਡ ਦਾ ਭੇਤ ਪਾਉਂਦਿਆਂ ਅੱਧੀ ਮੱਛੀ ਦੀ ਤਰੀ ਬਣਾ ਲਈ ਸੀ ਤੇ ਅੱਧੀ ਸੁੱਕੀ ਫਰਾਈ ਕਰ ਰੱਖੀ ਸੀ।

ਲਉ ਜੀ! ਮੱਛੀ ਵਾਲਾ 'ਫਾਇਰ ਫੋਕਾ' ਗਿਆ ਸਮਝ ਕੇ ਕਿਸਾਨ ਨੇ ਇਕ ਹੋਰ ਸਕੀਮ ਸੋਚ ਲਈ। ਰੋਜ਼ ਵਾਂਗ ਖੇਤੀਂ ਹਲ ਵਾਹੁਣ ਚੱਲੇ ਨੇ ਬਲਦਾਂ ਦੀ ਜੋਗ ਖੁਰਲੀ ਤੋਂ ਖੋਲ੍ਹੀ ਤੇ ਵਹੁਟੀ ਨੂੰ ਖੰਘੂਰਾ ਮਾਰ ਕੇ ਕਿਹਾ ਕਿ ਦੁਪਹਿਰ ਦੀ ਰੋਟੀ ਨੂੰ ਕੁਵੇਲਾ ਨਾ ਕਰ ਦਈਂ!

ਹਲ ਵਾਹੁੰਦੇ ਨੂੰ ਦੁਪਹਿਰਾ ਹੋ ਗਿਆ। ਪਿੰਡ ਵੱਲ ਨੂੰ ਨਜ਼ਰ ਮਾਰੀ ਤਾਂ ਘਰ ਵਾਲੀ ਨਜ਼ਰੀਂ ਪੈ ਗਈ, ਜੋ ਸਿਰ 'ਤੇ ਛਾਬਾ ਚੁੱਕੀ ਰਵਾਂ ਰਵੀਂ ਤੁਰੀ ਆ ਰਹੀ ਸੀ।

ਸੋਚੀ ਚਿਤਵੀ ਸਕੀਮ ਅਨੁਸਾਰ ਕਿਸਾਨ ਨੇ ਘਰ ਵਾਲੀ ਨੂੰ ਖੇਤ ਕੁ ਵਿੱਥ 'ਤੇ ਪਹੁੰਚੀ ਦੇਖ ਕੇ ਇਕ ਪਾਸੇ ਦਾ ਬਲਦ ਪੰਜਾਲੀ 'ਚੋਂ ਖੋਲ੍ਹ ਕੇ ਪੁੱਠਾ ਜੋਤ ਲਿਆ, ਮਤਲਬ ਇਕ ਪਾਸੇ ਵਾਲੇ ਬਲਦ ਦਾ ਮੂੰਹ ਸਿੱਧਾ, ਦੂਜੇ ਦਾ ਪੁੱਠੇ ਪਾਸੇ ਨੂੰ! ਏਨੇ ਨੂੰ ਘਰ ਵਾਲੀ ਬਿਲਕੁਲ ਪਿੱਛੇ ਆ ਖੜ੍ਹੀ। ਇੱਧਰ ਉਹ ਪੁੱਠੇ-ਸਿੱਧੇ ਜੁੜੇ ਬਲਦਾਂ ਨੂੰ ਪਰੈਣੀਆਂ ਮਾਰ ਮਾਰ ਹੱਕਣ ਲੱਗ ਪਿਆ, ਪਰ ਬਲਦ ਵਿਚਾਰੇ ਕਿਵੇਂ ਤੁਰਨ?

ਘਰ ਵਾਲੇ ਦੀ ਇਹ ਅਜੀਬ ਜਿਹੀ ਹਰਕਤ ਦੇਖ ਕੇ ਪੁੱਠੇ ਜੁੜੇ ਖੜ੍ਹੇ ਬਲਦਾਂ ਨੂੰ ਹੋਕਰਾ ਮਾਰਦਿਆਂ ਪਤਨੀ ਬੋਲੀ, "ਤੁਰੋ ਵੇ ਤੁਰੋ ਗਊ ਦੇ ਜਾਇਓ! ਜਿਵੇਂ ਤੁਹਾਡਾ ਮਾਲਕ ਤੁਹਾਨੂੰ ਤੋਰਨਾ ਚਾਹੁੰਦਾ ਐ, ਤਿਵੇਂ ਹੀ ਤੁਰੋ ਭਲਿਓ!"

ਪਤਨੀ ਵਿਚਾਰੀ ਨੇ ਤਾਂ ਆਪਣੀ 'ਸੰਭਾਵੀ ਕੁੱਟ' ਤੋਂ ਬਚਣ ਦੇ ਉਪਾਅ ਵਜੋਂ ਇਹ ਵਾਕ ਬੋਲਿਆ ਸੀ, ਪਰ ਪਤੀ ਆਪਣੀ ਚਿਰੋਕਣੀ ਰੀਝ ਪੂਰੀ ਕਰਨ ਦਾ ਇਹ 'ਸੁਨਹਿਰੀ ਮੌਕਾ' ਹੱਥੋਂ ਨਹੀਂ ਸੀ ਗਵਾਉਣਾ ਚਾਹੁੰਦਾ। ਸੋ ਉਕਤ ਬੋਲ ਸੁਣਦਿਆਂ ਹੀ ਪਤੀ ਨੇ ਪਿੱਛੇ ਮੁੜ ਕੇ ਰੋਟੀਆਂ ਸਿਰ 'ਤੇ ਚੁੱਕੀ ਖੜ੍ਹੀ ਘਰ ਵਾਲੀ ਦੇ ਪੰਜ ਸੱਤ ਪਰੈਣੀਆਂ ਜੜ ਦਿੱਤੀਆਂ। ਨਾਲੇ ਕੜਕਿਆ, "ਮੇਰੇ ਕੰਮਾਂ ਵਿਚ ਬੋਲਣ ਵਾਲੀ ਤੂੰ ਕੌਣ ਹੁੰਦੀ ਐਂ?"

ਜੰਮੂ ਕਸ਼ਮੀਰ ਨਾਲ ਹੋਈ ਸਿਰੇ ਦੀ ਜ਼ਿਆਦਤੀ ਪ੍ਰਤੀ ਬਾਦਲ ਦਲੀਆਂ ਦੀ ਸਹਿਮਤੀ ਬਾਰੇ ਇਹ ਲੋਕ-ਭਾਖਿਆ ਦੀ ਕਹਾਣੀ ਸੁਣਾਉਣ ਵਾਲੇ ਉਸ ਸੱਜਣ ਨੇ ਮੈਨੂੰ ਸਵਾਲ ਕਰ ਦਿੱਤਾ, ਅਖੇ! ਹੁਣ ਤੂੰ ਸੋਚ ਲੈ ਕਿ ਮੌਜੂਦਾ ਪ੍ਰਕਰਣ ਵਿਚ ਪਤੀ ਕੌਣ ਐ, ਪਤਨੀ ਕੌਣ ਅਤੇ ਬਲਦ ਕਿਹੜੇ ਹੋਏ? ਅਖੇ, ਭਵਿੱਖ ਬਾਰੇ ਵੀ ਤੂੰ ਕਿਆਸ ਲਾ ਲੈ ਕਿ ਪਤੀ ਆਪਣੀ 'ਪਤਨੀ' ਦੇ ਗਿੱਟੇ ਕਦ ਕੁ ਭੰਨੇਗਾ! ਉਹ ਗਿੱਟੇ 'ਗਰਮ' ਕਰਵਾ ਵੀ ਲਵੇਗੀ ਕਿ ਦੋ ਤਰ੍ਹਾਂ ਦੀ ਮੱਛੀ ਬਣਾ ਕੇ ਆਪਣੀ ਚਮੜੀ ਬਚਾਉਂਦੀ ਰਹੇਗੀ?

# ਅਜੇ ਕੁੱਤਾ, ਹਿੰਦੂ ਹੀ ਭਲਾ

'ਮੋਦੀ ਹੈ, ਤੋ ਮੁਮਕਿਨ ਹੈ।' ਇਸ ਨਾਅਰੇ 'ਚ ਸੱਚਾਈ ਵੀ ਹੈ। ਗੁਜਰਾਤ 'ਚ ਮੋਦੀ ਦੀ ਚੌਧਰ ਹੇਠ ਹੋਏ ਮੁਸਲਿਮ ਘਾਤ ਦੀ ਗੱਲ ਦਾ ਹੁਣ ਅਸਰ ਘਟ ਗਿਆ ਹੈ। ਗੱਲ ਅੱਗੇ ਨਿਕਲ ਗਈ ਹੈ। ਸੋਚਣਹਾਰਾਂ ਨੂੰ ਸੰਸਾ ਲੱਗਾ ਰਹਿੰਦਾ ਹੈ ਕਿ ਅੱਗੇ ਹੋਰ ਕੁਝ ਨਾ ਹੋ ਜਾਏ? ਦੁਨੀਆਂ ਹੈ, ਜੱਗ ਹਸਾਈਆਂ ਤਾਂ ਹੁੰਦੀਆਂ ਰਹਿੰਦੀਆਂ ਨੇ, ਪਰ ਕਦੇ ਕਦੇ ਹਸਾਉਣੀਆਂ ਬਹੁਤ ਖਤਰਨਾਕ ਹੋ ਨਿਬੜਦੀਆਂ ਹਨ।

ਬਿਹਾਰ ਦੀ ਰਾਜਧਾਨੀ ਪਟਨਾ ਵੱਡੇ ਸ਼ਹਿਰਾਂ 'ਚ ਸ਼ੁਮਾਰ ਹੈ। ਕਦੇ ਇਹਦਾ ਨਾਂ ਪਾਟਲੀਪੁੱਤਰ ਵੀ ਰਿਹਾ ਹੈ। ਹੋਰ ਵੀ ਪੰਜ-ਛੇ ਨਾਂਵਾਂ ਨਾਲ ਜਾਣਿਆ ਜਾਂਦਾ ਰਿਹਾ ਹੈ। ਕੁਝ ਦੰਦ ਕਥਾਵਾਂ ਵੀ ਨੇ। ਇਥੇ ਪਟਨ ਦੇਵੀ ਦੇ ਦੋ ਮੰਦਿਰ ਹਨ-ਇਕ ਮੁਸਲਿਮ ਆਬਾਦੀ ਵਾਲੇ ਇਲਾਕੇ 'ਚ ਹੈ ਤੇ ਦੂਜਾ ਤਖਤ ਸ੍ਰੀ ਪਟਨਾ ਸਾਹਿਬ ਕੋਲ। ਪਟਨੇ ਨਾਲ ਸਿੱਖਾਂ ਦੀ ਅਨੰਤ ਸ਼ਰਧਾ ਜੱਗ ਜਾਹਰ ਹੈ। ਨੌਵੇਂ ਗੁਰੂ ਕੁਝ ਸਮਾਂ ਇਥੇ ਰਹੇ ਸਨ। ਦਸਵੇਂ ਨਾਨਕ ਦਾ ਜਨਮ ਵੀ ਇਥੋਂ ਦਾ ਹੈ। ਸਿੱਖਾਂ ਦੇ ਏਥੇ ਪੰਜ ਗੁਰਦੁਆਰੇ ਹਨ। ਹਿੰਦੂਆਂ ਦੇ ਮੰਦਿਰ ਹਨ ਤੇ ਮੁਸਲਮਾਨਾਂ ਦੀਆਂ ਮਸਜਿਦਾਂ। ਸਿੱਖਾਂ, ਬੋਧੀਆਂ ਤੇ ਜੈਨੀਆਂ ਦੀ ਗਿਣਤੀ ਆਟੇ 'ਚ ਲੂਣ ਬਰਾਬਰ ਹੈ ਤੇ ਈਸਾਈ ਭੋਰਾ ਕੁ ਵੱਧ। ਮੁਸਲਮਾਨ 16 ਫੀਸਦ ਹਨ ਤੇ ਬਾਕੀ ਸਾਰੇ ਭਾਂਤ ਭਾਂਤ ਦੇ ਹਿੰਦੂ ਹਨ। ਵੇਲੇ ਭਲੇ ਸਨ ਤੇ ਲੋਕ ਰਲ ਮਿਲ ਕੇ ਰਹਿ ਲੈਂਦੇ ਰਹੇ ਹਨ। ਨਿੱਕੀਆਂ ਮੋਟੀਆਂ ਮਨ ਮੁਟਾਈਆਂ ਤੋਂ ਬਿਨਾ 'ਸਭ ਅੱਛਾ ਹੈ' ਹੀ ਹੁੰਦੀ ਰਹੀ ਹੈ।

ਪਰ ਹੁਣ ਮੁਲਕ ਦੇ ਸ਼ਾਸਕ ਹੋਰ ਨੇ ਤੇ ਡੋਰ ਕਿਸੇ ਹੋਰ ਕੋਲ ਹੈ। ਮੋਦੀ ਦਾ ਮੰਤਰਾ ਹੈ, 'ਕੁਝ ਵੀ ਮੁਮਕਿਨ ਹੈ।' ਹੁਣ ਇਸੇ ਪਟਨੇ ਸਾਹਿਬ ਦੀ ਸੁਣ ਲਓ! ਗੱਲ ਤਾਂ ਸੁਧੀ ਹਾਸੇ ਵਾਲੀ ਹੈ, ਪਰ ਇਹਦੇ ਨਤੀਜੇ ਬਹੁਤ ਫਿਕਰ ਵਾਲੇ ਹੋ ਸਕਦੇ ਸਨ। ਗੰਗਾ ਨਦੀ ਵੱਲ ਨੂੰ ਸ਼ਹਿਰ ਦਾ ਬੱਕਰਗੰਜ ਇਲਾਕਾ ਪੈਂਦਾ ਹੈ। ਇਥੋਂ ਡੇਢ ਕੁ ਮੀਲ 'ਤੇ ਤਖਤ ਪਟਨਾ ਸਾਹਿਬ ਹੈ। ਹਿੰਦੂ ਮੰਦਿਰ ਵੀ ਬਥੇਰੇ ਨੇ ਤੇ ਮਸਜਿਦਾਂ ਵੀ ਹਨ। ਪਿਛਲੇ ਹਫਤੇ ਇਸੇ ਇਲਾਕੇ 'ਚ ਕਿਸੇ ਗਊ ਨੂੰ ਕੋਈ ਕੁੱਤਾ ਵੱਢ ਗਿਆ। ਵਜ੍ਹਾ ਤਾਂ ਕੁੱਤੇ ਨੂੰ ਪਤਾ ਹੋਊ ਜਾਂ ਗਾਂ ਨੂੰ! ਰੌਲਾ ਪੈ ਗਿਆ। ਜਿਨ੍ਹਾਂ ਦੇ ਮਨ 'ਚ ਮੈਲ ਸੀ, ਉਨ੍ਹਾਂ ਨੇ ਦੋ ਤੇ ਦੋ ਚਾਰ ਨਾ ਬਣਾਏ, ਪੰਜ-ਸੱਤ ਬਣਾ ਲਏ। ਕਹਿੰਦੇ, ਪੀੜਤ ਗਊ ਮਾਤਾ ਦਾ ਮਾਲਕ ਕੋਈ ਹਿੰਦੂ ਭਾਈ ਹੈ। ਜਿਸ ਕੁੱਤੇ ਨੇ ਗਊ ਨੂੰ ਵੱਢਿਆ, ਉਹਦਾ ਮਾਲਕ ਇਸਲਾਮ ਨੂੰ ਮੰਨਣ ਵਾਲਾ ਹੈ। ਇਸ ਕਰਕੇ ਮੁਸਲਮਾਨ ਕੁੱਤੇ ਨੇ ਹਿੰਦੂ ਗਊ ਨੂੰ ਵੱਢਿਆ ਹੈ। ਹੁੰਦੀ ਹੁੰਦੀ ਭੀੜ (ਹਿੰਦੂ) 'ਕੱਠੀ ਹੋ ਗਈ। ਹਾਅ ਲਾ, ਲਾ ਲਾ ਹੁੰਦੀ ਹੁੰਦੀ ਤੋਂ, ਤੂੰ ਤੂੰ ਮੈਂ ਮੈਂ ਤੇ ਫਿਰ ਬੋਲ-ਕੁਬੋਲ ਤੇ ਧਮਕੀਆਂ ਸ਼ੁਰੂ ਹੋ ਗਈਆਂ। ਭੀੜ ਦੰਗਈ ਬਣ ਗਈ ਤੇ ਮੁਸਲਮਾਨ ਪਰਿਵਾਰ ਦੇ ਘਰ 'ਤੇ ਹੱਲਾ ਬੋਲ ਦਿੱਤਾ। ਹਾਲਤ ਵੱਢ-ਵਢਾਂਗੇ ਵਾਲੇ ਬਣ ਹੀ ਰਹੇ ਸਨ ਕਿ ਕਿਸੇ ਫਿਕਰਮੰਦ ਨੇ ਪੁਲਿਸ ਨੂੰ ਫੋਨ ਕਰ ਦਿੱਤਾ।

ਅਫਸਰ ਸਿਆਣੇ ਨਿਕਲੇ, ਫੁਰਤੀ ਨਾਲ ਹਰਕਤ 'ਚ ਆ ਗਏ। ਕਈ ਥਾਣਿਆਂ ਦੀ ਪੁਲਿਸ ਸੱਦ ਲਈ। ਪੱਥਰਬਾਜ਼ੀ ਹੋ ਰਹੀ ਸੀ, ਪਰ ਹਾਲਤ 'ਤੇ ਕਾਬੂ ਪਾ ਲਿਆ। ਗਰਮ ਅਵਾਜ਼ਾਂ ਅਜੇ ਵੀ ਇਹੋ ਆਖੀ ਜਾ ਰਹੀਆਂ ਸਨ ਕਿ ਕੁੱਤਾ ਜਾਣ ਬੁੱਝ ਕੇ ਗਾਂ ਨੂੰ ਵੱਢਣ ਲਈ ਛੱਡਿਆ ਗਿਆ ਸੀ। ਮਸਲੇ ਦੀ ਜੜ੍ਹ ਤੀਕ ਪਹੁੰਚਣ ਹਿਤ ਪੁਣ-ਛਾਣ ਕੀਤੀ ਗਈ ਤਾਂ ਪਤਾ ਲੱਗਾ ਕਿ ਗਾਂ ਨੂੰ ਵੱਢਣ ਵਾਲਾ ਕੁੱਤਾ ਤਾਂ ਮੁਸਲਮਾਨ ਹੈ ਈ ਨਹੀਂ ਸੀ। ਉਹਦੇ ਮਾਲਕ ਤਾਂ ਕ੍ਰਿਸ਼ਨਾ ਜਿਊਲਰਜ਼ ਵਾਲੇ ਹਨ ਤੇ ਉਹ ਹਨ ਵੀ ਹਿੰਦੂ ਭਾਈਬੰਦ।

ਸਮਝਾਉਣ-ਬੁਝਾਉਣ 'ਤੇ ਮਨ ਮਨਾਉਤੀ ਤਾਂ ਹੋ ਗਈ ਕਿ ਕੁੱਤਾ ਹਿੰਦੂ ਹੀ ਹੈ। ਚੰਗਾ ਹੋ ਗਿਆ, ਬਚਾਅ ਹੋ ਗਿਆ। ਸਮੇਂ ਦਾ ਵਾਰਾ ਪਹਿਰਾ ਐਸਾ ਹੈ ਕਿ ਕੁੱਤਾ ਆਪਣੀ ਔਕਾਤ ਜਾਣੇ; ਕੁੱਤਾ ਹੀ ਰਹਵੇ ਤਾਂ ਭਲਾਈ ਹੈ। ਜੇ ਭਲਾ ਕੁੱਤਾ ਮੁਸਲਮਾਨ ਹੀ ਨਿਕਲ ਆਉਂਦਾ? ਮੋਦੀ ਦਾ ਹੋਣਾ ਤੇ ਮੁਮਕਿਨ ਹੋਣਾ, ਸਹੀ ਹੈ!

-ਸੁਖਦੇਵ ਸਿੱਧੂ

ਪੰਜਾਬ ਟਾਈਮਜ਼

*ਸਨਿਚਰਵਾਰ, 17 ਅਗਸਤ 2019*

# ਆਜ਼ਾਦੀਆਂ ਦੇ ਅਰਥ

ਭਾਰਤ ਦਾ ਆਜ਼ਾਦੀ ਦਿਵਸ ਐਤਕੀਂ ਪਿਛਲੇ ਸਾਲਾਂ ਦੇ ਮੁਕਾਬਲੇ ਕਈ ਪੱਖਾਂ ਤੋਂ ਵੱਖਰਾ ਰਿਹਾ ਹੈ। ਜੰਮੂ ਕਸ਼ਮੀਰ ਬਾਰੇ ਮੋਦੀ ਸਰਕਾਰ ਦੇ ਫੈਸਲੇ ਨੇ ਆਜ਼ਾਦੀ ਦੇ ਮਾਇਨੇ ਹੀ ਬਦਲ ਕੇ ਰੱਖ ਦਿੱਤੇ ਹਨ। ਪੰਜ ਸਾਲ ਪਹਿਲਾਂ ਜਦੋਂ ਮੋਦੀ ਸਰਕਾਰ ਹੋਂਦ ਵਿਚ ਆਈ ਸੀ ਅਤੇ ਜਿਸ ਢੰਗ ਨਾਲ ਮੁਲਕ ਦੇ ਸਮਾਜਕ, ਧਾਰਮਿਕ, ਸਭਿਆਚਾਰਕ ਢਾਂਚਿਆਂ ਅੰਦਰ ਤਬਦੀਲੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ, ਤਾਂ ਸੰਜੀਦਾ ਚਿੰਤਕਾਂ ਨੇ ਆਵਾਮ ਦਾ ਧਿਆਨ ਇਨ੍ਹਾਂ ਤੱਥਾਂ ਵਲ ਦਿਵਾਇਆ ਸੀ ਕਿ ਮੁਲਕ ਦੀ ਜਮਹੂਰੀਅਤ, ਜਿਸ ਉਤੇ ਪਹਿਲਾਂ ਹੀ ਕਈ ਤਰ੍ਹਾਂ ਦੇ ਸਵਾਲੀਆ ਨਿਸ਼ਾਨ ਲੱਗੇ ਹੋਏ ਹਨ, ਤਾਨਾਸ਼ਾਹੀ ਵਲ ਮੋੜਾ ਕੱਟ ਰਹੀ ਹੈ। ਕੁਝ ਲੋਕਾਂ ਨੇ ਇਸ ਨੂੰ ਐਵੇਂ ਭਰਮ ਆਖਿਆ ਅਤੇ ਕਿਹਾ ਕਿ ਇਸ ਮਾਮਲੇ 'ਤੇ ਮੋਦੀ ਸਰਕਾਰ ਬਾਰੇ ਐਵੇਂ ਵਧਾ-ਚੜ੍ਹਾ ਕੇ ਗੱਲ ਕੀਤੀ ਜਾ ਰਹੀ ਹੈ, ਪਰ ਮੋਦੀ ਸਰਕਾਰ ਦਾ ਦੂਜਾ ਕਾਰਜਕਾਲ ਅਰੰਭ ਹੁੰਦੇ ਸਾਰ ਜਿਸ ਤਰ੍ਹਾਂ ਦੀ ਸਿਆਸਤ ਮੁਲਕ ਵਿਚ ਨਮੂਦਾਰ ਹੋਈ ਹੈ, ਉਸ ਨੇ ਸਭ ਭੁਲੇਖੇ ਦੂਰ ਕਰ ਦਿੱਤੇ ਹਨ। ਹੁਣ ਸ਼ਾਇਦ ਦੋ ਰਾਵਾਂ ਨਹੀਂ ਹਨ ਕਿ ਮੁਲਕ ਤਾਨਾਸ਼ਾਹੀ ਤੋਂ ਵੀ ਅਗਾਂਹ ਫਾਸ਼ੀਵਾਦ ਵਲ ਕਦਮ ਵਧਾ ਰਿਹਾ ਹੈ। ਹੌਲੀ-ਹੌਲੀ ਕਰਕੇ ਖਾਸ ਤਬਕਿਆਂ ਦੇ ਨਾਲ-ਨਾਲ ਆਮ ਬੰਦੇ ਉਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਇਸ ਸ਼ਿਕੰਜੇ ਦੀ ਮਾਰ ਸਮਾਜਕ, ਧਾਰਮਿਕ, ਆਰਥਕ, ਸਿਆਸੀ ਤੇ ਸਭਿਆਚਾਰਕ-ਕਰੀਬ ਹਰ ਖੇਤਰ ਵਿਚ ਮਹਿਸੂਸ ਕੀਤੀ ਜਾ ਰਹੀ ਹੈ।

ਇਸ ਤਬਦੀਲੀ ਦਾ ਅਸਰ ਅਤੇ ਉਲਟ ਅਸਰ, ਜ਼ਿੰਦਗੀ ਦੇ ਹਰ ਪੱਖ ਉਤੇ ਉਘੜਨਾ ਸ਼ੁਰੂ ਹੋ ਗਿਆ ਹੈ। ਕੁਝ ਸਾਲ ਪਹਿਲਾਂ ਤਕ ਆਜ਼ਾਦੀ ਮੌਕੇ ਸਿੱਖਾਂ ਦਾ ਇਕ ਹਿੱਸਾ ਕਾਲਾ ਦਿਵਸ ਮਨਾਉਣ ਦਾ ਐਲਾਨ ਕਰਦਾ ਹੁੰਦਾ ਸੀ; ਐਤਕੀਂ ਦਲਿਤਾਂ ਨੇ ਵੀ ਇਸ ਬਾਰੇ ਐਲਾਨ ਕੀਤਾ। ਇਹ ਕਾਰਵਾਈ ਦਿੱਲੀ ਵਿਚ ਗੁਰੂ ਰਵਿਦਾਸ ਮੰਦਿਰ ਢਾਹੁਣ ਖਿਲਾਫ ਰੋਸ ਪ੍ਰਗਟ ਕਰਨ ਲਈ ਕੀਤੀ ਗਈ। ਕਸ਼ਮੀਰ ਬਾਰੇ ਤਾਂ ਹੁਣ ਸਭ ਸਿਆਸਤ ਸਪਸ਼ਟ ਹੀ ਹੈ। ਜੰਮੂ ਕਸ਼ਮੀਰ ਤੋਂ ਵਿਸ਼ੇਸ਼ ਹੱਕ ਤਾਂ ਖੋਹੇ ਹੀ ਗਏ ਹਨ, ਨਾਲ ਹੀ ਇਸ ਦਾ ਰਾਜ ਵਾਲਾ ਦਰਜਾ ਤਕ ਖੋਹ ਲਿਆ ਗਿਆ। ਇਸ ਵੇਲੇ ਇਸ ਇਲਾਕੇ ਵਿਚ ਸੱਤ ਲੱਖ ਤੋਂ ਉਪਰ ਸੁਰੱਖਿਆ ਬਲ ਤਾਇਨਾਤ ਹਨ। ਹੁਣ ਇਹ ਕਹਿਣ ਦੱਸਣ ਦੀ ਲੋੜ ਨਹੀਂ ਕਿ ਇੰਨੀ ਵੱਡੀ ਤਾਦਾਦ ਵਿਚ ਸੁਰੱਖਿਆ ਕਰਮਚਾਰੀ ਉਥੇ ਕੀ ਕਰਦੇ ਹੋਣਗੇ। ਉਂਜ ਵੀ ਕਸ਼ਮੀਰ ਦੇ ਮਾਮਲੇ 'ਤੇ ਜਿੰਨਾ ਹੋਛਾਪਣ ਹਿੰਦੂਤਵਵਾਦੀਆਂ ਨੇ ਦਿਖਾਇਆ ਹੈ, ਉਸ ਨੇ ਬਿਨਾ ਸ਼ੱਕ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਸਿਤਮਜ਼ਰੀਫੀ ਇਹ ਹੈ ਕਿ ਸਰਕਾਰ ਇਸ ਮਾਮਲੇ 'ਤੇ ਬੇਸ਼ਰਮੀ ਉਤੇ ਉਤਰ ਆਈ ਅਤੇ ਪਹਿਲਾਂ ਵਾਂਗ ਹੀ ਹੁੱਲੜ ਮਚਾਉਣ ਵਾਲਿਆਂ ਨੂੰ ਡੱਕਣ ਜਾਂ ਠੱਲ੍ਹਣ ਲਈ ਕੁਝ ਵੀ ਨਹੀਂ ਕੀਤਾ ਗਿਆ। ਇਹੀ ਵਰਤਾਰਾ ਪਹਿਲਾਂ 1947, ਫਿਰ 1984 ਅਤੇ ਫਿਰ 2002 ਵਿਚ ਵੀ ਮੁਲਕ ਦੀ ਆਵਾਮ ਨੇ ਅੱਖੀਂ ਦੇਖਿਆ ਅਤੇ ਕੰਨੀਂ ਸੁਣਿਆ ਹੈ।

ਹੁਣ ਵੱਖ-ਵੱਖ ਮੰਚਾਂ ਤੋਂ ਕਸ਼ਮੀਰ ਬਾਰੇ ਕੀਤੇ ਫੈਸਲੇ ਦੇ ਸਮੇਂ ਬਾਰੇ ਚਰਚਾ ਚੱਲ ਰਹੀ ਹੈ। ਇਹ ਸਮਾਂ ਈਦ ਅਤੇ ਆਜ਼ਾਦੀ ਦਿਵਸ ਤੋਂ ਐਨ ਪਹਿਲਾਂ ਚੁਣਿਆ ਗਿਆ। ਇਹ ਕੋਈ ਕਾਹਲ ਨਹੀਂ, ਬਲਕਿ ਇਸ ਦੇ ਅਰਥ ਬੜੇ ਗਹਿਰੇ ਹਨ। ਅਸਲ ਵਿਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਜੋ ਆਪਣੇ ਆਪ ਨੂੰ ਸਦਾ ਸਮਾਜਕ-ਸਭਿਆਚਾਰਕ ਸੰਸਥਾ ਵਜੋਂ ਪੇਸ਼ ਕਰਦੀ ਆ ਰਹੀ ਹੈ, ਮੁੱਢ ਤੋਂ ਹੀ ਆਪਣੇ ਖਾਸ ਏਜੰਡੇ ਉਤੇ ਕਾਇਮ ਹਨ। ਧਾਰਾ 390, ਇਕਸਾਰ ਸਿਵਲ ਕੋਡ ਅਤੇ ਰਾਮ ਮੰਦਿਰ ਬਾਰੇ ਭਾਰਤੀ ਜਨਤਾ ਪਾਰਟੀ ਦੇ ਵਿਚਾਰਾਂ ਅੰਦਰ ਕਦੀ ਕੋਈ ਤਬਦੀਲੀ ਨਹੀਂ ਆਈ ਹੈ। ਹੁਣ ਮੁਲਕ ਅੰਦਰ ਵਿਰੋਧੀ ਧਿਰ ਦੇ ਚੌਫਾਲ ਡਿਗਣ ਕਰਕੇ ਇਸ ਨੂੰ ਆਪਣਾ ਏਜੰਡਾ ਲਾਗੂ ਕਰਨ ਲਈ ਮੋਕਲਾ ਪਿੜ ਮਿਲ ਗਿਆ ਹੈ। ਉਪਰੋਂ ਕੌਮਾਂਤਰੀ ਮੰਚ ਉਤੇ ਵੀ ਹਾਲਾਤ ਇਸ ਦੇ ਹੱਕ ਵਿਚ ਭੁਗਤਦੇ ਨਜ਼ਰ ਆ ਰਹੇ ਹਨ। ਕੌਮਾਂਤਰੀ ਸਿਆਸਤ ਵਿਚ ਅਮਰੀਕਾ ਤਾਂ ਪਹਿਲਾਂ ਹੀ ਹਿੰਦੂਤਵਵਾਦੀਆਂ ਲਈ ਮੁਆਫਕ ਆ ਰਿਹਾ ਹੈ, ਰੂਸ ਦੀ ਸਪਸ਼ਟ ਹਮਾਇਤ ਵੀ ਮਿਲ ਗਈ ਹੈ। ਚੀਨ ਆਪਣੀ ਕੌਮਾਂਤਰੀ ਸਿਆਸਤ ਦੇ ਹਿਸਾਬ ਨਾਲ ਭਾਰਤ ਦੇ ਇਨ੍ਹਾਂ ਕਦਮਾਂ ਬਾਰੇ ਖਾਮੋਸ਼ ਰਹਿ ਕੇ ਆਪਣਾ ਕੰਮ ਚਲਾ ਸਕਦਾ ਹੈ ਹਾਲਾਂਕਿ ਬਹੁਤ ਸਾਰੇ ਮਾਮਲਿਆਂ ਵਿਚ ਇਹ ਪਾਕਿਸਤਾਨ ਦੇ ਹੱਕ ਵਿਚ ਡਟ ਕੇ ਖੜ੍ਹਦਾ ਰਿਹਾ ਹੈ। ਪਾਕਿਸਤਾਨ ਦੀ ਹਾਲਤ ਹੁਣ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਇਸ ਦੀ ਬੇਵਸੀ ਹੁਣ ਸਭ ਦੇ ਸਾਹਮਣੇ ਹੈ।

ਸਭ ਤੋਂ ਅਹਿਮ ਮਸਲਾ ਤਾਂ ਇਹ ਹੈ ਕਿ ਮੋਦੀ ਸਰਕਾਰ ਨੇ ਸਮੇਂ ਦੇ ਹਿਸਾਬ ਨਾਲ ਗੁਰੂ ਨਾਨਕ ਦੇ 550ਵੇਂ ਪੁਰਬ ਦਾ ਵੀ ਕੋਈ ਧਿਆਨ ਨਹੀਂ ਰੱਖਿਆ ਹੈ। ਇਸ ਪੁਰਬ ਮੌਕੇ ਕਰਤਾਰਪੁਰ ਲਾਂਘਾ ਖੁੱਲ੍ਹਣਾ ਹੈ। ਸਿੱਖ ਸ਼ਰਧਾਲੂਆਂ ਦੀ ਇਹ ਚਿਰੋਕਣੀ ਮੰਗ ਦਹਾਕਿਆਂ ਬਾਅਦ ਪੂਰੀ ਹੋ ਰਹੀ ਹੈ। ਇਸ ਪ੍ਰਾਜੈਕਟ ਲਈ ਪਾਕਿਸਤਾਨ ਆਪਣੇ ਵਾਲੇ ਪਾਸੇ ਤਕਰੀਬਨ ਸਾਰਾ ਕਾਰਜ ਮੁਕੰਮਲ ਕਰਨ ਨੇੜੇ ਪੁੱਜ ਚੁਕਾ ਹੈ, ਪਰ ਦੋਹਾਂ ਮੁਲਕਾਂ ਦੀ ਸਿਆਸਤ ਨੇ ਇਸ ਪੁਰਬ ਬਾਰੇ ਕਈ ਤਰ੍ਹਾਂ ਦੇ ਸ਼ੱਕ ਪੈਦਾ ਕਰ ਦਿੱਤੇ ਹਨ। ਕਸ਼ਮੀਰ ਵਾਲੇ ਮਸਲੇ ਕਰਕੇ ਬੇਵੱਸ ਹੋਇਆ ਪਾਕਿਸਤਾਨ ਭਾਰਤ ਨਾਲੋਂ ਨਾਤੇ ਤੋੜ ਰਿਹਾ ਹੈ। ਇਸ ਦਾ ਸਿੱਧਾ ਅਸਰ ਵਪਾਰ 'ਤੇ ਪੈਣਾ ਸ਼ੁਰੂ ਵੀ ਹੋ ਗਿਆ ਹੈ। ਇਸ ਦਾ ਅਸਰ ਅਗਾਂਹ ਸਮੁੱਚੇ ਖਿੱਤੇ ਉਤੇ ਵੀ ਪੈਣਾ ਹੈ। ਅਸਲ ਵਿਚ ਜਿਸ ਤਰ੍ਹਾਂ ਦੀ ਸਿਆਸਤ ਦੇ ਰਾਹ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਪੈ ਗਈਆਂ ਹਨ, ਉਸ ਨਾਲ ਆਉਣ ਵਾਲੇ ਕੁਝ ਹੀ ਸਾਲਾਂ ਅੰਦਰ ਇਸ ਖਿੱਤੇ ਵਿਚ ਸਿਫਤੀ ਤਬਦੀਲੀ ਦੇਖਣ ਨੂੰ ਮਿਲ ਸਕਦੀ ਹੈ। ਅੱਜ ਦਾ ਸਭ ਤੋਂ ਵੱਡਾ ਸੱਚ ਇਹੀ ਹੈ ਕਿ ਇਸ ਵੇਲੇ ਸਿਰਫ ਭਾਰਤੀ ਜਨਤਾ ਪਾਰਟੀ ਤੇ ਆਰ.ਐਸ.ਐਸ. ਹੀ ਅਜਿਹੀਆਂ ਜਥੇਬੰਦੀਆਂ ਹਨ, ਜੋ ਆਪਣੇ ਵਿਚਾਰਧਾਰਕ ਏਜੰਡੇ ਉਤੇ ਕਾਇਮ ਹਨ ਅਤੇ ਸੱਤਾਧਾਰੀ ਹੋਣ ਕਾਰਨ ਇਸ ਨੂੰ ਫੁਰਤੀ ਨਾਲ ਲਾਗੂ ਵੀ ਕਰ ਰਹੀਆਂ ਹਨ। ਇਨ੍ਹਾਂ ਨੂੰ ਮੋੜਾ ਪਾਉਣ ਵਾਲੀ ਸਿਆਸਤ ਜੇ ਆਉਂਦੇ ਸਾਲਾਂ ਦੌਰਾਨ ਨਾ ਉਠੀ ਤਾਂ ਆਜ਼ਾਦੀਆਂ ਦੇ ਅਰਥ ਹੋਰ ਵੀ ਬੇਮਾਇਨੇ ਹੋ ਕੇ ਰਹਿ ਜਾਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਵਾਂ ਅਖਾਣ ਪੜ੍ਹੋ ਜੀ!*

ਪੌੜੀ ਵੋਟ-ਰਾਜ ਦੀ ਵਰਤ ਗਈ ਏ ਤਾਨਾਸ਼ਾਹੀ, ਲੋਕ-ਰਾਜ ਦੰਗ ਤੇ ਬੇਵੱਸ ਹੋ ਕੇ ਬਹਿ ਗਿਆ।
ਸਿਆਸਤੀ ਸਿਆਣੇ ਤੇ ਸਕਾਲਰਾਂ ਦੇ ਹੁੰਦੇ-ਸੁੰਦੇ, ਸੈਕੂਲਰ ਸੋਚ ਤਾਂਈਂ 'ਨਾਗ-ਵਲ' ਪੈ ਗਿਆ।
ਵੱਜਦਾ ਨਗਾੜਾ ਐਸਾ 'ਰਾਸ਼ਟਰਵਾਦ' ਵਾਲਾ, ਕਰੇ ਜੇ ਸਵਾਲ ਕੋਈ 'ਤੂਤੀ' ਬਣ ਰਹਿ ਗਿਆ।
ਦਿਸੇ ਛੁਟਕਾਰੇ ਦੀ ਸੰਭਾਵਨਾ ਨਾ ਹਾਲੇ ਕੋਈ, ਤਬਕਾ ਵਿਰੋਧੀ ਡਰ ਸਹੇ ਵਾਂਗੂੰ ਛਹਿ ਗਿਆ।
ਦੇਖਿਆ ਹਸ਼ਰ ਮਾੜਾ ਵਾਅਦੇ ਸਮਝੌਤਿਆਂ ਦਾ, ਜਿਹਦੇ ਹੱਥ ਲਾਠੀ ਓਹੀਓ ਮੱਝ ਖੋਲ੍ਹ ਲੈ ਗਿਆ।
ਤਕੜੇ ਦਾ ਸੱਤੀਂ ਵੀਹੀਂ ਸੌ ਹੀ ਨਹੀਂ ਹਜਾਰ ਹੁੰਦਾ, ਟੁੱਟਦਾ ਭਰਮ ਘੱਟ-ਗਿਣਤੀਆਂ ਦਾ ਕਹਿ ਗਿਆ!

# ਕਸ਼ਮੀਰ: ਵਤਨ ਕੀ ਫਿਕਰ ਕਰ ਨਾਦਾਂ!

*ਮੋਦੀ ਸਰਕਾਰ ਦੇ ਜੰਮੂ ਕਸ਼ਮੀਰ ਬਾਰੇ ਫੈਸਲੇ ਨੇ ਭਾਰਤ ਦੀ ਸਮੁੱਚੀ ਸਿਆਸਤ ਹੀ ਨਹੀਂ, ਕੌਮਾਂਤਰੀ ਸਿਆਸਤ ਵਿਚ ਵੀ ਹਲਚਲ ਮਚਾਈ ਹੈ। ਉਂਜ ਵੀ ਇਸ ਮਸਲੇ ਦੀਆਂ ਇਕ ਨਹੀਂ, ਅਨੇਕ ਪਰਤਾਂ ਹਨ ਜਿਨ੍ਹਾਂ ਬਾਰੇ ਵੱਖ-ਵੱਖ ਪੱਖਾਂ ਤੋਂ ਚਰਚਾ ਚੱਲ ਰਹੀ ਹੈ। ਡਾ. ਕੁਲਦੀਪ ਕੌਰ ਨੇ ਇਸ ਫੈਸਲੇ ਦੇ ਪਿਛੋਕੜ ਦੀ ਪੁਣਛਾਣ ਕਰਦਿਆਂ ਮੋਦੀ ਅਤੇ ਉਸ ਦੇ ਜੋਟੀਦਾਰਾਂ ਦੀ ਸਿਆਸਤ ਤੇ ਕਾਰੋਬਾਰੀ ਪਹਿਲਕਦਮੀਆਂ ਦੀ ਨਿਸ਼ਾਨਦੇਹੀ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਸਾਲ 2013 ਵਿਚ ਉਤਰਾਖੰਡ ਵਿਚ ਆਏ ਭਿਅੰਕਰ ਹੜ੍ਹਾਂ ਦੀ ਤਰਾਸਦੀ ਨੂੰ ਬਹੁਤੇ ਟੱਬਰ ਅਜੇ ਵੀ ਆਪਣੇ ਪਿੰਡਿਆਂ 'ਤੇ ਹੰਢਾ ਰਹੇ ਹਨ। ਤਰਾਸਦੀ ਦਾ ਦਰਦਨਾਕ ਪਹਿਲੂ ਇਹ ਸੀ ਕਿ ਇਹ ਕਿਸੇ ਕੁਦਰਤ ਜਾਂ ਰੱਬ ਰੂਪੀ ਸ਼ੈਅ ਦੀ ਘੱਲੀ ਆਫਤ ਹੋਣ ਦੀ ਬਜਾਏ ਪ੍ਰਾਈਵੇਟ ਕਾਰੋਬਾਰੀਆਂ ਅਤੇ ਮੁਨਾਫਾਖੋਰ ਵਪਾਰੀਆਂ ਦੁਆਰਾ ਅੰਧਾਧੁੰਦ ਕੀਤੀਆਂ ਉਸਾਰੀਆਂ, ਜੰਗਲਾਂ ਨੂੰ ਖਤਮ ਕਰਨ ਅਤੇ ਉਸ ਖਿੱਤੇ ਦੇ ਜਲਵਾਯੂ-ਚੱਕਰ ਦੇ ਉਲਟ-ਦਿਸ਼ਾਵੀ ਚੱਲਣ ਦਾ ਨਤੀਜਾ ਸੀ।

ਅੱਜ 2019 ਵਿਚ ਵੀ ਉਥੇ ਮੰਦਾਕਿਨੀ, ਭਾਗੀਰਥੀ ਅਤੇ ਅਲਕਨੰਦਾ ਨਦੀਆਂ 'ਤੇ ਪੁਲ ਬਣਨੇ ਬੰਦ ਨਹੀਂ ਹੋਏ। ਇਥੋਂ ਤੱਕ ਕਿ ਅਪਰੈਲ 2014 ਵਿਚ ਸੁਪਰੀਮ ਕੋਰਟ ਨੂੰ ਖਾਸ ਹੁਕਮ ਰਾਹੀਂ ਇਹ ਤਾੜਨਾ ਕਰਨੀ



**ਡਾ. ਕੁਲਦੀਪ ਕੌਰ**
ਫੋਨ: +91-98554-04330

ਪਈ ਕਿ ਇਸ ਸੰਵੇਦਨਸ਼ੀਲ ਤੇ ਵਾਤਾਵਰਨ ਪੱਖੋਂ ਨਾਜ਼ੁਕ ਖਿੱਤੇ ਵਿਚ ਚਲ ਰਹੇ 23 ਹਾਈਡਰੋਪਾਵਰ ਪ੍ਰੋਜੈਕਟਾਂ ਨੂੰ ਫੌਰੀ ਤੌਰ 'ਤੇ ਬੰਦ ਕੀਤਾ ਜਾਵੇ। ਉਸ ਖਿੱਤੇ ਵਿਚ ਕੰਮ ਕਰ ਰਹੇ ਵਾਤਾਵਰਨ-ਪੱਖੀ ਕਾਰਕੁਨਾਂ ਅਤੇ ਵਿਗਿਆਨੀਆਂ ਦਾ ਕਹਿਣਾ ਹੈ ਕਿ 2013 ਦੇ ਹੜ੍ਹਾਂ ਦੀ ਲਪੇਟ ਵਿਚ ਆਏ ਲੋਕਾਂ ਦੇ ਮਾੜੇ ਹਾਲਾਤ ਨੂੰ ਸਮਝਣ ਅਤੇ ਸੁਧਾਰਨ ਦੀ ਥਾਂ ਸਰਕਾਰ ਦਾ ਸਾਰਾ ਧਿਆਨ ਨਵੇਂ ਨਿਵੇਸ਼ਕਾਰਾਂ ਅਤੇ ਨਵੀਆਂ ਯੋਜਨਾਵਾਂ ਨੂੰ ਹਰ ਹੀਲੇ ਵਿਧਾਨ ਸਭਾ ਤੋਂ ਪਾਸ ਕਰਵਾਉਣ ਅਤੇ ਲਾਗੂ ਕਰਵਾਉਣ 'ਤੇ ਕੇਂਦਰਿਤ ਹੈ।

ਇਹੀ ਨਹੀਂ, ਹੜ੍ਹਾਂ ਲਈ ਜ਼ਿੰਮੇਵਾਰ ਕਿਸੇ ਕੰਪਨੀ ਖਿਲਾਫ ਨਾ ਤਾਂ ਕੋਈ ਕਾਰਵਾਈ ਕੀਤੀ ਗਈ ਅਤੇ ਨਾ ਹੀ ਇਸ ਤੋਂ ਪ੍ਰਭਾਵਿਤ ਹੋਣ ਵਾਲੇ ਲੱਖਾਂ ਪਰਿਵਾਰਾਂ ਦੀ ਰੋਜ਼ੀ-ਰੋਟੀ ਬਾਰੇ ਫਿਕਰਮੰਦੀ ਹੀ ਕਿਤੇ ਮੌਜੂਦ ਹੈ। ਧਾਰਮਿਕ ਟੂਰਜ਼ਿਮ ਤੋਂ ਮਿਲਣ ਵਾਲੇ ਕਰੋੜਾਂ ਦੇ ਮੁਨਾਫੇ ਦੀ ਝਾਕ ਵਿਚ ਬੈਠਾ ਸਰਕਾਰੀ ਤੇ ਪ੍ਰਾਈਵੇਟ ਪ੍ਰਬੰਧ-ਤੰਤਰ ਉਸ ਤੇਂਦੂਆ ਜਾਲ ਨੂੰ ਬੁਣਨ ਵਿਚ ਮਸਰੂਫ ਹੈ ਜੋ ਹੜ੍ਹਾਂ ਦੀ ਸ਼ਕਲ ਵਿਚ ਪੂਰੇ ਉਤਰੀ-ਭਾਰਤ ਨੂੰ ਨਿਗਲ ਸਕਦਾ ਹੈ।

ਬਹਰਹਾਲ, ਜੰਮੂ ਕਸ਼ਮੀਰ ਵਿਚੋਂ ਧਾਰਾ 370 ਅਤੇ 35-ਏ ਹਟਾਉਣ ਪਿਛੇ ਕੰਮ ਕਰਦੀ ਸੌੜੀ ਸਿਆਸਤ ਦੀ ਅੱਖ ਸ਼ਾਇਦ ਅਜਿਹੀ ਸਿਆਸੀ ਦੂਰ-ਅੰਦੇਸ਼ੀ ਦੀ ਕਲਪਨਾ ਕਰਨ ਦੀ ਆਦੀ ਨਹੀਂ। ਮਸਲਾ ਉਦੋਂ ਹੋਰ ਵੀ ਹਾਸੋਹੀਣਾ ਬਣ ਜਾਂਦਾ ਹੈ, ਜਦੋਂ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਮੁਲਕਾਂ ਦੀ ਲੋਕਾਈ, ਜਲਵਾਯੂ ਨਾਲ ਜੁੜੇ ਮੁੱਦਿਆਂ 'ਤੇ ਸਿਰ ਨਾਲ ਸਿਰ ਜੋੜ ਕੇ ਕਿਸੇ ਸਾਂਝੇ ਹੱਲ ਦੀ ਤਲਾਸ਼ ਵੱਲ ਉਮੀਦ ਨਾਲ ਦੇਖ ਰਹੀ ਹੈ; ਐਪਰ ਭਾਰਤੀ ਗਣਰਾਜ ਮੁਲਕ ਦੇ ਸਭ ਤੋਂ ਸੰਵੇਦਨਸ਼ੀਲ ਖਿੱਤੇ ਨੂੰ ਫੌਜੀ ਪੱਖ ਤੋਂ ਖਤਰਨਾਕ ਅਤੇ ਵਾਤਾਵਰਨ ਪੱਖ ਤੋਂ ਵਪਾਰੀਕਰਨ ਦੀ ਭੇਟ ਚਾੜ੍ਹਨ ਲਈ ਤਤਪਰ ਹੈ।

ਕਸ਼ਮੀਰ ਦੇ ਮੁੱਦੇ ਬਾਰੇ ਮਹੱਤਵਪੂਰਨ ਲੇਖ ਵਿਚ ਕੌਮਾਂਤਰੀ ਜੰਗੀ ਮਸਲਿਆਂ ਦੇ ਮਾਹਿਰ ਪੱਤਰਕਾਰ ਰਾਬਰਟ ਫਿਸਕ ਦੀ ਚਿੰਤਾ ਜਾਇਜ਼ ਹੈ, ਜਦੋਂ ਉਹ ਲਿਖਦੇ ਹਨ ਕਿ ਹੁਣ ਭਾਰਤ ਦੱਖਣ-ਏਸ਼ੀਆਈ ਖਿੱਤੇ ਵਿਚ ਇਜ਼ਰਾਈਲ ਦੇ ਹਥਿਆਰਾਂ ਦੀ ਸਭ ਤੋਂ ਵੱਡੀ ਮੰਡੀ ਬਣ ਚੁੱਕਿਆ ਹੈ। ਯਹੂਦੀਵਾਦ ਅਤੇ ਹਿੰਦੂਤਵ ਦੀ ਸਿਆਸਤ ਦੀਆਂ ਚੂਲਾਂ ਧਾਰਮਿਕ ਫਿਰਕਾਪ੍ਰਸਤੀ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ। ਇਸ ਰੰਗ ਨੂੰ 'ਇਸਲਾਮੀ ਫੋਬੀਆ' ਅਤੇ 'ਦਹਿਸ਼ਤਗਰਦੀ ਖਿਲਾਫ ਜੰਗ' ਦੀਆਂ ਦੋ ਮਿਥਕ ਧਾਰਨਾਵਾਂ ਨੇ ਕਈ ਗੁਣਾ ਜ਼ਰਬ ਦਿੱਤੀ ਹੈ ਅਤੇ ਉਤਰੀ-ਦੱਖਣੀ ਖੇਮਿਆਂ ਦੀ ਧਰੁਵੀਕਰਨ ਦੀ ਪ੍ਰਕਿਰਿਆ ਨੂੰ ਤਿਖੇਰਾ ਕੀਤਾ ਹੈ।

ਇਥੇ ਇਹ ਤੱਥ ਬਹੁਤ ਮਹੱਤਵਪੂਰਨ ਹੈ ਕਿ ਭਾਰਤ ਨਾਲ ਹਥਿਆਰ, ਸਿਖਲਾਈ ਅਤੇ ਸੈਨਿਕ ਨੀਤੀਆਂ ਦੀਆਂ 'ਜਾਇਜ਼' ਸੰਧੀਆਂ ਤੋਂ ਬਿਨਾ ਇਜ਼ਰਾਈਲ 'ਨਾਜਾਇਜ਼' ਤੌਰ 'ਤੇ ਮਿਆਂਮਾਰ ਸਰਕਾਰ ਨੂੰ ਰੋਹਿੰਗੀਆ ਮੁਸਲਮਾਨਾਂ ਖਿਲਾਫ ਹਥਿਆਰ ਅਤੇ ਲੋੜੀਂਦੀ ਇਮਦਾਦ ਲਗਾਤਾਰ ਜਾਰੀ ਰੱਖ ਰਿਹਾ ਸੀ। ਸ਼ਾਇਦ ਨਸਲਘਾਤ ਦਾ ਉਹ ਤਜਰਬਾ 'ਸਫਲ' ਵੀ ਹੋ ਚੁੱਕਾ ਹੈ। ਅਖਬਾਰ 'ਦਿ ਗਾਰਡੀਅਨ' ਨੇ ਭਾਰਤ ਸਰਕਾਰ ਦੇ ਇਸ ਕਦਮ ਨੂੰ ਗੈਰ ਜਮਹੂਰੀ ਅਤੇ ਅਸੰਵਿਧਾਨਕ ਦਸਦਿਆਂ ਦੱਖਣ-ਏਸ਼ਿਆਈ ਖਿੱਤੇ ਅੱਗੇ ਅਮਨ ਅਤੇ ਸਥਿਰਤਾ ਦੇ ਮੱਦੇਨਜ਼ਰ ਭਵਿਖੀ ਚੁਣੌਤੀਆਂ ਸਬੰਧੀ ਤਾੜਨਾ ਕੀਤੀ ਹੈ। ਇਸ ਤਾੜਨਾ ਪਿੱਛੇ ਕੰਮ ਕਰਦੇ ਤਰਕਾਂ ਨੂੰ ਸਮਝਣ ਦੀ ਲੋੜ ਹੈ। 2018 ਨੂੰ ਕਸ਼ਮੀਰ ਲਈ ਲਿਟਮਿਸ ਟੈਸਟ ਦਾ ਵਰ੍ਹਾ ਦਸਦਿਆਂ ਅਖਬਾਰ ਲਿਖਦਾ ਹੈ ਕਿ ਪਿਛਲੇ ਦਸ ਸਾਲਾਂ ਦਾ ਇਹ ਸਭ ਤੋਂ ਖੂਨੀ ਵਰ੍ਹਾ ਸੀ, ਨਾ ਸਿਰਫ ਝੜਪਾਂ ਅਤੇ ਫੌਜੀ ਕਾਰਵਾਈਆਂ ਵਿਚ ਗਵਾਈਆਂ ਕੀਮਤੀ ਜਾਨਾਂ ਦੇ ਪੱਖ ਤੋਂ, ਸਗੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਨਿਆਂਇਕ ਕਦਮਾਂ ਦੀ ਸੁਸਤੀ ਦੇ ਪੱਖਾਂ ਤੋਂ ਵੀ ਇਹ ਵਰ੍ਹਾ ਕਸ਼ਮੀਰੀਆਂ ਲਈ ਮੰਦਭਾਗਾ ਰਿਹਾ।

ਅਸਲ ਵਿਚ ਤਾਂ ਕਸ਼ਮੀਰ ਲਈ ਹਰ ਵਰ੍ਹਾ ਹੀ ਨਵੀਆਂ ਚੁਣੌਤੀਆਂ ਦਾ ਵਰ੍ਹਾ ਰਿਹਾ ਹੈ ਜਿਸ ਦੌਰਾਨ ਕਸ਼ਮੀਰੀਆਂ ਨੇ ਠਰੰਮੇ ਅਤੇ ਸਦਭਾਵਨਾ ਨਾਲ ਸੰਵਾਦ ਦੇ ਵੱਖ-ਵੱਖ ਮਾਧਿਅਮ ਖੁੱਲ੍ਹੇ ਰੱਖੇ ਹਨ। ਪਿਛਲੇ ਸਾਲਾਂ ਵਿਚ ਉਨ੍ਹਾਂ ਨੇ ਵੱਖਵਾਦੀਆਂ 'ਤੇ ਤਿੱਖੇ ਸਵਾਲਾਂ ਦੀ ਵਰਖਾ ਕੀਤੀ ਹੈ, ਆਪਣੀਆਂ ਸਿਆਸੀ ਪਾਰਟੀਆਂ ਦੁਆਰਾ ਮੁੱਦਿਆਂ ਨੂੰ ਢੁਕਵੇਂ ਢੰਗ ਨਾਲ ਨਾ ਨਜਿੱਠਣ ਲਈ ਨਿੰਦਿਆ ਹੈ। ਭਾਰਤ ਦੇ ਤਕਰੀਬਨ ਸਾਰੇ ਭਾਗਾਂ ਵਿਚ ਆਪਣੇ ਬਾਰੇ ਬਣੀਆਂ ਮਿੱਥਾਂ, ਬੇਵਸਾਹੀ ਅਤੇ ਸੰਸਿਆਂ ਨੂੰ ਝੱਲਿਆ ਅਤੇ ਭੋਗਿਆ ਹੈ।



ਇਸ ਦੇ ਬਾਵਜੂਦ 5 ਅਗਸਤ 2019 ਨੂੰ ਜਿਸ ਤਰ੍ਹਾਂ ਕਸ਼ਮੀਰ ਨੂੰ ਗੁੰਗਾ-ਬੋਲਾ ਤੇ ਅੰਨ੍ਹਾ ਕਰਕੇ ਤਿੰਨ ਹਿੱਸਿਆਂ ਵਿਚ ਵੰਡਣ ਸਿਆਸੀ ਸਾਜਿਸ਼ ਰਚੀ ਗਈ, ਉਹ ਰਾਜਨੀਤੀ ਵਿਗਿਆਨ ਦੇ ਖੇਤਰ ਵਿਚ ਵਾਪਰੀ ਜੱਗੋਂ-ਤੇਰਵੀਂ ਅਣਹੋਣੀ ਹੈ। ਇਸ ਦੇ ਨਾਲ ਹੀ ਭਾਰਤ ਦਾ ਧਰਮ ਨਿਰਪੱਖਤਾ ਵਾਲਾ ਅਕਸ, ਪੰਚਸ਼ੀਲ ਸਿਧਾਂਤ ਅਤੇ ਦੱਖਣੀ ਏਸ਼ਿਆਈ ਮੁਲਕਾਂ ਲਈ ਵੱਡੇ ਭਰਾ ਦੀ ਭੂਮਿਕਾ ਦੀ ਦਰਦਨਾਕ ਮੌਤ ਹੋ ਗਈ। 'ਅਬ ਯਹਾਂ ਹਿੰਦੂ ਰਾਸ਼ਟਰ ਬਨੇਗਾ' ਦੇ ਕੰਨ-ਪਾੜੂ ਨਾਅਰਿਆਂ ਤੇ ਭੱਦਾ ਨਾਚ ਨਚਦੀਆਂ ਭਾਰਤੀ ਬੇਰੁਜ਼ਗਾਰਾਂ ਦੀਆਂ ਅੱਧ-ਪੜ੍ਹੀਆਂ ਭੀੜਾਂ ਨੇ ਭਾਰਤੀ ਜਮਹੂਰੀਅਤ ਦਾ ਲਬਾਦਾ ਲੀਰੋ-ਲੀਰ ਕਰ ਦਿੱਤਾ, ਬਿਨਾ ਇਸ ਤੱਥ ਦੀ ਪ੍ਰਵਾਹ ਕੀਤਿਆਂ ਕਿ ਇਸ ਨਾਲ ਉਨ੍ਹਾਂ ਦਾ ਵਿਚਾਰਧਾਰਕ ਨੰਗੇਜ ਹੀ ਪ੍ਰਗਟ ਹੋਇਆ ਹੈ। ਇਸ ਨੂੰ ਨਾ ਤਾਂ ਕਿਸੇ ਪੱਖੋਂ ਭਾਰਤੀ ਸੰਵਿਧਾਨ ਵਿਵਸਥਾ ਨਾਲ ਵਾਬਸਤਾ ਅਤੇ ਨਾ ਹੀ ਕਿਸੇ ਵੀ ਪੱਧਰ ਤੇ ਜਨਮਤ ਦੇ ਆਧਾਰ 'ਤੇ ਕੀਤਾ ਫੈਸਲਾ ਮੰਨਿਆ ਜਾ ਸਕਦਾ ਹੈ। ਇਹ ਦਰਅਸਲ ਕਸ਼ਮੀਰੀਅਤ ਨੂੰ ਖਾਰਜ ਕਰਕੇ ਆਰ.ਐਸ.ਐਸ. ਦੇ ਮੂਲਵਾਦੀ ਤੇ ਬ੍ਰਾਹਮਣਵਾਦੀ ਏਜੰਡੇ ਨੂੰ ਕਾਰਪੋਰੇਟ ਘਰਾਣਿਆਂ, ਫੌਜੀ ਸਮਰੱਥਾ ਅਤੇ ਵੋਟਾਂ ਦੇ ਦਮ 'ਤੇ ਖੜ੍ਹੀ ਕੀਤੀ ਬਹੁਮਤ ਦੇ ਜੁਗਾੜ ਦੁਆਰਾ ਚੁਕਿਆ ਗਿਆ ਕਦਮ ਹੈ ਜਿਸ ਦਾ ਨਾਗਰਿਕਾਂ ਦੇ ਮੂਲ ਅਧਿਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੀ ਹਰ ਧਾਰਾ ਨਾਲ ਸਿੱਧਾ ਟਕਰਾਉ ਹੈ।

ਕਸ਼ਮੀਰ ਦੀ ਵੰਡ ਦਾ ਆਧਾਰ 370 ਧਾਰਾ ਕਾਰਨ ਹੋਏ 'ਲੰਗੜੇ ਵਿਕਾਸ' ਨੂੰ ਦੱਸਿਆ ਗਿਆ ਹੈ ਜਿਸ ਬਾਰੇ ਪੇਸ਼ ਕੀਤੇ ਤੱਥ ਸਦਾ ਵਾਂਗ ਮੋਦੀ ਦੀ ਪ੍ਰਾਪੋਗੰਡਾ ਮਾਡਲ ਦੀਆਂ ਚੂਲਾਂ ਵਿਚ ਪਏ ਝੂਠਾਂ, ਅਰਧ ਸੱਚਾਂ ਅਤੇ ਵਿਸੰਗਤੀਆਂ ਦੀ ਵਿਆਖਿਆ ਕਰਦੇ ਹਨ। 370 ਧਾਰਾ ਹਟਾਉਣ ਤੋਂ ਬਾਅਦ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟਰਸ ਨੇ ਆਪਣੀ ਕੂਟਨੀਤਕ ਸਥਿਤੀ ਸਪਸ਼ਟ ਕਰਦਿਆਂ ਕਿਹਾ ਕਿ ਇਸ ਮੁੱਦੇ 'ਤੇ ਯੂ.ਐਨ. ਚਾਰਟਰ ਦੀ ਯਥਾ-ਸਥਿਤੀ ਅਤੇ ਸੁਰੱਖਿਆ ਕੌਂਸਲ ਦੀਆਂ ਧਾਰਾਵਾਂ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਤੋਂ ਇਲਾਵਾ ਦੋਵਾਂ ਮੁਲਕਾਂ ਕੋਲ ਪਰਮਾਣੂ ਹਥਿਆਰ ਹੋਣ ਕਾਰਨ ਇਹ ਸਾਂਝੀ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਇਕ ਦੂਜੇ ਖਿਲਾਫ ਤੋਪਾਂ ਬੀੜਨ ਤੋਂ ਸਖਤ ਗੁਰੇਜ਼ ਕਰਨ।

ਇਸੇ ਸਬੰਧ ਵਿਚ ਅਫਗਾਨਿਸਤਾਨ ਦੇ ਤਾਲਿਬਾਨ ਗੁਰੀਲਿਆਂ ਦਾ ਬਿਆਨ ਸਭ ਤੋਂ ਹੈਰਾਨ ਕਰਨ ਵਾਲਾ ਹੈ। ਉਨ੍ਹਾਂ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਦੋਵਾਂ ਮੁਲਕਾਂ ਨੂੰ ਤਰਜੀਹੀ ਤੌਰ ਤੇ ਅੰਤਰ-ਸੰਵਾਦ ਕਰਨ ਲਈ ਪ੍ਰੇਰਦਿਆਂ ਹਿੰਸਾਤਮਕ ਪ੍ਰਤੀਕਿਰਿਆ ਅਤੇ ਆਪਸੀ ਟਕਰਾਉ ਤੋਂ ਬਚਣ ਦੀ ਅਪੀਲ ਕੀਤੀ ਹੈ। ਵੈਸੇ ਦਿਲਚਸਪ ਤੱਥ ਇਹ ਹੈ ਕਿ ਅੱਜ ਕੱਲ੍ਹ ਤਾਲਿਬਾਨ 'ਚੋਂ ਉਸ ਦਾ ਨਜ਼ਦੀਕੀ ਯਾਰ ਅਮਰੀਕਾ ਬੋਲ ਰਿਹਾ ਹੈ। ਅਮਰੀਕਾ ਲਈ ਦੱਖਣ-ਏਸ਼ਿਆਈ ਖਿੱਤੇ ਵਿਚ ਪਾਕਿਸਤਾਨ, ਅਫਗਾਨਿਸਤਾਨ, ਭਾਰਤ ਜਾਂ ਹੋਰ ਕੋਈ ਵੀ ਮੁਲਕ ਰਾਹੀਂ ਆਪਣੀ 'ਵਿਚਾਰਧਾਰਕ ਬਸਤੀਵਾਦੀ' ਧੌਂਸ ਨੂੰ ਬਰਕਰਾਰ ਰੱਖਣਾ ਸਦਾ ਹੀ ਮੁੱਖ ਏਜੰਡੇ 'ਤੇ ਰਿਹਾ ਹੈ। ਉਹ ਆਪਣੀ ਇਸ ਹਉਮੈਵਾਦੀ 'ਸਿਆਣਪ' ਤੋਂ ਟੱਸ ਤੋਂ ਮੱਸ ਹੋਣ ਲਈ ਤਿਆਰ ਨਹੀਂ।

ਕਸ਼ਮੀਰ ਵਿਚੋਂ ਧਾਰਾ 370 ਹਟਾਉਣ ਅਤੇ 35-ਏ ਖਤਮ ਕਰਨ ਬਾਰੇ ਸੰਚਾਰ-ਤੰਤਰ ਦੀ ਕਾਰਗੁਜ਼ਾਰੀ ਅਤੇ ਮੋਦੀ ਮੀਡੀਆ ਗਰੁੱਪਾਂ ਦੇ ਖੜ੍ਹੇ ਕੀਤੇ ਮਾਇਆ ਜਾਲ, ਉਰਫ ਵਿਕਾਸ ਰੂਪੀ ਸੰਜੀਵਨੀ ਬੂਟੀ ਦੀ ਹਕੀਕਤ ਨੂੰ ਜਾਣਨਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ ਮੁੱਦੇ 'ਤੇ ਸਾਰੇ ਬਿਆਨ ਰਾਸ਼ਟਰਵਾਦੀ ਉਪਭਾਵਕਤਾ ਦੀਆਂ ਚੋਣਵੀਆਂ ਮਿਸਾਲਾਂ ਹਨ; ਮਸਲਨ, ਗ੍ਰਹਿ ਮੰਤਰੀ ਦੇ ਭਾਸ਼ਨ ਦੇ ਸ਼ਬਦਾਂ ਨੂੰ ਦੇਖੋ। ਇਹ ਚੁਸਤ ਕਾਰੋਬਾਰੀ/ਵਪਾਰੀ ਦੀ ਭਾਸ਼ਾ ਹੈ, ਕਿਸੇ ਜਮਹੂਰੀਅਤ ਨੂੰ ਪ੍ਰਣਾਏ ਮੁਲਕ ਦੇ ਨੇਤਾ ਦੀ ਭਾਸ਼ਾ ਨਹੀਂ। ਜਿਸ 'ਵਿਕਾਸ' ਰੂਪੀ ਜਿੰਨ ਨੂੰ ਉਹ ਵਾਰ-ਵਾਰ ਭਾਰਤੀ ਲੋਕਾਈ ਦੇ ਬ੍ਰਾਹਮਣਵਾਦੀ ਤਬਕੇ ਅਤੇ ਚਾਪਲੂਸ ਮਿਡਲ ਕਲਾਸ ਨੂੰ ਭਰਮਾਉਣ ਲਈ ਵਰਤਦਾ ਹੈ, ਉਹ ਜਿੰਨ ਪਹਿਲਾਂ ਹੀ ਸਾਰੇ ਮੁਲਕ ਵਿਚ ਫਿਰ ਚੁੱਕਾ ਹੈ। ਟੋਟਕਿਆਂ ਅਤੇ ਜੁਮਲਿਆਂ ਨੂੰ ਦਲੀਲ ਦੀ ਥਾਂ ਵਰਤਦਾ ਗ੍ਰਹਿ ਮੰਤਰੀ 'ਅੰਕੜਿਆਂ', 'ਤੱਥਾਂ' ਅਤੇ 'ਸੰਭਾਵੀ ਯੋਜਨਾਵਾਂ' ਦੀ ਦੂਰ-ਅੰਦੇਸ਼ ਸਿਆਸਤ ਦੀਆਂ ਗੁੰਝਲਾਂ ਅਤੇ ਅੜਾਉਣੀਆਂ ਤੋਂ ਗਿਣੇ-ਮਿਥੇ ਢੰਗ ਨਾਲ ਬਚ ਨਿਕਲਦਾ ਹੈ।

ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਸ਼ਬਦਾਂ ਤੋਂ ਨਾ ਸਿਰਫ ਇਹ ਝਲਕਦਾ ਹੈ ਕਿ ਉਨ੍ਹਾਂ ਨੂੰ ਕਸ਼ਮੀਰ ਦੇ ਆਰਥਿਕ ਸ਼ੋਸ਼ਣ ਬਾਰੇ ਗਹਿਰੀ ਜਾਣਕਾਰੀ ਹੈ ਸਗੋਂ ਇਹ ਵੀ ਸਾਫ ਪਤਾ ਲੱਗਦਾ ਹੈ ਕਿ ਉਹ ਭਾਰਤ ਦੇ ਦੂਜੇ ਰਾਜਾਂ ਵਿਚ ਵਸਦੀ

*(ਬਾਕੀ ਅਗਲੇ ਸਫੇ 'ਤੇ)*

# ਕਸ਼ਮੀਰ ਬਾਰੇ ਲਿਖਣ ਤੋਂ ਗੁਰੇਜ਼ ਕਰਦਿਆਂ...

*ਜੰਮੂ ਕਸ਼ਮੀਰ ਦੇ ਸੁਹਾਗਾ-ਫੇਰੂ ਫੈਸਲੇ ਨੇ ਭਾਰਤ ਦੀ ਸਿਆਸਤ ਵਿਚ ਵੱਡੀ ਉਥਲ-ਪੁਥਲ ਲਿਆਂਦੀ ਹੈ। ਬਹੁਤ ਸਾਰੇ ਲੇਖਕਾਂ-ਪੱਤਰਕਾਰਾਂ ਨੇ ਸਪਸ਼ਟ ਰੂਪ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਰ. ਐਸ. ਐਸ. ਦੇ ਇਸ ਤਾਨਾਸ਼ਾਹੀ ਰਵੱਈਏ ਦੀ ਸ਼ਨਾਖਤ ਕਰਦਿਆਂ ਇਸ ਮਸਲੇ ਬਾਰੇ ਚਰਚਾ ਕੀਤੀ ਹੈ ਅਤੇ ਕਈ ਖਾਮੋਸ਼ ਵੀ ਹੋ ਗਏ ਹਨ। ਪੱਤਰਕਾਰ ਐਸ. ਪੀ. ਸਿੰਘ ਨੇ ਰਵਾਂਡਾ ਦੇ ਹਾਲਾਤ ਦੀ ਚਰਚਾ ਕਰਦਿਆਂ ਇਸ ਮਸਲੇ ਬਾਰੇ ਇਹ ਟਿੱਪਣੀ ਕੀਤੀ ਹੈ। ਇਸ ਲੇਖ ਦੀਆਂ ਰਮਜ਼ਾਂ ਬੜੀਆਂ ਗੁੱਝੀਆਂ ਅਤੇ ਅਰਥ ਬਹੁਤ ਗਹਿਰੇ ਹਨ। -ਸੰਪਾਦਕ*

ਸਵੇਰੇ ਸਵੇਰੇ ਦਫਤਰ ਜਾ ਕੇ ਮੈਂ ਕੰਪਿਊਟਰ ਖੋਲ੍ਹ ਕੇ ਬਹਿ ਜਾਂਦਾ ਅਤੇ ਖਬਰਾਂ ਪੜ੍ਹਨ ਲੱਗਦਾ। ਹਰ ਨਵੀਂ ਖਬਰ ਪੜ੍ਹਨ ਤੋਂ ਡਰ ਲੱਗਦਾ। ਪੂਰੇ ਮੁਲਕ ਵਿਚ ਖਾਸ ਪਛਾਣ ਵਾਲੇ ਆਮ ਲੋਕ ਕਿਰਚਾਂ, ਕੁਹਾੜੇ, ਛਵ੍ਹੀਆਂ, ਦਾਤੀਆਂ ਲੈ ਦੂਜੀ ਪਛਾਣ ਵਾਲੇ ਆਪਣੇ ਗੁਆਂਢੀਆਂ ਨੂੰ ਕਾਕਰੋਚ ਕਹਿ ਕੇ ਕਤਲ ਕਰ ਰਹੇ ਸਨ। ਮੇਰਾ ਚਿੱਤ ਕਰਦਾ ਸੀ, ਚੀਕਾਂ ਮਾਰ ਕੇ ਸਭ ਨੂੰ ਦੱਸਾਂ ਕਿ ਕੀ ਹੋ ਰਿਹਾ ਹੈ ਪਰ ਮੇਰੀ ਡਿਊਟੀ ਕੁਝ ਹੋਰ ਸੀ। ਬੰਗਲਾ ਸਾਹਿਬ ਗੁਰਦੁਆਰਾ ਮੇਰੇ ਦਫਤਰ ਤੋਂ ਦਸ ਮਿੰਟਾਂ ਦੀ ਵਾਟ 'ਤੇ ਸੀ। ਦੇਰ ਰਾਤ ਮੈਂ ਉਹਦੇ ਸਰੋਵਰ ਕੰਢੇ ਕੁਝ ਦੇਰ ਬੈਠ ਜਾਂਦਾ, ਫਿਰ ਉਠ ਘਰ ਨੂੰ ਚਲਾ ਜਾਂਦਾ। ਇੱਕ ਦਿਨ ਕਾਫੀ ਸਾਰੀਆਂ ਖਬਰਾਂ ਤੋਂ ਪੰਜਾਬੀ ਵਿਚ ਸਾਂਝਾ ਮਜ਼ਮੂਨ ਤਿਆਰ ਕੀਤਾ, ਅੰਦਰ ਮੱਥਾ ਟੇਕ ਕੇ ਤਹਿ ਕੀਤੇ ਕਾਗਜ਼ ਗੋਲਕ ਵਿਚ ਪਾ ਆਇਆ। ਅਜੇ ਇੰਟਰਨੈਟ ਨਹੀਂ



**ਐਸ. ਪੀ. ਸਿੰਘ**

ਸੀ ਆਇਆ ਅਤੇ ਗਿਣਤੀ ਦੀਆਂ ਚੰਦ ਵੱਡੀਆਂ ਅਖਬਾਰਾਂ ਦੇ ਗਿਣਤੀ ਦੇ ਹੀ ਕੁਝ ਮੁਲਕਾਂ 'ਚ ਨਾਮਾਨਿਗਾਰ ਹੁੰਦੇ ਸਨ। ਬਾਕੀ ਸਾਰਾ ਦੇਸ਼ ਦੁਨੀਆ ਭਰ ਦੀਆਂ ਖਬਰਾਂ ਲਈ ਕੌਮਾਂਤਰੀ ਖਬਰ ਏਜੰਸੀਆਂ 'ਤੇ ਨਿਰਭਰ ਕਰਦਾ ਸੀ ਪਰ ਇਹ ਅਦਾਰੇ ਸਿੱਧੇ ਤੌਰ ਉਤੇ ਭਾਰਤੀ ਮੀਡੀਆ ਨੂੰ ਖਬਰਾਂ ਮੁਹੱਈਆ ਨਹੀਂ ਸਨ ਕਰਵਾ ਸਕਦੇ। ਏ.ਪੀ. ਦੀਆਂ ਖਬਰਾਂ ਯੂ.ਐਨ.ਆਈ. ਖਬਰ ਏਜੰਸੀ ਦੀ ਮਾਰਫਤ ਆਉਂਦੀਆਂ ਸਨ ਅਤੇ ਏ.ਐਫ.ਪੀ. ਤੇ ਰਾਇਟਰਜ਼ ਦੀਆਂ ਸਾਰੀਆਂ ਖਬਰਾਂ ਪੀ.ਟੀ.ਆਈ. ਖਬਰ ਏਜੰਸੀ ਰਾਹੀਂ ਅਖਬਾਰਾਂ ਅਤੇ ਫਿਰ ਪਾਠਕਾਂ ਨੂੰ ਮੁਹੱਈਆ ਹੁੰਦੀਆਂ ਸਨ।

ਵਿਦੇਸ਼ੀ ਖਬਰ ਏਜੰਸੀ ਦੀਆਂ ਹਜ਼ਾਰਾਂ ਖਬਰਾਂ ਹਰ ਰੋਜ਼ ਭਾਰਤੀ ਖਬਰ ਏਜੰਸੀ ਦੇ ਕੇਂਦਰੀ ਦਫਤਰ ਵਿਚ ਇਕ ਖਾਸ ਕੰਪਿਊਟਰ ਵਿਚ ਲਗਾਤਾਰ ਮਿਲਦੀਆਂ ਰਹਿੰਦੀਆਂ ਜਿਥੇ ਉਨ੍ਹਾਂ ਵਿਚੋਂ ਭਾਰਤੀ ਪਾਠਕਾਂ ਦੀ ਦਿਲਚਸਪੀ, ਖਬਰਾਂ ਦੀ ਅਹਿਮੀਅਤ ਅਤੇ ਏਜੰਸੀ ਦੇ ਸੰਪਾਦਕੀ ਨੀਤੀ-ਨਿਰਦੇਸ਼ਾਂ ਨੂੰ ਧਿਆਨ ਵਿਚ ਰੱਖਦਿਆਂ ਕੁਝ ਖਬਰਾਂ ਦੀ ਚੋਣ ਕੀਤੀ ਜਾਂਦੀ ਅਤੇ ਉਹ ਅਗਾਂਹ ਦੇਸ਼ ਦੀਆਂ ਅਖਬਾਰਾਂ, ਰੇਡੀਓ ਅਤੇ ਟੀ.ਵੀ. ਸਟੂਡੀਓਜ਼ ਨੂੰ ਭੇਜ ਦਿੱਤੀਆਂ ਜਾਂਦੀਆਂ। ਕੌਮਾਂਤਰੀ ਖਬਰ ਏਜੰਸੀਆਂ ਵਲੋਂ ਨਸ਼ਰ ਕੀਤੀਆਂ ਖਬਰਾਂ ਦਾ ਬੜਾ ਛੋਟਾ ਜਿਹਾ ਹਿੱਸਾ ਹੀ ਭਾਰਤੀ ਮੀਡੀਆ ਨੂੰ ਉਪਲੱਬਧ ਹੁੰਦਾ ਪਰ ਓਨੀਆਂ ਕੁ ਖਬਰਾਂ ਵੀ ਬਹੁਤੇ ਵਿਸਥਾਰ ਨਾਲ ਨਹੀਂ ਛਪਦੀਆਂ। ਕੌਮਾਂਤਰੀ ਖਬਰਾਂ ਬਾਰੇ ਉਪਰਾਮਤਾ ਵਾਲਾ ਇਹ ਵਰਤਾਰਾ ਅਜੇ ਵੀ ਜਾਰੀ ਹੈ।

ਮੇਰੀ ਡਿਊਟੀ ਖਬਰ ਏਜੰਸੀ ਵਿਚ ਕੌਮਾਂਤਰੀ ਖਬਰਾਂ ਦੇ ਉਸ ਨਿਰੰਤਰ ਧਾਰਾ-ਪ੍ਰਵਾਹ ਵਿਚੋਂ ਚੋਣਵੀਆਂ ਖਬਰਾਂ ਦੀ ਨਿਸ਼ਾਨਦੇਹੀ ਕਰਨ ਅਤੇ ਉਨ੍ਹਾਂ ਦੀ ਕਾਂਟ-ਛਾਂਟ ਕਰਕੇ ਉਨ੍ਹਾਂ ਨੂੰ ਅਖਬਾਰਾਂ ਨੂੰ ਭੇਜਣਾ ਯਕੀਨੀ ਬਣਾਉਣ ਦੀ ਸੀ। ਇਹਨੂੰ ਕੌਮੀ ਖਬਰ ਏਜੰਸੀ ਦੇ ਕੌਮਾਂਤਰੀ ਡੈਸਕ 'ਤੇ ਕੰਮ ਕਰਨਾ ਕਿਹਾ ਜਾਂਦਾ ਸੀ।

ਅਖਬਾਰਾਂ ਵਿਚ ਵਿਦੇਸ਼ ਦੀਆਂ ਖਬਰਾਂ ਦੇ ਨਾਮ 'ਤੇ ਜ਼ਿਆਦਾ ਫੋਕਸ ਪਾਕਿਸਤਾਨ, ਅਮਰੀਕਾ, ਨੇੜਲੇ ਗਵਾਂਢੀ ਮੁਲਕਾਂ ਜਾਂ ਫਿਰ ਯੂਰਪ 'ਤੇ ਰਹਿੰਦਾ। ਹਾਂ, ਜੇ ਨੈਲਸਨ ਮੰਡੇਲਾ ਦਾ ਜ਼ਿਕਰ ਹੁੰਦਾ ਤਾਂ ਦੱਖਣੀ ਅਫਰੀਕਾ ਦੀ ਖਬਰ ਵੀ ਛਪ ਜਾਂਦੀ ਸੀ। 1993 ਤੱਕ ਰਵਾਂਡਾ ਨਾ ਤਿੰਨਾਂ 'ਚ ਤੇ ਨਾ ਤੇਰ੍ਹਾਂ 'ਚ ਸੀ। ਇਸ ਲਈ ਭਾਣਾ ਵਾਪਰਨ ਤੋਂ ਪਹਿਲਾਂ ਵਾਲੇ ਵਰਤਾਰੇ ਬਾਰੇ ਬਹੁਤਾ ਕੁਝ ਨਹੀਂ ਸੀ ਛਪ ਰਿਹਾ। ਫਿਰ 1994 ਦਾ ਅਪਰੈਲ ਮਹੀਨਾ ਚੜ੍ਹਿਆ। ਹਰ ਰੋਜ਼ ਦਰਜਨਾਂ ਖਬਰਾਂ ਉਨ੍ਹਾਂ ਕਹਾਣੀਆਂ ਵਰਗੀਆਂ ਆ ਰਹੀਆਂ ਸਨ ਜਿਹੜੀਆਂ ਮੈਂ ਬਚਪਨ ਵਿਚ ਨਾ ਜਾਣੇ ਕਿੰਨੀ ਵਾਰੀ ਆਪਣੇ ਮਾਂ ਪਿਓ ਤੋਂ ਸੁਣੀਆਂ ਸਨ। ਕਿਵੇਂ ਪਰਿਵਾਰ ਵਾਹੋਦਾਹੀ ਗੱਠੜੀਆਂ ਬੰਨ੍ਹ ਕੇ ਭੱਜ ਤੁਰੇ ਸਨ, ਕਿਵੇਂ ਛਵ੍ਹੀਆਂ ਨਾਲ ਲੈਸ ਭੀੜਾਂ ਇਕ ਦੂਜੇ ਦੇ ਖੂਨ ਦੀਆਂ ਪਿਆਸੀਆਂ ਘੁੰਮ ਰਹੀਆਂ ਸਨ, ਕਿਵੇਂ ਕਨਸੋਆਂ ਮਿਲਦੀਆਂ ਕਿ ਫਲਾਣੇ ਪਿੰਡ ਫਲਾਣਿਆਂ ਨੇ ਏਨੇ ਮਾਰ ਦਿੱਤੇ ਨੇ, ਜ਼ਨਾਨੀਆਂ ਖੂਹ ਵਿਚ ਛਾਲਾਂ ਮਾਰ ਗਈਆਂ ਨੇ।

6 ਅਪਰੈਲ 1994 ਨੂੰ ਜਦੋਂ ਰਵਾਂਡਾ ਦੇ ਰਾਸ਼ਟਰਪਤੀ ਦਾ ਜਹਾਜ਼ ਮਿਜ਼ਾਈਲ ਨਾਲ ਉਡਾ ਦਿੱਤਾ ਗਿਆ ਤਾਂ ਇਹ ਸਾਫ ਸੀ ਕਿ ਅਗਾਂਹ ਕੀ ਹੋਵੇਗਾ। ਅਗਲੇ ਦਿਨ ਮੈਂ ਗੱਠੜੀ ਭਰ ਕੇ ਖਬਰਾਂ ਘਰ ਲੈ ਆਇਆ ਸਾਂ। ਫਿਰ ਹਰ ਰੋਜ਼ ਦਰਜਨਾਂ ਖਬਰਾਂ ਮੈਂ ਨਾਲ ਚੁੱਕ ਘਰ ਲਿਜਾਂਦਾ ਰਿਹਾ। ਪੜ੍ਹੀਆਂ ਨਹੀਂ ਸੀ ਜਾਂਦੀਆਂ ਅਤੇ ਨਾ ਪੜ੍ਹਨਾ ਜੁਰਮ ਜਿਹਾ ਜਾਪਦਾ ਸੀ। ਭਾਰਤੀ ਅਖਬਾਰਾਂ ਵਿਚ ਰਵਾਂਡਾ ਛਪਣ ਲੱਗ ਪਿਆ ਸੀ। ਫਿਰ ਕੁਝ ਹਫਤਿਆਂ ਬਾਅਦ ਇਹ ਖਬਰਾਂ ਵਿਚੋਂ ਬਾਹਰ ਹੋ ਗਿਆ। ਮੇਰੇ ਬਹੁਤੇ ਸਹਿਯੋਗੀਆਂ ਦੇ ਚੇਤੇ ਵਿਚ ਇਹ ਬਹੁਤਾ ਵੱਸਿਆ ਨਹੀਂ, ਕਿਉਂ ਜੋ ਉਹ ਵਿਦੇਸ਼ ਡੈਸਕ 'ਤੇ ਕੰਮ ਨਹੀਂ ਕਰਦੇ ਸਨ।

ਮੈਂ ਇਹਦੇ ਬਾਰੇ ਕਦੀ ਕਿਆਸ-ਅਰਾਈ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਸਾਡੇ ਖਿੱਤੇ ਦੇ ਕਿੰਨੇ ਕੁ ਪੱਤਰਕਾਰ ਦੁਨੀਆ ਦੇ ਨਕਸ਼ੇ ਵਿਚੋਂ ਰਵਾਂਡਾ ਝੱਟ ਲੱਭ ਲੈਣਗੇ, ਭਾਵੇਂ ਮੈਨੂੰ ਇਹ ਯਕੀਨ ਹੈ ਕਿ ਉਹ ਨਿਊ ਯਾਰਕ, ਵੈਨਕੂਵਰ ਜਾਂ ਟੋਰਾਂਟੋ ਵਰਗੇ ਸ਼ਹਿਰਾਂ ਦੀ ਨਿਸ਼ਾਨਦੇਹੀ ਆਸਾਨੀ ਨਾਲ ਕਰ ਲੈਣਗੇ। ਕਿਉਂ ਜੋ ਸਾਨੂੰ ਅਮਰੀਕਾ ਬਾਰੇ ਵਧੇਰੇ, ਅਫਰੀਕਾ ਬਾਰੇ ਘੱਟ ਖਬਰ ਪੜ੍ਹਨ ਨੂੰ ਮਿਲਦੀ ਹੈ, ਇਸ ਲਈ ਰਵਾਂਡਾ ਦੀ ਕਥਾ ਦੀ ਪ੍ਰਚੰਡਤਾ ਸਮਝਣ ਲਈ ਅਮਰੀਕਾ ਦਾ ਹੀ ਸਹਾਰਾ ਲੈ ਲੈਂਦੇ ਹਾਂ। ਅਮਰੀਕਾ ਵਿਚ ਹਰ ਕਿਸੇ ਨੂੰ ਇਹ ਬੜੀ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਨਿਊ ਯਾਰਕ ਦੇ ਟਵਿਨ ਟਾਵਰਜ਼ ਵਿਚ ਜਹਾਜ਼ ਆ ਕੇ ਵੱਜੇ ਸਨ ਤਾਂ ਉਹ ਕਿਥੇ ਸੀ, ਕੀ ਕਰ ਰਿਹਾ ਸੀ, ਕਿਸ ਨਾਲ ਗੱਲ ਕਰ ਰਿਹਾ ਸੀ, ਲਿਫਟ ਵਿਚ ਸੀ ਜਾਂ ਲਿਫਟ ਦਾ ਇੰਤਜ਼ਾਰ ਕਰ ਰਿਹਾ ਸੀ। 9/11 ਦੀ ਇਹ ਘਟਨਾ ਗੱਲ ਹੀ ਬੜੀ ਵੱਡੀ ਸੀ। ਦੁਨੀਆ ਹਿੱਲ ਗਈ ਸੀ। ਇਥੇ ਭਾਰਤ ਵਿਚ ਵੀ ਖਬਰਾਂ ਨਾਲ ਮੱਸ ਰੱਖਣ ਵਾਲਿਆਂ ਨੂੰ ਇਹ ਚੰਗੀ ਤਰ੍ਹਾਂ ਯਾਦ ਹੋਵੇਗਾ ਕਿ ਉਨ੍ਹਾਂ 9/11 ਬਾਰੇ ਖਬਰ ਕਿਥੇ ਸੁਣੀ ਸੀ, ਫਿਰ ਕਿਵੇਂ ਭੱਜ ਕੇ ਨੇੜੇ ਦੇ ਟੀ.ਵੀ. ਤੱਕ ਪਹੁੰਚੇ ਸਨ।



ਰਵਾਂਡਾ ਵਾਲੀ ਖਬਰ ਸ਼ਾਇਦ ਬਹੁਤੀ ਚੇਤੇ ਨਾ ਹੋਵੇ ਪਰ 9/11 ਵਾਲੀ ਨਾਲ ਮਾਪ ਕੇ ਦੇਖੋ। ਦਿੱਲੀ ਤੋਂ ਵੀ ਘੱਟ ਜਨਸੰਖਿਆ ਵਾਲੇ ਇਸ ਮੁਲਕ ਵਿਚ 9/11 ਵਾਲੀ ਘਟਨਾ ਵਿਚ ਮਰਨ ਵਾਲਿਆਂ ਨਾਲੋਂ ਤਿੰਨ ਗੁਣਾ ਜ਼ਿਆਦਾ ਲੋਕ ਇਕ ਦਿਨ ਵਿਚ ਕਤਲ ਹੋਏ, ਫਿਰ ਦੂਜੇ ਦਿਨ ਕਤਲ ਹੋਏ, ਫਿਰ ਤੀਜੇ ਦਿਨ, ਫਿਰ 7 ਅਪਰੈਲ 1994 ਤੋਂ ਸ਼ੁਰੂ ਹੋ ਕੇ 100 ਦਿਨਾਂ ਤੱਕ ਕਤਲੋਗਾਰਤ ਦਾ ਸਿਲਸਿਲਾ ਇਸੇ ਰਫਤਾਰ ਨਾਲ ਚੱਲਿਆ। ਇਕ ਅੰਦਾਜ਼ੇ ਮੁਤਾਬਿਕ 100 ਦਿਨਾਂ ਵਿਚ ਦਸ ਲੱਖ ਟੁਟਸੀ ਲੋਕਾਂ ਨੂੰ ਉਨ੍ਹਾਂ ਦੇ ਹੁਤੂ ਹਮਸਾਇਆਂ ਨੇ ਆਪਣੇ ਹੱਥੀਂ ਕਤਲ ਕਰ ਦਿੱਤਾ।

ਰਵਾਂਡਾ ਬੜੀ ਦੂਰ ਹੈ ਅਤੇ ਉਥੇ ਕੋਈ ਪੰਜਾਬੀ ਕਿਸੇ ਸ਼ਹਿਰ ਦਾ ਮੇਅਰ ਵੀ ਨਹੀਂ ਲੱਗਿਆ ਅਤੇ ਨਾ ਹੀ ਨਗਰ ਕੀਰਤਨ ਨਿਕਲਦਾ ਹੈ, ਨਾ ਕੋਈ ਬਹੁਤੇ ਪਰਵਾਸੀ ਭਾਰਤੀ ਸਾਹਿਤ ਸੰਮੇਲਨ ਹੁੰਦੇ ਹਨ। ਇਸ ਲਈ ਦਸ ਲੱਖ ਲਾਸ਼ਾਂ ਅੰਕੜਾ ਜਿਹਾ ਜਾਪ ਸਕਦੀਆਂ ਹਨ। ਮੇਰੇ ਨਾਲ ਵੀ ਸ਼ਾਇਦ ਇੰਜ ਹੀ ਹੁੰਦਾ ਪਰ ਮੁਸ਼ਕਿਲ ਇਹ ਸੀ ਕਿ ਉਸ ਕੰਪਿਊਟਰ ਅੱਗੇ ਬੈਠਾ ਮੈਂ ਹਰ ਰੋਜ਼ ਅਜਿਹੀਆਂ ਦਰਜਨਾਂ ਖਬਰਾਂ ਪੜ੍ਹ ਰਿਹਾ ਸਾਂ ਜਿਨ੍ਹਾਂ ਨੂੰ ਦੁਬਾਰਾ ਪੜ੍ਹਨ ਲੱਗਿਆਂ ਚੌਥਾਈ ਸਦੀ ਬਾਅਦ ਵੀ ਮੇਰਾ ਤ੍ਰਾਹ ਨਿਕਲ ਜਾਂਦਾ ਏ।

ਬਹੁਤ ਸਾਰੀਆਂ ਖਬਰਾਂ ਵਿਚ ਜ਼ਿਕਰ ਆਉਂਦਾ ਕਿ ਰਵਾਂਡਾ ਦੇ ਆਰ.ਟੀ.ਐਲ.ਐਮ ਰੇਡੀਓ ਸਟੇਸ਼ਨ ਤੋਂ ਐਲਾਨ ਕੀਤਾ ਜਾ ਰਿਹਾ ਹੈ ਕਿ 'ਉਪਰੋਂ" ਹੁਕਮ ਆਇਆ ਹੈ- ਸਾਰੇ ਸੱਪ, ਸਪੋਲੀਏ ਅਤੇ ਕਾਕਰੋਚ ਮਾਰ ਦਿੱਤੇ ਜਾਣ: "ਝਾੜੀਆਂ ਵਿਚ ਦੇਖੋ, ਦਲਦਲਾਂ ਵਾਲੇ ਪਾਸੇ ਧਿਆਨ ਦਿਓ। ਜਿਥੇ ਕਿਤੇ ਵੀ ਟੁਟਸੀ ਦਿਸੇ, ਮਾਰ ਦਿਉ। ਰਹਿਮ ਨਾ ਕਰਨਾ।"

ਹੁਤੂ ਅਤੇ ਟੁਟਸੀ ਸਭ ਬੜੇ ਧਿਆਨ ਨਾਲ ਰੇਡੀਓ ਸੁਣਦੇ। ਰੇਡੀਓ 'ਤੇ 'ਗੱਦਾਰਾਂ' ਦੀਆਂ ਸੂਚੀਆਂ ਪੜ੍ਹੀਆਂ ਜਾਂਦੀਆਂ। ਆਪਣਾ ਨਾਮ ਸੁਣਦੇ ਹੀ 'ਗੱਦਾਰ' ਬਾਹਰ ਗਲੀ ਵਿਚ ਭੱਜ ਨਿਕਲਦਾ ਪਰ ਗਵਾਂਢੀ ਹੁਤੂ ਘਰਾਂ ਵਿਚ ਵੀ ਤਾਂ ਰੇਡੀਓ ਸੀ। ਛਵ੍ਹੀਆਂ ਨਾਲ ਲੈਸ ਭੀੜ ਉਹਦੇ ਪਿੱਛੇ ਭੱਜਦੀ। ਇਕ ਹੋਰ ਛੋਟੀ ਭੀੜ ਸਾਹਮਣੇ ਉਸ 'ਗੱਦਾਰ' ਦੇ ਘਰ ਵੱਲ ਵਗੀ ਆਉਂਦੀ। ਗਲੀ ਗਲੀ ਸੱਪ ਤੇ ਕਾਕਰੋਚ ਮਾਰੇ ਜਾ ਰਹੇ ਸਨ।

ਰਵਾਂਡਾ 'ਤੇ ਫਿਰੰਗੀਆਂ ਦਾ ਰਾਜ ਰਿਹਾ ਸੀ। 1895 ਵਿਚ ਇਹ ਦੇਸ਼ ਜਰਮਨ ਈਸਟ ਅਫਰੀਕਾ ਬਣਿਆ ਸੀ, ਫਿਰ 1916 ਵਿਚ ਬੈਲਜੀਅਮ ਥੱਲੇ ਆ ਗਿਆ। 1933 ਵਿਚ ਬੈਲਜੀਅਮ ਨੇ ਰਵਾਂਡਾ ਵਿਚਲੇ ਹਰ ਵਿਅਕਤੀ ਦਾ ਉਨ੍ਹਾਂ ਵੇਲਿਆਂ ਦਾ ਆਧਾਰ ਕਾਰਡ ਬਣਾਇਆ। ਇਹੀ ਦੇਸ਼ ਵਾਸੀਆਂ ਦੀ ਸ਼ਨਾਖਤ ਬਣੀ। ਹਰ ਕਾਰਡ ਉਤੇ ਸਪਸ਼ਟ ਲਿਖਿਆ ਸੀ ਕਿ ਇਹ ਵਿਅਕਤੀ ਹੁਤੂ ਹੈ ਜਾਂ ਟੁਟਸੀ।

1994 ਦੇ ਚੇਤ, ਵੈਸਾਖ, ਜੇਠ, ਹਾੜ੍ਹ ਦੇ ਮਹੀਨਿਆਂ ਵਿਚ ਇਹ ਬਹੁ-ਮੰਤਵੀ ਸ਼ਨਾਖਤੀ ਕਾਰਡ ਬੜੇ ਕੰਮ ਆਏ। ਜਗ੍ਹਾ-ਜਗ੍ਹਾ ਨਾਕੇ ਲਾ ਕੇ ਕਾਰਡ ਦੀ ਜਾਂਚ ਕਰਨ ਤੋਂ ਬਾਅਦ ਟੁਟਸੀ ਥਾਏਂ ਕਤਲ ਕੀਤੇ ਗਏ। ਗਲਦੀਆਂ ਲਾਸ਼ਾਂ ਦੇ ਢੇਰਾਂ ਦੀਆਂ ਖਬਰਾਂ ਮਹੀਨਿਆਂ ਤੱਕ ਆਉਂਦੀਆਂ ਰਹੀਆਂ। ਜੇ ਕਿਸੇ ਹੁਤੂ ਨੇ ਕੋਈ ਹਮਦਰਦੀ ਦਿਖਾਈ ਤਾਂ ਉਹ ਵੀ ਕਤਲ ਕਰ ਦਿੱਤਾ ਗਿਆ। ਇਕ ਵੱਡਾ ਹਥਿਆਰ ਬਲਾਤਕਾਰ ਵੀ ਸੀ। ਹੁਤੂ ਇਹ ਖੁੱਲ੍ਹ ਕੇ ਬਿਆਨ ਕਰਦੇ ਸਨ ਕਿ ਉਹ ਟੁਟਸੀ ਔਰਤਾਂ ਨਾਲ ਕੀ ਕਰਨਾ ਚਾਹੁੰਦੇ ਸਨ। ਮੈਨੂੰ ਯਕੀਨ ਹੈ, ਤੁਸੀਂ ਬਲਾਤਕਾਰਾਂ ਦਾ ਅੰਕੜਾ ਨਹੀਂ ਜਾਨਣਾ ਚਾਹੁੰਦੇ।

ਇਤਿਹਾਸਕਾਰ ਜੇਰਾਰਡ ਪਰੂਨੀ ਲਿਖਦਾ ਹੈ ਕਿ ਆਮ ਲੋਕਾਂ ਦੀ ਇਸ ਕਤਲੇਆਮ ਵਿਚ ਸ਼ਮੂਲੀਅਤ ਦਾ ਕਾਰਨ ਡੈਮੋਕਰੇਟਿਕ ਬਹੁਗਿਣਤੀ ਦੀ ਵਿਚਾਰਧਾਰਾ ਸੀ। ਹੁਤੂ ਲੋਕਾਂ ਨੂੰ ਜਚਾ ਦਿੱਤਾ ਗਿਆ ਸੀ ਕਿ ਘੱਟਗਿਣਤੀ ਟੁਟਸੀ ਖਤਰਨਾਕ ਦੁਸ਼ਮਣ ਹਨ। ਕਤਲੇਆਮ ਦੀ ਤਿਆਰੀ ਵੀ ਘੱਟੋ-ਘੱਟ ਇਕ ਸਾਲ ਪਹਿਲਾਂ ਤੋਂ ਕੀਤੀ ਜਾ ਰਹੀ ਸੀ। ਕਤਲੋਗਾਰਤ ਤੋਂ ਦਸ ਸਾਲ ਬਾਅਦ ਆਈ ਕਿਤਾਬ 'ਕੌਨਸਪੀਰੇਸੀ ਟੂ ਮਰਡਰ' ਵਿਚ ਲਿੰਡਾ ਮਲਵਰਨ ਨੇ ਲਿਖਿਆ ਕਿ ਦੁਨੀਆ ਦੇ ਸਭ ਤੋਂ ਗਰੀਬ ਮੁਲਕਾਂ ਵਿਚੋਂ ਇਕ, ਰਵਾਂਡਾ, ਕਤਲਾਂ ਤੋਂ ਪਹਿਲਾਂ-ਪਹਿਲਾਂ ਅਫਰੀਕਾ ਦਾ ਸਭ ਤੋਂ ਵਧੇਰੇ ਹਥਿਆਰ ਦਰਾਮਦ ਕਰਨ ਵਾਲਾ ਤੀਜਾ ਵੱਡਾ ਮੁਲਕ ਬਣ ਗਿਆ ਸੀ।

ਇਤਿਹਾਸਕਾਰਾਂ ਵਿਚ ਹੁਣ ਇਹ ਆਮ ਸਹਿਮਤੀ ਹੈ ਕਿ ਕਤਲੇਆਮ ਪਿੱਛੇ ਸੋਚ 'ਸਦੀਵੀ ਹੱਲ' ਦੀ ਸੀ ਅਤੇ ਇਸ ਮੰਤਵ ਬਾਰੇ ਕੋਈ ਸ਼ੱਕ ਨਹੀਂ ਸੀ ਕਿ ਇਕ ਵੀ ਟੁਟਸੀ ਜਿਊਂਦਾ ਨਹੀਂ ਬਚਣਾ ਚਾਹੀਦਾ। ਇਹ ਵੀ ਹੁਣ ਸਪਸ਼ਟ ਹੈ ਕਿ ਕੌਮਾਂਤਰੀ ਭਾਈਚਾਰੇ ਵਿਚ ਵੱਡੀਆਂ ਤਾਕਤਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਕੀ ਹੋ ਸਕਦਾ ਹੈ ਅਤੇ ਕੀ ਹੋ ਰਿਹਾ ਸੀ। ਇਹ ਵੀ ਕਿ ਉਹ ਇਹਨੂੰ ਰੋਕ ਸਕਦੀਆਂ ਸਨ ਪਰ ਤਮਾਸ਼ਬੀਨ ਬਣੀਆਂ ਰਹੀਆਂ। ਅਮਰੀਕਾ, ਸੋਮਾਲੀਆ ਵਿਚ ਆਪਣੇ ਹੱਥ ਸੜਵਾ ਹਟਿਆ ਸੀ, ਸੋ ਕਿਨਾਰੇ ਬੈਠਾ ਰਿਹਾ। ਇਹ ਭੇਤ ਹੁਣ ਖੁੱਲ੍ਹ ਚੁੱਕੇ ਹਨ ਕਿ ਰਾਸ਼ਟਰਪਤੀ ਕਲਿੰਟਨ ਅਤੇ ਉਹਦੀ ਕੈਬਨਿਟ ਨੂੰ ਹੋਣ ਵਾਲੇ ਕਤਲੇਆਮ ਦੀ ਸਪਸ਼ਟ ਜਾਣਕਾਰੀ ਸੀ। ਬਾਅਦ ਵਿਚ ਕਲਿੰਟਨ ਨੇ ਆਪਣੀ ਨਾਕਾਮੀ ਮੰਨੀ ਕਿ ਉਹ ਲੱਖਾਂ ਕਤਲ ਰੋਕਣ ਤੋਂ ਖਿੜਕ ਗਏ ਸਨ। ਇਹ ਵੀ ਹੁਣ ਭੇਤ ਨਹੀਂ ਰਿਹਾ ਕਿ ਕਤਲਾਂ ਲਈ ਵਰਤੇ ਗਏ ਬਹੁਤ ਸਾਰੇ ਹਥਿਆਰ ਇਸਰਾਈਲ ਨੇ ਹੀ ਵੇਚੇ ਸਨ। 2016 ਵਿਚ ਇਸਰਾਇਲੀ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਰਵਾਂਡਾ ਨੂੰ ਹਥਿਆਰਾਂ ਦੀ ਵਿਕਰੀ ਬਾਰੇ ਦਸਤਾਵੇਜ਼ ਗੁਪਤ ਹੀ ਰਹਿਣਗੇ।

ਪਿਛਲੇ 25 ਸਾਲਾਂ ਵਿਚ ਮੈਂ ਬੜੀ ਵਾਰੀ 1994 ਵਿਚ ਦਫਤਰੋਂ ਲਿਆਂਦੀਆਂ ਖਬਰਾਂ ਪੜ੍ਹੀਆਂ ਨੇ। ਬਹੁਤੀ ਵਾਰੀ ਇਸ ਲਈ ਕਿ ਇਹ ਅਕਸਰ ਹੀ ਅਜੋਕੇ ਸਮਿਆਂ ਵਿਚ ਛਪ ਰਹੀਆਂ ਖਬਰਾਂ ਦਾ ਹੀ ਕੋਈ ਰੂਪ ਜਾਪਦੀਆਂ ਹਨ। ਰਵਾਂਡਾ ਦੀ ਨਸਲਕੁਸ਼ੀ ਦੀ 25ਵੀਂ ਵਰ੍ਹੇਗੰਢ 'ਤੇ ਡੈਨੀਸ ਯੁਵੀਮਾਨਾ ਦੀ ਹੱਡਬੀਤੀ 'ਫਰੌਮ ਰੈੱਡ ਅਰਥ-ਏ ਰਵਾਂਡਨ ਸਟੋਰੀ ਆਫ ਹੀਲਿੰਗ ਐਂਡ ਫੋਰਗਿਵਨੈਸ' ਪੜ੍ਹੀ। ਉਹਦਾ ਪਤੀ ਤੇ ਹੋਰ ਰਿਸ਼ਤੇਦਾਰ ਕਤਲ ਕਰ ਦਿੱਤੇ ਗਏ ਸਨ। ਜਦੋਂ ਖੂਨ ਖਰਾਬਾ ਸ਼ੁਰੂ ਹੋਇਆ ਤੇ ਕਾਤਲ ਉਹਦੇ ਘਰ 'ਚ ਸਨ, ਉਹ ਮੰਜੇ ਥੱਲੇ ਲੁਕੀ ਹੋਈ ਸੀ ਜਿਥੇ ਫਰਸ਼ 'ਤੇ ਉਹਦੇ ਕਤਲ ਕੀਤੇ ਗਏ ਰਿਸ਼ਤੇਦਾਰਾਂ ਦਾ ਖੂਨ ਚਿੱਪ-ਚਿੱਪ ਕਰ ਰਿਹਾ ਸੀ, ਉਦੋਂ ਹੀ ਉਸ ਆਪਣੇ ਤੀਜੇ ਬੱਚੇ ਨੂੰ ਜਨਮ ਦਿੱਤਾ ਸੀ।

ਮੈਂ ਡੈਨੀਸ ਯੁਵੀਮਾਨਾ ਦੀਆਂ ਲਿਖੀਆਂ ਦਿਲ ਨੂੰ ਚੀਰ ਦੇਣ ਵਾਲੀਆਂ ਬਹੁਤੀਆਂ ਕਹਾਣੀਆਂ ਵਿਚ ਨਹੀਂ ਜਾਣਾ ਚਾਹੁੰਦਾ। ਤੁਸੀਂ ਚਾਹੋ ਤਾਂ ਪੜ੍ਹ ਲੈਣਾ, ਵਰਨਾ ਰਵਾਂਡਾ ਕੋਈ ਕੈਨੇਡਾ ਨਹੀਂ ਜਿਥੇ ਆਈਲੈਟਸ ਕਰਕੇ ਜਾਣ ਦੀ ਹੋੜ ਲੱਗੀ ਹੋਵੇ। ਮੈਂ ਤਾਂ ਕੇਵਲ ਭਰ ਜਵਾਨ ਇਮੈਨੁਅਲ ਬਾਰੇ ਸੋਚ ਰਿਹਾ ਹਾਂ। ਉਹਦੀ ਵਾਰ-ਵਾਰ ਹਵਾ ਵਿਚ ਲਹਿਰਾਉਂਦੀ ਦਾਤਰੀ ਨੇ 1994 ਵਿਚ ਬਹੁਤ ਸਾਰੇ ਛੋਟੇ-ਛੋਟੇ ਬੱਚਿਆਂ ਦੇ ਸਿਰ ਕਲਮ ਕੀਤੇ ਸਨ।

ਸਾਲਾਂ ਤੱਕ ਆਪਣੇ ਅੰਦਰਲੇ ਨਾਲ ਰਹਿਣ ਤੋਂ ਅਸਮਰੱਥ ਇਮੈਨੁਅਲ ਰਾਤਾਂ ਨੂੰ ਚੀਕ ਉਠਦਾ ਸੀ, ਬੱਚਿਆਂ ਦੇ ਚਿਹਰੇ ਉਹਦਾ ਪਿੱਛਾ ਨਹੀਂ ਛੱਡ ਰਹੇ ਸਨ। ਜਦੋਂ 2000 ਵਿਚ ਦੇਸ਼ ਵਿਚ ਕੀਤੇ ਦਾ ਇਕਬਾਲ ਕਰਨ ਲਈ ਲੋਕ ਅਦਾਲਤਾਂ ਲੱਗੀਆਂ ਤਾਂ ਇਮੈਨੁਅਲ ਨੇ ਪੇਸ਼ ਹੋ ਆਪਣੇ ਜੁਰਮ ਦਾ ਇਕਬਾਲ ਕੀਤਾ। ਜਿਸ ਔਰਤ ਦਾ ਪਤੀ ਉਸ ਨੇ ਉਹਦੀਆਂ ਅੱਖਾਂ ਸਾਹਮਣੇ ਕਤਲ ਕੀਤਾ ਸੀ, ਫਿਰ ਉਹਦੇ ਬੱਚੇ ਕਤਲ ਕਰ ਲਾਸ਼ਾਂ ਦਾ ਢੇਰ ਲਾਇਆ ਸੀ, ਉਸ ਨੂੰ 2003 ਵਿਚ ਉਸ ਮੁੜ ਜਾ ਲੱਭਿਆ। ਆਪਣਾ ਕੀਤਾ ਸਭ ਬਿਆਨਿਆ। ਅੱਜ ਉਹ ਉਹਦੇ ਪੁੱਤ ਵਾਂਗ ਵਿਚਰਦਾ ਹੈ। ਉਹ ਵੀ ਮੁਆਫ ਕਰਨ ਤੋਂ ਅਗਾਂਹ ਗਈ, ਉਹਦੀ ਮਾਂ ਬਣੀ ਫਿਰਦੀ ਹੈ।

ਰਵਾਂਡਾ ਨੇ ਪਿਛਲੇ 25 ਸਾਲਾਂ ਵਿਚ ਲੰਮਾ ਸਫਰ ਤੈਅ ਕੀਤਾ ਹੈ। ਭਾਰਤੀ ਅਖਬਾਰੀ ਸੁਰਖੀਆਂ ਵਿਚ ਇਹ ਭਾਵੇਂ ਬਹੁਤਾ ਨਾ ਵਿਚਰਿਆ ਹੋਵੇ ਪਰ ਕਤਲੋਗਾਰਤ ਦੀ ਸਾਡੀ ਸਾਂਝ ਤਾਂ ਅੰਕੜਿਆਂ ਤੱਕ ਵੀ ਬਣਦੀ ਹੈ। ਅੱਗੇ ਤੋਂ ਮਾਮਲਾ ਕੰਟਰੋਲ ਵਿਚ ਰਹੇ, ਇਸ ਲਈ ਰਵਾਂਡਾ ਦੀ ਸਰਕਾਰ ਨੇ ਮੀਡੀਆ ਉਤੇ ਜ਼ਬਰਦਸਤ ਬੰਦਸ਼ਾਂ ਲਗਾ ਦਿੱਤੀਆਂ ਜੋ ਅੱਜ ਵੀ ਜਾਰੀ ਹਨ। ਸਰਕਾਰ ਵੱਲੋਂ ਪੱਤਰਕਾਰਾਂ ਨੂੰ ਧਮਕੀਆਂ ਆਮ ਗੱਲ ਹੈ। ਸਕੂਲੀ ਕਿਤਾਬਾਂ ਵਿਚ ਬੱਚਿਆਂ ਨੂੰ ਬੀਤੇ ਬਾਰੇ ਕੀ ਦੱਸਿਆ ਜਾਵੇ, ਇਸ ਉਤੇ ਪੂਰਾ ਸਰਕਾਰੀ ਕੰਟਰੋਲ ਹੈ। ਤੁਹਾਨੂੰ ਦੱਸਿਆ ਹੈ ਕਿ ਸਾਡੀ ਕਈ ਕਿਸਮਾਂ ਦੀ ਸਾਂਝ ਹੈ।

ਮੈਂ ਕਈ ਵਾਰੀ ਸੋਚਦਾ ਹਾਂ ਕਿ 1984 ਵਿਚ ਜਿਸ ਨੌਜਵਾਨ ਨੇ ਕਿਸੇ ਦੇ ਗਲ ਵਿਚ ਟਾਇਰ ਪਾ ਸਾੜਿਆ ਹੋਵੇਗਾ, ਉਸ ਕਦੀ ਅੱਧੀ ਰਾਤੀਂ ਉਠ ਚੀਕਾਂ ਨਹੀਂ ਮਾਰੀਆਂ ਹੋਣਗੀਆਂ? 1947 ਵਿਚ ਜਿਨ੍ਹਾਂ ਆਪਣੇ ਰੱਬ ਦਾ ਨਾਮ ਲੈ ਕਤਲ ਕੀਤੇ ਹੋਣਗੇ, ਉਹ ਅੱਧੀ ਰਾਤੀਂ ਤੜਫ ਕੇ ਕਦੀ ਨਹੀਂ ਉਠਦੇ ਹੋਣਗੇ? ਅੱਜ ਦੇਸ਼ ਵਿਚ ਬਥੇਰੇ ਨੇਤਾ ਕੁਝ ਰਵਾਂਡਾ ਜਿਹਾ ਕਰਨ ਨੂੰ ਫਿਰਦੇ ਜਾਪਦੇ ਹਨ। ਕਿਸੇ ਇਕ ਫਿਰਕੇ ਨੂੰ ਸਿਉਂਕ ਜਾਂ ਕਾਕਰੋਚ ਦੱਸਿਆ ਜਾ ਰਿਹਾ ਹੈ। ਦੇਸ਼ ਦੇ ਦੂਜੇ ਹਿੱਸੇ ਵਿਚ ਕਾਨੂੰਨ ਦੀ ਕਿਸੇ ਧਾਰਾ ਨੂੰ ਵਿੰਗ-ਤੜਿੰਗ ਕਰ ਕੇ ਟੇਢੇ ਮਸਲਿਆਂ ਦੇ 'ਸਦੀਵੀ ਹੱਲ' ਕੀਤੇ ਜਾ ਰਹੇ ਹਨ। ਉਸ ਵੇਲੇ ਦੇ ਕੌਮਾਂਤਰੀ ਭਾਈਚਾਰੇ ਵਾਂਗ ਅਸੀਂ ਵੀ ਸਭ ਜਾਣਦੇ ਹਾਂ ਪਰ ਕਿਨਾਰੇ ਬੈਠੇ ਹਾਂ। ਹੁਣ ਤਾਂ ਇੰਟਰਨੈਟ ਹੈ, ਰਵਾਂਡਾ ਬਾਰੇ ਵੀ ਨਹੀਂ ਕਹਿ ਸਕਦੇ ਕਿ ਬੜੀ ਦੂਰ ਹੈ, ਫਿਰ ਸਾਡਾ ਰਵਾਂਡਾ ਤਾਂ ਵੈਸੇ ਵੀ ਦੂਰ ਨਹੀਂ। ਖਬਰ ਕੋਈ ਆ ਨਹੀਂ ਰਹੀ। ਆਸਾਰ ਭੈੜੇ ਜਾਪਦੇ ਹਨ। ਨਕਸ਼ੇ ਵਿਚੋਂ ਨਾ ਲੱਭੇ ਭਾਵੇਂ, ਪਰ ਰਹਿ 1994 ਦੇ ਰਵਾਂਡਾ ਵਿਚ ਹੀ ਰਹੇ ਹਾਂ। ਦੋਸਤ ਸਲਾਹ ਦੇ ਰਹੇ ਹਨ ਕਿ ਮਾਹੌਲ ਠੀਕ ਨਹੀਂ, ਕਸ਼ਮੀਰ ਬਾਰੇ ਧਿਆਨ ਨਾਲ ਲਿਖਣਾ। ਮੈਂ ਡਰੇ ਨੇ ਫੈਸਲਾ ਕੀਤਾ ਹੈ, ਰਵਾਂਡਾ ਬਾਰੇ ਹੀ ਲਿਖਿਆ ਹੈ। ਸੋਚ ਰਿਹਾ ਹਾਂ, ਕਸ਼ਮੀਰ ਬਾਰੇ ਲਿਖ ਕੇ, ਕਿਤੇ ਮੱਥਾ ਟੇਕ ਗੋਲਕ ਵਿਚ ਹੀ ਮਜ਼ਮੂਨ ਪਾ ਆਵਾਂ।

## ਕਸ਼ਮੀਰ: ਵਤਨ ਕੀ ਫਿਕਰ ਕਰ ਨਾਦਾਂ!

*(ਪਿਛਲੇ ਸਫੇ ਦੀ ਬਾਕੀ)*

ਅਵਾਮ ਵਿਚ ਪਾਈ ਜਾਂਦੀ ਗਰੀਬੀ ਦਰ, ਭੁੱਖਮਰੀ ਸਬੰਧੀ ਅੰਕੜਿਆਂ, ਨਵ-ਜਨਮੇ ਬੱਚਿਆਂ ਦੀ ਮੌਤ-ਦਰ, ਕੁਪੋਸ਼ਣ ਨਾਲ ਹੁੰਦੀਆਂ ਮੌਤਾਂ, ਬੇਰੁਜ਼ਗਾਰੀ ਦਰ, ਭੀੜ ਦੁਆਰਾ ਘੇਰ ਕੇ ਜਲਾ ਦੇਣ ਜਾਂ ਮਾਰ ਦੇਣ ਦੀਆਂ ਵਾਰਦਾਤਾਂ, ਥਾਣਿਆਂ ਵਿਚ ਹੁੰਦੀਆਂ ਮੌਤਾਂ, ਮਲੇਰੀਆ ਤੇ ਟੀ.ਬੀ. ਵਰਗੀਆਂ 'ਕੰਬਖਤ' ਬਿਮਾਰੀਆਂ ਨਾਲ ਮਰਦੇ ਭਾਰਤ ਵਾਸੀਆਂ ਅਤੇ ਨਿੱਘਰ ਰਹੀ ਅਮਨ-ਕਾਨੂੰਨ ਤੇ ਸਮਾਜਿਕ ਵਿਵਸਥਾ ਤੋਂ ਕਿੰਨੇ ਨਿਰਲੇਪ ਹਨ? ਇਹ ਲਿਖਦਿਆਂ ਲਿਖਦਿਆਂ ਦਿਮਾਗ ਵਿਚ ਲਗਾਤਾਰ ਵੱਜ ਰਿਹਾ 'ਮਨੁੱਖੀ ਅਧਿਕਾਰਾਂ ਦੀ ਦਲੀਲ' ਦਾ ਹਥੌੜਾ ਇਹ ਚੇਤੇ ਕਰਵਾ ਰਿਹਾ ਹੈ ਕਿ ਅਜਿਹੀਆਂ ਸੂਖਮ ਤੇ ਸੰਵੇਦਨਸ਼ੀਲ ਕਲਪਨਾਵਾਂ ਅਤੇ ਖਾਹਿਸ਼ਾਂ ਦੀ ਤਾਂ ਇਸ ਨਵੇਂ ਭਾਰਤ ਵਿਚੋਂ ਕਦੋਂ ਦੀ 'ਜਲਾਵਤਨੀ' ਹੋ ਚੁੱਕੀ ਹੈ।

ਗੁਜਰਾਤ ਦੇ ਦੰਗਿਆਂ ਦੀ ਬੁਣਤਰ ਬਾਰੇ ਕਿਤਾਬ ਲਿਖਣ ਵਾਲੀ ਪੱਤਰਕਾਰ ਰਾਣਾ ਆਯੂਬ ਕਸ਼ਮੀਰ ਦੇ ਜਨ-ਮਾਨਸ ਦੇ ਮੁੱਢਲੇ ਅਧਿਕਾਰਾਂ ਸਬੰਧੀ ਟਵੀਟ ਕਰਦਿਆਂ ਇਸ ਦੇ 'ਵੈਸਟਬੈਂਕ' ਵਿਚ ਵਟ ਜਾਣ ਦਾ ਖਦਸ਼ਾ ਜ਼ਾਹਿਰ ਕਰਦੀ ਹੈ। ਮੈਗਸੇਸੇ ਐਵਾਰਡ ਜਿੱਤਣ ਵਾਲੇ ਪੱਤਰਕਾਰ ਰਵੀਸ਼ ਕੁਮਾਰ ਅਨੁਸਾਰ, ਇਸ ਤੇਜ਼ ਰੋਸ਼ਨੀ ਵਿਚ ਕੁਝ ਵੀ ਸਾਫ ਸਾਫ ਦਿਸਣਾ ਅਸੰਭਵ ਭਾਸਦਾ ਹੈ। ਭਾਨੂੰ ਪ੍ਰਤਾਪ ਮਹਿਤਾ 'ਦਿ ਇੰਡੀਅਨ ਐਕਸਪ੍ਰੈਸ' ਵਿਚ ਲਿਖੇ ਆਪਣੇ ਲੇਖ ਵਿਚ ਧਾਰਾ 370 ਦੇ ਹਟਾਉਣ ਨਾਲ ਭਾਰਤ ਦੇ ਸੰਘੀ ਢਾਂਚੇ ਵਿਚ ਆਈਆਂ ਤਰੇੜਾਂ, ਜਮਹੂਰੀਅਤ ਦੇ ਫਲਸਫੇ ਦੀ ਨਾਕਾਮੀ ਅਤੇ ਸੁਤੰਤਰ ਗਣਰਾਜ ਦੇ ਤੌਰ 'ਤੇ ਭਾਰਤ ਦੀ ਨੈਤਿਕਤਾ ਨੂੰ ਵੱਜੀਆਂ ਸੱਟਾਂ ਦੀ ਨਿਸ਼ਾਨਦੇਹੀ ਕਰਨ ਦਾ ਸੱਦਾ ਦਿੰਦੇ ਹਨ। ਇਥੇ ਇਹ ਯਾਦ ਰੱਖਣਾ ਵੀ ਘੱਟ ਮਹੱਤਵਪੂਰਨ ਨਹੀਂ ਕਿ ਇਹ ਨਿਸ਼ਾਨਦੇਹੀ ਦੂਜਿਆਂ ਦੀ ਪਛਾਣ ਨੂੰ ਪਰਖਣ ਦੇ ਨਾਲ-ਨਾਲ ਆਪਣੇ ਅੰਦਰਲੀ ਦਿਆਨਤਦਾਰੀ, ਮੁਲਕ ਦੇ ਆਵਾਮ ਨਾਲ ਮੁਹੱਬਤ ਅਤੇ ਜ਼ਿੰਦਗੀ ਦੇ ਪੱਖ ਵਿਚ ਖੜ੍ਹੇ ਹੋਣ ਦੇ ਮਹੱਤਵਪੂਰਨ ਫੈਸਲੇ ਕਰਨ ਦੀ ਹਿੰਮਤ ਨਾਲ ਜੁੜੀ ਹੋਈ ਹੈ। ਪਰਖ ਦੀ ਇਸ ਘੜੀ ਵਿਚ ਸਾਡੀ ਮਨੁੱਖਤਾ ਸਾਣ 'ਤੇ ਹੈ ਅਤੇ ਭੱਜਣ ਦੇ ਸਾਰੇ ਰਾਹ ਫਿਲਹਾਲ ਮਨਸੂਖ ਹਨ।

# ਧਾਰਮਿਕ ਕਵੀ ਦਰਬਾਰ ਵਿਚ ਸ਼ਾਇਰਾਂ ਵਲੋਂ ਬਾਬਾ ਨਾਨਕ ਦੇ ਇਲਾਹੀ ਸੁਨੇਹੇ ਦਾ ਕਾਵਿਕ ਗਾਇਨ

**ਸੈਨ ਹੋਜੇ (ਬਿਊਰੋ):** ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਪੁਰਬ ਨੂੰ ਸਮਰਪਿਤ ਧਾਰਮਿਕ



ਕਵੀ ਦਰਬਾਰ ਇਥੇ ਮੈਕਈ ਰੋਡ 'ਤੇ ਸਥਿਤ ਰੇਡੀਓ ਦੇ ਮੁੱਖ ਸਟੂਡੀਓ ਕੰਪਲੈਕਸ ਵਿਚ ਲੰਘੀ 10 ਅਗਸਤ ਨੂੰ ਕਰਵਾਇਆ ਗਿਆ, ਜਿਸ ਵਿਚ ਸ਼ਾਇਰਾਂ ਨੇ ਬਾਬਾ ਨਾਨਕ ਦੇ ਇਲਾਹੀ ਸੁਨੇਹੇ ਅਤੇ ਮਾਨਵਤਾ ਦੇ ਭਲੇ ਲਈ ਕੀਤੇ ਮਹਾਨ ਕਾਰਜ ਦੀ ਮਹਿਮਾ ਦਾ ਗਾਇਨ ਕੀਤਾ।

ਕਵੀ ਦਰਬਾਰ ਵਿਚ ਬੇਅ ਏਰੀਆ ਤੋਂ ਇਲਾਵਾ ਹੇਵਰਡ ਤੇ ਸੈਕਰਾਮੈਂਟੋ ਸਮੇਤ ਹੋਰਨਾਂ ਥਾਂਵਾਂ ਤੋਂ 22 ਕਵੀ ਆਪੋ ਆਪਣਾ ਕਲਾਮ ਪੇਸ਼ ਕਰਨ ਲਈ ਪੁੱਜੇ। ਕਵੀ ਦਰਬਾਰ ਦਾ ਸਿੱਧਾ ਪ੍ਰਸਾਰਨ ਪੰਜਾਬੀ ਰੇਡੀਓ ਯੂ.ਐਸ.ਏ. ਤੋਂ ਕੀਤਾ ਗਿਆ, ਜਿਸ ਦਾ ਸਰੋਤਿਆਂ ਨੇ ਅਨੰਦ ਮਾਣਿਆ। ਕਵੀ ਦਰਬਾਰ ਰੇਡੀਓ ਦੇ ਹਫਤਾਵਾਰੀ ਕਾਵਿ ਪ੍ਰੋਗਰਾਮ 'ਰੰਗੀਨ ਮਹਿਫਿਲ' ਦੇ ਸਹਿ ਹੋਸਟ ਤੇ ਉਘੇ ਸ਼ਾਇਰ ਹਰਭਜਨ ਢਿੱਲੋਂ ਦੀ ਅਗਵਾਈ ਹੇਠ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਅਤੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਰੇਡੀਓ ਹੋਸਟ ਰਾਜਕਰਨਬੀਰ ਸਿੰਘ ਨੇ ਆਏ ਸ਼ਾਇਰਾਂ ਨੂੰ ਜੀ ਆਇਆਂ ਕਿਹਾ। ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਰਬ ਸਾਂਝੀਵਾਲਤਾ ਅਤੇ ਮਾਨਵਤਾ ਦੀ ਭਲਾਈ ਦਾ ਇਲਾਹੀ ਸੁਨੇਹਾ ਸ਼ਾਇਰੀ ਰਾਹੀਂ ਸਾਨੂੰ ਦਿੱਤਾ। ਨਾਨਕ ਸ਼ਾਇਰ ਵਲੋਂ ਉਸ ਵੇਲੇ ਦੀ ਸਟੇਟ ਸੱਤਾ ਨੂੰ ਵੰਗਾਰਦੀ ਅਤੇ ਵਾਹਿਗੁਰੂ ਨੂੰ ਸੰਬੋਧਤ ਹੁੰਦਿਆਂ ਉਚਾਰੀ 'ਬਾਬਰਬਾਣੀ' ਨੂੰ ਵਿਸ਼ਵ ਕਾਵਿ ਵਿਚ 'ਬਗਾਵਤ ਦੀ ਸ਼ਾਇਰੀ' ਦੀ ਪ੍ਰਤੀਨਿਧ ਮਹਾਨ ਰਚਨਾ ਗਿਣਿਆ ਜਾਂਦਾ ਹੈ। ਉਨ੍ਹਾਂ ਨੇ ਕਲਚਰਲ ਸੈਂਟਰ ਵਲੋਂ ਪੰਜਾਬੀ ਸਭਿਆਚਾਰ ਅਤੇ ਸਾਹਿਤਕ ਖੇਤਰ 'ਚ ਕੀਤੇ ਜਾ ਰਹੇ ਯਤਨਾਂ ਲਈ ਮਿਲ ਰਹੇ ਭਰਵੇਂ ਸਹਿਯੋਗ ਬਦਲੇ ਸਭਨਾਂ ਦਾ ਧੰਨਵਾਦ ਕਰਦਿਆਂ ਕਲਚਰਲ ਸੈਂਟਰ ਵਲੋਂ ਭਵਿੱਖ ਲਈ ਉਲੀਕੇ ਪ੍ਰੋਗਰਾਮਾਂ ਬਾਰੇ ਜਾਣੂੰ ਕਰਵਾਇਆ।

ਨੌਜਵਾਨ ਸ਼ਾਇਰ ਗਗਨਜੀਤ ਮਾਹਲ, ਈਸ਼ਰ ਸਿੰਘ ਮੋਮਨ ਅਤੇ ਆਜ਼ਾਦ ਜਲੰਧਰੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਪ੍ਰਿੰ. ਹਜ਼ੂਰਾ ਸਿੰਘ, ਚਰਨਜੀਤ ਸਿੰਘ ਪੰਨੂੰ, ਮੋਹਨ ਸਿੰਘ ਚਰਖਾ, ਦਲਬੀਰ 'ਦਿਲ' ਨਿਜਰ, ਗੁਰਦਿਆਲ ਸਿੰਘ ਨੂਰਪੂਰੀ, ਇੰਦਰਜੀਤ ਸਿੰਘ ਗਰੇਵਾਲ, ਅਜੈਬ ਚੀਮਾ, ਜਸਦੀਪ ਸਿੰਘ, ਗੁਰਸ਼ਰਨ ਸਿੰਘ (ਜਲੰਧਰ), ਪਰੀਮਲ ਗੁਪਤਾ (ਹਿੰਦੀ), ਕੈਪਟਨ ਅਮਰਜੀਤ ਸੈਣੀ, ਪਰਮਿੰਦਰ ਰਾਏ, ਕਮਲ ਬੰਗਾ, ਗੁਲਸ਼ਨ ਦਿਆਲ ਅਤੇ ਸੁਰਿੰਦਰ ਸੀਰਤ ਨੇ ਗੁਰੂ ਜੀ ਦੇ ਮਾਨਵੀ ਸੰਦੇਸ਼ ਨੂੰ ਕਵਿਤਾ ਜਾਂ ਗੀਤ ਰਾਹੀਂ ਕਾਵਿਕ ਸਿਜਦਾ ਕੀਤਾ।

ਲਾਜ ਨੀਲਮ ਸੈਣੀ ਦੀ 'ਕਰਤਾਰਪੁਰ ਲਾਂਘਾ' ਕਵਿਤਾ ਸਭਨਾਂ ਦੇ ਦਿਲ ਨੂੰ ਟੁੰਭਦੀ ਸੀ। ਉਸ ਨੇ ਇਸ ਕਾਵਿ ਮਹਿਫਿਲ ਦਾ ਸੰਚਾਲਨ ਵੀ ਕੀਤਾ। ਇੰਦਰਜੀਤ ਸਿੰਘ ਗਰੇਵਾਲ ਨੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਵਲੋਂ ਗੁਰੂ ਨਾਨਕ ਜੀ ਦੇ 550ਵੇਂ ਜਨਮ ਪੁਰਬ ਸਬੰਧੀ ਛੇਤੀ ਹੀ ਛਾਪੇ ਜਾਣ ਵਾਲੇ ਕਾਵਿ ਸੰਗ੍ਰਿਹ ਲਈ ਸਭਨਾਂ ਸ਼ਾਇਰਾਂ ਨੂੰ ਅਪਣੀਆਂ ਰਚਨਾਵਾਂ ਭੇਜਣ ਦਾ ਸੱਦਾ ਦਿੱਤਾ।

ਰੇਡੀਓ ਦੀ ਮੁੱਖ ਹੋਸਟ ਬੀਬੀ ਬਲਵਿੰਦਰ ਕੌਰ ਨੇ ਰੇਡੀਓ ਤੋਂ ਜਿਨ੍ਹਾਂ ਕਵੀਆਂ ਨੂੰ ਸਰੋਤਿਆਂ ਦੇ ਰੂ-ਬ-ਰੂ ਕਰਕੇ ਕਵੀ ਦਰਬਾਰ ਦਾ ਮਾਹੌਲ ਸਿਰਜਿਆ, ਉਨ੍ਹਾਂ ਵਿਚ ਮਨਜੀਤ ਸਿੰਘ ਮਿਸ਼ੀਗਨ, ਮਾਸਟਰ ਨਿਰਮਲ ਸਿੰਘ ਲਾਲੀ ਯੂਬਾ ਸਿਟੀ ਅਤੇ ਸ਼ੇਰ ਸਿੰਘ ਕੰਵਲ ਫੀਨਿਕਸ (ਐਰੀਜ਼ੋਨਾ) ਮੁੱਖ ਸਨ।

ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਦੇ ਮੋਹਰੀ ਹਰਜੋਤ ਸਿੰਘ ਖਾਲਸਾ, ਦਿਲਪ੍ਰੀਤ ਸਿੰਘ, ਜਗਮੋਹਨ ਸਿੰਘ ਅਤੇ ਟੀਮ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਪਾਦਰੀ ਤੋਂ ਪੈਸੇ ਖੋਹਣ ਦੇ ਮਾਮਲੇ 'ਚ ਤਿੰਨ ਥਾਣੇਦਾਰ ਤੇ ਹੌਲਦਾਰ ਬਰਖਾਸਤ

**ਪਟਿਆਲਾ:** ਜਲੰਧਰ ਦੇ ਪਾਦਰੀ ਫਰੈਂਕੋ ਮੁਲੱਕਲ ਨੂੰ ਲੁੱਟਣ 'ਤੇ ਆਧਾਰਤ ਕੇਸ ਵਿਚ ਸ਼ਾਮਲ ਤਿੰਨ ਥਾਣੇਦਾਰਾਂ ਤੇ ਇਕ ਹੌਲਦਾਰ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਇਹ ਚਾਰੇ ਜਣੇ ਇਸ ਸਮੇਂ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਹਨ। ਬਰਖਾਸਤ ਕੀਤੇ ਗਏ ਮੁਲਾਜ਼ਮਾਂ ਵਿਚੋਂ ਏ.ਐਸ.ਆਈ. ਜੋਗਿੰਦਰ ਸਿੰਘ ਪੁਲਿਸ ਚੌਕੀ ਮਵੀ ਕਲਾਂ, ਏ.ਐਸ.ਆਈ. ਰਾਜਪ੍ਰੀਤ ਸਿੰਘ ਥਾਣਾ ਸਨੌਰ ਤੇ ਏ.ਐਸ.ਆਈ. ਦਿਲਬਾਗ ਸਿੰਘ ਸਾਂਝ ਕੇਂਦਰ ਪੁਲਿਸ ਥਾਣਾ ਸਿਵਲ ਲਾਈਨ 'ਚ ਤਾਇਨਾਤ ਸੀ। ਹੌਲਦਾਰ ਅਮਰੀਕ ਸਿੰਘ ਐਮ.ਐਚ.ਸੀ. ਸਿਵਲ ਲਾਈਨ 'ਚ ਤਾਇਨਾਤ ਸੀ।

ਜ਼ਿਕਰਯੋਗ ਹੈ ਕਿ ਜਲੰਧਰ ਦੇ ਪਾਦਰੀ ਦੇ ਘਰ 'ਛਾਪਾ' ਮਾਰ ਕੇ ਲਿਆਂਦੇ ਗਏ ਕਰੋੜਾਂ ਰੁਪਏ ਵਿਚੋਂ ਇਨ੍ਹਾਂ ਮੁਲਜ਼ਮਾਂ ਨੇ ਵੱਡਾ ਹਿੱਸਾ ਗਾਇਬ ਕਰ ਦਿੱਤਾ ਸੀ। ਇਹ ਕਾਰਵਾਈ ਖੰਨਾ ਪੁਲਿਸ ਦੀ ਟੀਮ ਦੇ ਨਾਮ ਹੇਠਾਂ ਕੀਤੀ ਗਈ ਸੀ। ਉਂਜ ਬਾਅਦ 'ਚ ਪੁਲਿਸ ਨੇ ਘਰ ਦੀ ਬਜਾਏ ਇਹ ਬਰਾਮਦਗੀ ਹੋਰ ਥਾਂ ਤੋਂ ਕੀਤੀ ਦਰਸਾਈ ਸੀ। ਪਾਦਰੀ ਵੱਲੋਂ ਰੌਲਾ ਪਾਉਣ 'ਤੇ ਇਹ ਮਾਮਲਾ ਰਾਜ ਅੰਦਰ ਕਈ ਦਿਨਾਂ ਤੱਕ ਭਾਰੀ ਚਰਚਾ ਤੇ ਮੀਡੀਆ ਦੀਆਂ ਸੁਰਖੀਆਂ ਬਣਿਆ ਰਿਹਾ ਸੀ ਜਿਸ ਮਗਰੋਂ ਪੁਲਿਸ ਮੁਲਾਜ਼ਮਾਂ ਤੇ ਹੋਰਾਂ ਖਿਲਾਫ ਡਕੈਤੀ ਦਾ ਕੇਸ ਦਰਜ ਕੀਤਾ ਗਿਆ ਸੀ।

ਕੁਝ ਮਹੀਨੇ ਪਹਿਲਾਂ ਵੀ ਨਸ਼ਾ ਤਸਕਰੀ ਤੇ ਰਿਸ਼ਵਤ ਮਾਮਲਿਆਂ ਵਿਚ ਸ਼ੁਮਾਰ ਰਹੇ ਪਟਿਆਲਾ ਦੇ ਕਈ ਪੁਲਿਸ ਮੁਲਾਜ਼ਮਾਂ ਨੂੰ ਬਰਖਾਸਤ ਕੀਤਾ ਗਿਆ ਸੀ ਜਦਕਿ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਕਈ ਪੁਲਿਸ ਮੁਲਾਜ਼ਮਾਂ ਨੂੰ ਐਸ.ਐਸ.ਪੀ. ਮਨਦੀਪ ਸਿੱਧੂ ਦੀ ਸਿਫਾਰਸ਼ 'ਤੇ ਤਰੱਕੀਆਂ ਤੇ ਹੋਰ ਇਨਾਮ ਵੀ ਮਿਲ ਚੁੱਕੇ ਹਨ।

## ਓਕ ਕਰੀਕ ਗੋਲੀਕਾਂਡ: ਨਫਰਤੀ ਅਪਰਾਧਾਂ ਖਿਲਾਫ ਕੰਮ ਕਰਨ ਦਾ ਅਹਿਦ

**ਓਕ ਕਰੀਕ, ਵਿਸਕਾਨਸਿਨ:** ਗੁਰਦੁਆਰਾ ਓਕ ਕਰੀਕ 'ਚ ਗੋਲੀਬਾਰੀ ਦੀ ਘਟਨਾ ਦੀ ਸੱਤਵੀਂ ਬਰਸੀ 'ਤੇ ਅਮਰੀਕਾ ਦੇ ਅੱਧੀ ਦਰਜਨ ਤੋਂ ਵੱਧ ਕਾਨੂੰਨਸਾਜ਼ਾਂ ਨੇ ਸਖਤ ਬੰਦੂਕ ਕੰਟਰੋਲ ਕਾਨੂੰਨ ਦੀ ਮੰਗ ਕਰਦਿਆਂ ਨਫਰਤੀ ਅਪਰਾਧਾਂ ਖਿਲਾਫ ਕੰਮ ਕਰਨ ਦਾ ਅਹਿਦ ਲਿਆ ਹੈ।

ਅਮਰੀਕਾ 'ਚ ਕਈ ਲੋਕ ਅਤੇ ਜਥੇਬੰਦੀਆਂ ਹਾਲ ਹੀ 'ਚ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਮਗਰੋਂ ਸਖਤ ਗੰਨ ਕੰਟਰੋਲ ਕਾਨੂੰਨ ਲਿਆਉਣ ਦੀ ਮੰਗ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਓਕ ਕਰੀਕ 'ਚ 5 ਅਗਸਤ 2012 ਨੂੰ ਇਕ ਵਿਅਕਤੀ ਨੇ ਗੁਰਦੁਆਰੇ 'ਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਛੇ ਵਿਅਕਤੀਆਂ ਦੀ ਜਾਨ ਲੈ ਲਈ ਸੀ।

ਭਾਰਤ-ਅਮਰੀਕੀ ਕਾਂਗਰਸਮੈਨ ਰੋ ਖੰਨਾ, ਪ੍ਰਮਿਲਾ ਜਯਾਪਾਲ, ਟੀ ਜੇ ਕੌਕਸ, ਜੂਡੀ ਚੂ, ਗਰੇਸ ਮੇਂਗ ਆਦਿ ਨੇ ਕਿਹਾ ਕਿ ਸੱਤ ਸਾਲ ਪਹਿਲਾਂ ਗੁਰਦੁਆਰੇ 'ਚ ਇਕ ਮੂਰਖ ਵਿਅਕਤੀ ਨੇ ਹਿੰਸਾ ਕਰਕੇ ਛੇ ਬੇਕਸੂਰ ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕਿਸੇ ਵੀ ਧਰਮ ਦੇ ਵਿਅਕਤੀ ਖਿਲਾਫ ਹਮਲੇ ਦੀ ਸਖਤ ਨਿੰਦਾ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਬੰਦੂਕਾਂ ਖਰੀਦਣ ਸਬੰਧੀ ਸੁਧਾਰਾਂ ਦੀ ਘਾਟ ਕਾਰਨ ਅਜਿਹੇ ਭਿਆਨਕ ਮੰਜ਼ਰ ਦੇਖਣੇ ਪੈ ਰਹੇ ਹਨ। ਉਨ੍ਹਾਂ ਮੁਸਲਮਾਨਾਂ, ਸਿੱਖਾਂ ਅਤੇ ਦੱਖਣ ਏਸ਼ਿਆਈ ਭਾਈਚਾਰਿਆਂ ਖਿਲਾਫ ਨਫਰਤੀ ਹਿੰਸਾ ਦੀਆਂ ਘਟਨਾਵਾਂ ਦੇ ਹੱਲ ਲਈ ਵਚਨਬੱਧਤਾ ਦੁਹਰਾਈ।

## ਚੀਨ 'ਚ ਸਮੁੰਦਰੀ ਤੂਫਾਨ ਨਾਲ 32 ਮੌਤਾਂ

**ਸ਼ੰਘਾਈ:** ਪੂਰਬੀ ਚੀਨ ਵਿਚ ਸਮੁੰਦਰੀ ਤੂਫਾਨ ਨਾਲ ਮਰਨ ਵਾਲਿਆਂ ਦੀ ਗਿਣਤੀ 32 ਹੋ ਗਈ ਹੈ। ਬਚਾਅ ਟੀਮਾਂ ਕਈ ਲਾਪਤਾ ਲੋਕਾਂ ਨੂੰ ਲੱਭਣ 'ਚ ਲੱਗੀਆਂ ਹੋਈਆਂ ਹਨ। ਤੂਫਾਨ ਨਾਲ ਜ਼ਮੀਨ ਖਿਸਕਣ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ।

# ਸਿਡਨੀ ਰੌਲਟ, ਰੌਲਟ ਐਕਟ ਤੇ ਜਸਟਿਨ ਰੌਲਟ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਨਾਨਕ ਸਿੰਘ ਦੀ 'ਖੂਨੀ ਵਿਸਾਖੀ' ਨੂੰ ਅੰਗਰੇਜ਼ੀ ਉਲਥੇ ਅਤੇ ਪੁਸਤਕ ਬਾਰੇ ਲਿਖੇ ਗਏ ਅੱਧੀ ਦਰਜਨ ਲੇਖਾਂ ਵਾਲੀ ਅੰਗਰੇਜ਼ੀ ਐਡੀਸ਼ਨ ਨੂੰ ਸੰਪਾਦਨ ਕਰਨ ਵਾਲਾ ਉਸ ਦਾ ਪੋਤਰਾ ਨਵਦੀਪ ਸੂਰੀ ਹੈ, ਜੋ ਅੱਜ ਕੱਲ ਅਬੂ ਧਾਬੀ 'ਚ ਭਾਰਤੀ ਰਾਜਦੂਤ ਵਜੋਂ ਤਾਇਨਾਤ ਹੈ। ਅੰਗਰੇਜ਼ੀ ਐਡੀਸ਼ਨ ਦੇ ਉਦਘਾਟਨ ਸਮੇਂ ਦੇ ਦੱਖਣੀ ਏਸ਼ੀਆ ਤੋਂ ਬੀ.ਬੀ.ਸੀ. ਪੱਤਰ ਪ੍ਰੇਰਕ ਜਸਟਿਨ ਰੌਲਟ ਵੀ ਹਾਜਰ ਸੀ। ਉਹ ਰੌਲਟ ਐਕਟ ਦੀ ਰੂਪ ਰੇਖਾ ਤਿਆਰ ਕਰਨ ਵਾਲੇ ਸਰ ਸਿਡਨੀ ਰੌਲਟ ਦਾ ਪੜਪੋਤਰਾ ਹੈ। ਅੰਗਰੇਜ਼ੀ ਐਡੀਸ਼ਨ ਵਿਚ ਸ਼ਾਮਲ ਆਪਣੇ ਪੜਦਾਦੇ ਬਾਰੇ ਉਸਦਾ ਲੇਖ "ਠਹਏ ਂਨਿਸ ੋ ਟਹਏ ਗਰਏਅਟ ਗਰਅਨਦਾਅਟਹਏਰ (ਪੜਦਾਦੇ ਦੇ ਪਾਪ) ਧਿਆਨ ਮੰਗਦਾ ਹੈ। 2018 ਦੀਆਂ ਗਰਮੀਆਂ ਤੱਕ ਨਵੀਂ ਦਿੱਲੀ ਰਹਿੰਦਿਆਂ ਜਸਟਿਨ ਅੰਮ੍ਰਿਤਸਰ ਵਿਚ ਜਲ੍ਹਿਆਂਵਾਲਾ ਬਾਗ ਵੀ ਗਿਆ, ਆਸਾਮ ਵਿਖੇ ਚਾਹ ਦੇ ਬਾਗਾਂ ਵਿਚ ਵੀ ਤੇ 2015 ਵਾਲੇ ਨੇਪਾਲ ਦੇ ਭੁਚਾਲ ਸਮੇਂ ਕਠਮੰਡੂ ਵੀ।

ਜਲ੍ਹਿਆਂਵਾਲੇ ਸਾਕੇ ਬਾਰੇ ਉਹ ਲਿਖਦਾ ਹੈ ਕਿ ਮੈਂ ਨਹੀਂ ਸੀ ਸੋਚਿਆ ਕਿ ਉਥੋਂ ਦਾ ਦੌਰਾ ਮੇਰੀਆਂ ਅੱਖਾਂ ਵਿਚ ਹੰਝੂਆਂ ਦਾ ਹੜ੍ਹ ਲੈ ਆਵੇਗਾ। ਉਸ ਨੂੰ ਦੀਵਾਰ ਉਤੇ ਗੋਲੀਆਂ ਦੇ ਨਿਸ਼ਾਨ ਅਤੇ ਉਹ ਖੂਹ ਵਿਖਾਉਣ ਵਾਲਾ, ਜਿਸ ਵਿਚ ਛਾਲਾਂ ਮਾਰ ਕੇ ਲੋਕ ਮਰੇ ਸਨ, ਜਲ੍ਹਿਆਂਵਾਲਾ ਬਾਗ ਦਾ ਤਤਕਾਲੀ ਚੈਅਰਮੈਨ ਐਸ. ਕੇ. ਮੁਕਰਜੀ ਸੀ। ਮੁਕਰਜੀ ਨੂੰ ਅਲਵਿਦਾ ਕਹਿਣ ਵੇਲੇ ਤਾਂ ਜਸਟਿਨ ਏਨਾ ਭਾਵੁਕ ਹੋ ਗਿਆ ਸੀ ਕਿ ਫੁੱਟ-ਫੁੱਟ ਕੇ ਰੋ ਪਿਆ ਸੀ, "ਮੇਰੀ ਭਾਵੁਕਤਾ ਦਾ ਵੱਡਾ ਕਾਰਨ ਮੇਰੇ ਮਨ ਵਿਚ ਸਿਡਨੀ ਰੌਲਟ ਦਾ ਪੜਪੋਤਰਾ ਹੋਣ ਦੀ ਸ਼ਰਮਿੰਦਗੀ ਹੈ।" ਉਹ ਲਿਖਦਾ ਹੈ, "ਜਿਹੜੇ ਨਿਰਦੋਸ਼ ਭਾਰਤੀ ਬਰਤਾਨਵੀ ਸਰਕਾਰ ਦੇ ਫੌਜੀਆਂ ਹੱਥੋਂ ਮਾਰੇ ਗਏ ਸਨ, ਉਹ ਉਸ ਕਾਲੇ ਕਾਨੂੰਨ ਦੀ ਵਿਰੋਧਤਾ ਕਰਨ ਲਈ ਇਕੱਠੇ ਹੋਏ ਸਨ, ਜੋ ਮੇਰੇ ਪੜਦਾਦੇ ਦੇ ਨਾਂ ਨਾਲ ਜੁੜਿਆ ਹੋਇਆ ਹੈ। ਇਹ ਕਾਨੂੰਨ ਹਰ ਭਾਰਤੀ ਦੀ ਮੁਢਲੀ ਸੁਤੰਤਰਤਾ ਖਤਮ ਕਰਨ ਵਾਲਾ ਸੀ।"

ਆਮ ਜਨਤਾ ਵਿਚ ਇਸ ਕਾਨੂੰਨ ਦੀ ਧਾਰਾ 'ਨਾ ਦਲੀਲ, ਨਾ ਅਪੀਲ, ਨਾ ਵਕੀਲ' ਮੰਨੀ ਗਈ ਸੀ। ਐਸ. ਕੇ. ਮੁਕਰਜੀ ਜਸਟਿਨ ਨੂੰ ਉਸ ਰਾਹ ਤੋਰ ਕੇ ਲੈ ਗਿਆ ਸੀ, ਜਿਸ ਰਾਹ ਤੋਂ ਜਨਰਲ



ਸਿਡਨੀ ਰੌਲਟ

ਡਾਇਰ ਆਪਣੇ 90 ਫੌਜੀਆਂ ਨਾਲ ਗਿਆ ਸੀ। ਐਸ. ਕੇ. ਮੁਕਰਜੀ ਦਾ ਦਾਦਾ ਸਸ਼ਟੀ ਮੁਕਰਜੀ ਵੀ ਕਤਲੇਆਮ ਵੇਲੇ ਬਾਗ ਵਿਚ ਹਾਜ਼ਰ ਸੀ। ਉਸ ਨੇ ਦੱਸਿਆ ਸੀ ਕਿ ਕਿਵੇਂ ਫੌਜੀਆਂ ਨੇ ਤੰਗ ਦਰਵਾਜੇ ਥਾਣੀਂ ਲੰਘ ਸੈਮੀ ਸਰਕਲ ਬਣਾ ਕੇ ਵਿਸਾਖੀ ਸੰਮੇਲਨ ਵਿਚ ਭਾਗ ਲੈਣ ਵਾਲਿਆਂ ਨੂੰ ਆਪਣੀ ਗੋਲੀ ਦਾ ਸ਼ਿਕਾਰ ਬਣਾਇਆ ਸੀ ਤੇ ਕਿਵੇਂ ਦਾਦਾ ਮੰਚ ਪਿੱਛੇ ਛੁਪ ਕੇ ਬਚਿਆ ਸੀ। ਫੌਜੀਆਂ ਨੇ ਲਗਾਤਾਰ ਦਸ ਮਿੰਟ ਗੋਲੀ ਚਲਾਈ, ਜਿਸ ਵਿਚ ਸ਼ਾਹੀ ਦਸਤਾਵੇਜ਼ਾਂ ਅਨੁਸਾਰ 1650 ਗੋਲੀਆਂ ਨਾਲ 379 ਬੰਦੇ ਮਾਰੇ ਗਏ ਤੇ 1137 ਜ਼ਖਮੀ ਹੋਏ। (ਭਾਰਤੀ ਸਰੋਤਾਂ ਅਨੁਸਾਰ ਇਹ ਗਿਣਤੀ ਬਹੁਤ ਵੱਧ ਸੀ।) ਇਥੇ ਹੀ ਬਸ ਨਹੀਂ, ਗੋਲੀਬਾਰੀ ਤੋਂ ਪਿੱਛੋਂ ਡਾਇਰ ਨੇ ਕਰਫਿਊ ਲਾ ਕੇ ਧਮਕੀ ਦਿੱਤੀ ਸੀ ਕਿ ਸੜਕ 'ਤੇ ਦਿਖਾਈ ਦਿੰਦੇ ਕਿਸੇ ਵੀ ਬੰਦੇ ਨੂੰ ਗੋਲੀ ਮਾਰ ਦਿੱਤੀ ਜਾਵੇ। ਸਿਡਨੀ ਰੌਲਟ ਦਾ ਦਿਹਾਂਤ ਜਸਟਿਨ ਦੇ ਜਨਮ ਤੋਂ ਪਹਿਲਾਂ ਹੋ ਚੁਕਾ ਸੀ, ਪਰ ਉਸ ਨੂੰ ਪਤਾ ਸੀ ਕਿ ਸਿਡਨੀ ਪੇਸ਼ੇ ਵਜੋਂ ਜੱਜ ਸੀ ਤੇ ਉਸ ਨੂੰ ਵਿਸ਼ਵ ਯੁੱਧ ਦੇ ਅੰਤ 'ਤੇ ਸੈਡੀਸ਼ਨ ਕਮੇਟੀ ਦਾ ਮੁਖੀ ਬਣਾ ਕੇ ਨਵੰਬਰ 1917 ਵਿਚ ਹਿੰਦੁਸਤਾਨ ਭੇਜਿਆ ਗਿਆ ਸੀ। ਉਸ ਨੇ ਇਸ ਨਿਯੁਕਤੀ ਦਾ ਅਸਲ ਮੰਤਵ ਕਦੀ ਕਿਸੇ ਨੂੰ ਨਹੀਂ ਸੀ ਦੱਸਿਆ। ਚਿੱਠੀ ਪੱਤਰਾਂ ਤੋਂ ਕੇਵਲ ਇਹੀਓ ਪਤਾ ਲਗਦਾ ਸੀ ਕਿ ਉਸ ਦੇ ਨਵੀਂ ਦਿੱਲੀ ਪਹੁੰਚਣ ਸਮੇਂ ਨਵੇਂ ਸ਼ਹਿਰ ਦੀ ਵਿਉਂਤਬੰਦੀ ਕੀਤੀ ਜਾ ਰਹੀ ਸੀ। ਵਾਇਸਰਾਏ ਦੀ ਨਵੀਂ ਰਿਹਾਇਸ਼ ਸਾਹਮਣੇ ਬਕਿੰਘਮ ਪੈਲੇਸ ਨੇ ਨਿਰੀ ਝੌਂਪੜੀ ਲੱਗਣਾ ਸੀ।

ਜਸਟਿਨ ਰੌਲਟ ਦੇ ਲਿਖਣ ਅਨੁਸਾਰ ਉਸ ਨੇ ਅਪਣੇ ਪੜਦਾਦਾ ਦੀ ਲਿਖੀ ਹੋਈ ਰਿਪੋਰਟ ਦੀ ਕਾਪੀ ਜ਼ਰੂਰ ਵੇਖੀ ਸੀ, ਜਿਸ ਵਿਚ ਭਾਰਤੀ ਬਾਗੀਆਂ ਦੀਆਂ ਗਤੀਵਿਧੀਆਂ ਦਾ ਵਿਸਥਾਰ ਸੀ। ਉਸ ਗੋਲੀਬਾਰੀ, ਬੰਬਾਰੀ ਤੇ ਕਤਲਾਂ ਦਾ ਵੀ, ਜਿਨ੍ਹਾਂ ਨੂੰ ਕੋਈ ਅਦਾਲਤ ਨਜਿੱਠ ਨਹੀਂ ਸੀ ਸਕਦੀ, ਕਿਉਂਕਿ ਗਵਾਹ ਡਰਾਏ ਧਮਕਾਏ ਜਾਂਦੇ ਸਨ ਤੇ ਜੱਜ ਅਤੇ ਵਕੀਲ ਵੀ ਬਖਸ਼ੇ ਨਹੀਂ ਸਨ ਜਾਂਦੇ। ਇਸ ਰਿਪੋਰਟ ਵਿਚ ਇਹ ਕਿਧਰੇ ਨਹੀਂ ਸੀ ਲਿਖਿਆ ਕਿ ਹਿੰਦੁਸਤਾਨੀ ਕੀ ਚਾਹੁੰਦੇ ਸਨ।

ਜਸਟਿਨ ਲਿਖਦਾ ਹੈ ਕਿ ਉਸ ਦੇ ਪੜਦਾਦੇ ਨੂੰ ਹਿੰਦੁਸਤਾਨੀਆਂ ਦੀ ਧਾਰਨਾ ਦਾ ਪੂਰਾ ਗਿਆਨ ਸੀ। ਇਹ ਵੀ ਕਿ ਬਰਤਾਨੀਆ ਲਈ ਭਾਰਤ ਵਿਚ ਖੇਲ ਖਤਮ ਹੋ ਚੁਕਾ ਸੀ ਅਤੇ ਗੋਰੀ ਸਰਕਾਰ ਨੂੰ ਉਕਾ ਹੀ ਨਹੀਂ ਸੀ ਸੁੱਝ ਰਿਹਾ ਕਿ ਅਸ਼ਾਂਤੀ ਨੂੰ ਕਿਵੇਂ ਨੱਥ ਪਾਉਣੀ ਹੈ। ਫੇਰ ਵੀ ਉਸ ਨੇ ਅਜਿਹਾ ਬਿੱਲ ਤਿਆਰ ਕੀਤਾ, ਜਿਸ ਦੇ ਲੈਜਿਸਲੇਟਿਵ ਕੌਂਸਲ ਵਿਚ ਜਾਣ ਸਮੇਂ ਹਰ ਭਾਰਤੀ ਮੈਂਬਰ ਨੇ ਇਸ ਦਾ ਵਿਰੋਧ ਕੀਤਾ ਸੀ। ਇਹ ਬਿੱਲ ਅੰਗਰੇਜ਼ਾਂ ਵਲੋਂ ਨਿਯੁਕਤ ਕੀਤੇ ਹੋਰ ਨਾਮਜ਼ਦ ਮੈਂਬਰਾਂ ਦੀ ਮਦਦ ਨਾਲ ਹੀ ਪਾਸ ਹੋ ਸਕਿਆ ਸੀ। ਉਨ੍ਹਾਂ ਨੇ, ਜੋ ਕੁਝ ਲੰਡਨ ਚਾਹੁੰਦਾ ਸੀ, ਉਸ ਦਾ ਸਮਰਥਨ ਕਰਨਾ ਸੀ।

ਜਸਟਿਨ ਰੌਲਟ ਅਨੁਸਾਰ ਇਸ ਬਿੱਲ ਦੇ ਪਾਸ ਹੋਣ ਤੱਕ ਐਮ. ਕੇ. ਗਾਂਧੀ ਇੱਕ ਸਾਧਾਰਨ ਨੇਤਾ ਸੀ, ਪਰ ਇਸ ਦੇ ਵਿਰੋਧ ਵਿਚ ਕੀਤੇ ਸਤਿਆਗ੍ਰਹਿ ਨੇ ਹੀ ਗਾਂਧੀ ਨੂੰ ਰਾਸ਼ਟਰੀ ਨੇਤਾ ਬਣਾਇਆ ਸੀ। ਜਸਟਿਨ ਦੀ ਗਾਂਧੀ ਦੇ ਪੋਤਰੇ ਤੁਸ਼ਾਰ ਗਾਂਧੀ ਨਾਲ ਵੀ ਮੁਲਾਕਾਤ ਹੋਈ, ਇਸ ਵਿਚ ਤੁਸ਼ਾਰ ਨੇ ਕਿਹਾ ਸੀ, "ਅਸੀਂ ਤੁਹਾਡੇ ਦਾਦੇ ਦੇ ਸ਼ੁਕਰਗੁਜ਼ਾਰ ਹਾਂ, ਜਿਸ ਨੇ ਬਰਤਾਨਵੀ



ਜਸਟਿਨ ਰੌਲਟ

ਸ਼ਹਿਨਸ਼ਾਹੀਅਤ ਦੇ ਕੱਫਣ ਵਿਚ ਪਹਿਲਾ ਕਿੱਲ ਠੋਕਿਆ।" ਇਹ ਬੋਲ ਸੁਣਨਾ ਜਸਟਿਨ ਦੀ ਸ਼ਰਮਿੰਦਗੀ ਦਾ ਸਿਖਰ ਸੀ।

ਇਹ ਵੀ ਬੜੇ ਸਬੱਬ ਦੀ ਗੱਲ ਹੈ ਕਿ ਜਦੋਂ ਮੈਂ ਨਾਨਕ ਸਿੰਘ ਦੀ 'ਖੂਨੀ ਵਿਸਾਖੀ' ਵਿਚ ਛਪਿਆ ਜਸਟਿਨ ਰੌਲਟ ਦਾ ਆਪਣੇ ਪੜਦਾਦੇ ਬਾਰੇ ਲਿਖਿਆ ਲੇਖ ਪੜ੍ਹ ਰਿਹਾ ਸਾਂ ਤਾਂ ਉਸ ਦਿਨ ਸੁਤੰਤਰ ਭਾਰਤ ਦੀ ਇਸੇ ਵਰ੍ਹੇ ਚੁਣੀ ਨਵੀਂ ਸਰਕਾਰ ਸੰਸਦ ਵਿਚ ਆਪਣੀ ਵਹਿਸ਼ੀ ਬਹੁ-ਗਿਣਤੀ ਸਦਕਾ ਕੁਝ ਇਤਿਹਾਸਕ ਬਿੱਲਾਂ ਸਮੇਤ ਉਹ ਬਿੱਲ ਪਾਸ ਕਰਾਉਣ ਵਿਚ ਸਫਲ ਹੋ ਗਈ ਸੀ, ਜਿਸ ਅਧੀਨ ਕਿਸੇ ਵੀ ਵਿਅਕਤੀ ਨੂੰ ਅਤਿਵਾਦੀ ਕਰਾਰ ਦੇ ਕੇ ਵੱਡੀ ਤੋਂ ਵੱਡੀ ਸਜ਼ਾ ਦਿੱਤੀ ਜਾ ਸਕਦੀ ਹੈ, ਭਾਵੇਂ ਉਹ ਕਿਸੇ ਅਤਿਵਾਦੀ ਸੰਗਠਨ ਦਾ ਮੈਂਬਰ ਹੈ ਜਾਂ ਨਹੀਂ। ਸਰਕਾਰ ਲਈ ਇਹ ਦਲੀਲ ਕੋਈ ਅਰਥ ਨਹੀਂ ਸੀ ਰਖਦੀ ਕਿ ਉਨ੍ਹਾਂ ਦੇ ਰਾਜ ਵਿਚ ਵੀ ਕੋਈ ਡਾਇਰ ਜਾਂ ਉਡਵਾਇਰ ਉਭਰ ਸਕਦਾ ਹੈ। ਖਾਸ ਕਰਕੇ ਦੇਸ਼ ਲਈ ਕਿ ਜਿਸ ਸੰਘ ਦੀਆਂ ਥੰਮੀਆ ਉਤੇ ਇਹ ਸਰਕਾਰ ਖੜ੍ਹੀ ਹੈ, ਉਸ ਦੀ ਮੂਲ ਧਾਰਨਾ ਸਭ ਜਾਣਦੇ ਹਨ। ਇਕ ਗੱਲ ਤਾਂ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਇਸ ਸਰਕਾਰ ਦੇ ਕਰਤੇ ਧਰਤਿਆਂ ਨੂੰ ਸੌ ਸਾਲ ਪਿੱਛੋਂ ਕੋਈ ਜਸਟਿਨ ਵਰਗਾ ਨਾਮਾਨਿਗਾਰ ਨਹੀਂ ਮਿਲਣ ਲੱਗਾ, ਜੋ ਇਸ ਨੂੰ ਬਰੀ ਕਰਵਾ ਸਕੇ।

**ਅੰਤਿਕਾ:** ਨਾਨਕ ਸਿੰਘ ਵੱਲੋਂ ਵਿਸਾਖੀ ਦੇ ਸ਼ਹੀਦਾਂ ਨੂੰ ਅੰਤਿਮ ਫਤਿਹ

ਅਸਾਂ ਵੀਰਾਂ ਨੂੰ ਰੱਖਣਾ ਯਾਦ ਹਰਦਮ,
ਮਤਾਂ ਦਿਓ ਵਿਸਾਰ ਜਮਾਤੀਆਂ ਨੂੰ।
ਤੁਸੀਂ ਹੋਵਣਾ ਨਹੀਂ ਮਾਯੂਸ ਵੀਰੋ,
ਸੀਨੇ ਵਿਚ ਸਹਾਰਨਾ ਕਾਤੀਆਂ ਨੂੰ।
ਜੇਕਰ ਨਹੀਂ ਇਤਬਾਰ ਜ਼ੁਬਾਨ ਉਤੇ,
ਆ ਕੇ ਵੇਖ ਲੌ ਛੱਲਣੀ ਛਾਤੀਆਂ ਨੂੰ।
ਲੌ ਹੁਣ ਅੰਤ ਦੀ ਫਤਿਹ ਬੁਲਾਂਵਦੇ ਹਾਂ,
ਯਾਦ ਰੱਖਣਾ ਸਾਡੀਆਂ ਬਾਤੀਆਂ ਨੂੰ।

# ਦੁਨੀਆਂ ਭਰ ਦੇ ਸੁਪਰ ਸਟਾਰ ਹੋਣਗੇ ਕਬੱਡੀ ਕੱਪ ਦਾ ਸ਼ਿੰਗਾਰ: ਸਹੋਤਾ ਭਰਾ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਡ ਸਪੋਰਟਸ ਕਲੱਬ ਦੇ 15 ਸਤੰਬਰ, ਐਤਵਾਰ ਨੂੰ ਇਥੇ ਲੋਗਨ ਹਾਈ ਸਕੂਲ ਵਿਖੇ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਇਸ ਖੇਡ ਮੇਲੇ ਲਈ ਹਰ ਵਰਗ ਵਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ। ਇਸ ਵਾਰ ਖੇਡ ਪ੍ਰੇਮੀਆਂ ਦੇ ਉਤਸ਼ਾਹ ਨੂੰ ਵੇਖਦਿਆਂ ਰਿਕਾਰਡ ਤੋੜ ਇਕੱਠ ਹੋਣ ਦੀ ਆਸ ਹੈ।

ਸਹੋਤਾ ਭਰਾਵਾਂ ਨੇ ਕਿਹਾ ਕਿ ਕਲੱਬ ਵਲੋਂ ਪ੍ਰਬੰਧਾਂ ਵਿਚ ਕੋਈ ਵੀ ਕਮੀ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਦਰਸ਼ਕਾਂ ਦੀ ਹਰ ਸਹੂਲਤ ਦਾ ਖਿਆਲ ਰੱਖਿਆ ਜਾਵੇਗਾ। ਖਾਣ ਪੀਣ, ਬੈਠਣ ਅਤੇ ਪਾਰਕਿੰਗ ਦਾ ਪ੍ਰਬੰਧ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਸਮੂਹ ਪੰਜਾਬੀਆਂ, ਕਬੱਡੀ ਪ੍ਰੇਮੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਕ ਦਿਨ ਕਬੱਡੀ ਦੇ ਲੇਖੇ ਲਾਉਣ, ਕਿਉਂਕਿ ਇਹ ਸਿਰਫ ਕਬੱਡੀ ਦਾ ਮਹਾਂ ਕੁੰਭ ਹੈ। ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਇਕ ਪਲ ਵੀ ਦਰਸ਼ਕ ਕਬੱਡੀ ਦੇ ਨਿਵੇਕਲੇ ਰੰਗ ਵੇਖਣ ਤੋਂ ਵਿਰਵੇਂ ਨਹੀਂ ਹੋਣਗੇ।

ਨਾਮੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਅਤੇ ਮੰਗੀ ਬੱਗਾ ਪਿੰਡ ਨੇ ਕਿਹਾ ਕਿ ਇਸ ਵਿਸ਼ਵ ਕਬੱਡੀ ਕੱਪ ਵਿਚ ਦੁਨੀਆਂ ਭਰ ਦੇ ਧਨੰਤਰ ਤੇ ਸੁਪਰ ਸਟਾਰ ਕਬੱਡੀ ਖਿਡਾਰੀ ਆਪਣੀ ਕਬੱਡੀ ਖੇਡ ਦੇ ਜੌਹਰ ਦਿਖਾਉਣਗੇ।



ਜੁਗਰਾਜ ਸਿੰਘ ਸਹੋਤਾ



ਨਰਿੰਦਰ ਸਿੰਘ ਸਹੋਤਾ



ਸੰਦੀਪ ਨੰਗਲ ਅੰਬੀਆਂ



ਮੰਗੀ ਬੱਗਾ ਪਿੰਡ

## ਲਾਹੌਰ 'ਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਭੰਨਤੋੜ

**ਲਾਹੌਰ:** ਭਾਰਤ ਵੱਲੋਂ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨ ਤੋਂ ਖਫਾ ਕੁਝ ਨੌਜਵਾਨਾਂ ਨੇ ਪਾਕਿਸਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਭੰਨਤੋੜ ਕੀਤੀ ਹੈ। ਜ਼ਿਕਰਯੋਗ ਹੈ ਕਿ ਲਾਹੌਰ ਕਿਲ੍ਹੇ ਵਿਚ ਲਾਇਬਰੇਰੀ ਦੇ ਬਾਹਰ 9 ਫੁੱਟ ਉੱਚਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਿਤ ਕੀਤਾ ਗਿਆ ਸੀ। ਪੁਲਿਸ ਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਕੁਫਰ ਦੇ ਦੋਸ਼ ਤਹਿਤ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਤਹਿਰੀਕ -ਏ-ਲੱਬਾਇਕ-ਪਾਕਿਸਤਾਨ (ਮੌਲਾਨਾ ਖੈਮ ਰਿਜ਼ਕੀ) ਨਾਲ ਸਬੰਧਤ ਹਨ।



## ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਦੇ ਜੱਜ ਵਧਾਉਣ ਵਾਲੇ ਬਿੱਲ 'ਤੇ ਮੋਹਰ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸੁਪਰੀਮ ਕੋਰਟ ਵਿਚ ਜੱਜਾਂ ਦੀ ਗਿਣਤੀ ਵਧਾਉਣ ਸਬੰਧੀ ਬਿੱਲ ਉਤੇ ਦਸਤਖਤ ਕਰ ਦਿੱਤੇ ਹਨ।

ਸੁਪਰੀਮ ਕੋਰਟ ਵਿਚ ਚੀਫ ਜਸਟਿਸ ਆਫ ਇੰਡੀਆ ਤੋਂ ਇਲਾਵਾ ਜੱਜਾਂ ਗਿਣਤੀ 30 ਤੋਂ 33 ਕਰਨ ਸਬੰਧੀ ਬਿੱਲ ਸੰਸਦ ਵਿਚ ਇਸੇ ਹਫਤੇ ਪਾਸ ਕੀਤਾ ਗਿਆ ਸੀ। ਸਰਬਉੱਚ ਅਦਾਲਤ ਵਿਚ ਇਸ ਸਮੇਂ ਚੀਫ ਜਸਟਿਸ ਸਣੇ 31 ਜੱਜ ਹਨ। ਇਹ ਬਿੱਲ ਲਾਗੂ ਹੋਣ ਨਾਲ ਸੁਪਰੀਮ ਕੋਰਟ ਵਿਚ ਜੱਜਾਂ ਦੀ ਗਿਣਤੀ (ਚੀਫ ਜਸਟਿਸ ਆਫ ਇੰਡੀਆ ਤੋਂ ਇਲਾਵਾ) 33 ਹੋ ਜਾਵੇਗੀ।

# ਕੁਲਵਿੰਦਰ ਖਹਿਰਾ ਨਾਲ ਰੂ ਬ ਰੂ


**ਹੇਵਰਡ (ਬਿਊਰੋ):** ਬੀਤੇ ਦਿਨੀਂ ਵਿਪਸਾ ਵਲੋਂ ਇੱਕ ਵਿਸ਼ੇਸ਼ ਸਾਹਿਤਕ ਮਿਲਣੀ ਇਥੇ ਫੇਵਰਿਟ ਇੰਡੀਆ ਰੈਸਟੋਰੈਂਟ ਵਿਖੇ ਕੀਤੀ ਗਈ, ਜਿਸ ਵਿਚ ਟੋਰਾਂਟੋ ਤੋਂ ਆਏ ਸਾਹਿਤਕਾਰ ਕੁਲਵਿੰਦਰ ਖਹਿਰਾ ਨਾਲ ਰੂਬਰੂ ਹੋਇਆ। ਇਸ ਮੌਕੇ ਸੁਰਿੰਦਰ ਧਨੋਆ, ਜਸਵਿੰਦਰ ਧਨੋਆ, ਲਾਜ ਨੀਲਮ ਸੈਣੀ, ਅਮਰਜੀਤ ਕੌਰ ਪੰਨੂੰ, ਗੁਲਸ਼ਨ ਦਿਆਲ, ਜਗਜੀਤ ਸੰਧੂ, ਗਗਨਦੀਪ ਸਿੰਘ, ਹਜ਼ੂਰਾ ਸਿੰਘ, ਤਾਰਾ ਸਿੰਘ ਸਾਗਰ, ਸੁਰਿੰਦਰ ਸੀਰਤ, ਹਰਭਜਨ ਢਿੱਲੋਂ, ਸੁਖਵਿੰਦਰ ਕੰਬੋਜ, ਕੁਲਵਿੰਦਰ ਅਤੇ ਰੇਸ਼ਮ ਸਿੱਧੂ ਹਾਜ਼ਰ ਸਨ।




ਵਿਪਸਾ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਸਭ ਨੂੰ ਜੀ ਆਇਆਂ ਆਖਿਆ। ਜਗਜੀਤ ਸੰਧੂ ਨੇ ਕੁਲਵਿੰਦਰ ਖਹਿਰਾ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਉਹ ਵਧੀਆ ਨਾਟਕਕਾਰ ਅਤੇ ਸ਼ਾਇਰ ਹਨ। ਆਪਣੇ ਰੂ ਬ ਰੂ ਦੌਰਾਨ ਕੁਲਵਿੰਦਰ ਖਹਿਰਾ ਨੇ ਦੱਸਿਆ ਕਿ ਉਹ ਪਾਸ਼ ਦੇ ਸਕੂਲ ਦੇ ਪਹਿਲੇ ਵਿਦਿਆਰਥੀ ਰਹੇ ਹਨ। ਉਨ੍ਹਾਂ ਅਨੁਸਾਰ ਪਹਿਲਾਂ ਪਹਿਲ ਉਨ੍ਹਾਂ ਨੂੰ ਪਾਸ਼ ਦੀ ਕਵਿਤਾ ਦੀ ਸਮਝ ਨਹੀਂ ਸੀ ਆਈ, ਪਰ ਜਦ ਉਹ ਪਾਸ਼ ਨਾਲ ਜੁੜ ਗਏ ਤਾਂ ਪਾਸ਼ ਦੀ ਕਵਿਤਾ, ਗੁਰਸ਼ਰਨ ਭਾਜੀ ਦੇ ਡਰਾਮੇ ਤੇ ਸੰਤ ਰਾਮ ਉਦਾਸੀ ਦੀਆਂ ਲਿਖਤਾਂ ਆਪਣੇ ਆਪ ਉਨ੍ਹਾਂ ਨਾਲ ਗੱਲਾਂ ਕਰਨ ਲੱਗੀਆਂ। ਉਨ੍ਹਾਂ ਨੇ ਆਪਣਾ ਬਚਪਨ ਪੰਜਾਬ ਵਿਚ ਗੁਜਾਰਿਆ ਅਤੇ ਬਚਪਨ ਵਿਚ ਗਰੀਬੀ ਦੀ ਮਾਰ ਵੀ ਖਾਧੀ। ਕੈਨੇਡਾ ਆ ਕੇ ਵੀ ਉਨ੍ਹਾਂ ਨੂੰ ਸੰਘਰਸ਼ ਕਰਨਾ ਪਿਆ। ਉਨ੍ਹਾਂ 1977 ਵਿਚ ਸਾਦਾ ਜਿਹੀਆਂ ਕਵਿਤਾਵਾਂ ਲਿਖੀਆਂ। 1983 ਵਿਚ ਉਨ੍ਹਾਂ ਦੀ ਕਵਿਤਾ ਦਾ ਵਿਸ਼ਾ ਗੰਭੀਰ ਹੋਇਆ। ਉਸ ਵੇਲੇ ਦੇ ਮਾਹੌਲ ਤੇ ਪਾਸ਼ ਦੀ ਵਿਚਾਰਧਾਰਾ ਦਾ ਉਨ੍ਹਾਂ 'ਤੇ ਅਸਰ ਸੀ ਤੇ ਉਨ੍ਹਾਂ ਨੂੰ ਲੱਗਦਾ ਸੀ ਕਿ ਪੰਜਾਬ ਦੀਆਂ ਸਭ ਸਮੱਸਿਆਵਾਂ ਸੁਲਝ ਜਾਣਗੀਆਂ।

ਕੁਲਵਿੰਦਰ ਖਹਿਰਾ ਨੇ ਕਿਹਾ ਕਿ ਕੈਨੇਡਾ ਆ ਕੇ 1992 ਤੋਂ ਉਹ ਉਥੋਂ ਦੇ 'ਪੰਜਾਬੀ ਕਲਮਾਂ ਦੇ ਕਾਫਲੇ' ਨਾਮੀ ਸੰਸਥਾ ਨਾਲ ਜੁੜੇ ਹੋਏ ਹਨ। ਉਨ੍ਹਾਂ ਡਰਾਮੇ ਵੀ ਲਿਖੇ, ਜਿਨ੍ਹਾਂ ਦੇ ਮੁੱਖ ਵਿਸ਼ੇ ਡਰੱਗਜ਼, ਅੰਤਰਜਾਤੀ ਵਿਆਹ ਤੇ ਇਤਿਹਾਸ ਰਹੇ ਹਨ। ਭਾਰਤ ਵਿਚ ਉਹ ਆਪਣੀ ਪੜ੍ਹਾਈ ਪੂਰੀ ਨਹੀਂ ਸੀ ਕਰ ਸਕੇ ਤਾਂ ਇਥੇ ਆ ਕੇ ਉਨ੍ਹਾਂ ਨੇ ਕੰਮ ਦੇ ਨਾਲ ਨਾਲ ਪੜ੍ਹਨਾ ਵੀ ਸ਼ੁਰੂ ਕੀਤਾ ਤੇ 27 ਸਾਲ ਦੀ ਉਮਰ ਵਿਚ ਸੋਸ਼ਿਆਲੋਜੀ ਵਿਚ ਡਿਗਰੀ ਲਈ ਤੇ ਕੰਪਿਊਟਰ ਪ੍ਰੋਗਰਾਮਿੰਗ ਦੀਆਂ ਕਲਾਸਾਂ ਵੀ ਲਈਆਂ। ਉਨ੍ਹਾਂ ਆਪਣੀਆਂ ਗਜ਼ਲਾਂ ਵੀ ਪੜ੍ਹ ਕੇ ਸੁਣਾਈਆਂ।

ਬਾਅਦ ਵਿਚ ਇੱਕ ਕਵੀ ਦਰਬਾਰ ਹੋਇਆ, ਜਿਸ ਵਿਚ ਹਰਭਜਨ ਢਿੱਲੋਂ, ਤਾਰਾ ਸਾਗਰ, ਹਜ਼ੂਰਾ ਸਿੰਘ ਪ੍ਰਿੰਸੀਪਲ, ਗਗਨ ਦੀਪ ਸਿੰਘ, ਸੁਰਿੰਦਰ ਧਨੋਆ, ਰੇਸ਼ਮ, ਜਗਜੀਤ ਸੰਧੂ, ਅਮਰਜੀਤ ਪੰਨੂ ਤੇ ਗੁਲਸ਼ਨ ਦਿਆਲ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਹੋਰ ਵੀ ਮਸਲਿਆਂ 'ਤੇ ਬਹਿਸ ਹੋਈ। ਜਸਵਿੰਦਰ ਧਨੋਆ ਨੇ ਹਾਸੇ ਦੀ ਪਟਾਰੀ ਖੋਲ੍ਹ ਕੇ ਸਭਾ ਵਿਚ ਰੌਣਕ ਲਿਆ ਦਿੱਤੀ। ਅਕੈਡਮੀ ਨੇ ਕੁਲਵਿੰਦਰ ਖਹਿਰਾ ਨੂੰ ਪੁਸਤਕਾਂ ਭੇਟ ਕੀਤੀਆਂ। ਪ੍ਰੋਗਰਾਮ ਦਾ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ।

Buy or Sell Real Estate in California
Roseville, Sacramento, Elk Grove & surrounding areas.
CENTURY 21
Committed to Excellent Service
Cell: 916-847-8920
E-mail: hsingh@c21mm.com
Century 21 MM-Roseville
973 Pleasant Grove Blvd., Suite# 150, Roseville, CA 95678
EQUAL HOUSING OPPORTUNITY
REALTOR MLS

Harpreet Singh
Realtor
CalDRE# 02049809

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
www.homeopathicvibes.com
Ph: (408) 737-7100
Fax: (408)737-7102
39210 State St., Suite 111, Fremont, CA 94538
We sell and ship homeopathic remedies through out North America.

# ਕੈਲਗਰੀ ਵਿਚ ਗਦਰੀ ਬਾਬਿਆਂ ਦੇ ਮੇਲੇ 'ਤੇ ਸਰਾਭਾ ਆਸ਼ਰਮ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਦਾ ਸਨਮਾਨ

**ਕੈਲਗਰੀ (ਬਿਊਰੋ):** ਇਥੇ ਆਜ਼ਾਦੀ ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਗਏ 3 ਰੋਜ਼ਾ ਮੇਲੇ ਦੌਰਾਨ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਦਾ 'ਸ਼ਹੀਦ ਮੇਵਾ ਸਿੰਘ ਲੋਪੋਕੇ ਅਵਾਰਡ' ਨਾਲ ਸਨਮਾਨ ਕੀਤਾ ਗਿਆ। ਇਹ ਪੁਰਸਕਾਰ ਡਾ. ਮਾਂਗਟ ਵੱਲੋਂ ਪਿਛਲੇ 14 ਸਾਲਾਂ ਤੋਂ ਲਾਵਾਰਸਾਂ-ਅਪਾਹਜਾਂ ਦੀ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦਿਆਂ ਦਿੱਤਾ ਗਿਆ।



ਡਾ. ਮਾਂਗਟ ਅਤੇ ਪਤਨੀ ਪਰਮਜੀਤ ਕੌਰ (ਵਿਚਕਾਰ), ਐਮ. ਪੀ. ਦਰਸ਼ਨ ਸਿੰਘ ਕੰਗ, ਐਮ.ਐਲ.ਏ. ਦਵਿੰਦਰ ਸਿੰਘ ਤੂਰ, ਬ੍ਰਹਮ ਪ੍ਰਕਾਸ਼ ਸਿੰਘ ਲੁੱਡੂ, ਸੰਤ ਸਿੰਘ ਧਾਲੀਵਾਲ, ਡੈਨ ਸਿੱਧੂ ਅਤੇ ਹੋਰ ਸ਼ਖਸੀਅਤਾਂ

ਸੁਤੰਤਰਤਾ ਸੰਗਰਾਮੀਆਂ ਦੀ ਯਾਦ ਵਿਚ ਇਹ ਮੇਲਾ ਇਥੋਂ ਛਪਦੇ ਪੰਜਾਬੀ ਅਖ਼ਬਾਰ 'ਦੇਸ ਪੰਜਾਬ ਟਾਈਮਜ਼' ਦੇ ਚੀਫ ਐਡੀਟਰ ਬ੍ਰਹਮ ਪ੍ਰਕਾਸ਼ ਸਿੰਘ ਲੁੱਡੂ ਅਤੇ ਸਹਿਯੋਗੀਆਂ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ। ਇਸ ਸਾਲ ਉਨੀਵੇਂ ਮੇਲੇ 'ਤੇ ਦਰਸ਼ਕਾਂ ਨੇ ਭਾਰਤ ਤੋਂ ਆਏ ਕਲਾਕਾਰਾਂ ਹਰਜੀਤ ਹਰਮਨ, ਜੀਤ ਪੈਂਚਰਾਂ ਵਾਲਾ, ਦੀਪ ਢਿੱਲੋਂ, ਭੁਪਿੰਦਰ ਗਿੱਲ, ਬਲਜਿੰਦਰ ਰਿੰਪੀ ਦੇ ਗੀਤਾਂ ਅਤੇ ਸਕਿੱਟਾਂ ਦਾ ਅਨੰਦ ਮਾਣਿਆ। ਇਸ ਮੇਲੇ ਦੌਰਾਨ ਕਵੀ ਦਰਬਾਰ ਅਤੇ 'ਮੇਲਾ ਮਾਂਵਾਂ-ਧੀਆਂ' ਦਾ ਵੀ ਹੋਇਆ। ਇਸ ਮੌਕੇ ਕੈਲਗਰੀ ਦੀਆਂ ਦੋ ਹੋਰ ਨਾਮੀ ਸ਼ਖਸੀਅਤਾਂ ਨੂੰ ਵੀ ਲੋਕ ਸੇਵਾ ਲਈ ਸਨਮਾਨਤ ਕੀਤਾ ਗਿਆ। ਬੀਬੀ ਗੁਰਦੀਸ਼ ਕੌਰ ਗਰੇਵਾਲ ਦਾ ਪੰਜਾਬੀ ਕਵਿਤਾ ਵਿਚ ਪਾਏ ਯੋਗਦਾਨ ਲਈ ਭਾਈ ਵੀਰ ਸਿੰਘ ਐਵਾਰਡ ਨਾਲ ਸਨਮਾਨ ਕੀਤਾ ਗਿਆ। ਸਾਬਕਾ ਇਫਕੋ ਅਫਸਰ ਸੁਖਵਿੰਦਰ ਸਿੰਘ ਬਰਾੜ ਦਾ ਕੈਨੇਡਾ ਅਤੇ ਪੰਜਾਬ ਵਿਚ ਲੋਕਾਂ ਨੂੰ ਸਿਹਤਮੰਦ ਜੀਵਨ ਬਾਰੇ ਜਾਗਰੂਕ ਕਰਨ ਲਈ ਐਮ.ਐਲ.ਏ. ਹੈਰੀ ਸੋਹਲ ਐਵਾਰਡ ਨਾਲ ਸਨਮਾਨ ਕੀਤਾ ਗਿਆ। ਐਵਾਰਡ ਦੇਣ ਮੌਕੇ ਹੋਰਨਾਂ ਤੋਂ ਇਲਾਵਾ ਕੈਲਗਰੀ ਦੇ ਐਮ.ਪੀ. ਦਰਸ਼ਨ ਸਿੰਘ ਕੰਗ, ਅਲਬਰਟਾ ਸਟੇਟ ਦੀ ਮੰਤਰੀ ਰਾਜ ਸਾਹਨੀ, ਕੈਲਗਰੀ ਦੇ ਐਮ.ਐਲ.ਏ. ਦਵਿੰਦਰ ਸਿੰਘ ਤੂਰ, ਸੰਤ ਸਿੰਘ ਧਾਲੀਵਾਲ, ਬਲਜੀਤ ਸਿੰਘ ਭਰੋਵਾਲ, ਬਲਬੀਰ ਸਿੰਘ ਕੈਥ, ਅਵਿਨਾਸ਼ ਖੰਗੂੜਾ, ਪ੍ਰੋ. ਮਨਜੀਤ ਸਿੰਘ, ਡੈਨ ਸਿੱਧੂ, ਪੀ.ਜੇ. ਰੰਧਾਵਾ ਤੇ ਭੋਲਾ ਚੌਹਾਨ ਮੌਜੂਦ ਸਨ।

ਡੈਨ ਸਿੱਧੂ ਨੇ ਦੱਸਿਆ ਕਿ ਪੀ. ਏ. ਯੂ. ਲੁਧਿਆਣਾ ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਸਾਇਕਲ ਤੇ ਫਿਰ ਕੇ ਸੜਕਾਂ ਕੰਢੇ ਪਏ ਅਜਿਹੇ ਬੇਘਰ, ਲਾਵਾਰਸਾਂ, ਅਪਾਹਜਾਂ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ। ਫਿਰ ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਪਿੰਡ ਸਰਾਭਾ ਦੇ ਨਜ਼ਦੀਕ ਤਿੰਨ ਮੰਜ਼ਲਾ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ, ਜਿਸ ਵਿਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਕਰੀਬ 125 ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਅਧਰੰਗ ਦੀ ਬਿਮਾਰੀ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਲੋੜਵੰਦ ਰਹਿੰਦੇ ਹਨ। ਇਨ੍ਹਾਂ ਵਿਚੋਂ 30-32 ਅਜਿਹੇ ਹਨ ਜਿਹੜੇ ਪੂਰੀ ਹੋਸ਼-ਹਵਾਸ਼ ਨਾ ਹੋਣ ਕਾਰਨ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਆਸ਼ਰਮ ਵਿਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫਤ ਮਿਲਦੀ ਹੈ। ਆਸ਼ਰਮ ਬਾਰੇ ਡਾ. ਮਾਂਗਟ ਨਾਲ ਸੰਪਰਕ ਫੋਨ: 91-95018-42505 (ਇੰਡੀਆ) ਜਾਂ ਕੈਨੇਡਾ 'ਚ ਫੋਨ: 403-401-8787 ਰਾਹੀਂ ਕੀਤਾ ਜਾ ਸਕਦਾ ਹੈ।

# ਪ੍ਰਦੂਸ਼ਣ ਤੇ ਜੰਗਲਾਂ ਦੀ ਕਟਾਈ ਕਰਕੇ ਮਾਨਵਤਾ ਖਤਰੇ 'ਚ

**ਜਨੇਵਾ:** ਜੇਕਰ ਮੁਲਕਾਂ ਨੇ ਪ੍ਰਦੂਸ਼ਣ, ਗੈਰਸਥਾਈ ਖੇਤੀ ਅਤੇ ਜੰਗਲਾਂ ਨੂੰ ਕੱਟਣ ਦੇ ਰੁਝਾਨ ਨੂੰ ਠੱਲ੍ਹ ਨਾ ਪਾਈ ਤਾਂ ਇਕ ਦਹਾਕੇ ਦੇ ਅੰਦਰ ਮਨੁੱਖਤਾ ਨੂੰ ਖੁਰਾਕ ਸੁਰੱਖਿਆ ਅਤੇ ਵੱਧ ਰਹੇ ਤਾਪਮਾਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੰਯੁਕਤ ਰਾਸ਼ਟਰ ਦੀ ਜਲਵਾਯੂ ਪਰਿਵਰਤਨ ਬਾਰੇ ਅੰਤਰ ਸਰਕਾਰੀ ਕਮੇਟੀ ਨੇ ਇਹ ਚਿਤਾਵਨੀ ਦਿੱਤੀ ਹੈ। ਕਮੇਟੀ ਨੇ ਜ਼ਮੀਨ ਦੀ ਵਰਤੋਂ ਬਾਰੇ ਪੇਸ਼ ਰਿਪੋਰਟ 'ਚ ਕਿਹਾ ਹੈ ਕਿ ਵੱਡੇ ਪੱਧਰ 'ਤੇ ਬਦਲਾਅ ਕੀਤੇ ਬਿਨ੍ਹਾਂ ਆਲਮੀ ਤਪਸ਼ ਵਰਗੇ ਮੁੱਦਿਆਂ ਨਾਲ ਨਹੀਂ ਨਜਿੱਠਿਆ ਜਾ ਸਕਦਾ ਹੈ। ਕਮੇਟੀ ਦੀ ਰਿਪੋਰਟ 'ਚ ਬਾਕੀ ਬਚੇ ਜੰਗਲਾਂ ਦੀ ਰਾਖੀ ਕਰਨ ਦੀ ਲੋੜ



'ਤੇ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਆਸ ਜਤਾਈ ਕਿ ਵੱਡੇ ਪੱਧਰ 'ਤੇ ਬੂਟੇ ਲਾਉਣ ਅਤੇ ਜੈਵਿਕ ਈਂਧਣ ਵਾਲੀਆਂ ਯੋਜਨਾਵਾਂ ਨਾਲ ਵਾਤਾਵਰਨ ਨੂੰ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

ਐਡਿਨਬਰ ਯੂਨੀਵਰਸਿਟੀ 'ਚ ਕਾਰਬਨ ਮੈਨੇਜਮੈਂਟ ਦੇ ਪ੍ਰੋਫੈਸਰ ਡੇਵ ਰੀਏ ਨੇ ਕਿਹਾ ਕਿ ਇਹ ਤੂਫਾਨ ਤੋਂ ਪਹਿਲਾਂ ਦੀ ਖਾਮੋਸ਼ੀ ਵਾਂਗ ਹੈ। ਵੱਧ ਰਹੀ ਅਬਾਦੀ ਅਤੇ ਸੀਮਤ ਜ਼ਮੀਨ ਜਲਵਾਯੂ ਐਮਰਜੈਂਸੀ ਵੱਲ ਇਸ਼ਾਰਾ ਕਰਦੇ ਹਨ। ਕਮੇਟੀ ਦੇ ਸਹਿ ਚੇਅਰਮੈਨ ਹੋਇਸੰਗ ਲੀ ਨੇ ਰਿਪੋਰਟ ਜਾਰੀ ਕਰਦਿਆਂ ਕਿਹਾ ਕਿ ਜ਼ਮੀਨ ਵਧਦੇ ਮਨੁੱਖੀ ਦਬਾਅ ਹੇਠ ਹੈ ਅਤੇ ਜ਼ਮੀਨ ਹੱਲ ਦਾ ਹਿੱਸਾ ਹੈ ਪਰ ਇਕੱਲਿਆਂ ਉਹ ਵੀ ਸਾਰੇ ਮਸਲੇ ਹੱਲ ਨਹੀਂ ਕਰ ਸਕਦੀ ਹੈ।

# ਕੌਮੀ ਫਿਲਮ ਪੁਰਸਕਾਰ: ਆਯੂਸ਼ਮਾਨ ਤੇ ਵਿੱਕੀ ਕੌਸ਼ਲ ਸਾਂਝੇ ਤੌਰ 'ਤੇ ਬਣੇ ਸਰਵੋਤਮ ਅਦਾਕਾਰ

**ਨਵੀਂ ਦਿੱਲੀ:** ਫਿਲਮ 'ਅੰਧਾਧੁਨ' ਅਤੇ 'ਉੜੀ' ਵਿਚ ਨਿਭਾਏ ਕਿਰਦਾਰਾਂ ਲਈ ਬਾਲੀਵੁੱਡ ਅਦਾਕਾਰਾਂ ਆਯੂਸ਼ਮਾਨ ਖੁਰਾਣਾ ਅਤੇ ਵਿੱਕੀ ਕੌਸ਼ਲ ਨੇ ਸਾਂਝੇ ਤੌਰ 'ਤੇ ਸਰਵੋਤਮ ਅਦਾਕਾਰ



ਦਾ ਕੌਮੀ ਫਿਲਮ ਪੁਰਸਕਾਰ ਜਿੱਤਿਆ ਹੈ। ਗੁਜਰਾਤੀ ਫਿਲਮ 'ਹੇਲਾਰੋ' ਨੂੰ ਸਰਵੋਤਮ ਫਿਲਮ ਐਲਾਨਿਆ ਗਿਆ ਹੈ। ਲੋਕ ਸਭਾ ਚੋਣਾਂ ਕਾਰਨ ਤਿੰਨ ਮਹੀਨਿਆਂ ਦੀ ਦੇਰੀ ਨਾਲ ਐਲਾਨੇ ਗਏ 66ਵੇਂ ਕੌਮੀ ਫਿਲਮ ਪੁਰਸਕਾਰਾਂ ਤਹਿਤ ਆਦਿੱਤਿਆ ਧਾਰ ਨੂੰ 'ਉੜੀ: ਦਾ ਸਰਜੀਕਲ ਸਟ੍ਰਾਈਕ' ਲਈ ਸਰਵੋਤਮ ਨਿਰਦੇਸ਼ਕ ਐਲਾਨਿਆ ਗਿਆ ਹੈ।

ਫਿਲਮ 'ਅੰਧਾਧੁਨ' ਨੇ ਸਰਵੋਤਮ ਹਿੰਦੀ ਫਿਲਮ ਅਤੇ ਸਰਵੋਤਮ ਅਡਾਪਟਿਡ ਸਕ੍ਰੀਨਪਲੇਅ ਪੁਰਸਕਾਰ ਜਿੱਤੇ। ਤੇਲਗੂ ਫਿਲਮ 'ਮਹੰਤੀ' ਵਿਚ ਪੁਰਾਣੀ ਅਦਾਕਾਰਾ ਸਵਿੱਤਰੀ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਕੀਰਤੀ ਸੁਰੇਸ਼ ਨੇ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਜਿੱਤਿਆ। ਫਿਲਮ 'ਬਧਾਈ ਹੋ', ਜੋ ਕਿ ਵਡੇਰੀ ਉਮਰ ਵਿਚ ਗਰਭਵਤੀ ਹੋਈ ਮਹਿਲਾ ਦੇ ਪਰਿਵਾਰ ਦੀ ਕਹਾਣੀ ਹੈ, ਨੂੰ ਮਨੋਰੰਜਨ ਦੇ ਪੱਖ ਤੋਂ ਸਰਵੋਤਮ ਪ੍ਰਸਿੱਧ ਫਿਲਮ ਐਲਾਨਿਆ ਗਿਆ। ਇਸ ਫਿਲਮ ਵਿਚ ਭੂਮਿਕਾ ਨਿਭਾਉਣ ਵਾਲੀ ਸੀਨੀਅਰ ਅਦਾਕਾਰਾ ਸੁਰੇਖਾ ਸੀਕਰੀ ਨੇ ਸਰਵੋਤਮ ਸਹਿ-ਅਦਾਕਾਰਾ ਦਾ ਪੁਰਸਕਾਰ ਜਿੱਤਿਆ। ਅਕਸ਼ੈ ਕੁਮਾਰ ਦੀ ਫਿਲਮ 'ਪੈਡਮੈਨ' ਨੂੰ ਸਮਾਜਿਕ ਮੁੱਦਿਆਂ ਬਾਰੇ ਸਰਵੋਤਮ ਫਿਲਮ ਐਲਾਨਿਆ ਗਿਆ। ਰਿਲੀਜ਼ ਹੋਣ ਮੌਕੇ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲੀ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤ' ਨੂੰ 'ਘੂਮਰ' ਗੀਤ ਲਈ ਸਰਵੋਤਮ ਕੋਰਿਓਗ੍ਰਾਫੀ ਦਾ ਪੁਰਸਕਾਰ ਮਿਲਿਆ ਜਦਕਿ ਭੰਸਾਲੀ ਨੂੰ ਸਰਵੋਤਮ ਸੰਗੀਤ ਨਿਰਦੇਸ਼ਕ ਐਲਾਨਿਆ ਗਿਆ।

ਇਸੇ ਫਿਲਮ ਦੇ ਗੀਤ 'ਬਿਨਤੇ ਦਿਲ' ਲਈ ਅਰੀਜੀਤ ਸਿੰਘ ਨੂੰ ਸਰਵੋਤਮ ਪੁਰਸ਼ ਪਿੱਠਵਰਤੀ ਗਾਇਕ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਗਾਇਕ ਅਤੇ ਗੀਤਕਾਰ ਸਵਾਨੰਦ ਕਿਰਕਿਰੇ ਨੂੰ ਮਰਾਠੀ ਫਿਲਮ 'ਚੁੰਬਕ' ਲਈ ਸਰਵੋਤਮ ਸਹਿ-ਅਦਾਕਾਰ ਦਾ ਪੁਰਸਕਾਰ ਦਿੱਤਾ ਗਿਆ ਹੈ। ਇਨ੍ਹਾਂ ਪੁਰਸਕਾਰਾਂ ਦਾ ਐਲਾਨ ਜਿਊਰੀ ਮੁਖੀ ਰਾਹੁਲ ਰਵੇਲ ਵਲੋਂ ਕੀਤਾ ਗਿਆ। ਇਹ ਪੁਰਸਕਾਰ ਪ੍ਰਦਾਨ ਕੀਤੇ ਜਾਣ ਦੇ ਸਮੇਂ ਬਾਰੇ ਹਾਲੇ ਕੁਝ ਸਪੱਸ਼ਟ ਨਹੀਂ ਹੈ।

ਨੈਸ਼ਨਲ ਐਵਾਰਡੀ ਫਿਲਮਕਾਰ ਸ਼ਿਲਪੀ ਗੁਲਾਟੀ ਵੱਲੋਂ ਨਿਰਦੇਸ਼ਤ ਅਤੇ ਨਿਊਰੋ ਸਾਈਕੈਟਰਿਕ ਤੇ ਨਸ਼ਾ ਛੁਡਾਊ ਮਾਹਿਰ ਡਾ. ਜੇ.ਪੀ.ਐਸ. ਭਾਟੀਆ ਵੱਲੋਂ ਪ੍ਰੋਡਿਊਸ ਕੀਤੀ ਡਾਕੂਮੈਂਟਰੀ 'ਤਾਲਾ ਤੇ ਕੁੰਜੀ' ਨੂੰ 66ਵੇਂ ਨੈਸ਼ਨਲ ਫਿਲਮ ਐਵਾਰਡ ਸਮਾਗਮ ਦੌਰਾਨ ਨੈਸ਼ਨਲ ਐਵਾਰਡ ਦਿੱਤਾ ਗਿਆ ਹੈ। ਇਸ ਨੂੰ ਫੀਚਰ ਫਿਲਮ ਸ਼੍ਰੇਣੀ 'ਚੋਂ ਵੱਖਰੇ ਤੌਰ 'ਤੇ ਐਵਾਰਡ ਦਿੱਤਾ ਗਿਆ ਹੈ। ਡਾ. ਜੇ.ਪੀ.ਐਸ. ਭਾਟੀਆ ਨੇ ਕਿਹਾ ਕਿ ਉਹ ਖੁਸ਼ ਹਨ ਕਿ ਉਨ੍ਹਾਂ ਵੱਲੋਂ ਕੀਤੇ ਸਮਾਜਿਕ ਕਾਰਜ ਨੂੰ ਮਾਣ ਦਿੱਤਾ ਗਿਆ ਹੈ।

# ਸਿੱਖਸ ਫਾਰ ਜਸਟਿਸ 'ਤੇ ਪਾਬੰਦੀ ਦੀ ਘੋਖ ਲਈ ਟ੍ਰਿਬਿਊਨਲ ਗਠਿਤ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਖਾਲਿਸਤਾਨ ਪੱਖੀ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) 'ਤੇ ਲਾਈ ਪਾਬੰਦੀ ਦੀ ਘੋਖ ਲਈ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਵਿਚ ਟ੍ਰਿਬਿਊਨਲ ਗਠਿਤ ਕੀਤਾ ਹੈ, ਜੋ ਪਾਬੰਦੀ ਸਬੰਧੀ ਵਾਜਬ ਕਾਰਨਾਂ ਦੀ ਪੜਤਾਲ ਕਰੇਗਾ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਮਹੀਨੇ ਐਸ.ਐਫ.ਜੇ. ਨੂੰ ਗੈਰਕਾਨੂੰਨੀ ਜਥੇਬੰਦੀ ਐਲਾਨ ਦਿੱਤਾ ਸੀ।

ਮੰਤਰਾਲੇ ਨੇ ਉਸ ਮੌਕੇ ਕਿਹਾ ਸੀ ਕਿ ਇਸ ਜਥੇਬੰਦੀ ਦਾ ਮੁੱਖ ਮਕਸਦ ਪੰਜਾਬ ਵਿਚ 'ਇਕ ਆਜ਼ਾਦ ਤੇ ਸਿਰਮੌਰ ਮੁਲਕ' ਬਣਾਉਣਾ ਹੈ ਤੇ ਜਥੇਬੰਦੀ ਇਸ ਆਸੇ ਦੀ ਪੂਰਤੀ ਲਈ ਖਾਲਿਸਤਾਨ ਦੀ ਖੁੱਲ੍ਹ ਕੇ ਹਮਾਇਤ ਕਰ ਰਹੀ ਹੈ ਅਤੇ ਦੇਸ਼ ਦੀ ਪ੍ਰਭੁਸੱਤਾ ਤੇ ਖੇਤਰੀ ਅਖੰਡਤਾ ਲਈ ਖਤਰਾ ਹੈ।

ਗ੍ਰਹਿ ਮੰਤਰਾਲੇ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਦਿਆਂ ਕਿਹਾ ਕਿ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ 1967 ਦੀ ਧਾਰਾ 5 ਦੀ ਉਪ ਧਾਰਾ 1 ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਗੈਰਕਾਨੂੰਨੀ ਸਰਗਰਮੀਆਂ (ਰੋਕੂ) ਟ੍ਰਿਬਿਊਨਲ ਗਠਿਤ ਕੀਤੀ ਜਾਂਦੀ ਹੈ, ਜਿਸ ਦੀ ਅਗਵਾਈ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਡੀ.ਐਨ. ਪਟੇਲ ਕਰਨਗੇ। ਟ੍ਰਿਬਿਊਨਲ ਘੋਖ ਕਰੇਗੀ ਕਿ ਸਿੱਖਸ ਫਾਰ ਜਸਟਿਸ ਨੂੰ ਗੈਰਕਾਨੂੰਨੀ ਜਥੇਬੰਦੀ ਐਲਾਨੇ ਜਾਣ ਪਿੱਛੇ ਵਾਜਬ ਕਾਰਨ ਸਨ ਜਾਂ ਨਹੀਂ। ਅਮਰੀਕਾ ਅਧਾਰਿਤ ਐਸ.ਐਫ.ਜੇ. ਵੱਲੋਂ ਆਪਣੇ ਵੱਖਵਾਦੀ ਏਜੰਡੇ ਤਹਿਤ ਸਿੱਖ ਰਾਏਸ਼ੁਮਾਰੀ 2020 ਲਈ ਜ਼ੋਰ ਪਾਇਆ ਜਾ ਰਿਹੈ। ਜਥੇਬੰਦੀ ਜ਼ਿਆਦਾਤਰ ਆਨਲਾਈਨ ਮੰਚਾਂ 'ਤੇ ਸਰਗਰਮ ਹੈ, ਜਿੱਥੇ ਇਸ ਦੇ ਦੋ ਲੱਖ ਤੋਂ ਵੱਧ ਹਮਾਇਤੀ ਹਨ, ਪਰ ਵਿਅਕਤੀਗਤ ਤੌਰ 'ਤੇ ਅੱਠ ਤੋਂ ਦਸ ਮੈਂਬਰ ਇਸ ਨੂੰ ਚਲਾ ਰਹੇ ਹਨ।

# ਪੰਜਾਬ ਵਿਚ ਉਦਯੋਗਿਕ ਇਕਾਈਆਂ ਦੇ ਉੱਖੜੇ ਪੈਰ

**ਚੰਡੀਗੜ੍ਹ:** ਕਾਂਗਰਸ ਨੇ ਭਾਵੇਂ ਲੋਕਾਂ ਨੂੰ ਘਰ-ਘਰ ਨੌਕਰੀਆਂ ਦੇਣ ਦਾ ਵਾਅਦਾ ਕਰਕੇ ਪੰਜਾਬ ਦੀ ਸੱਤਾ ਹਾਸਲ ਕੀਤੀ ਹੈ ਪਰ ਅੰਕੜਿਆਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਹਿਲੇ 9 ਮਹੀਨਿਆਂ ਦੇ ਰਾਜ ਦੌਰਾਨ ਹੀ ਇਕੱਲੇ ਜ਼ਿਲ੍ਹਾ ਲੁਧਿਆਣਾ ਵਿਚਲੀਆਂ ਹੀ 65 ਫੈਕਟਰੀਆਂ ਨੂੰ ਜਿੰਦਰੇ ਵੱਜਣ ਕਾਰਨ ਸੈਂਕੜੇ ਮਜ਼ਦੂਰ ਤੇ ਵਰਕਰ ਬੇਰੁਜ਼ਗਾਰ ਹੋ ਗਏ ਸਨ।

ਕਿਰਤ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਦੌਰਾਨ ਸਿਰਫ ਜ਼ਿਲ੍ਹਾ ਲੁਧਿਆਣਾ ਵਿਚ ਹੀ 177 ਫੈਕਟਰੀਆਂ ਦੀ ਤਾਲਾਬੰਦੀ ਹੋਈ ਸੀ। ਹੈਰਾਨੀਜਨਕ ਅੰਕੜਿਆਂ ਅਨੁਸਾਰ ਕੈਪਟਨ ਸਰਕਾਰ ਦੇ ਪਹਿਲੇ 9 ਮਹੀਨਿਆਂ ਦੌਰਾਨ ਹੀ ਜ਼ਿਲ੍ਹਾ ਲੁਧਿਆਣਾ ਵਿਚਲੀਆਂ 65 ਫੈਕਟਰੀਆਂ ਨੂੰ ਰਿਕਾਰਡ ਤਾਲੇ ਲੱਗ ਗਏ ਸਨ, ਜਦਕਿ ਕਾਂਗਰਸ ਪਾਰਟੀ ਰੁਜ਼ਗਾਰ ਦਾ ਦੌਰ ਸ਼ੁਰੂ ਕਰਨ ਦੇ ਵੱਡੇ ਵਾਅਦਿਆਂ ਨਾਲ ਸੱਤਾ ਵਿਚ ਆਈ ਸੀ। ਦੱਸਣਯੋਗ ਹੈ ਕਿ ਕਾਂਗਰਸ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਮਾਰਚ 2017 ਵਿਚ ਕਮਾਨ ਸਾਂਭੀ ਸੀ। ਕੈਪਟਨ ਦੇ ਮੁੱਖ ਮੰਤਰੀ ਬਣਦਿਆਂ ਹੀ ਬੇਰੁਜ਼ਗਾਰਾਂ ਨੂੰ ਭਾਰੀ ਰਾਹਤ ਮਹਿਸੂਸ ਹੋ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਕਾਂਗਰਸ ਦੇ ਮੈਨੀਫੈਸਟੋ ਵਿਚਲੇ ਘਰ-ਘਰ ਨੌਕਰੀ ਦੇਣ ਦੇ ਵਾਅਦੇ ਤੋਂ ਭਾਰੀ ਆਸਾਂ ਸਨ।

ਇਸ ਦੇ ਉਲਟ ਕੈਪਟਨ ਦੇ ਮੁੱਖ ਮੰਤਰੀ ਬਣਦਿਆਂ ਹੀ ਉਦਯੋਗਿਕ ਜ਼ਿਲ੍ਹੇ ਵਜੋਂ ਜਾਣੇ ਜਾਂਦੇ ਲੁਧਿਆਣਾ ਵਿਚਲੀਆਂ 65 ਫੈਕਟਰੀਆਂ ਸਾਲ 2017 ਦੌਰਾਨ ਹੀ ਬੰਦ ਹੋ ਗਈਆਂ ਸਨ, ਜੋ ਰਿਕਾਰਡ ਗਿਣਤੀ ਹੈ। ਕਿਰਤ ਵਿਭਾਗ ਦੇ ਅੰਕੜਿਆਂ ਅਨੁਸਾਰ ਬਾਦਲ ਸਰਕਾਰ ਵੇਲੇ ਸਾਲ 2007 ਤੋਂ ਲੈ ਕੇ 2016 ਤੱਕ ਭਾਵੇਂ ਜ਼ਿਲ੍ਹਾ ਲੁਧਿਆਣਾ ਵਿਚ 177 ਫੈਕਟਰੀਆਂ ਦੀ ਤਾਲਾਬੰਦੀ ਹੋਈ ਸੀ ਪਰ ਇਕ ਸਾਲ ਵਿਚ ਇਕੱਠੀਆਂ 65 ਫੈਕਟਰੀਆਂ ਬੰਦ ਨਹੀਂ ਹੋਈਆਂ ਸਨ। ਬਾਦਲ ਸਰਕਾਰ ਵੇਲੇ ਕੇਵਲ ਸਾਲ 2016 ਵਿਚ ਹੀ ਸਭ ਤੋਂ ਵੱਧ 47 ਫੈਕਟਰੀਆਂ ਬੰਦ ਹੋਈਆਂ ਸਨ। ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੀ ਬਾਦਲ ਸਰਕਾਰ ਵੇਲੇ ਜ਼ਿਲ੍ਹਾ ਲੁਧਿਆਣਾ ਵਿਚਲੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਸਾਲ 2007 ਦੌਰਾਨ 25, ਸਾਲ 2008 ਦੌਰਾਨ 6, ਸਾਲ 2009 ਦੌਰਾਨ ਇਕ, ਸਾਲ 2010 ਦੌਰਾਨ 6, ਸਾਲ 2011 ਦੌਰਾਨ 32, ਸਾਲ 2012 'ਚ ਕੋਈ ਨਹੀਂ, ਸਾਲ 2013 ਦੌਰਾਨ 25, ਸਾਲ 2014 ਦੌਰਾਨ 24, ਸਾਲ 2015 ਦੌਰਾਨ 11 ਅਤੇ ਸਾਲ 2016 ਦੌਰਾਨ 47 ਫੈਕਟਰੀਆਂ ਬੰਦ ਹੋਈਆਂ ਸਨ। ਇਸ ਤਰ੍ਹਾਂ ਪਿਛਲੀ ਬਾਦਲ ਸਰਕਾਰ ਦੇ ਤਕਰੀਬਨ 10 ਸਾਲਾਂ ਦੌਰਾਨ ਲੁਧਿਆਣਾ ਜ਼ਿਲ੍ਹੇ ਵਿਚ ਕੁੱਲ 177 ਫੈਕਟਰੀਆਂ ਬੰਦ ਹੋਈਆਂ ਹਨ ਜਦਕਿ ਕੈਪਟਨ ਸਰਕਾਰ ਦੇ ਪਹਿਲੇ ਸਾਲ 2017 ਦੌਰਾਨ 9 ਮਹੀਨਿਆਂ ਵਿਚ ਹੀ 65 ਫੈਕਟਰੀਆਂ ਬੰਦ ਹੋਈਆਂ ਹਨ।

ਇਸ ਤਰ੍ਹਾਂ ਜ਼ਿਲ੍ਹਾ ਲੁਧਿਆਣਾ ਵਿਚ ਸਾਲ 2007 ਤੋਂ ਲੈ ਕੇ ਸਾਲ 2017 ਦੌਰਾਨ ਕੁਲ 242 ਫੈਕਟਰੀਆਂ ਨੂੰ ਤਾਲੇ ਲੱਗੇ ਹਨ। ਇਸ ਦੇ ਨਾਲ ਹੀ ਉਦਯੋਗ ਤੇ ਵਣਜ, ਸੂਚਨਾ ਤਕਨਾਲੋਜੀ, ਨਿਵੇਸ਼ ਪ੍ਰੋਤਸਾਹਨ ਵਿਭਾਗ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਜ਼ਿਲ੍ਹਾ ਲੁਧਿਆਣਾ ਵਿਚ ਪੈਂਦੇ ਵਿਧਾਨ ਸਭਾ ਹਲਕਾ ਜਗਰਾਉਂ ਵਿਚ ਕੋਈ ਵੀ ਨਵੀਂ ਫੈਕਟਰੀ ਖੋਲ੍ਹਣ ਦੀ ਸਰਕਾਰ ਦੀ ਤਜਵੀਜ਼ ਨਹੀਂ ਹੈ। ਦੱਸਣਯੋਗ ਹੈ ਕਿ ਦੂਸਰੇ ਪਾਸੇ ਸਰਕਾਰ ਸਮੂਹ ਸਰਕਾਰੀ ਵਿਭਾਗਾਂ ਵਿਚ ਖਾਲੀ ਹਜ਼ਾਰਾਂ ਅਸਾਮੀਆਂ ਨਵੀਂ ਭਰਤੀ ਰਾਹੀਂ ਭਰਨ ਦੀ 27 ਮਹੀਨਿਆਂ ਬਾਅਦ ਮਹਿਜ਼ ਕਾਗਜ਼ੀ ਕਾਰਵਾਈ ਹੀ ਕਰ ਰਹੀ ਹੈ, ਜਿਸ ਕਾਰਨ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ 'ਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

## ਬੈਲਟ ਪੇਪਰ ਨਾਲ ਵੋਟਾਂ ਪਵਾਉਣ ਦੀ ਮੰਗ ਰੱਦ

**ਕੋਲਕਾਤਾ:** ਮੁੱਖ ਚੋਣ ਕਮਿਸ਼ਨਰ ਨੇ ਈ.ਵੀ.ਐਮ. ਮਸ਼ੀਨਾਂ ਨਾਲ ਵੋਟਾਂ ਪਵਾਉਣੀਆਂ ਛੱਡ ਕੇ ਬੈਲਟ ਪੇਪਰ ਨਾਲ ਵੋਟਾਂ ਪਵਾਉਣ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਸੁਪਰੀਮ ਕੋਰਟ ਵੱਲੋਂ ਦਿੱਤੇ ਹੁਕਮਾਂ ਦਾ ਹਵਾਲਾ ਦਿੰਦਿਆਂ ਬੈਲਟ ਪੇਪਰ ਨਾਲ ਵੋਟਾਂ ਪਵਾਉਣ ਦੀ ਮੰਗ ਰੱਦ ਕਰ ਦਿੱਤੀ। ਸ੍ਰੀ ਅਰੋੜਾ ਨੇ ਕਿਹਾ ਕਿ ਉਹ ਬੈਲਟ ਪੇਪਰ ਵਾਲੇ ਯੁੱਗ ਵਿਚ ਵਾਪਸ ਨਹੀਂ ਜਾਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਜੰਮੂ ਅਤੇ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਗ੍ਰਹਿ ਅਤੇ ਕਾਨੂੰਨ ਮੰਤਰਾਲੇ ਵੱਲੋਂ ਰਸਮੀ ਸੂਚਨਾ ਮਿਲਣ ਮਗਰੋਂ ਹੀ ਕਰਵਾਈਆਂ ਜਾਣਗੀਆਂ।

# ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ (ਯੂ.ਐਸ.ਏ.)

ਜ਼ਖਮੀ ਪਾਣੀ ਬਿਨ ਮੱਛੀਆਂ ਵਾਂਗ ਤੜਫੇ, ਨਾਲੇ ਖੂਨ ਦੇ ਹੋਏ ਰਵਾਲ ਏਥੇ।

## ਜੱਲ੍ਹਿਆਂਵਾਲੇ ਬਾਗ ਦੇ ਖੂਨੀ ਘਾਣ ਦੀ ਦਾਸਤਾਂ ਬਿਆਨ ਕਰਦਾ

# "ਮੇਲਾ ਗਦਰੀ ਬਾਬਿਆਂ ਦਾ"

## ਐਤਵਾਰ, 1 ਸਤੰਬਰ 2019, ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ

**ਸਥਾਨ: ਐਸ. ਈ. ਐਸ. ਹਾਲ, 10428 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੂਵ, ਸੈਕਰਾਮੈਂਟੋ, ਕੈਲੀਫੋਰਨੀਆ 95624**

ਸਤਿਕਾਰਯੋਗ ਭੈਣੋ ਤੇ ਭਰਾਓ,

ਅੰਮ੍ਰਿਤਸਰ ਦੀ ਪਵਿਤਰ ਧਰਤੀ 'ਤੇ ਜੱਲ੍ਹਿਆਂਵਾਲੇ ਬਾਗ ਵਿਚ ਬਰਤਾਨਵੀ ਸਾਮਰਾਜ ਦੇ ਬੁੱਚੜ ਜਨਰਲ ਡਾਇਰ ਵਲੋਂ ਨਚਾਏ ਮੌਤ ਦੇ ਤਾਂਡਵ ਨਾਚ ਨੂੰ ਅੱਜ ਸੌ ਵਰ੍ਹੇ ਤੋਂ ਉਪਰ ਹੋ ਗਿਆ ਹੈ। ਵਿਸਾਖੀ ਵਾਲੇ ਦਿਨ, 13 ਅਪਰੈਲ 1919 ਨੂੰ ਰੌਲਟ ਐਕਟ ਦੇ ਖਿਲਾਫ ਪੁਰ ਅਮਨ ਰੋਸ ਪ੍ਰਗਟ ਕਰਨ ਲਈ ਇਕੱਠੇ ਹੋਏ ਲੋਕਾਂ 'ਤੇ ਮੌਤ ਦਾ ਇਹ ਕਹਿਰ ਟੁੱਟਿਆ ਸੀ। ਉਥੇ ਲਹੂ ਦੇ ਛੱਪੜ ਤੇ ਲਾਸ਼ਾਂ ਦੇ ਢੇਰ ਲੱਗੇ। ਜ਼ਖਮੀਆਂ ਦੀਆਂ ਚੀਕਾਂ, ਕੂਕਾਂ ਰਾਤ ਭਰ ਅੰਗਰੇਜ਼ੀ ਸਰਕਾਰ ਦੇ ਕੀਰਨੇ ਪਾਉਂਦੀਆਂ ਰਹੀਆਂ। ਕੂਚਾ ਕੋੜੀਆਂ ਵਾਲਾ ਹਾਲੇ ਵੀ ਗਰਭਵਤੀ ਔਰਤਾਂ ਦੇ ਢਿੱਡ ਭਾਰ ਰਿੜ੍ਹ ਕੇ ਲੰਘਣ ਦੀ ਗਵਾਹੀ ਭਰਦਾ ਹੈ।

ਆਓ! ਬਰਤਾਨਵੀ ਸਰਕਾਰ ਤੋਂ ਇਸ ਘਿਣਾਉਣੇ ਪਾਪ ਦੀ ਮੁਆਫੀ ਮੰਗਵਾਉਣ ਲਈ ਜੋਰਦਾਰ ਅਵਾਜ਼ ਬੁਲੰਦ ਕਰੀਏ। ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ। ਤੁਹਾਡੇ ਭਰਵੇਂ ਹੁੰਗਾਰੇ ਦੀ ਆਸ ਨਾਲ।



ਡਾ. ਸਤਿਆਪਾਲ



ਸ਼ਹੀਦ ਊਧਮ ਸਿੰਘ ਸੁਨਾਮ



ਡਾ. ਸੈਫੂਦੀਨ ਕਿਚਲੂ

*"ਹੋਏ 'ਜ਼ਮਜ਼ਮ' ਤੇ 'ਗੰਗਾ' ਇਕ ਥਾਂ 'ਕੱਠੇ, ਰਲਿਆ ਖੂਨ ਹਿੰਦੂ-ਮੁਸਲਮਾਨ ਏਥੇ।" -ਬਾਬੂ ਫਿਰੋਜ਼ਦੀਨ ਸ਼ਰਫ*

### ਪਹੁੰਚ ਰਹੀਆਂ ਸ਼ਖਸੀਅਤਾਂ

ਬੀਬੀ ਮਾਲਵਿੰਦਰ ਕੌਰ, ਬੀਬੀ ਕਰਨੈਲ ਕੌਰ ਈਸੜੂ
ਦਲਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ
ਜਗਦੀਸ਼ ਖੰਗੂੜਾ (ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ)

### ਸਭਿਆਚਾਰਕ ਪ੍ਰੋਗਰਾਮ

ਢਾਡੀ ਜਥਾ, ਪੰਮੀ ਮਾਨ ਅਤੇ ਹੋਰ
ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ

### ਗਾਇਕ



ਗਿੱਲ ਹਰਦੀਪ

**ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ; ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ**

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਫੋਨ: 916-420-2390
ਸਕੱਤਰ ਗਿਆਨ ਸਿੰਘ ਬਿਲਗਾ ਫੋਨ: 661-397-7330
ਖਜ਼ਾਨਚੀ ਜਗਜੀਤ ਸਿੰਘ ਗਿੱਲ ਫੋਨ: 209-985-1552
ਸਤਵਿੰਦਰ ਸਿੰਘ ਰਾਣਾ ਫੋਨ: 559-514-9777

ਪਰਮਿੰਦਰ ਸੰਘਾ, ਫੋਨ: 530-682-7810 ਬਲਵੰਤ ਬਾਂਕਾ, ਫੋਨ: 916-271-4216 ਸੁਰਿੰਦਰ ਸਿੰਘ ਗਿੱਲ, ਫੋਨ: 209-594-5602

**ਪ੍ਰਬੰਧਕ:** ਸੁਮਿੱਤਰ ਸਿੰਘ ਉਪਲ, ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਜਸਵਿੰਦਰ ਸਿੰਘ ਸੰਧੂ, ਪਿੰਦਰ ਸੰਘਾ, ਮਲਕੀਅਤ ਬੈਂਸ, ਮਾਸਟਰ ਬਲਬੀਰ ਸਿੰਘ ਬੇਕਰਜ਼ਫੀਲਡ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਭਾਗ ਸਿੰਘ ਰੱਕੜ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਅੰਮ੍ਰਿਤਪਾਲ ਭਠਲਾਵਾ, ਸਤਵਿੰਦਰ ਸਿੰਘ ਰਾਣਾ, ਮਨਦੀਪ ਸਿੰਘ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਪਿਆਰਾ ਸਿੰਘ ਗੋਸਲ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਸਤਵੀਰ ਸਿੰਘ ਖਪਰਾ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੋਲਡਨ ਸਟੇਟ ਇੰਕ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼, ਸੁੱਚਾ ਰਾਮ ਭਾਰਟਾ, ਪ੍ਰਿਤਪਾਲ ਸਿੰਘ ਭੋਗਲ; ਨਾਮਧਾਰੀ ਸੰਗਤ।

Video & Photography: Shiara Singh Dhindsa, Omni Video 661-703-6664, www.omnivideousa.com

# ਤੀਆਂ ਦਾ ਪਿਛੋਕੜ

## ਕਲਾ ਪਰਿਕਰਮਾ



ਡਾ. ਕਰਮਜੀਤ ਸਿੰਘ

ਪੰਜਾਬ ਦੀਆਂ ਤੀਆਂ ਕਿਸੇ ਵੀ ਦੇਵੀ ਦੇਵਤੇ ਨਾਲ ਸਬੰਧ ਨਹੀਂ ਰੱਖਦੀਆਂ, ਭਾਵੇਂ ਮੂਲ ਰੂਪ ਵਿਚ ਇਸ ਦਾ ਸਬੰਧ ਪਾਰਬਤੀ ਦੀ ਭਾਰਤੀ ਸਭਿਆਚਾਰਕ ਮਿੱਥ ਨਾਲ ਜਾ ਜੁੜਦਾ ਹੈ। ਹਿੰਦੁਸਤਾਨ ਵਿਚ ਤੀਜ ਦੇ ਤਿਉਹਾਰਾਂ ਉਪਰ ਸੰਖੇਪ ਵਿਚਾਰ ਤੋਂ ਬਾਅਦ ਅਸੀਂ ਪੰਜਾਬ ਦੀਆਂ ਤੀਆਂ ਦਾ ਮਹੱਤਵ ਸਮਝ ਸਕਾਂਗੇ।

ਅਸਲ ਵਿਚ ਪੰਜਾਬ ਦੀ ਤੀਜ ਨੂੰ ਹੀ ਹਰਿਆਲੀ ਤੀਜ ਕਿਹਾ ਜਾਂਦਾ ਹੈ ਜਿਸ ਉਪਰ ਆਮ ਤੌਰ ਤੇ ਹਰੇ ਕੱਪੜੇ ਪਾਏ ਜਾਂਦੇ ਹਨ। ਕੁਝ ਅਨੁਸਾਰ ਪੀਲੇ ਕੱਪੜੇ ਵੀ ਪਾਏ ਜਾਂਦੇ ਹਨ ਪਰ ਪੀਲੇ ਕੱਪੜੇ ਬਸੰਤ ਲਈ ਰਾਖਵੇਂ ਹਨ। ਇਕ ਤਰ੍ਹਾਂ ਨਾਲ ਤੀਜ ਬਰਸਾਤ ਦੇ ਮੌਸਮ ਨੂੰ ਮਾਣਨ ਦਾ ਤਿਉਹਾਰ ਹੈ; ਨਾਲ ਹੀ ਵਿਆਹੀਆਂ ਦਾ ਤਿਉਹਾਰ ਵੀ ਹੈ।

ਕੁਝ ਪੰਜਾਬੀ ਵਿਦਵਾਨਾਂ ਨੇ ਇਸ ਨੂੰ ਰਾਜਸਥਾਨ ਦੇ ਗੌਰੀ ਤ੍ਰਿਤਿਆ ਨਾਲ ਜੋੜਨ ਦੀ ਭੁੱਲ ਕੀਤੀ ਹੈ ਪਰ ਗੌਰੀ ਤ੍ਰਿਤਿਆ ਚੇਤ ਦੀ ਪਹਿਲੀ ਤੋਂ ਲੈ ਕੇ ਅਠਾਰਾਂ ਦਿਨ ਤੱਕ ਮਨਾਇਆ ਜਾਂਦਾ ਹੈ। ਇਹ ਹੋਲੀ ਤੋਂ ਬਾਅਦ ਆਉਂਦਾ ਹੈ। ਇਥੇ ਸ਼ਿਵ-ਗੌਰੀ ਜਾਂ ਈਸਰ ਗੌਰੀ ਦੀਆਂ ਮਿੱਟੀ ਦੀਆਂ ਮੂਰਤੀਆਂ ਬਣਾਈਆਂ ਜਾਂਦੀਆਂ ਹਨ।

ਇਸੇ ਤਰ੍ਹਾਂ ਇਕ ਹੋਰ ਪਰਵ ਨੂੰ ਵੀ ਗੌਰੀ ਤ੍ਰਿਤੀਆ ਕਿਹਾ ਜਾਂਦਾ ਹੈ ਜੋ ਚੇਤਰ ਦੇ ਚਾਨਣ ਪੱਖ ਦੀ ਤੀਜੀ ਤਿਥੀ ਤੋਂ ਲੈ ਕੇ ਵਿਸਾਖ ਦੇ ਚਾਨਣ ਪੱਖ ਦੀ ਤੀਜੀ ਤਿਥੀ ਤੱਕ ਪੂਰਾ ਇਕ ਮਹੀਨਾ ਚਲਦਾ ਹੈ। ਦੱਖਣ ਵਿਚ ਇਹ ਉਤਸਵ ਕੇਥਾਰਾ ਗੌਰੀ ਵ੍ਰਿਤਮ ਨਾਮ ਨਾਲ ਦੀਵਾਲੀ ਤੋਂ ਬਾਅਦ ਨਵੇਂ ਚੰਦ ਨਾਲ ਮਨਾਇਆ ਜਾਂਦਾ ਹੈ। 'ਗੌਰੀ ਹੱਬਾ'' ਭਾਦੋਂ ਦੇ ਚਾਨਣੀ ਪੱਖ ਦੀ ਸੱਤਵੀਂ ਅੱਠਵੀਂ ਅਤੇ ਨੌਵੀਂ ਤਿਥੀ ਨੂੰ ਮਨਾਇਆ ਜਾਂਦਾ ਹੈ। ਇਉਂ ਇਕ ਤੱਥ ਸਰਵ ਪ੍ਰਵਾਨਿਤ ਹੈ ਕਿ ਇਹ ਸਾਰੇ ਤਿਉਹਾਰ ਦੇਸੀ ਮਹੀਨੇ ਦੇ ਚਾਨਣ ਪੱਖ ਵਿਚ ਮਨਾਏ ਜਾਂਦੇ ਹਨ। ਦੂਜੇ, ਇਹ ਸਾਰੇ ਮਨਾਏ ਜਾਂਦੇ ਤਿਉਹਾਰ ਬਹੁਤੇ ਵਿਆਹੀਆਂ-ਵਰੀਆਂ ਔਰਤਾਂ ਨਾਲ ਜੁੜੇ ਹੋਏ ਹਨ। ਕਿਤੇ ਇਹ ਫਸਲਾਂ ਦੇ ਤਿਉਹਾਰ ਵਜੋਂ ਵੀ ਮਨਾਏ ਜਾਂਦੇ ਹਨ।

ਪੰਜਾਬ ਵਿਚ ਤੀਆਂ ਦਾ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਪੂਰੇ ਤੇਰਾਂ ਦਿਨ ਮਨਾਇਆ ਜਾਂਦਾ ਹੈ। ਤੀਆਂ ਤੋਂ ਪਹਿਲਾਂ ਪਹਿਲਾਂ ਭਰਾ ਵਿਆਹੀਆਂ ਭੈਣਾਂ ਨੂੰ ਘਰ ਲੈ ਆਉਂਦੇ ਹਨ। ਜੋ ਨਹੀਂ ਆ ਸਕਦੀਆਂ, ਉਨ੍ਹਾਂ ਲਈ 'ਸੰਧਾਰਾ' ਭੇਜਿਆ ਜਾਂਦਾ ਹੈ। 'ਸੰਧਾਰਾ' ਜਾਂ ਸੰਧਉਰਾ ਦਾ ਅਰਥ ਸੰਧੂਰ ਹੈ ਜੋ ਵਿਆਹੇ ਹੋਣ ਦੀ ਨਿਸ਼ਾਨੀ ਹੈ ਤੇ ਜਿਸ ਨੂੰ ਸਿਰ ਦੇ ਚੀਰ ਵਿਚ ਪਾਇਆ ਜਾਂਦਾ ਹੈ ਪਰ ਸੰਧਾਰੇ ਵਿਚ ਕੇਵਲ ਸੰਧੂਰ ਹੀ ਨਹੀਂ ਹੁੰਦਾ ਸਗੋਂ ਕੱਪੜੇ, ਸ਼ਿੰਗਾਰ ਦਾ ਸਾਰਾ ਸਮਾਨ ਅਤੇ ਗਹਿਣਾ-ਗੱਟਾ ਵੀ ਹੁੰਦਾ ਹੈ।

ਵਿਆਹ ਬਾਅਦ ਪਹਿਲੀ ਤੀਜ ਕੁੜੀਆਂ ਮਾਪਿਆਂ ਦੇ ਘਰ ਮਨਾਉਂਦੀਆਂ ਹਨ। ਕੁੜੀਆਂ ਖੁੱਲ੍ਹੀਆਂ ਥਾਵਾਂ ਵਿਚ ਬੋਹੜਾਂ ਪਿੱਪਲਾਂ ਉਪਰ ਪੀਂਘਾਂ ਪਾਉਂਦੀਆਂ ਹਨ। ਇਥੇ ਹੀ ਗਿੱਧੇ ਦਾ ਪਿੜ ਬੱਝਦਾ ਹੈ। ਪੀਂਘਾਂ ਝੂਟਣਾ ਇਕ ਤਰ੍ਹਾਂ ਨਾਲ ਸ਼ਗਨ ਵੀ ਮੰਨਿਆ ਜਾਂਦਾ ਹੈ ਪਰ ਜਵਾਨ ਕੁੜੀਆਂ ਇੰਨੀ ਉਚੀ ਪੀਂਘਾਂ ਹੰਘਾਉਂਦੀਆਂ ਹਨ ਕਿ ਬੋਹੜਾਂ, ਪਿੱਪਲਾਂ ਦੇ ਪੱਤਿਆਂ ਤੱਕ ਜਾ ਪਹੁੰਚਦੀਆਂ ਹਨ। ਕੁਝ ਪੱਤੇ ਤੋੜ ਲਿਆਉਂਦੀਆਂ ਹਨ ਜਿਨ੍ਹਾਂ ਨੂੰ 'ਸੱਸ ਦਾ ਚੂੰਡਾ ਪੁੱਟਣਾ' ਵੀ ਕਿਹਾ ਜਾਂਦਾ ਹੈ। ਸੱਸਾਂ ਤੋਂ ਦੂਰ ਅਜਿਹਾ ਕਰਨ ਦਾ ਕੋਈ ਮਿਹਣਾ ਵੀ ਨਹੀਂ ਹੈ। ਤੇਰਾਂ ਦਿਨ ਪੂੜੇ, ਗੁਲਗੁਲੇ, ਖੀਰਾਂ ਤੇ ਪਕਵਾਨ ਪੱਕਦੇ ਹਨ ਤੇ ਖਾਧੇ ਜਾਂਦੇ ਹਨ।

ਗਿੱਧੇ ਦੇ ਪਿੜ ਵਿਚ ਕੇਵਲ ਤੇ ਕੇਵਲ ਔਰਤਾਂ ਹੀ ਸ਼ਾਮਲ ਹੁੰਦੀਆਂ ਹਨ; ਸੋ ਕੁਦਰਤੀ ਹੈ, ਜਿਵੇਂ ਮੁੰਡਿਆਂ ਦੇ ਅਖਾੜੇ ਵਿਚ ਲੁੱਚੀਆਂ ਬੋਲੀਆਂ ਤੱਕ ਪਾਈਆਂ ਜਾਂਦੀਆਂ ਹਨ, ਇਵੇਂ ਹੀ ਔਰਤਾਂ ਬੋਲੀਆਂ ਅਤੇ ਸਾਂਗਾਂ ਰਾਹੀਂ ਆਪਣੇ ਜਿਨਸੀ ਮਨੋਭਾਵਾਂ ਨੂੰ ਖੁੱਲ੍ਹ ਕੇ ਪ੍ਰਗਟਾਉਂਦੀਆਂ ਹਨ। ਜੇ ਕੋਈ ਮੁੰਡਾ/ਮਰਦ ਗਲਤੀ ਨਾਲ ਵੀ ਉਧਰ ਆ ਜਾਵੇ ਤਾਂ ਉਸ ਦੀ ਭੁਗਤ ਸੁਆਰੀ ਜਾਂਦੀ ਹੈ। ਕਈ ਥਾਈਂ ਭਾਈਚਾਰਾ ਮੁੰਡਿਆਂ ਕੁੜੀਆਂ ਨੂੰ ਇਕੱਠੇ ਹੋ ਕੇ ਵੀ ਅਜਿਹਾ ਕਰਨ ਦੀ ਇਜਾਜ਼ਤ ਦਿੰਦਾ ਹੈ ਪਰ ਤੀਆਂ ਵਿਚ ਔਰਤ ਦੀ ਸਰਦਾਰੀ ਹੁੰਦੀ ਹੈ। ਪੂਰੇ ਪਿੰਡ ਦੀਆਂ ਔਰਤਾਂ ਇਕ ਜਾਂ ਵਾਧੂ ਪਿੜ ਮੱਲ ਕੇ ਗਿੱਧੇ ਵਿਚ ਬੋਲੀਆਂ ਦੀ ਛਹਿਬਰ ਲਾਉਂਦੀਆਂ ਹਨ। ਪੂਰਾ ਪਿੰਡ ਤੇਰਾਂ ਦਿਨ ਜਸ਼ਨਾਂ ਵਿਚ ਡੁੱਬ ਜਾਂਦਾ ਹੈ।

ਪੁੰਨਿਆ ਵਾਲੇ ਦਿਨ ਬੱਲੋ ਪਾਈ ਜਾਂਦੀ ਹੈ। ਜੇ ਇਹ ਸ਼ਬਦ ਬਲਾਉ ਤੋਂ ਬਣਿਆ ਹੈ ਤਾਂ ਇਸ ਦਾ ਅਰਥ ਕਾਹਨ ਸਿੰਘ ਨਾਭਾ ਅਨੁਸਾਰ ਹੈ 'ਬਲ ਛਲ' ਹੈ। ਬੱਲੋ ਵਿਚ ਵਿਆਹ ਰਚਾਉਣ ਦਾ ਨਾਟਕ ਕੀਤਾ ਜਾਂਦਾ ਹੈ ਜਿਸ ਵਿਚ ਵਲ ਛਲ ਦੀ ਪ੍ਰਧਾਨਤਾ ਹੈ। ਗਿਆਨੀ ਗੁਰਦਿੱਤ ਸਿੰਘ ਅਨੁਸਾਰ, "ਇਕ ਕੁੜੀ ਨੂੰ ਲਾੜੀ, ਦੂਜੀ ਨੂੰ ਲਾੜਾ ਬਣਾ ਕੇ ਚੰਗੇ ਵਿਆਹ ਵਾਲੀਆਂ ਪੂਰੀਆਂ ਰਸਮਾਂ ਰੀਤਾਂ ਕੀਤੀਆਂ ਜਾਂਦੀਆਂ ਹਨ। ਜੰਞ ਦੇ ਢੁਕਾਉ ਵੇਲੇ ਕੁੜੀਆਂ ਦੀ ਢਾਣੀ ਮੂੰਹ ਨਾਲ ਵਾਜੇ ਵਜਾਉਂਦੀ ਜੰਞ ਮੂਹਰੇ ਨੱਚਦੀ ਟੱਪਦੀ ਜਾਂਦੀ ਹੈ। ਢੁਕਾ ਹੋਣ ਵੇਲੇ ਪੈਸਿਆਂ ਟਕਿਆਂ ਦੀ ਥਾਂ ਠੀਕਰੀਆਂ ਦੇ ਗੋਲ ਗੋਲ ਬਣਾਏ ਟਹੂਆਂ ਦੀ ਸਿੱਟ (ਸੋਟ) ਕੀਤੀ ਜਾਂਦੀ ਹੈ। ਵਿਆਹ ਦੀਆਂ ਰਸਮਾਂ ਪਿੱਛੋਂ ਜੰਞ ਦੀ ਵਿਦਾਇਗੀ ਵੇਲੇ ਪੈਸਿਆਂ ਦੀ ਥਾਂ ਠੀਕਰੀਆਂ ਰੋੜ ਸ਼ਗਨਾਂ ਭਰੇ ਡੋਲ੍ਹੇ ਉਤੋਂ ਦੀ ਸੁੱਟੇ ਜਾਂਦੇ ਹਨ। ਇਨ੍ਹਾਂ ਠੀਕਰੀਆਂ ਨੂੰ ਹੱਲੇ ਨਾਲ ਚੁਗਣ ਨੂੰ 'ਤੀਆ ਲੁੱਟਣਾ' ਕਿਹਾ ਜਾਂਦਾ ਹੈ। ਕੁੜੀਆਂ ਦੀ ਇਕ ਢਾਣੀ ਡਾਂਗਾਂ ਤੇ ਹਥਿਆਰ ਲੈ ਕੇ ਡਾਕੂਆਂ ਵਾਂਗ ਜੰਞ ਦਾ ਰਾਹ ਰੋਕਣ ਲਈ ਪਹਿਲਾਂ ਹੀ ਤਿਆਰ ਖੜ੍ਹੀ ਹੁੰਦੀ ਹੈ। ਜੰਞ ਤੋਂ ਡੋਲਾ ਖੋਹ ਲੈਣਾ ਜਾਂ ਲੁੱਟ ਮਚਾ ਦੇਣੀ, ਇਹ ਤੀਆਂ ਦੀ ਅੰਤਿਮ ਰਸਮ ਹੈ।" (ਮੇਰਾ ਪਿੰਡ, ਪੰਨਾ 226-27)



ਇਸ ਨਾਟਕ ਦਾ ਪਹਿਲਾ ਹਿੱਸਾ ਤਾਂ ਵਿਆਹ ਦਾ ਹੀ ਰੂਪ ਹੈ ਪਰ ਦੂਸਰਾ ਹਿੱਸਾ ਡੋਲਾ ਲੁੱਟਣ ਨਾਲ ਸਬੰਧਤ ਹੈ। ਇਸ ਹਿੱਸੇ ਨੂੰ ਕੁਝ ਲੇਖਕਾਂ ਨੇ ਅਬਦਾਲੀ ਦੇ ਹੱਲਿਆਂ ਨਾਲ ਜੋੜਿਆ ਹੈ ਪਰ ਇਹ ਕਬੀਲਾਈ ਲੜਾਈਆਂ ਦਾ ਰੂਪ ਲੱਗਦਾ ਹੈ ਜਿਸ ਉਪਰ ਹੋਰ ਵਿਚਾਰ ਕੀਤੀ ਜਾ ਸਕਦੀ ਹੈ।

ਸਾਉਣ ਵਿਚ ਸਾਉਣ ਦੇ ਲੰਮੇ ਗਾਉਣ ਵੀ ਗਾਏ ਜਾਂਦੇ ਹਨ ਤੇ ਗਿੱਧੇ ਦੇ ਪਿੜ ਵਿਚ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ। ਗੀਤਾਂ ਦਾ ਵਿਸ਼ਾ ਬਿਰਹਾ ਹੈ। ਜੇ ਪਤੀ ਤੋਂ ਦੂਰ ਪਤਨੀ ਦਾ ਬਿਰਹਾ ਹੈ ਤਾਂ ਮੇਲ ਵੀ ਹੈ ਤੇ ਖੁਸ਼ੀ ਦਾ ਕਾਰਨ ਵੀ ਹੈ। ਇਥੇ ਇਕ ਗੀਤ ਦੇ ਕੁਝ ਬੋਲ ਸਾਂਝੇ ਕੀਤੇ ਜਾ ਸਕਦੇ ਹਨ।

ਚੁਣ ਚੁਣ ਮੋਤੀ ਦਾਲ ਰਿੰਨਾਂ ਨੀ ਮੈਂ,
ਲੌਂਗਾਂ ਦਾ ਤੜਕਾ ਮੈਂ ਲਾਵਾਂ,
ਬਾਰੀਂ ਵਰੀਏਂ ਘਰ ਸ਼ਾਮ ਆਇਆ।
ਕੱਢ ਕਲੇਜਾ ਆਟਾ ਗੁੰਨਾਂ ਨੀ ਮੈਂ
ਦਿਲ ਦਾ ਤੰਦੂਰ ਤਪਾਵਾਂ,
ਬਾਰੀਂ ਵਰੀਏਂ ਘਰ ਸ਼ਾਮ ਆਇਆ।
ਇਕ ਖਾਵੀਂ ਵੇ ਤੂੰ ਦੂਜੀ ਖਾਵੀਂ,
ਮੇਰੀ ਤੀਜੀ ਨੂੰ ਹੱਥ ਨਾ ਲਾਵੀਂ,
ਬਾਰੀਂ ਵਰੀਏਂ ਘਰ ਸ਼ਾਮ ਆਇਆ।
ਇਕ ਅਰਜ਼ ਮੰਨੀ ਕਾਲੀ ਬਦਲੀ ਨੇ,
ਨੀ ਉਹ ਜਾਏ ਬਰਸੀ ਅੰਬੇ ਹੇਠ
ਬਾਰੀਂ ਵਰੀਏਂ ਘਰ ਸ਼ਾਮ ਆਇਆ।
ਚੱਕ ਮੰਜੀ ਨੀ ਉਹ ਘਰ ਨੂੰ ਆਇਆ,
ਕੁੰਡਾ ਖੋਲ੍ਹ ਦੇ ਕਪੱਤੀਏ ਨਾਰੇ,
ਬਾਰੀਂ ਵਰੀਏਂ ਘਰ ਸ਼ਾਮ ਆਇਆ।
ਇਕ ਅਰਜ਼ ਮੰਨੀ ਕਾਲੀ ਬਦਲੀ ਨੇ,
ਮੇਰਾ ਰੁੱਠੜਾ ਸ਼ਾਮ ਮਨਾਇਆ,
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ।

ਇਕ ਅੱਧ ਲੇਖਕ ਨੇ ਕਿਹਾ ਹੈ ਕਿ ਬੱਲੋ ਦੇ ਗਿੱਧੇ ਵਿਚ ਇਕ-ਤੁਕੀਆਂ ਬੋਲੀਆਂ ਹੀ ਪਾਈਆਂ ਜਾਂਦੀਆਂ ਹਨ ਪਰ ਇਸ ਵਿਚ ਕੋਈ ਸੱਚਾਈ ਨਹੀਂ। ਲੰਮੀਆਂ, ਦੋ-ਤੁਕੀਆਂ, ਇਕ-ਤੁਕੀਆਂ ਹਰ ਤਰ੍ਹਾਂ ਦੀਆਂ ਬੋਲੀਆਂ ਹੁੰਦੀਆਂ ਹਨ। ਬੋਲੀਆਂ ਦਾ ਵਿਸ਼ਾ ਉਹੀ ਹੁੰਦਾ ਹੈ ਜੋ ਬਾਕੀ ਲੋਕ ਗੀਤਾਂ ਦਾ ਹੁੰਦਾ ਹੈ। ਸਹੁਰੇ ਘਰ ਦੇ ਜੀਆਂ ਦੀ ਬਦਖੋਈ, ਔਰਤ-ਮਰਦ ਦਾ ਪਿਆਰ, ਪ੍ਰੇਮੀ, ਦਿਓਰ ਤੇ ਹੋਰ ਰਿਸ਼ਤੇ। ਮਨ ਦੇ ਜਿਨਸੀ ਭਾਵਾਂ ਦਾ ਪ੍ਰਗਟਾ ਇਥੇ ਨਿਸੰਗਤਾ ਨਾਲ ਕੀਤਾ ਜਾਂਦਾ ਹੈ। ਕੁਝ ਬੋਲੀਆਂ ਇਥੇ ਦੇਣੀਆਂ ਸ਼ਾਇਦ ਜ਼ਰੂਰੀ ਹਨ:

ਦੁਆਬੇ ਦੀ ਮੈਂ ਜੰਮੀ ਜਾਈ,
ਜੰਗਲ ਵਿਚ ਵਿਆਹੀ।
ਡਾਰ ਵਿਛੁੰਨੀ ਕੰਜ ਮੈਂ ਭੈਣੋਂ,
ਜੰਗ ਨੂੰ ਗਿਆ ਮੇਰਾ ਮਾਹੀ।
ਹਰ ਦਮ ਨੀਰ ਵੱਗੇ ਮੇਰੀ ਅੱਖੀਂ,
ਔਣ ਦੀ ਚਿੱਠੀ ਨਾ ਪਾਈ।
ਆ ਜਾ ਸਿਪਾਹੀਆ ਵੇ,
ਜਿੰਦੜੀ ਘੋਲ ਘੁਮਾਈ।

ਨੌਕਰ ਨੂੰ ਨਾ ਦੇਈਂ ਬਾਬਲਾ,
ਹਾਲੀ ਪੁੱਤ ਬਥੇਰੇ।
ਨੌਕਰ ਪੁੱਤ ਤਾਂ ਘਰ ਨਹੀਂ ਰਹਿੰਦੇ,
ਵਿਚ ਪਰਦੇਸਾਂ ਡੇਰੇ।
ਨੌਕਰ ਨਾਲੋਂ ਐਵੇਂ ਚੰਗੀ,
ਦਿਨ ਕੱਟ ਲਊਂ ਘਰ ਤੇਰੇ।
ਮੈਂ ਤੈਨੂੰ ਵਰਜ ਰਹੀ,
ਦੇਈਂ ਨਾ ਬਾਬਲਾ ਫੇਰੇ।

ਸਾਉਣ ਮਹੀਨੇ ਦਿਨ ਵੇ ਗਿੱਧੇ ਦੇ,
ਸਭੇ ਸਹੇਲੀਆਂ ਆਈਆਂ।
ਭਿੱਜ ਗਈ ਰੂਹ ਮਿੱਤਰਾ,
ਸ਼ਾਮ ਘਟਾ ਚੜ੍ਹ ਆਈਆਂ।

ਹਾੜ੍ਹ ਮਹੀਨੇ ਬੋਲਣ ਚਿੜੀਆਂ,
ਸਾਉਣ ਮਹੀਨੇ ਕੋਲਾਂ।
ਦਿਲ ਤੋਲੇਂ ਤੂੰ ਝੁਕਦੇ ਪਲੜੇ,
ਮੈਂ ਝੁਕਦੇ ਨਾ ਤੋਲਾਂ।
ਗਿੱਧੇ ਵਿਚ ਤੈਂ ਲਾਈ ਛਹਿਬਰ,
ਕਿਵੇਂ ਮੈਂ ਤੈਨੂੰ ਮੋਹ ਲਾਂ।
ਸੁਣ ਲੈ ਹੀਰੇ ਨੀ,
ਦਿਲ ਦੀਆਂ ਘੁੰਡੀਆਂ ਖੋਲ੍ਹਾਂ।

ਖੜੋਤੀ ਕੁੜੀਏ,
ਭਿਉਂ ਬੱਠਲਾਂ ਵਿਚ ਦਾਣਾ,
ਤੀਵੀਆਂ ਦਾ ਰਾਜ ਹੋ ਗਿਆ,
ਚੱਕੀ ਛੁੱਟ ਗਈ, ਚੁਲ੍ਹੇ ਨੇ ਛੁੱਟ ਜਾਣਾ।

ਇਸ ਤਰ੍ਹਾਂ ਦੀਆਂ ਹਜ਼ਾਰਾਂ ਬੋਲੀਆਂ ਅਤੇ ਗੀਤ ਤੀਆਂ ਨਾਲ ਸਬੰਧਤ ਹਨ।

ਸਾਲ ਬਾਅਦ ਆਉਂਦਾ ਤੀਆਂ ਦਾ ਇਹ ਤਿਉਹਾਰ ਸੈਂਕੜੇ ਸਾਲਾਂ ਤੱਕ ਕੁੜੀਆਂ ਨੂੰ ਹੁਲਾਰੇ ਦਿੰਦਾ ਰਿਹਾ ਹੈ। ਉਨ੍ਹਾਂ ਨੂੰ ਮਨ ਦੀਆਂ ਕਹਿਣ ਦਾ ਮੌਕਾ ਦਿੰਦਾ ਰਿਹਾ ਹੈ ਪਰ ਅਜੋਕੇ ਸਮੇਂ ਵਿਚ ਥੋੜ੍ਹੀ ਦੇਰ ਖੜੋਤ ਆਉਣ ਤੋਂ ਬਾਅਦ ਇਹ ਤਿਉਹਾਰ ਦੁਨੀਆ ਭਰ ਦੇ ਪੰਜਾਬੀਆਂ ਲਈ ਨਵਾਂ ਰੂਪ ਧਾਰ ਕੇ ਸਾਹਮਣੇ ਆਇਆ ਹੈ। ਲੋਹੜੀ ਤੋਂ ਬਾਅਦ ਤੀਆਂ ਅਜਿਹਾ ਦੂਜਾ ਤਿਉਹਾਰ ਹੈ ਜਿਸ ਨੂੰ ਫਿਰਕਾਪ੍ਰਸਤੀ ਨੇ ਨਹੀਂ ਪੋਹਿਆ। ਇਸੇ ਲਈ ਇਹ ਸਾਂਝਾ ਮਾਨਵੀ ਤਿਉਹਾਰ ਹੈ ਜਿਸ ਨੂੰ ਬਚਾਅ ਕੇ ਰੱਖਣਾ ਹਰ ਪੰਜਾਬੀ ਦਾ ਫਰਜ਼ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਅਗਸਤ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-391



*ਤਪਦਾ ਚੁੱਲ੍ਹਾ ਟੱਬਰ ਸਾਰਾ ਕਰ ਦਿੰਦਾ ਸੀ 'ਕੱਠਾ।
ਗੈਸ-ਸਲੰਡਰ ਵੜੇ ਰਸੋਈ, 'ਕੱਠ ਦਾ ਬਹਿ ਗਿਆ ਭੱਠਾ।*

## ਕੈਪਸ਼ਨ ਮੁਕਾਬਲਾ-389



ਸੰਗਤ ਕਹਿੰਦੇ ਰੰਗਤ ਦਿੰਦੀ
ਬੰਦਾ ਹੋਵੇ, ਭਾਵੇਂ ਹੈਵਾਨ।
ਜ਼ਾਬਤੇ 'ਚ ਰਹਿਣਾ ਸਿੱਖਿਆ
ਪ੍ਰਣਾਮ ਕਰੇ ਭਗਵਾਨ।
ਪਸ਼ੂ ਮੰਨੇ ਹੁਕਮ ਮਾਲਕ ਦਾ
ਚਾਹੇ ਹੈ ਲੱਖ ਬੇਜ਼ੁਬਾਨ।
ਰੱਬਾ ਕਰ ਦੇ ਮਿਹਰ ਬੰਦੇ 'ਤੇ
ਕਿ ਬਣ ਜਾਵੇ ਇਨਸਾਨ।

***-ਸੇਵਾ ਸਿੰਘ ਨੂਰਪੁਰੀ***

---

ਸਦੀਆਂ ਤੋਂ ਨਿਭਾਈ ਆਉਂਦਾ
ਘੋੜਾ, ਬੰਦੇ ਨਾਲ ਵਫਾਦਾਰੀ।
ਲੰਮੀਆਂ ਵਾਟਾਂ, ਜਿੱਤੀਆਂ ਜੰਗਾਂ
ਘੋੜੇ ਦੀ ਪਿੱਠ ਦੀ ਕਰ ਅਸਵਾਰੀ।
ਜਿੱਥੇ ਮਾਲਕ ਸਿਜਦਾ ਕਰਦਾ
ਲਾ ਕੇ ਗੋਡਣੀਆਂ, ਬਰਾਬਰ ਕਰਦਾ
ਭਾਵੇਂ ਝੱਲਣੀ ਪਵੇ ਦੁਸ਼ਵਾਰੀ।

***-ਦਵਿੰਦਰ ਕੌਰ***

---

ਬੰਦਾ ਬੜਾ ਉਸਤਾਦ ਹੈ ਯਾਰੋ
ਜਾਨਵਰਾਂ ਨੂੰ ਸਬਕ ਪੜ੍ਹਾਵੇ।
ਆਪਣੇ ਵੱਸ ਵਿਚ ਕਰ ਉਨ੍ਹਾਂ ਨੂੰ
ਇਸ਼ਾਰਿਆਂ ਉਤੇ ਨੱਚਣ ਲਾਵੇ।
ਖੁਦ ਸਿਜਦਾ ਜਦ ਕਰਦਾ ਰੱਬ ਨੂੰ
ਸਾਥੀ ਵੀ ਫਿਰ ਸਾਥ ਨਿਭਾਵੇ।

***-ਜਗਮੀਤ ਸਿੰਘ ਪੰਧੇਰ***

---

ਢੋਲ ਵੱਜੇ ਤਾਂ ਬੰਦਾ ਤੇ ਘੋੜਾ
ਨੱਚ-ਨੱਚ ਪਾਉਣ ਧਮਾਲਾਂ।
ਸਰਕਸਾਂ ਵਿਚ ਵੀ ਜਦੋਂ ਵੇਖਦੇ
ਉਥੇ ਕਰਨ ਕਮਾਲਾਂ।
ਸਿਖਿਆ ਜਾਨਵਰ ਹਰਦਮ
ਰੀਸ ਬੰਦੇ ਦੀ ਕਰਦਾ,
ਸੜਕ ਦੇ ਵਿਚ ਵੀ ਮੱਥਾ ਟੇਕਦਾ
ਕਾਰ ਤੋਂ ਹੈ ਨਹੀਂ ਡਰਦਾ।
ਪਸ਼ੂ ਬਿਰਤੀ 'ਚ ਬੰਦਾ ਜਾਨਵਰ
ਦੋਵੇਂ ਇਕ ਸਮਾਨ,
ਪਰ ਜੇ ਦੋਵੇਂ ਸਿੱਖਿਆ ਪਾ ਲੈਣ
ਬਣ ਜਾਂਦੇ ਇਨਸਾਨ।

***-ਮਾਸਟਰ ਪ੍ਰੀਤਮ ਸਿੰਘ ਲੰਮੇ***

---

ਜਾਨਵਰ ਪਿਆਰ ਦੇ ਭੁੱਖੇ
ਜੋ ਕੋਈ ਕਰੇ ਪਿਆਰ।
ਘੋੜਾ ਤੇ ਕੁੱਤਾ ਸਭ ਤੋਂ ਵੱਧ ਵਫਾਦਾਰ।
ਓਹੀਓ ਸਿੱਖ ਜਾਂਦੇ
ਜੋ ਸਿਖਾਉਂਦੇ ਨਾਲ ਇਸ਼ਾਰੇ।
ਘਰ ਹੋਵੇ ਜਾਂ ਸਰਕਸ
ਜਾਨਵਰ ਕਰਦੇ ਕਰਤੱਵ ਨਿਆਰੇ।
ਫੋਟੋ ਵਿਚ ਮਾਲਕ ਤੇ ਘੋੜਾ
ਨਮਸਕਾਰ ਕਰਦੇ ਲੱਗਣ ਪਿਆਰੇ।

***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਬਿਨ ਜ਼ਬਾਨ ਭਾਵੇਂ ਜਾਨਵਰ ਬੇਹੱਦ ਪਾਰਖੂ
ਸਕੂਲੀ ਪੜ੍ਹਾਈ ਤਰ੍ਹਾਂ ਅਮਲ ਕਰਦੇ।
ਘੋੜਾ ਤੇ ਆਦਮੀ ਜੇ ਰਹਿੰਦੇ ਇਕੱਠੇ
ਸਮਝਦੇ ਰਮਜ਼ਾਂ ਇਕ ਦੂਜੇ ਦੀਆਂ
ਮਾਲਕ ਜਦ ਕਰਦਾ ਸਿਜਦਾ
ਘੋੜਾ ਵੀ ਉਵੇਂ ਹੀ ਕਰਦਾ।
ਆ ਜਾਵੇ ਆਫਤ ਮਾਲਕ 'ਤੇ
ਘੋੜਾ ਪੂਰੀ ਵਫਾਦਾਰੀ ਨਿਭਾਉਂਦਾ।
ਮਾਰ ਪਸ਼ੰਦੇ ਦੁਲੱਤੇ, ਕਰ ਜਖਮੀ
ਮਰਨ ਕਿਨਾਰੇ ਕਰਦੇ ਉਸ ਨੂੰ।
ਫਿਲਮਾਂ 'ਚ ਹਾਥੀ ਨੱਚਦਾ
ਕੁੱਤਾ ਅੱਗ ਦੇ ਗੋਲੇ 'ਚੋਂ ਗੁਜਰ ਜਾਂਦਾ।

***-ਦਰਸ਼ਨਪਾਲ ਦੋਸਾਂਝ***

# ਭਾਰਤ-ਪਾਕਿਸਤਾਨ ਦੇ ਕਾਰੋਬਾਰੀਆਂ ਦੀਆਂ ਆਸਾਂ 'ਤੇ ਪਾਣੀ ਫਿਰਿਆ

## ਦੁਵੱਲਾ ਵਪਾਰ ਮੁਅੱਤਲ ਹੋਣ ਕਾਰਨ ਦੋਵੇਂ ਪਾਸੇ ਪਵੇਗਾ ਅਰਬਾਂ ਦਾ ਘਾਟਾ




**ਅੰਮ੍ਰਿਤਸਰ:** ਜੰਮੂ-ਕਸ਼ਮੀਰ ਤੋਂ ਧਾਰਾ 370 ਤੇ 35-ਏ ਹਟਾਏ ਜਾਣ ਤੋਂ ਬਾਅਦ ਪਾਕਿਸਤਾਨ, ਭਾਰਤ ਨਾਲ ਵਪਾਰਕ ਸਬੰਧ ਖਤਮ ਕਰਨ ਦੇ ਰਾਹ ਤੁਰ ਪਿਆ ਹੈ। ਪਾਕਿਸਤਾਨ ਦੇ ਐਲਾਨ ਤੋਂ ਬਾਅਦ ਭਾਰਤ-ਪਾਕਿ ਦੇ ਇੰਟੈਗ੍ਰੇਟਿਡ ਚੈੱਕ ਪੋਸਟ (ਆਈ.ਸੀ.ਪੀ.) ਅਟਾਰੀ, ਚੱਕਣ ਦੇ ਬਾਗ (ਪੁਣਛ) ਅਤੇ ਉੜੀ ਚਕੋਟੀ (ਕਸ਼ਮੀਰ) ਰਾਹੀਂ ਦੋਵਾਂ ਮੁਲਕਾਂ ਵਿਚਾਲੇ ਹੋਣ ਵਾਲਾ ਵਪਾਰ ਬਿਲਕੁਲ ਠੱਪ ਹੋ ਗਿਆ ਹੈ, ਜਿਸ ਨਾਲ ਜਿਥੇ ਦੋਵੇਂ ਪਾਸੇ ਦੇ ਵਪਾਰੀਆਂ ਨੂੰ ਅਰਬਾਂ ਰੁਪਈਆਂ ਦਾ ਘਾਟਾ ਪਵੇਗਾ, ਉਥੇ ਹੀ ਇਸ ਕਾਰਵਾਈ ਨਾਲ ਸਰਹੱਦ ਦੇ ਦੋਵੇਂ ਪਾਸੇ ਮਾਲ ਦੀ ਢੁਆਈ ਕਰਨ ਵਾਲੇ ਹਜ਼ਾਰਾਂ ਕੁਲੀ, ਕਸਟਮ ਹਾਊਸ ਏਜੰਟ ਅਤੇ ਟਰੱਕ ਡਰਾਈਵਰ ਦੋ ਵਕਤ ਦੀ ਰੋਟੀ ਲਈ ਮੁਹਤਾਜ ਹੋ ਜਾਣਗੇ।

ਇਸ ਨਾਲ ਲੱਖਾਂ ਲੋਕਾਂ ਨੂੰ ਬੇਰੁਜ਼ਗਾਰੀ ਦੀ ਮਾਰ ਝੱਲਣੀ ਪਵੇਗੀ। ਦੱਸਣਯੋਗ ਹੈ ਕਿ ਉਕਤ 'ਚੋਂ ਚੱਕਣ ਦੇ ਬਾਗ ਅਤੇ ਉੜੀ ਚਕੋਟੀ ਰਾਹੀਂ ਹੁੰਦੇ ਵਪਾਰ 'ਤੇ ਪੁਲਵਾਮਾ ਵਿਚ ਹੋਏ ਹਮਲੇ ਬਾਅਦ ਭਾਰਤ ਵੱਲੋਂ ਰੋਕ ਲਗਾ ਦਿੱਤੀ ਗਈ ਸੀ, ਜਦਕਿ ਪਾਕਿ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ ਇਸ ਮੁਲਕ ਵੱਲੋਂ ਆਉਣ ਵਾਲੇ ਸਾਮਾਨ 'ਤੇ 200 ਫੀਸਦੀ ਕਸਟਮ ਡਿਊਟੀ ਵਧਾਉਣ ਅਤੇ ਪਾਕਿ ਨੂੰ ਸਾਲ 1998 'ਚ ਦਿੱਤਾ ਸਭ ਤੋਂ ਤਰਜੀਹੀ ਦੇਸ਼ ਦਾ ਦਰਜਾ ਖਤਮ ਕਰਨ ਬਾਅਦ ਆਈ.ਸੀ.ਪੀ. ਅਟਾਰੀ ਰਾਹੀਂ ਭਾਰਤ-ਪਾਕਿ ਵਿਚਾਲੇ ਹੋਣ ਵਾਲਾ ਵਪਾਰ ਲਗਭਗ ਪਹਿਲਾਂ ਹੀ ਠੱਪ ਹੋਇਆ ਪਿਆ ਹੈ। ਦੱਸਿਆ ਜਾ ਰਿਹਾ ਹੈ ਕਿ ਆਈ.ਸੀ.ਪੀ. ਰਾਹੀਂ ਸਾਲ 2018 ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ 140 ਅਰਬ ਰੁਪਏ ਦਾ ਵਪਾਰ ਹੋਇਆ, ਜੋ ਕਿ ਦੋਵੇਂ ਪਾਸੇ ਵਾਰ-ਵਾਰ ਸਬੰਧਾਂ 'ਚ ਆਉਣ ਵਾਲੀ ਕੁੜੱਤਣ ਕਾਰਨ ਬੀਤੇ ਵਰ੍ਹਿਆਂ ਦੇ ਮੁਕਾਬਲੇ ਕਾਫੀ ਘੱਟ ਸੀ। ਇਸ ਦੇ ਬਾਵਜੂਦ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਲਈ ਉਸਾਰੀ ਦਾ ਕੰਮ ਸ਼ੁਰੂ ਹੋਣ ਤੋਂ ਬਾਅਦ ਦੋਵੇਂ ਮੁਲਕਾਂ ਦੇ ਵਪਾਰੀਆਂ ਵੱਲੋਂ ਆਸ ਕੀਤੀ ਜਾ ਰਹੀ ਸੀ ਕਿ ਇਸ ਵਰ੍ਹੇ ਆਈ.ਸੀ.ਪੀ. ਰਾਹੀਂ ਲਗਭਗ 250 ਅਰਬ ਰੁਪਏ ਤੋਂ ਵਧੇਰੇ ਦਾ ਕਾਰੋਬਾਰ ਹੋਵੇਗਾ। ਜਦਕਿ ਹੁਣ ਸਰਹੱਦ ਦੇ ਦੋਵੇਂ ਪਾਸੇ ਰਿਸ਼ਤਿਆਂ 'ਚ ਇਕ ਵਾਰ ਫਿਰ ਬਣੀ ਕੜਵਾਹਟ ਕਾਰਨ ਇਸ ਬਾਰੇ ਸਭ ਉਮੀਦਾਂ ਉਤੇ ਪਾਣੀ ਫਿਰਦਾ ਵਿਖਾਈ ਦੇ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਵੱਲੋਂ ਭਾਰਤ ਨਾਲ ਰਸਮੀ ਤੌਰ 'ਤੇ ਵਪਾਰ ਬੰਦ ਕਰਨ ਦੇ ਕੀਤੇ ਐਲਾਨ ਨਾਲ ਭਾਰਤ ਤੋਂ ਜ਼ਿਆਦਾ ਪਾਕਿਸਤਾਨੀ ਵਪਾਰੀਆਂ ਨੂੰ ਨੁਕਸਾਨ ਪਹੁੰਚੇਗਾ। ਆਈ.ਸੀ.ਪੀ. ਰਾਹੀਂ ਪਾਕਿਸਤਾਨ ਨਾਲ ਵਪਾਰ ਕਰਨ ਵਾਲੇ ਭਾਰਤੀ ਵਪਾਰੀਆਂ ਦਾ ਕਹਿਣਾ ਹੈ ਕਿ ਦੋਵੇਂ ਦੇਸ਼ਾਂ 'ਚ ਕਾਰੋਬਾਰ ਨੂੰ ਲੈ ਕੇ ਦਰਾਮਦ-ਬਰਾਮਦ ਸਬੰਧੀ ਹੋਏ ਸਮਝੌਤੇ ਦੇ ਚਲਦਿਆਂ 124 ਵਸਤੂਆਂ ਦਾ ਕਾਰੋਬਾਰ ਕਰਨ ਦੀ ਮਨਜ਼ੂਰੀ ਦੋਵੇਂ ਪਾਸੇ ਦੇ ਵਪਾਰੀਆਂ ਨੂੰ ਦਿੱਤੀ ਗਈ ਸੀ, ਜਦਕਿ ਪਿਛਲੇ ਲੰਬੇ ਸਮੇਂ ਤੋਂ ਭਾਰਤ-ਪਾਕਿ ਵਿਚਾਲੇ ਸਿਰਫ 20-22 ਵਸਤੂਆਂ ਦੀ ਹੀ ਦਰਾਮਦ-ਬਰਾਮਦ ਹੋ ਰਹੀ ਹੈ। ਸਾਲ 2019 ਦੇ ਜੁਲਾਈ ਮਹੀਨੇ ਤੱਕ ਜਿਥੇ ਭਾਰਤ ਵੱਲੋਂ ਇਕੱਲੇ ਸੂਤੀ ਧਾਗੇ, ਮੱਝ ਦਾ ਮਾਸ ਤੇ ਕੁਝ ਇਕ ਹੋਰ ਵਸਤਾਂ ਦੇ ਟਰੱਕ ਬਹੁਤ ਹੀ ਘੱਟ ਗਿਣਤੀ 'ਚ ਪਾਕਿਸਤਾਨ ਭੇਜੇ ਜਾ ਸਕੇ, ਉਥੇ ਹੀ ਪਾਕਿਸਤਾਨੀ ਵਪਾਰੀਆਂ ਵਲੋਂ ਜਿਪਸਮ, ਸੀਮੈਂਟ, ਡਰਾਈ ਫਰੂਟ, ਸੁੱਕੀ ਖਜੂਰ, ਤਾਜ਼ਾ ਫਲ, ਪਲਾਸਟਿਕ ਦਾਨਾ, ਸ਼ੀਸ਼ਾ, ਸੋਢਾ, ਕੱਚਾ ਐਲੂਮੀਨੀਅਮ, ਚੂਨਾ, ਅਨਾਰਦਾਣਾ, ਗੁਗਲ, ਅਜ਼ਵਾਇਣ, ਮੁਲੱਠੀ, ਪਨੀਰ ਦੋਧੀ, ਰਤਨ ਜੋਤ, ਉੱਨ, ਰਾਕ ਸਾਲਟ, ਰਬੜ ਦੀਆਂ ਪੁਰਾਣੀਆਂ ਟਿਊਬਾਂ ਤੇ ਟਾਇਰ, ਚਮੜਾ, ਪਿਆਜ਼ ਤੇ ਕੁਝ ਹੋਰ ਸਾਮਾਨ ਦੇ ਕੁੱਲ 34009 ਟਰੱਕ ਆਈ.ਸੀ.ਪੀ. ਰਾਹੀਂ ਭਾਰਤ ਭੇਜੇ ਗਏ।

## ਪਾਕਿਸਤਾਨ ਦੁਵੱਲੇ ਸਬੰਧਾਂ 'ਤੇ ਡਰਾਉਣੀ ਤਸਵੀਰ ਪੇਸ਼ ਕਰ ਰਿਹੈ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਨੂੰ ਸਫਾਰਤੀ ਰਿਸ਼ਤੇ ਘਟਾਉਣ ਅਤੇ ਕਾਰੋਬਾਰ ਬੰਦ ਕਰਨ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਨੂੰ ਕਿਹਾ ਹੈ। ਭਾਰਤ ਨੇ ਕਿਹਾ ਕਿ ਪਾਕਿਸਤਾਨ ਨੇ ਆਪਣੇ ਇਸ ਕਦਮ ਲਈ ਜੋ ਕਾਰਨ ਦੱਸੇ ਹਨ, ਉਹ ਜ਼ਮੀਨੀ ਤੱਥਾਂ ਨਾਲ ਮੇਲ ਨਹੀਂ ਖਾਂਦੇ। ਪਾਕਿਸਤਾਨ ਨੇ ਭਾਰਤ ਨਾਲ ਦੁਵੱਲੇ ਵਪਾਰਕ ਰਿਸ਼ਤੇ ਰੱਦ ਕਰਨ ਦਾ ਐਲਾਨ ਕੀਤਾ ਸੀ ਅਤੇ ਇਸਲਾਮਾਬਾਦ ਤੋਂ ਭਾਰਤੀ ਰਾਜਦੂਤ ਨੂੰ ਜਾਣ ਨੂੰ ਕਿਹਾ ਸੀ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਇਕ ਤਫਸੀਲੀ ਬਿਆਨ 'ਚ ਕਿਹਾ ਗਿਆ ਕਿ ਅਜਿਹੀਆਂ ਰਿਪੋਰਟਾਂ ਵੇਖੀਆਂ ਗਈਆਂ ਹਨ ਜਿਸ ਮੁਤਾਬਕ ਭਾਰਤ ਨਾਲ ਦੁਵੱਲੇ ਸਬੰਧਾਂ ਬਾਰੇ ਪਾਕਿਸਤਾਨ ਨੇ ਕੁਝ ਇਕਪਾਸੜ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਵੱਲੋਂ ਚੁੱਕੇ ਕਦਮਾਂ ਦਾ ਮਕਸਦ ਦੁਨੀਆਂ ਦੇ ਸਾਹਮਣੇ ਦੁਵੱਲੇ ਸਬੰਧਾਂ ਦੀ ਡਰਾਉਣੀ ਤਸਵੀਰ ਪੇਸ਼ ਕਰਨਾ ਹੈ।

# ਪਾਕਿਸਤਾਨ ਨੇ ਦਿੱਲੀ-ਲਾਹੌਰ ਬੱਸ ਸੇਵਾ ਅਤੇ ਸਮਝੌਤਾ ਐਕਸਪ੍ਰੈੱਸ ਰੋਕੀ

**ਅੰਮ੍ਰਿਤਸਰ:** ਭਾਰਤ ਵੱਲੋਂ ਕਸ਼ਮੀਰ 'ਚੋਂ ਧਾਰਾ 370 ਖਤਮ ਕੀਤੇ ਜਾਣ ਦੇ ਵਿਰੋਧ 'ਚ ਪਾਕਿਸਤਾਨ ਨੇ ਭਾਰਤ-ਪਾਕਿ ਵਿਚਾਲੇ ਚੱਲਣ ਵਾਲੀ ਸਮਝੌਤਾ ਐਕਸਪ੍ਰੈੱਸ ਨੂੰ ਹਮੇਸ਼ਾ-ਹਮੇਸ਼ਾ ਲਈ ਬੰਦ ਕਰ ਦਿੱਤਾ ਗਿਆ ਹੈ।

ਪਾਕਿ ਵੱਲੋਂ ਜਾਰੀ ਆਦੇਸ਼ 'ਚ ਕਿਹਾ ਗਿਆ



ਵਾਲੀ ਦਿੱਲੀ-ਲਾਹੌਰ ਬੱਸ ਸੇਵਾ ਤੇ ਥਾਰ ਐਕਸਪ੍ਰੈੱਸ ਨੂੰ ਵੀ ਰੋਕ ਦਿੱਤਾ ਹੈ। ਉਧਰ, ਪਾਕਿਸਤਾਨ ਦੇ ਰੇਲਵੇ ਮੰਤਰੀ ਸ਼ੇਖ ਰਾਸ਼ਿਦ ਅਹਿਮਦ ਨੇ ਐਲਾਨ ਕੀਤਾ ਕਿ ਪਾਕਿ ਰੇਲਵੇ ਮੰਤਰਾਲੇ ਵੱਲੋਂ ਭਾਰਤ-ਪਾਕਿ ਵਿਚਾਲੇ ਚੱਲਣ ਕਿ ਉਹ ਦਿੱਲੀ-ਲਾਹੌਰ ਬੱਸ ਸੇਵਾ ਬੰਦ ਕਰ ਰਹੇ ਹਨ। ਪਾਕਿ ਦੇ ਸੰਚਾਰ ਮੰਤਰੀ ਮੁਰਾਦ ਸਈਦ ਨੇ ਟਵੀਟ ਕਰਕੇ ਦੱਸਿਆ ਕਿ ਕੌਮੀ ਸੁਰੱਖਿਆ ਕੌਂਸਲ ਦੇ ਫੈਸਲੇ ਤਹਿਤ ਦਿੱਲੀ-ਲਾਹੌਰ ਬੱਸ ਸੇਵਾ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਦਿੱਲੀ-ਲਾਹੌਰ ਵਿਚਾਲੇ ਚੱਲਣ ਵਾਲੀ 'ਸਦਾ-ਏ-ਸਰਹੱਦ' ਬੱਸ ਸੇਵਾ 1999 ਵਿਚ ਸ਼ੁਰੂ ਹੋਈ ਸੀ। 2001 ਵਿਚ ਸੰਸਦ 'ਤੇ ਹਮਲੇ ਦੇ ਬਾਅਦ ਇਸ ਨੂੰ ਰੋਕ ਦਿੱਤਾ ਗਿਆ ਸੀ, ਜੋ 2003 ਵਿਚ ਮੁੜ ਸ਼ੁਰੂ ਕੀਤੀ ਗਈ ਸੀ।

ਪਾਕਿਸਤਾਨ ਦੇ ਇਸ ਫੈਸਲੇ ਨਾਲ ਦੋਵਾਂ ਦੇਸ਼ਾਂ ਨੂੰ ਸੜਕ ਅਤੇ ਰੇਲ ਸੇਵਾ ਰਾਹੀਂ ਜੋੜਨ ਵਾਲੇ ਦੋਵੇਂ ਕੌਮਾਂਤਰੀ ਲਿੰਕ ਫਿਲਹਾਲ ਬਿਲਕੁਲ ਬੰਦ ਹੋ ਗਏ ਹਨ। ਦੋਵਾਂ ਮੁਲਕਾਂ ਵਿਚਾਲੇ ਚੱਲਣ ਵਾਲੀ ਥਾਰ ਐਕਸਪ੍ਰੈੱਸ ਬਾੜਮੇਰ ਦੇ ਮੁਨਾਬਾਓ ਤੋਂ ਪਾਕਿ ਦੇ ਸੂਬਾ ਸਿੰਧ 'ਚ ਸਥਿਤ ਖੋਖਰਾਪਾਰ ਵਿਚਾਲੇ ਚੱਲਣ ਵਾਲੀ ਪਹਿਲੀ ਕੌਮਾਂਤਰੀ ਰੇਲ ਗੱਡੀ ਹੈ।

ਹਫਤੇ 'ਚ ਇਕ ਵਾਰ ਚੱਲਣ ਵਾਲੀ ਇਹ ਗੱਡੀ ਇਸ ਤੋਂ ਪਹਿਲਾਂ ਸੰਨ 1965 'ਚ ਪਟੜੀਆਂ ਦੇ ਨੁਕਸਾਨੇ ਜਾਣ ਕਾਰਨ ਰੋਕੀ ਗਈ ਸੀ, ਜਿਸ ਦੇ 41 ਸਾਲ ਬਾਅਦ ਇਸ ਨੂੰ ਮੁੜ 18 ਫਰਵਰੀ 2006 'ਚ ਸ਼ੁਰੂ ਕੀਤਾ ਗਿਆ। ਦੱਸਣਯੋਗ ਹੈ ਕਿ ਬੀਤੇ ਦਿਨੀਂ ਪਾਕਿ ਰੇਲ ਮੰਤਰਾਲੇ ਨੇ ਸਮਝੌਤਾ ਐਕਸਪ੍ਰੈੱਸ ਨੂੰ ਬੰਦ ਕਰਨ ਦਾ ਐਲਾਨ ਕਰਦਿਆਂ ਪਾਕਿਸਤਾਨ ਤੋਂ ਪਰਤਣ ਵਾਲੀ ਉਕਤ ਯਾਤਰੂ ਗੱਡੀ ਨੂੰ ਵਾਹਗਾ ਸਟੇਸ਼ਨ 'ਤੇ ਹੀ ਰੋਕ ਦਿੱਤਾ ਸੀ।

ਪਾਕਿਸਤਾਨ ਵੱਲੋਂ ਆਪਣੇ ਗਾਰਡ ਤੇ ਡਰਾਈਵਰ ਨੂੰ ਭਾਰਤੀ ਸਰਹੱਦ 'ਚ ਭੇਜਣ ਤੋਂ ਇਨਕਾਰ ਕਰਨ 'ਤੇ ਭਾਰਤ ਨੂੰ ਰੇਲ ਗੱਡੀ ਨੂੰ ਵਾਹਗਾ ਸਟੇਸ਼ਨ ਤੋਂ ਲਿਆਉਣ ਲਈ ਆਪਣਾ ਡਰਾਈਵਰ ਤੇ ਇੰਜਣ ਭੇਜਣਾ ਪਿਆ।

ਇਸ ਤੋਂ ਪਹਿਲਾਂ ਦਿੱਲੀ-ਲਾਹੌਰ ਵਿਚਾਲੇ ਚੱਲਣ ਵਾਲੀ 'ਸਦਾ-ਏ-ਸਰਹੱਦ' ਕੌਮਾਂਤਰੀ ਬੱਸ ਆਪਣੇ ਨਿਰਧਾਰਿਤ ਸਮੇਂ ਅਨੁਸਾਰ ਸਵੇਰੇ 8.30 ਵਜੇ 22 ਯਾਤਰੂਆਂ ਨੂੰ ਲੈ ਕੇ ਵਾਹਗਾ ਤੋਂ ਅਟਾਰੀ ਪਹੁੰਚੀ ਤੇ ਕਸਟਮ ਤੇ ਇਮੀਗ੍ਰੇਸ਼ਨ ਜਾਂਚ ਉਪਰੰਤ ਉਸ ਨੂੰ ਦਿੱਲੀ ਲਈ ਰਵਾਨਾ ਕੀਤਾ ਗਿਆ। ਇਸ ਪ੍ਰਕਾਰ ਦਿੱਲੀ ਤੋਂ ਵਾਹਗਾ ਪਹੁੰਚਣ ਵਾਲੀ ਬੱਸ ਵੀ ਆਪਣੇ ਨਿਰਧਾਰਿਤ ਸਮੇਂ 'ਤੇ 28 ਯਾਤਰੂ ਲੈ ਕੇ ਪਾਕਿ ਰਵਾਨਾ ਹੋਈ। ਲਾਹੌਰ-ਅੰਮ੍ਰਿਤਸਰ ਬੱਸ 'ਚ ਪਾਕਿ ਵੱਲੋਂ ਇਕ ਮੁਸਾਫਰ ਆਇਆ ਜਦਕਿ ਭਾਰਤ ਵੱਲੋਂ ਇਸ ਬੱਸ ਰਾਹੀਂ ਦੋ ਲੋਕ ਰਵਾਨਾ ਹੋਏ।

# ਅਤਿਵਾਦੀ ਸੰਗਠਨ ਤਬਾਹੀ ਮਚਾਉਣ ਦੀ ਤਾਕ 'ਚ

**ਨਵੀਂ ਦਿੱਲੀ:** ਭਾਰਤੀ ਖੁਫੀਆ ਏਜੰਸੀਆਂ ਨੇ ਸਰਕਾਰ ਨੂੰ ਅਤਿ ਸੰਵੇਦਨਸ਼ੀਲ ਖੁਫੀਆ ਸੂਚਨਾਵਾਂ ਮੁਹੱਈਆ ਕਰਵਾਉਂਦਿਆਂ ਜਾਣਕਾਰੀ ਦਿੱਤੀ ਹੈ ਕਿ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਸਮਰਥਕ ਅਤਿਵਾਦੀਆਂ ਦੇ ਗੁੱਟ ਭਾਰਤ 'ਚ ਤਬਾਹੀ ਮਚਾਉਣ ਦੀ ਤਾਕ 'ਚ ਹਨ।

ਆਈ.ਬੀ. ਦੇ ਹੈੱਡਕੁਆਰਟਰ ਵੱਲੋਂ ਜਾਰੀ ਹੋਈ ਗੁਪਤ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਆਈ.ਐਸ.ਆਈ. ਦੇ ਸਮਰਥਕ ਅਤਿਵਾਦੀ ਗੁੱਟ ਜੰਮੂ-ਕਸ਼ਮੀਰ ਅਤੇ ਦੇਸ਼ 'ਚ ਹੋਰ ਥਾਵਾਂ 'ਤੇ ਅਤਿਵਾਦੀ ਘਟਨਾਵਾਂ ਨੂੰ ਅੰਜਾਮ ਦੇ ਸਕਦੇ ਹਨ, ਜਿਸ ਸਬੰਧੀ ਸੂਬਿਆਂ ਦੇ ਪੁਲਿਸ ਹੈੱਡਕੁਆਰਟਰਾਂ ਨੂੰ ਸੁਚੇਤ ਕਰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਇਸਲਾਮਿਕ ਸਟੇਟ ਅਤੇ ਪਾਕਿਸਤਾਨ ਸਮਰਥਕ ਕੱਟੜਪੰਥੀ ਅਤਿਵਾਦੀ ਸੰਗਠਨ ਬਕਰੀਦ ਜਿਹੇ ਤਿਉਹਾਰ 'ਤੇ ਨਮਾਜ਼ ਮੌਕੇ ਭੀੜ ਨੂੰ ਨਿਸ਼ਾਨਾ ਬਣਾ ਸਕਦੇ ਹਨ ਅਤੇ ਇਸ

ਤੋਂ ਇਲਾਵਾ ਅਤਿਵਾਦੀ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਹਵਾਈ ਅੱਡਿਆਂ ਤੇ ਕੁਝ ਹੋਰ ਮਹੱਤਵਪੂਰਨ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਤਾਕ 'ਚ ਹਨ। ਖੁਫੀਆ ਏਜੰਸੀਆਂ ਦੇ ਸੂਤਰਾਂ ਮੁਤਾਬਕ ਪਿਛਲੇ ਲੰਬੇ ਸਮੇਂ ਤੋਂ ਭਾਰਤ 'ਚ ਅਸ਼ਾਂਤੀ ਫੈਲਾਉਣ 'ਚ ਨਾਕਾਮ ਰਹੀ ਆਈ.ਐਸ.ਆਈ. ਜੰਮੂ-ਕਸ਼ਮੀਰ 'ਚ ਧਾਰਾ 370 ਹਟਾਉਣ ਬਾਅਦ ਬੁਰੀ ਤਰ੍ਹਾਂ ਬੌਖਲਾਈ ਹੋਈ ਹੈ। ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) 'ਚ ਕੋਟਲੀ, ਰਾਵਲਕੋਟ, ਬਾਘ ਤੇ ਮੁਜ਼ੱਫਰਾਬਾਦ ਵਿਚ ਦਰਜਨ ਦੇ ਕਰੀਬ ਅਤਿਵਾਦੀ ਕੈਂਪ ਮੁੜ ਸਰਗਰਮ ਹੋ ਗਏ ਹਨ ਅਤੇ ਜੰਮੂ-ਕਸ਼ਮੀਰ ਨਾਲ ਲੱਗਦੀ ਕੰਟਰੋਲ ਰੇਖਾ ਨੇੜੇ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ ਤੇ ਤਾਲਿਬਾਨ ਜਿਹੇ ਅਤਿਵਾਦੀ ਸੰਗਠਨਾਂ ਦੇ 150 ਦੇ ਕਰੀਬ ਅਤਿਵਾਦੀ ਇਕੱਤਰ ਹੋ ਚੁੱਕੇ ਹਨ। ਪੀ.ਓ.ਕੇ. ਦੇ ਇਨ੍ਹਾਂ ਕੈਂਪਾਂ 'ਚ ਜੈਸ਼-ਏ-ਮੁਹੰਮਦ ਦੇ ਸਰਗਨੇ ਮੌਲਾਨਾ ਮਸੂਦ ਅਜ਼ਹਰ ਦੇ ਭਰਾ ਇਬਰਾਹੀਮ ਅਜ਼ਹਰ ਨੂੰ ਵੀ ਵੇਖਿਆ ਗਿਆ ਹੈ।

ਦੱਸਣਯੋਗ ਹੈ ਕਿ ਤਾਲਿਬਾਨ ਸਮਰਥਕ ਕੁਝ ਸਿਲਪਿੰਗ ਮਡਿਊਲਾਂ ਦੀ ਭਾਰਤ 'ਚ ਮੌਜੂਦਗੀ ਦੀਆਂ ਖਬਰਾਂ ਆ ਰਹੀਆਂ ਹਨ, ਜਿਸ ਸਬੰਧੀ ਕੁਝ ਸਮਾਂ ਪਹਿਲਾਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਕੇਰਲ ਸਮੇਤ ਕਈ ਸੂਬਿਆਂ 'ਚ ਛਾਪੇ ਵੀ ਮਾਰੇ ਗਏ ਸਨ ਤੇ ਸ੍ਰੀਲੰਕਾ 'ਚ ਈਸਟਰ ਮੌਕੇ ਹੋਏ ਲੜੀਵਾਰ ਬੰਬ ਧਮਾਕਿਆਂ ਦੇ ਤਾਰ ਵੀ ਕੇਰਲ ਨਾਲ ਜੁੜੇ ਸਨ।

## ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਪਤਨੀ ਦਾ ਦੇਹਾਂਤ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਪਤਨੀ ਸਨੇਹ ਲਤਾ ਦਾ ਗੁੜਗਾਉਂ ਦੇ ਮੇਦਾਂਤਾ ਹਸਪਤਾਲ ਵਿਚ ਦੇਹਾਂਤ ਹੋ ਗਿਆ ਹੈ। ਉਹ 81 ਸਾਲ ਦੇ ਸਨ।

# ਕਰਾਚੀ 'ਚ ਮੀਕਾ ਸਿੰਘ ਦੀ ਪੇਸ਼ਕਾਰੀ 'ਤੇ ਭਖਿਆ ਵਿਵਾਦ

**ਕਰਾਚੀ:** ਉਘੇ ਭਾਰਤੀ ਗਾਇਕ ਮੀਕਾ ਸਿੰਘ ਤੇ ਉਸ ਦੇ ਗਰੁੱਪ ਵੱਲੋਂ ਪਾਕਿਸਤਾਨ ਦੇ ਇਕ ਅਰਬਪਤੀ ਕਾਰੋਬਾਰੀ ਦੀ ਧੀ ਦੇ ਵਿਆਹ 'ਚ ਪੇਸ਼ਕਾਰੀ ਦੇਣ ਮਗਰੋਂ ਕਾਫੀ ਰੌਲਾ-ਰੱਪਾ ਪੈ



ਰਿਹਾ ਹੈ। ਜ਼ਿਕਰਯੋਗ ਹੈ ਕਿ ਜੰਮੂ ਕਸ਼ਮੀਰ 'ਚ ਧਾਰਾ 370 ਹਟਾਏ ਜਾਣ ਮਗਰੋਂ ਦੋਵਾਂ ਮੁਲਕਾਂ ਦੇ ਰਿਸ਼ਤੇ ਤਣਾਅਪੂਰਨ ਬਣੇ ਹੋਏ ਹਨ ਤੇ ਪਾਕਿ ਨੇ ਭਾਰਤ ਨਾਲ ਕੂਟਨੀਤਕ, ਵਪਾਰਕ ਤੇ ਹੋਰ ਤਾਲਮੇਲ ਜਾਂ ਤਾਂ ਖਤਮ ਕਰ ਦਿੱਤਾ ਹੈ ਜਾਂ ਘਟਾ ਦਿੱਤਾ ਹੈ।

ਵੇਰਵਿਆਂ ਮੁਤਾਬਕ ਕਾਰੋਬਾਰੀ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੇ ਕਰੀਬੀ ਹਨ। ਕਰਾਚੀ ਦੇ 'ਜੰਗ' ਅਖ਼ਬਾਰ ਦੀ ਰਿਪੋਰਟ ਮੁਤਾਬਕ ਮੀਕਾ (42) ਵਿਆਹ 'ਤੇ ਪੇਸ਼ਕਾਰੀ ਦੇਣ ਆਏ ਸਨ ਤੇ ਇਹ 8 ਅਗਸਤ ਨੂੰ ਸੀ। ਗਾਇਕ ਵੱਲੋਂ ਪੇਸ਼ਕਾਰੀ ਦੇਣ ਬਾਰੇ ਉਸ ਵੇਲੇ ਪਤਾ ਲੱਗਾ ਜਦ ਕੁਝ ਪ੍ਰਸ਼ੰਸਕਾਂ ਨੇ ਵੀਡੀਓ ਅਪਲੋਡ ਕਰ ਦਿੱਤੀਆਂ। ਪਾਕਿ 'ਚ ਵਿਰੋਧੀ ਧਿਰ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਸਈਦ ਖ਼ੁਰਸ਼ੀਦ ਸ਼ਾਹ ਨੇ ਕਿਹਾ ਕਿ ਸਰਕਾਰ ਨੂੰ ਪਤਾ ਲਾਉਣਾ ਚਾਹੀਦਾ ਹੈ ਜਦ ਦੋਵਾਂ ਮੁਲਕਾਂ ਵਿਚਾਲੇ ਕੂਟਨੀਤਕ ਤੇ ਵਪਾਰਕ ਰਿਸ਼ਤੇ ਮੁਅੱਤਲ ਹਨ ਤਾਂ ਮੀਕਾ ਤੇ ਉਸ ਦੇ ਗਰੁੱਪ ਨੂੰ ਸੁਰੱਖਿਆ ਕਲੀਅਰੈਂਸ ਤੇ ਵੀਜ਼ਾ ਕਿਸ ਤਰ੍ਹਾਂ ਮਿਲ ਗਿਆ। ਸ਼ਾਹ ਨੇ ਕਿਹਾ ਕਿ ਭਾਰਤੀ ਫਿਲਮਾਂ ਤੇ ਡਰਾਮਾ ਸ਼ੋਅਜ਼ 'ਤੇ ਪਾਬੰਦੀ ਲੱਗੀ ਹੋਈ ਹੈ ਤੇ ਜੇ ਵੀਜ਼ਾ ਪਹਿਲਾਂ ਹੀ ਜਾਰੀ ਹੋ ਗਿਆ ਸੀ ਤਾਂ ਰੱਦ ਕੀਤਾ ਜਾਣਾ ਚਾਹੀਦਾ ਸੀ।

ਅਖ਼ਬਾਰ ਨੇ ਰਿਪੋਰਟ ਵਿਚ ਲਿਖਿਆ ਹੈ ਕਿ ਲਾੜਾ ਮੀਕਾ ਦਾ ਵੱਡਾ ਪ੍ਰਸ਼ੰਸਕ ਹੈ ਤੇ ਉਸ ਦੀ ਇੱਛਾ ਨੂੰ ਪੂਰਾ ਕਰਨ ਲਈ ਸਹੁਰੇ ਪਰਿਵਾਰ ਨੇ ਮੀਕਾ ਨੂੰ ਲਾਈਵ ਪੇਸ਼ਕਾਰੀ ਲਈ ਸੱਦਿਆ। ਇਹ ਵੀ ਕਿਹਾ ਗਿਆ ਹੈ ਕਿ ਇਸ ਸਾਰੀ ਪ੍ਰਕਿਰਿਆ ਨੂੰ ਨੇਪਰੇ ਚੜ੍ਹਾਉਣ ਲਈ ਰਸੂਖ ਦੀ ਵਰਤੋਂ ਕੀਤੀ ਗਈ ਹੈ। ਮੀਕਾ ਨੇ ਪ੍ਰੋਗਰਾਮ ਲਈ ਇਕ ਕਰੋੜ ਰੁਪਏ ਤੋਂ ਵੱਧ ਫੀਸ ਲਈ ਹੈ। ਇਸ ਪ੍ਰੋਗਰਾਮ ਬਾਰੇ ਖੁਲਾਸਾ ਹੋਣ 'ਤੇ ਟਵਿੱਟਰ ਉਤੇ ਉਸ ਦੇ ਪ੍ਰਸ਼ੰਸਕਾਂ ਤੇ ਹੋਰਨਾਂ ਨੇ ਖੂਬ ਭੜਾਸ ਕੱਢੀ।

## ਬਾਗੀਆਂ ਨਾਲ ਕੇਂਦਰ ਨੇ ਕੀਤਾ ਸ਼ਾਂਤੀ ਸਮਝੌਤਾ

**ਨਵੀਂ ਦਿੱਲੀ:** ਕੇਂਦਰ ਨੇ ਤ੍ਰਿਪੁਰਾ ਦੇ ਬਾਗੀ ਗਰੁੱਪ ਨਾਲ ਸਮਝੌਤਾ ਕੀਤਾ ਹੈ, ਜਿਸ ਵਿਚ ਬਾਗੀਆਂ ਨੇ ਹਥਿਆਰ ਛੱਡ ਕੇ ਮੁੱਖ ਧਾਰਾ ਵਿਚ ਸ਼ਾਮਲ ਹੋਣ ਦੀ ਸਹਿਮਤੀ ਜਤਾਈ ਹੈ।

ਗ੍ਰਹਿ ਮੰਤਰਾਲੇ ਦੇ ਬਿਆਨ ਅਨੁਸਾਰ, ਤਿੰਨ ਧਿਰੀ ਸਮਝੌਤੇ 'ਤੇ ਕੇਂਦਰ ਅਤੇ ਤ੍ਰਿਪੁਰਾ ਦੀ ਸਰਕਾਰ ਅਤੇ ਸਬੀਰ ਕੁਮਾਰ ਦੇਵਵਰਮਾ ਦੀ ਅਗਵਾਈ ਵਾਲੇ ਕੌਮੀ ਲਿਬਰੇਸ਼ਨ ਫਰੰਟ ਆਫ ਤ੍ਰਿਪੁਰਾ (ਐਨ.ਐਲ.ਐਫ.ਟੀ.-ਐਸ.ਡੀ.) ਨੇ ਦਸਤਖ਼ਤ ਕੀਤੇ ਹਨ। ਲਿਬਰੇਸ਼ਨ ਫਰੰਟ ਨੇ ਹਿੰਸਾ ਦਾ ਰਾਹ ਛੱਡ ਕੇ ਭਾਰਤ ਦੇ ਸੰਵਿਧਾਨ ਨੂੰ ਮੰਨਦਿਆਂ ਮੁੱਖ ਧਾਰਾ ਵਿਚ ਸ਼ਾਮਲ ਹੋਣ 'ਤੇ ਸਹਿਮਤੀ ਜਤਾਈ ਹੈ। ਗਰੁੱਪ ਦੇ 88 ਮੈਂਬਰਾਂ ਨੇ ਹਥਿਆਰਾਂ ਸਮੇਤ ਆਤਮ-ਸਮਰਪਣ ਕਰਨ 'ਤੇ ਵੀ ਸਹਿਮਤੀ ਜਤਾਈ ਹੈ। ਆਤਮ-ਸਮਰਪਣ ਕਰਨ ਵਾਲਿਆਂ ਨੂੰ ਗ੍ਰਹਿ ਮੰਤਰਾਲੇ ਦੀ ਆਤਮ-ਸਮਰਪਣ ਕਮ ਮੁੜ ਵਸੇਬਾ ਸਕੀਮ 2018 ਤਹਿਤ ਲਾਭ ਦਿੱਤੇ ਜਾਣਗੇ।

ਤ੍ਰਿਪੁਰਾ ਸਰਕਾਰ ਆਤਮ-ਸਮਰਪਣ ਕਰਨ ਵਾਲਿਆਂ ਦੀ ਹਾਊਸਿੰਗ, ਰੁਜ਼ਗਾਰ, ਸਿੱਖਿਆ ਆਦਿ ਵਿਚ ਮਦਦ ਕਰੇਗੀ। ਕੇਂਦਰ, ਤ੍ਰਿਪੁਰਾ ਸਰਕਾਰ ਦੇ ਸੂਬੇ ਦੇ ਕਬਾਇਲੀ ਇਲਾਕਿਆਂ ਦੇ ਆਰਥਿਕ ਵਿਕਾਸ ਨਾਲ ਸਬੰਧਤ ਤਜਵੀਜ਼ਾਂ 'ਤੇ ਵੀ ਵਿਚਾਰ ਕਰੇਗੀ। ਜ਼ਿਕਰਯੋਗ ਹੈ ਕਿ ਲਿਬਰੇਸ਼ਨ ਫਰੰਟ 'ਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਅਧੀਨ 1997 ਵਿਚ ਪਾਬੰਦੀ ਲਾ ਦਿੱਤੀ ਗਈ ਸੀ। ਫਰੰਟ ਨਾਲ 2015 ਤੋਂ ਸ਼ਾਂਤੀਵਾਰਤਾ ਸ਼ੁਰੂ ਹੋਈ ਸੀ ਅਤੇ 2016 ਤੋਂ ਬਾਅਦ ਫਰੰਟ ਵੱਲੋਂ ਕੋਈ ਹਿੰਸਕ ਕਾਰਵਾਈ ਨਹੀਂ ਕੀਤੀ ਗਈ।

### ਪੰਜਾਬ ਅਤੇ ਹਰਿਆਣਾ ਕੋਰਟ ਦੇ ਦਿਸ਼ਾ-ਨਿਰਦੇਸ਼

# ਕਿਸਾਨਾਂ ਨੂੰ ਰਾਹਤ ਦੇਣ ਲਈ ਸਰਕਾਰਾਂ ਅੱਗੇ ਆਉਣ

**ਡਾ. ਗਿਆਨ ਸਿੰਘ***
ਫੋਨ: 1-408-493-9776

ਪੰਜਾਬ ਸਣੇ ਪੂਰਾ ਮੁਲਕ ਇਕ ਗੰਭੀਰ ਖੇਤੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ, ਜਿਸ ਨੂੰ ਮੁੱਖ ਤੌਰ 'ਤੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਮੁਸੀਬਤਾਂ; ਧਰਤੀ ਹੇਠਲੇ ਪਾਣੀ ਦੇ ਪੱਧਰ; ਖੇਤੀ ਅਧੀਨ ਭੂਮੀ ਦੀ ਵਿਗੜਦੀ ਸਿਹਤ ਅਤੇ ਵਾਤਾਵਰਨ ਦੇ ਲਗਾਤਾਰ ਵਧਦੇ ਗੰਧਲੇਪਨ ਦੇ ਪੱਖੋਂ ਵਿਚਾਰਿਆ ਜਾਣਾ ਬਣਦਾ ਹੈ।

ਪੰਜਾਬ ਅਤੇ ਮੁਲਕ ਦੇ ਹੋਰਨਾਂ ਸੂਬਿਆਂ ਦੇ ਸੀਮਾਂਤ ਤੇ ਛੋਟੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਘਟ ਰਹੀ ਆਮਦਨ, ਗਿਰ ਰਹੇ ਖਪਤ-ਪੱਧਰ, ਵਧ ਰਹੀ ਗਰੀਬੀ, ਵਧ ਰਹੇ ਕਰਜ਼ੇ, ਬੱਚਿਆਂ ਦੀ ਪੜ੍ਹਾਈ ਤੇ ਸਿਹਤ-ਸਹੂਲਤਾਂ ਦੇ ਨੀਵੇਂ ਮਿਆਰ, ਖੇਤੀ ਖੇਤਰ ਵਿਚੋਂ ਉਨ੍ਹਾਂ ਦੇ ਜਬਰੀ-ਨਿਕਾਸ ਅਤੇ ਹੋਰ ਮਸਲਿਆਂ ਕਾਰਨ ਖੁਦਕੁਸ਼ੀਆਂ ਦੇ ਰਾਹ ਪੈਣ ਲੱਗੇ ਹਨ। ਸਰਕਾਰਾਂ ਵਲੋਂ ਖੇਤੀ ਨਾਲ ਸਬੰਧਿਤ ਇਨ੍ਹਾਂ ਵਰਗਾਂ ਦੇ ਮਸਲੇ ਹੱਲ ਕਰਨ ਲਈ ਕੁਝ ਉਪਰਾਲੇ ਕੀਤੇ ਗਏ ਹਨ, ਪਰ ਕੋਈ ਬਹੁਤੇ ਚੰਗੇ ਨਤੀਜੇ ਸਾਹਮਣੇ ਨਹੀਂ ਆਏ। ਇਸ ਸਬੰਧੀ ਸਰਕਾਰਾਂ ਵਾਅਦੇ ਤੇ ਦਾਅਵੇ ਬਹੁਤ ਕਰ ਰਹੀਆਂ ਹਨ, ਪਰ ਉਨ੍ਹਾਂ ਵਿਚ ਦਮ ਨਾ ਹੋਣ ਕਾਰਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਕੀਤੀ ਗਈ ਇਕ ਰਿਟ ਪਟੀਸ਼ਨ ਬਾਰੇ ਅਦਾਲਤ ਨੇ ਕਿਸਾਨਾਂ ਸਬੰਧੀ ਕੁਝ ਅਹਿਮ ਟਿੱਪਣੀਆਂ ਕਰਨ ਦੇ ਨਾਲ ਨਾਲ ਸਰਕਾਰਾਂ ਅਤੇ ਕੁਝ ਸੰਸਥਾਵਾਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਹਨ, ਜੋ ਮੁੱਖ ਤੌਰ 'ਤੇ ਦਿ ਪੰਜਾਬ ਪ੍ਰੋਵਿਜ਼ਨ ਆਫ ਪ੍ਰਾਈਵੇਟ ਮਨੀ ਲੈਂਡਿੰਗ ਐਕਟ, 2007; ਖੁਦਕੁਸ਼ੀ ਪੀੜਤ ਪਰਿਵਾਰਾਂ; ਖੇਤੀ ਜਿਣਸਾਂ ਦੇ ਘੱਟੋ-ਘੱਟ ਸਮਰਥਨ ਮੁੱਲ; ਕਿਸਾਨਾਂ ਵਲੋਂ ਜਿਣਸਾਂ ਦੇ ਘੱਟੋ-ਘੱਟ ਸਮਰਥਨ ਭਾਅ; ਕਿਸਾਨਾਂ ਵਲੋਂ ਉਨ੍ਹਾਂ ਜਿਣਸਾਂ ਨੂੰ ਸਟੋਰ ਕਰਨ ਲਈ ਵੇਅਰਹਾਊਸ ਬਣਾਉਣ; ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਨਵੀਆਂ ਤਕਨੀਕਾਂ; ਕਿਸਾਨਾਂ ਨੂੰ ਕਰਜੇ ਦੇਣ, ਉਸ ਦੀ ਵਾਪਸੀ ਤੇ ਮੁਆਫੀ; ਫਸਲੀ ਬੀਮੇ ਅਤੇ ਨੈਸ਼ਨਲ ਕਮਿਸ਼ਨ ਆਨ ਫਾਰਮਰਜ਼ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਸਬੰਧੀ ਹਨ।

ਦਿ ਪੰਜਾਬ ਪ੍ਰੋਵਿਜ਼ਨ ਆਫ ਪ੍ਰਾਈਵੇਟ ਮਨੀ ਲੈਂਡਿੰਗ ਐਕਟ, 2007 ਨੂੰ ਬਣਾਉਣ ਦੀ ਲੋੜ ਇਸ ਲਈ ਪਈ ਸੀ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਕਰਜਾ ਸੰਸਥਾਗਤ ਸਰੋਤਾਂ ਤੋਂ ਨਾ ਮਿਲਣ ਕਾਰਨ ਉਨ੍ਹਾਂ ਦੀ ਨਿਰਭਰਤਾ ਗੈਰ-ਸੰਸਥਾਗਤ ਸਰੋਤਾਂ 'ਤੇ ਬਣਨ ਦੇ ਨਤੀਜੇ ਵਜੋਂ ਵਿਆਜ ਦੀਆਂ ਉਚੀਆਂ ਦਰਾਂ ਅਤੇ ਇਸ ਨਾਲ ਸਬੰਧਿਤ ਹੋਰ ਬੁਰਾਈਆਂ ਕਾਰਨ ਕਿਸਾਨ ਅਨੇਕਾਂ ਸਮੱਸਿਆਵਾਂ ਵਿਚ ਘਿਰ ਗਏ ਸਨ। ਭਾਵੇਂ 1969 ਦੌਰਾਨ ਮੁਲਕ ਦੀਆਂ 14 ਕਮਰਸ਼ੀਅਲ ਬੈਂਕਾਂ ਦੇ ਰਾਸ਼ਟਰੀਕਰਨ ਪਿਛੋਂ ਇਨ੍ਹਾਂ ਬੈਂਕਾਂ ਨੇ ਕਿਸਾਨਾਂ ਅਤੇ ਹੋਰ ਗਰੀਬ ਲੋਕਾਂ ਨੂੰ ਉਧਾਰ ਦੇਣ ਵਿਚ ਤੇਜ਼ੀ ਲਿਆਂਦੀ, ਪਰ ਅੱਜ ਤੱਕ ਵੀ ਇਹ ਬੈਂਕਾਂ ਅਤੇ ਕਰਜੇ ਦੇਣ ਦੇ ਹੋਰ ਸੰਸਥਾਗਤ ਸਰੋਤ ਸੀਮਾਂਤ ਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਕਰਜੇ ਦੀਆਂ ਸੱਭੇ ਲੋੜਾਂ ਪੂਰੀਆਂ ਨਹੀਂ ਕਰਦੇ। ਨਤੀਜੇ ਵਜੋਂ ਖੇਤੀਬਾੜੀ ਖੇਤਰ ਨਾਲ ਸਬੰਧਿਤ ਇਹ ਵਰਗ ਗੈਰ-ਸੰਸਥਾਗਤ ਸਰੋਤਾਂ ਵਲੋਂ ਨਪੀੜੇ ਜਾ ਰਹੇ ਹਨ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ ਇਸ ਐਕਟ ਨੂੰ ਠੀਕ ਮਾਅਨਿਆਂ ਵਿਚ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਸੀਮਾਂਤ ਤੇ ਛੋਟੇ ਕਿਸਾਨਾਂ ਦੀ ਜਮੀਨ ਦੀ ਕੁਰਕੀ ਦੇ ਵਿਰੁਧ ਟਿੱਪਣੀ ਕਰਦਿਆਂ ਅਦਾਲਤ ਨੇ ਕਿਹਾ ਹੈ ਕਿ ਕਰਜਾ ਨਾ ਮੋੜਨ ਦੀ ਸੂਰਤ ਵਿਚ ਉਨ੍ਹਾਂ ਦੀ ਜਮੀਨ ਨਹੀਂ ਖੋਹੀ ਜਾਣੀ ਚਾਹੀਦੀ। ਇਸ ਸਬੰਧੀ ਇਸ ਐਕਟ ਤੋਂ ਅੱਗੇ ਜਾਂਦਿਆਂ ਪੰਜਾਬ ਅਤੇ ਕੇਂਦਰ ਸਰਕਾਰਾਂ ਖੇਤੀ ਖੇਤਰ ਨਾਲ ਸਬੰਧਿਤ ਤਿੰਨਾਂ ਵਰਗਾਂ ਦੀਆਂ ਕਰਜੇ ਦੀਆਂ ਲੋੜਾਂ ਰਿਆਇਤੀ ਵਿਆਜ ਦਰਾਂ 'ਤੇ ਸਮੇਂ ਸਿਰ ਪੂਰੀਆਂ ਕਰਨ ਲਈ ਕਰਜੇ ਦੇ ਸੰਸਥਾਗਤ ਸਰੋਤਾਂ ਨੂੰ ਨਿਰਦੇਸ਼ ਦੇਣ।

ਖੁਦਕੁਸ਼ੀਆਂ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਪਰ ਖੇਤੀ ਖੇਤਰ ਨਾਲ ਸਬੰਧਿਤ ਵਰਗਾਂ ਦੀਆਂ ਖੁਦਕੁਸ਼ੀਆਂ ਦੇ ਮੁਢਲੇ ਕਾਰਨ ਉਨ੍ਹਾਂ ਸਿਰ ਕਰਜਾ ਅਤੇ ਘੋਰ ਗਰੀਬੀ ਹਨ। ਜਦੋਂ ਇਨ੍ਹਾਂ ਵਰਗਾਂ ਦੇ ਕੁਝ ਲੋਕਾਂ ਦੀਆਂ ਜੀਵਨ ਦੀਆਂ ਸਭ ਆਸਾਂ ਮੁਕਾ ਦਿੱਤੀਆਂ ਹੋਣ ਤਾਂ ਉਹ ਖੁਦਕੁਸ਼ੀਆਂ ਦੇ ਰਾਹ ਵੀ ਪੈਂਦੇ ਹਨ। ਇਸ ਤੱਥ ਬਾਰੇ ਦੋ ਰਾਅਵਾਂ ਹੋ ਹੀ ਨਹੀਂ ਸਕਦੀਆਂ ਕਿ ਖੁਦਕੁਸ਼ੀ ਕਿਸੇ ਮਸਲੇ ਦਾ ਕੋਈ ਹੱਲ ਨਹੀਂ ਹੁੰਦਾ, ਸਗੋਂ ਖੁਦਕੁਸ਼ੀ ਕਰਨ ਵਾਲੇ ਵਿਅਕਤੀ ਦੇ ਬਾਕੀ ਦੇ ਪਰਿਵਾਰਕ ਜੀਅ ਅਕਹਿ ਤੇ ਅਸਹਿ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਹੋ ਜਾਂਦੇ ਹਨ। ਜੋ ਕਿਸਾਨ, ਜ਼ਿਆਦਾਤਰ ਸੀਮਾਂਤ ਤੇ ਛੋਟੇ, ਕਿਸੇ ਵੀ ਕਾਰਨ ਖੁਦਕੁਸ਼ੀ ਕਰ ਗਏ ਹਨ, ਉਨ੍ਹਾਂ ਦੇ ਬਾਕੀ ਦੇ ਪਰਿਵਾਰਕ ਜੀਆਂ ਦੀਆਂ ਮੁਸੀਬਤਾਂ ਨੂੰ ਘਟਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਉਨ੍ਹਾਂ ਪਰਿਵਾਰਾਂ ਨੂੰ ਯੋਗ ਮੁਆਵਜ਼ਾ, ਪਰਿਵਾਰਕ ਪੈਨਸ਼ਨ ਦੇਣ ਦਾ ਨਿਰਦੇਸ਼ ਬਹੁਤ ਹੀ ਸਵਾਗਤਯੋਗ ਹੈ।

ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਅਜਿਹੇ ਪਰਿਵਾਰਾਂ, ਜਿਨ੍ਹਾਂ ਦੀ ਨਿਸ਼ਾਨਦੇਹੀ ਸਰਕਾਰ ਨੇ ਪਹਿਲਾਂ ਹੀ ਕਰਵਾ ਲਈ ਹੈ, ਨੂੰ ਯੋਗ ਮੁਆਵਜ਼ੇ ਦੇ ਨਾਲ ਨਾਲ ਪਰਿਵਾਰਕ ਪੈਨਸ਼ਨ ਯਕੀਨੀ ਬਣਾਵੇ ਤਾਂ ਕਿ ਉਨ੍ਹਾਂ ਪਰਿਵਾਰਾਂ ਦਾ ਕੋਈ ਵੀ ਹੋਰ ਜੀਅ ਖੁਦਕੁਸ਼ੀ ਕਰਨ ਬਾਰੇ ਨਾ ਸੋਚੇ ਅਤੇ ਇਹ ਪਰਿਵਾਰ ਆਪਣਾ ਗੁਜ਼ਾਰਾ ਕਰਨ ਦੀ ਸਥਿਤੀ ਵਿਚ ਹੋ ਜਾਣ।

ਖੇਤੀ ਜਿਣਸਾਂ ਦੇ ਘੱਟੋ-ਘੱਟ ਸਮਰਥਨ ਭਾਅ ਬਾਰੇ ਅਦਾਲਤ ਨੇ ਜੋ ਤਿੰਨ ਗੱਲਾਂ ਕਹੀਆਂ ਹਨ, ਉਨ੍ਹਾਂ ਵਿਚ (ੳ) ਖੇਤੀ ਜਿਣਸਾਂ ਦਾ ਘੱਟੋ-ਘੱਟ ਭਾਅ ਖੇਤੀ ਉਤਪਾਦਨ ਲਾਗਤਾਂ ਤੋਂ ਤਿੰਨ ਗੁਣਾ ਮਿਥਿਆ ਜਾਵੇ; (ਅ) ਕੇਂਦਰ ਅਤੇ ਸੂਬਾ ਸਰਕਾਰਾਂ ਖੇਤੀ ਜਿਣਸਾਂ ਦੇ ਘੱਟੋ-ਘੱਟ ਭਾਅ ਨੂੰ ਕਾਨੂੰਨੀ ਦਾਇਰੇ ਵਿਚ ਲਿਆਉਣ; ਅਤੇ (ੲ) ਖੇਤੀ ਜਿਣਸਾਂ ਦਾ ਘੱਟੋ-ਘੱਟ ਭਾਅ ਤੈਅ ਕਰਨ ਪਿਛੋਂ ਉਨ੍ਹਾਂ ਬਾਰੇ ਵਿਆਪਕ ਪੱਧਰ 'ਤੇ ਜਾਣੂ ਕਰਵਾਇਆ ਜਾਵੇ। ਖੇਤੀਬਾੜੀ ਜਿਣਸਾਂ ਦਾ ਘੱਟੋ-ਘੱਟ ਭਾਅ ਕੇਂਦਰ ਸਰਕਾਰ ਵਲੋਂ ਤੈਅ ਕੀਤਾ ਜਾਂਦਾ ਹੈ। ਇਸ ਸਬੰਧੀ ਵਰਤਮਾਨ ਸਮੇਂ ਤੱਕ ਤਾਂ ਨੈਸ਼ਨਲ ਕਮਿਸ਼ਨ ਆਨ ਫਾਰਮਰਜ਼ ਦੀ ਸਿਫਾਰਸ਼ ਵੀ ਪੂਰੀ ਤਰ੍ਹਾਂ ਅਮਲ ਵਿਚ ਨਹੀਂ ਲਿਆਂਦੀ ਗਈ। ਅਦਾਲਤ ਨੇ ਤਾਂ ਇਸ ਕਮਿਸ਼ਨ ਦੀ ਸਿਫਾਰਸ਼ ਤੋਂ ਅੱਗੇ ਜਾ ਕੇ ਖੇਤੀ ਜਿਣਸਾਂ ਦੇ ਘੱਟੋ-ਘੱਟ ਭਾਅ ਤੈਅ ਕਰਨ ਬਾਰੇ ਕਿਹਾ ਹੈ। ਅਜਿਹਾ ਕਹਿਣਾ ਬਿਲਕੁਲ ਵਾਜਬ ਲੱਗਦਾ ਹੈ ਕਿਉਂਕਿ ਬਹੁਤੇ ਉਦਯੋਗਿਕ ਅਤੇ ਸੇਵਾਵਾਂ ਉਤਪਾਦਾਂ ਦੀਆਂ ਕੀਮਤਾਂ ਉਨ੍ਹਾਂ ਦੀ ਉਤਪਾਦਨ ਲਾਗਤ ਤੋਂ 10-20 ਗੁਣਾਂ ਵੱਧ ਮਿਥੀਆਂ ਤੇ ਲਈਆਂ ਜਾਂਦੀਆਂ ਹਨ। ਜੇ ਅਦਾਲਤ ਦਾ ਇਹ ਦਿਸ਼ਾ-ਨਿਰਦੇਸ਼ ਮੰਨ ਲਿਆ ਜਾਂਦਾ ਹੈ ਤਾਂ ਹੁਣ ਦੀ ਘਾਟੇ ਵਾਲੀ ਖੇਤੀ ਨਫੇ ਵਾਲੀ ਹੋ ਜਾਵੇਗੀ।

ਅਜਿਹਾ ਹੋਣ ਨਾਲ ਜਿਸ ਤਰ੍ਹਾਂ ਕਿਸਾਨਾਂ ਦੀਆਂ ਜੋਤਾਂ ਦਾ ਆਕਾਰ ਵਧਦਾ ਜਾਵੇਗਾ, ਉਸੇ ਤਰ੍ਹਾਂ ਉਨ੍ਹਾਂ ਦਾ ਕੁੱਲ ਨਫਾ ਵੀ ਵਧਦਾ ਜਾਵੇਗਾ, ਪਰ ਜਿਨ੍ਹਾਂ ਕਿਸਾਨਾਂ ਕੋਲ ਮੰਡੀ ਵਿਚ ਵੇਚਣਯੋਗ ਜਿਣਸ ਹੈ ਹੀ ਨਹੀਂ, ਉਨ੍ਹਾਂ ਨੂੰ ਕੋਈ ਵੀ ਨਫਾ ਨਹੀਂ ਹੋਵੇਗਾ ਅਤੇ ਉਨ੍ਹਾਂ ਦੇ ਨਾਲ ਨਾਲ ਹੀ ਖੇਤ ਮਜ਼ਦੂਰ ਅਤੇ ਪੇਂਡੂ ਕਾਰੀਗਰ ਵੀ ਇਸ ਦਾ ਫਾਇਦਾ ਲੈਣ ਤੋਂ ਵਾਂਝੇ ਹੋ ਜਾਣਗੇ, ਕਿਉਂਕਿ ਉਨ੍ਹਾਂ ਕੋਲ ਆਪਣੀ ਮਜ਼ਦੂਰੀ ਵੇਚਣ ਤੋਂ ਬਿਨਾ ਉਤਪਾਦਨ ਦੇ ਕਿਸੇ ਵੀ ਸਾਧਨ ਦੀ ਕੋਈ ਵੀ ਮਲਕੀਅਤ ਨਹੀਂ ਹੁੰਦੀ। ਇਸ ਸਬੰਧੀ ਕੇਂਦਰ ਅਤੇ ਸੂਬਾ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਖੇਤੀ ਜਿਣਸਾਂ ਦੇ ਲਾਹੇਵੰਦ ਮੁੱਲ ਤੈਅ ਕਰਨ ਦੇ ਨਾਲ ਹੋਰ ਉਪਾਅ ਵੀ ਕਰੇ, ਜਿਨ੍ਹਾਂ ਸਦਕਾ ਖੇਤੀਬਾੜੀ ਨਾਲ ਸਬੰਧਿਤ ਸਾਰੇ ਵਰਗਾਂ ਦੀ ਆਮਦਨ ਘੱਟੋ-ਘੱਟ ਇੰਨੀ ਜਰੂਰ ਹੋ ਜਾਵੇ ਕਿ ਉਹ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ।

ਖੇਤੀ ਜਿਣਸਾਂ ਦੇ ਘੱਟੋ-ਘੱਟ ਭਾਅ ਨੂੰ ਕਾਨੂੰਨੀ ਦਾਇਰੇ ਵਿਚ ਲਿਆਉਣ ਦੀ ਗੱਲ ਬਹੁਤ ਸਾਰਥਕ ਸਿੱਧ ਹੋਵੇਗੀ, ਜਿਸ ਨਾਲ ਮੰਡੀਆਂ ਵਿਚ ਕਿਸਾਨਾਂ ਦੀ ਲੁੱਟ ਰੁਕੇਗੀ। ਵਿਆਪਕ ਪੱਧਰ 'ਤੇ ਇਨ੍ਹਾਂ ਕੀਮਤਾਂ ਬਾਰੇ ਜਾਣੂ ਕਰਾਉਣ ਨਾਲ ਕਿਸਾਨ ਫਸਲਾਂ ਬਾਰੇ ਫੈਸਲਾ ਲੈਣ ਵਿਚ ਰਾਹਤ ਮਹਿਸੂਸ ਕਰਨਗੇ।

ਕਿਸਾਨਾਂ ਨੂੰ ਆਪਣੀਆਂ ਫਸਲਾਂ ਦੀ ਕਟਾਈ ਮੌਕੇ ਅਕਸਰ ਘੱਟ ਕੀਮਤਾਂ ਮਿਲਦੀਆਂ ਹਨ, ਪਰ ਪਿਛੋਂ ਕੀਮਤਾਂ ਵਧ ਜਾਂਦੀਆਂ ਹਨ, ਜਿਸ ਦਾ ਫਾਇਦਾ ਵਪਾਰੀ ਲੈਂਦੇ ਹਨ। ਇਸ ਸਮੱਸਿਆ ਨੂੰ ਸੁਲਝਾਉਣ ਲਈ ਅਦਾਲਤ ਨੇ ਕਿਸਾਨਾਂ ਦੀਆਂ ਲੋੜਾਂ ਅਨੁਸਾਰ ਵੇਅਰਹਾਊਸ ਬਣਾਉਣ ਬਾਰੇ ਕਿਹਾ ਹੈ। ਸਰਕਾਰ ਵਲੋਂ ਕਿਸਾਨਾਂ ਲਈ ਵੇਅਰਹਾਊਸ ਬਣਾਉਣੇ ਤਾਂ ਹੀ ਮਦਦਗਾਰ ਸਾਬਤ ਹੋਣਗੇ, ਜੇ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਵੇਅਰਹਾਊਸ ਵਿਚ ਰੱਖੀਆਂ ਜਿਣਸਾਂ ਦੇ ਆਧਾਰ 'ਤੇ ਕਰਜਾ ਦੇਵੇਗੀ। ਅਦਾਲਤ ਦੀ ਇਹ ਗੱਲ ਕਿ ਕਿਸਾਨਾਂ ਦੇ ਹਰੇਕ ਖੇਤ ਦੀ ਖਸਰੇ/ਖਤੌਨੀ ਤੱਕ ਫਸਲਾਂ ਦੀ ਜਾਣਕਾਰੀ ਆਧੁਨਿਕ ਤਕਨੀਕਾਂ ਰਾਹੀਂ ਹਰ ਮੌਕੇ ਉਪਲਬਧ ਕਰਾਉਣਾ ਉਨ੍ਹਾਂ ਦੀਆਂ ਫਸਲਾਂ ਦਾ ਕੁਦਰਤੀ ਆਫਤਾਂ ਜਾਂ ਹੋਰ ਕਾਰਨਾਂ ਕਾਰਨ ਹੋਣ ਵਾਲੇ ਨੁਕਸਾਨ ਸਬੰਧੀ ਤੇਜ਼ੀ ਨਾਲ ਜਾਣਕਾਰੀ ਇਕੱਠੀ ਕਰਕੇ ਉਨ੍ਹਾਂ ਨੂੰ ਮੁਆਵਜ਼ਾ ਦੇਣ ਵਿਚ ਸਹਾਈ ਹੋਵੇਗਾ।

ਅਦਾਲਤ ਨੇ ਰਿਜ਼ਰਵ ਬੈਂਕ ਆਫ ਇੰਡੀਆ ਨੂੰ ਕਿਹਾ ਹੈ ਕਿ ਉਹ ਕਿਸਾਨਾਂ ਨੂੰ ਕਰਜ ਦੇਣ, ਉਸ ਦੀ ਵਾਪਸੀ ਅਤੇ ਲੋੜ ਪੈਣ 'ਤੇ ਉਸ ਨੂੰ ਮੁਆਫ ਕਰਨ ਲਈ ਬੈਂਕਾਂ, ਸੂਬਾ ਸਰਕਾਰ ਅਤੇ ਹੋਰ ਸਬੰਧਿਤ ਧਿਰਾਂ ਦੇ ਆਪਸੀ ਤਾਲਮੇਲ ਸਬੰਧੀ ਇਕ ਸਕੀਮ ਬਣਾਵੇ। ਅਜਿਹਾ ਕਰਨਾ ਕਿਸਾਨਾਂ, ਬੈਂਕਾਂ ਅਤੇ ਸਰਕਾਰਾਂ ਦੇ ਹੱਕ ਵਿਚ ਹੋਵੇਗਾ, ਪਰ ਇਸ ਸਕੀਮ ਵਿਚ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਸ਼ਾਮਲ ਕਰਨਾ ਅਤੇ ਉਨ੍ਹਾਂ ਨੂੰ ਇਸ ਦਾ ਫਾਇਦਾ ਦੇਣਾ ਵੀ ਯਕੀਨੀ ਬਣਾਇਆ ਜਾਵੇ।

ਕੁਦਰਤੀ ਕਰੋਪੀਆਂ, ਮੌਸਮ ਦੀ ਖਰਾਬੀ ਜਾਂ ਹੋਰ ਕਾਰਨਾਂ ਕਰਕੇ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਅਦਾਲਤ ਨੇ ਰਾਸ਼ਟਰੀ ਬੀਮਾ ਏਜੰਸੀਆਂ ਦੇ ਯੋਗਦਾਨ ਬਾਰੇ ਕਿਹਾ ਹੈ। ਫਸਲੀ ਬੀਮੇ ਸਬੰਧੀ ਨਿੱਜੀ ਬੀਮਾ ਏਜੰਸੀਆਂ ਦਾ ਹੁਣ ਤੱਕ ਦਾ ਤਜ਼ਰਬਾ ਨਿਰਾਸ਼ਾਜਨਕ ਰਿਹਾ ਹੈ, ਜਿਸ ਕਰਕੇ ਰਾਸ਼ਟਰੀ ਬੀਮਾ ਏਜੰਸੀਆਂ ਦਾ ਯੋਗਦਾਨ ਵਧਾ ਕੇ ਕੇਂਦਰ ਅਤੇ ਸੂਬਾ ਸਰਕਾਰਾਂ ਤੇ ਕਿਸਾਨਾਂ ਦੀ ਵਿੱਤੀ ਬੱਚਤ ਦੇ ਨਾਲ ਨਾਲ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦੀ ਬਣਦੀ ਭਰਪਾਈ ਸਮੇਂ ਸਿਰ ਕਰਨੀ ਯਕੀਨੀ ਬਣਾਉਣੀ ਸੌਖੀ ਹੋ ਸਕੇਗੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨੈਸ਼ਨਲ ਕਮਿਸ਼ਨ ਆਨ ਫਾਰਮਰਜ਼ ਦੀਆਂ ਸਿਫਾਰਸ਼ਾਂ ਨੂੰ ਵੱਡੇ ਸੰਦਰਭ ਵਿਚ ਵਿਚਾਰ ਕੇ ਲਾਗੂ ਕਰਨ ਬਾਰੇ ਵੀ ਕਿਹਾ ਹੈ। ਇਸ ਕਮਿਸ਼ਨ ਦੀਆਂ ਮੁੱਖ ਸਿਫਾਰਸ਼ਾਂ (1) ਕਿਸਾਨਾਂ ਦੀਆਂ ਦਿੱਕਤਾਂ (2) ਭੂਮੀ ਸੁਧਾਰ; (3) ਸਿੰਚਾਈ; (4) ਖੇਤੀ ਦੀ ਉਤਪਾਦਕਤਾ (5) ਉਧਾਰ ਅਤੇ ਬੀਮਾ; (6) ਅਨਾਜ ਸੁਰੱਖਿਆ; (7) ਕਿਸਾਨ ਖੁਦਕੁਸ਼ੀਆਂ; (8) ਕਿਸਾਨਾਂ ਵਿਚ ਮੁਕਾਬਲੇ ਦੀ ਭਾਵਨਾ; (9) ਰੁਜ਼ਗਾਰ; ਅਤੇ (10) ਵੱਖ ਵੱਖ ਜੀਵ ਸਾਧਨਾਂ ਬਾਰੇ ਹਨ। ਇਨ੍ਹਾਂ ਪੂਰੀਆਂ ਸਿਫਾਰਸ਼ਾਂ ਬਾਰੇ ਵਿਚਾਰ-ਵਟਾਂਦਰਾ ਕਰਕੇ ਇਨ੍ਹਾਂ ਨੂੰ ਲਾਗੂ ਕਰਨਾ ਅਤੇ ਉਸ ਤੋਂ ਅੱਗੇ ਜਾਣਾ ਸਰਕਾਰਾਂ ਦੀ ਮੁੱਖ ਤਰਜੀਹ ਹੋਣੀ ਬਣਦੀ ਹੈ, ਕਿਉਂਕਿ ਖੇਤੀ ਮਨੁੱਖਤਾ ਦੀ ਜੀਵਨ-ਰੇਖਾ ਹੈ, ਜਿਸ ਨੂੰ ਚੱਲਦੇ ਰੱਖਣ ਲਈ ਖੇਤੀ ਖੇਤਰ ਨਾਲ ਸਬੰਧਿਤ ਸਾਰੇ ਵਰਗਾਂ ਦੀ ਜ਼ਿੰਦਗੀ ਨੂੰ ਸੌਖਾ ਬਣਾਉਣਾ ਜ਼ਰੂਰੀ ਹੈ।

---

***ਸਾਬਕਾ ਪ੍ਰੋਫੈਸਰ**
**ਅਰਥ ਵਿਗਿਆਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਭੈਣ ਅਤੇ ਹਮਸ਼ੀਰਾ



**ਡਾ. ਵਿਕਰਮ ਸੰਗਰੂਰ**
ਫੋਨ: 91-98884-13836

ਭੈਣ ਨੇ ਰੱਖੜੀਆਂ ਵਾਲਾ ਖਤ ਵੀ ਨਹੀਂ ਪਾਇਆ ਹੋਣਾ, ਫਿਰ ਵੀ ਪਿੰਡ ਵਾਲੇ ਡਾਕੀਏ ਰੁਲਦੂ ਰਾਮ ਦੇ ਰਾਹਾਂ ਨੂੰ ਵਾਰ-ਵਾਰ ਸਿਖਰ ਦੁਪਹਿਰੇ ਨੰਗੇ ਪੈਰੀਂ ਕੋਠੇ ਚੜ੍ਹ ਕੇ ਕਈ ਦਿਨ ਪਹਿਲਾਂ ਹੀ ਤਰਸਦੀਆਂ ਨਿਗਾਹਾਂ ਨਾਲ ਦੇਖਾਂਗਾ। ਜਿਸ ਦਿਨ ਡਾਕੀਆ ਨਜ਼ਰ ਨਹੀਂ ਆਵੇਗਾ, ਉਸ ਦਿਨ ਸ਼ਹਿਰ ਦੇ ਵੱਡੇ ਡਾਕਖਾਨੇ ਜਾ ਕੇ ਭੈਣ ਦੇ ਖਤ ਬਾਰੇ ਪੁੱਛਾਂਗਾ। ਭੈਣ ਦੀਆਂ ਰੱਖੜੀਆਂ ਵਾਲਾ ਖਤ ਮਿਲਦਿਆਂ ਹੀ ਸਭ ਤੋਂ ਪਹਿਲਾਂ ਮਾਲੇਰਕੋਟਲਾ 'ਜ਼ੀਨਤ ਹਮਸ਼ੀਰਾ' ਨੂੰ ਫੋਨ ਕਰਾਂਗਾ।

ਰੱਖੜੀ ਵਾਲੇ ਦਿਨ ਸਵੇਰੇ ਸਵੇਰੇ ਹੀ ਫੋਨ ਦੀ ਘੰਟੀ ਵੱਜੇਗੀ। ਇੰਗਲੈਂਡ ਤੋਂ ਭੈਣ ਬੋਲੇਗੀ, "ਸੌਰੀ ਵੀਰ! ਮੈਥੋਂ ਇਸ ਵਾਰ ਵੀ ਪਿੰਡ ਨਹੀਂ ਆ ਹੋਣਾ, ਪਲੀਜ਼ ਸੈਡ ਨਾ ਹੋਵੀਂ, ਤੈਨੂੰ ਚੇਤੇ ਆ ਨਾ ਜ਼ੀਨਤ ਤੇਰੀ ਉਡੀਕ ਕਰੇਗੀ ਅੱਜ, ਜਾ ਕੇ ਆਵੀਂ ਪੱਕਾ ਉਹਦੇ ਕੋਲ, ਚੇਤੇ ਰੱਖੀਂ, ਚੰਗਾ...।"

ਭੈਣ ਦੀ ਗੱਲ ਸੁਣਨ ਪਿੱਛੋਂ ਲੱਕੜ ਦੀ ਪੁਰਾਣੀ ਅਲਮਾਰੀ ਦਾ ਬੂਹਾ ਖੋਲ੍ਹ, ਸਾਹਮਣੇ ਰੇਸ਼ਮ ਦੇ ਕੱਪੜੇ ਵਿਚ ਬੱਝੀਆਂ ਰੱਖੜੀਆਂ ਅਤੇ ਨਾਲ ਹੀ ਪਏ ਗੁਰਮੁਖੀ ਅਤੇ ਉਰਦੂ ਦੇ ਪੁਰਾਣੇ ਕਾਇਦਿਆਂ ਨੂੰ ਚੁੱਕ ਕੇ ਜ਼ੀਨਤ ਦੇ ਘਰ ਨੂੰ ਜਾਵਾਂਗਾ। ਬੱਸ ਵਿਚ ਬੈਠਦਿਆਂ ਹੀ ਇਨ੍ਹਾਂ ਦੋਹਾਂ ਕਾਇਦਿਆਂ ਨੂੰ ਇਕੱਠਿਆਂ ਖੋਲ੍ਹ ਕੇ ਜਿਉਂ-ਜਿਉਂ ਇਨ੍ਹਾਂ ਦੇ ਵਰਕੇ ਫੋਲਾਂਗਾ, ਤਿਉਂ-ਤਿਉਂ ਬਚਪਨ ਦੇ ਉਹ ਪਲ ਅੱਖਾਂ ਸਾਹਮਣੇ ਕਿਸੇ ਫਿਲਮ ਦੀ ਰੀਲ੍ਹ ਵਾਂਗ ਘੁੰਮਣਗੇ, ਜੋ ਭੈਣ ਅਤੇ ਮੈਂ ਇਕੱਠਿਆਂ ਨੇ ਬਿਤਾਏ ਸਨ। ਪੱਖੇ ਮੂਹਰੇ ਸੌਣ, ਮਾਂ ਕੋਲੋਂ ਪਹਿਲਾਂ ਸਿਰ ਕਰਵਾਉਣ ਅਤੇ ਸਕੂਲੇ ਜਾਣ ਲੱਗਿਆਂ ਸਾਈਕਲ ਚਲਾਉਣ ਜਿਹੀਆਂ ਜ਼ਿੱਦਾਂ ਕਰਦੇ, ਯਾਦਾਂ ਵਿਚ ਵੀ ਭੈਣ ਨਾਲ ਲੜਦੇ, ਮੈਂ ਜ਼ੀਨਤ ਹਮਸ਼ੀਰਾ ਦੇ ਘਰ ਪਹੁੰਚ ਜਾਵਾਂਗਾ।

ਜਦੋਂ ਦੀ ਭੈਣ ਇੰਗਲੈਂਡ ਗਈ ਹੈ, ਉਦੋਂ ਦਾ ਹਰ ਸਾਲ ਰੱਖੜੀ 'ਤੇ ਬਸ ਇੱਕੋ ਗੱਲ ਸੋਚਦਿਆਂ-ਸੋਚਦਿਆਂ ਇਹ ਦਿਨ ਲੰਘ ਜਾਂਦਾ ਹੈ ਕਿ ਸ਼ਾਇਦ ਅਗਲੀ ਵਾਰ ਕਿੰਨੇ ਹੀ ਵਰ੍ਹਿਆਂ ਤੋਂ ਪਈ ਇਹ ਆਦਤ ਜ਼ਰੂਰ ਟੁੱਟ ਜਾਵੇਗੀ। ਖੌਰੇ ਅਗਲੀ ਰੱਖੜੀ ਭੈਣ ਨੂੰ ਖਤ ਨਾ ਲਿਖਣਾ ਪਏ ਅਤੇ ਨਾ ਹੀ ਡਾਕੀਆ ਭੈਣ ਦਾ ਰੱਖੜੀਆਂ ਵਾਲਾ ਵੱਡਾ ਸਾਰਾ ਖਾਕੀ ਜਿਹੇ ਰੰਗ ਦਾ ਉਹ ਪਾਰਸਲ ਲੈ ਕੇ ਆਵੇ, ਜਿਸ ਉਤੇ ਇੰਗਲੈਂਡ ਦੀ ਰੌਇਲ ਮੇਲ ਦੀਆਂ ਚਮਕੀਲੀਆਂ ਟਿਕਟਾਂ ਲੱਗੀਆਂ ਹੁੰਦੀਆਂ ਹਨ। ਸ਼ਾਇਦ ਅਗਲੀ ਵਾਰ ਭੈਣ ਜ਼ਰੂਰ ਪਿੰਡ ਆਵੇਗੀ ਅਤੇ ਇੱਕ ਵਾਰ ਫਿਰ ਤੋਂ ਜ਼ੀਨਤ ਸਮੇਤ ਅਸੀਂ ਤਿੰਨੋਂ ਇਕੱਠੇ ਹੋ ਜਾਵਾਂਗੇ।

ਭੈਣ ਅਤੇ ਜ਼ੀਨਤ ਬਚਪਨ ਦੀਆਂ ਸਹੇਲੀਆਂ ਹਨ। ਛੋਟੇ ਹੁੰਦਿਆਂ ਜਦੋਂ ਭੈਣ ਮੈਨੂੰ ਗੁਰਮੁਖੀ ਦੇ ਕਾਇਦੇ ਵਿਚੋਂ ਗੁਰਮੁਖੀ ਦੇ ਅੱਖਰ ਲਿਖਣੇ ਤੇ ਪੜ੍ਹਨੇ ਸਿਖਾਇਆ ਕਰਦੀ ਸੀ, ਉਦੋਂ ਨਾਲ ਹੀ ਜ਼ੀਨਤ ਹਮਸ਼ੀਰਾ ਉਰਦੂ ਦਾ ਕਾਇਦਾ ਖੋਲ੍ਹ ਕੇ ਮੈਨੂੰ ਅਲਫ, ਬੇ, ਪੇ ਸਿਖਾਉਣ ਬਹਿ ਜਾਂਦੀ ਸੀ। ਜਦੋਂ ਭੈਣ ਇੰਗਲੈਂਡ ਜਾਣ ਲੱਗੀ ਤਾਂ ਉਹ ਜ਼ੀਨਤ ਨੂੰ ਆਖ ਗਈ ਸੀ ਕਿ ਤੂੰ ਮੇਰੀ ਕਮੀ ਮੇਰੇ ਵੀਰ ਨੂੰ ਜ਼ਰਾ ਕੁ ਜਿੰਨੀ ਵੀ ਨਾ ਹੋਣ ਦੇਵੀਂ। ਉਸੇ ਹੀ ਪਲ ਭੈਣ ਨੇ ਮੇਰਾ ਕੰਨ ਮਰੋੜਦਿਆਂ ਮੈਨੂੰ ਸਖਤੀ ਨਾਲ ਕਿਹਾ ਸੀ, "ਸੁਣ ਕੰਨ ਖੋਲ੍ਹ ਕੇ, ਮੈਂ ਇੱਥੋਂ ਕਿਧਰੇ ਨਹੀਂ ਜਾ ਰਹੀ, ਆਹ ਸਾਹਮਣੇ ਵੇਖ ਜ਼ੀਨਤ ਵੱਲ, ਇਹ ਤੇਰੀ ਸਿਰਫ ਉਰਦੂ ਟੀਚਰ ਨਹੀਂ, ਹੁਣ ਤੋਂ ਇਹ ਤੇਰੀ 'ਜ਼ੀਨਤ ਹਮਸ਼ੀਰਾ' ਵੀ ਏ, ਇਸ ਦੀਆਂ ਅੱਖਾਂ ਨਾਲ ਮੈਂ ਤੈਨੂੰ ਹਰ ਪਲ ਦੇਖਣੈ, ਸ਼ਰਾਰਤ ਨਾ ਕਰੀਂ ਤੇ ਨਾ ਹੀ ਕਿਸੇ ਨਾਲ ਲੜੀਂ।"



ਇਸ ਵਾਰ ਭੈਣ ਨੇ ਬੇਸ਼ੱਕ ਪਿੰਡ ਨਹੀਂ ਆਉਣਾ ਪਰ ਉਹਦਾ ਰੱਖੜੀਆਂ ਵਾਲਾ ਖਤ ਤਾਂ ਜ਼ਰੂਰ ਆਵੇਗਾ ਅਤੇ ਨਾਲ ਹੀ ਰੱਖੜੀ ਵਾਲੀ ਸਵੇਰ ਭੈਣ ਦਾ ਉਹ ਫੋਨ, ਜਿਸ ਵਿਚ ਉਹਨੇ ਆਖਣਾ ਹੈ, "ਆਪਣੀ ਭੈਣ ਜ਼ੀਨਤ ਕੋਲ ਜਾਣਾ ਨਾ ਭੁੱਲੀਂ ਵੀਰਾ।" ਇਸ ਵਾਰ ਮਨ ਦੀਆਂ ਪਰਤਾਂ 'ਤੇ ਮਾਲੇਰਕੋਟਲਾ ਜ਼ੀਨਤ ਕੋਲ ਜਾਣ ਦੇ ਖਿਆਲ ਦੀਆਂ ਕਣੀਆਂ ਜਿੰਨਾ ਵੱਧ ਪੈ ਰਹੀਆਂ ਸਨ, ਓਨਾ ਹੀ ਕੁਝ ਵਰ੍ਹੇ ਪਹਿਲਾਂ ਦਿਲ 'ਚ ਦੱਬੇ ਇੱਕ ਹਾਦਸੇ ਦੀ ਚੀਸ ਵੀ ਨਿਖਰਦੀ ਜਾ ਰਹੀ ਸੀ।

ਕੁਝ ਵਰ੍ਹੇ ਪਹਿਲਾਂ ਹਰ ਵਾਰ ਦੀ ਤਰ੍ਹਾਂ ਜ਼ੀਨਤ ਹਮਸ਼ੀਰਾ ਕੋਲ ਜਾਣ ਲਈ ਇੰਗਲੈਂਡ ਤੋਂ ਭੈਣ ਦਾ ਸੁਨੇਹਾ ਮਿਲਦਿਆਂ ਹੀ ਅਲਮਾਰੀ ਵਿਚੋਂ ਰੱਖੜੀਆਂ ਸਮੇਤ ਗੁਰਮੁਖੀ ਅਤੇ ਉਰਦੂ ਦੇ ਕਾਇਦੇ ਚੁੱਕ ਕੇ ਬੱਸ ਵਿਚ ਜਾ ਬੈਠਾ। ਜਦੋਂ ਗੁਰਮੁਖੀ ਤੇ ਉਰਦੂ ਦੇ ਕਾਇਦਿਆਂ ਨੂੰ ਇਕੱਠੇ ਖੋਲ੍ਹ, ਉਨ੍ਹਾਂ ਦੇ ਵਰਕੇ ਫੋਲਣ ਲੱਗਾ ਤਾਂ ਨਾਲ ਬੈਠਾ ਇੱਕ ਸ਼ਖਸ ਮੇਰੇ ਵੱਲ ਗੁੱਸੇ ਦੀ ਨਿਗਾਹ ਨਾਲ ਦੇਖਣ ਲੱਗਾ। ਮੈਂ ਜਿਉਂ-ਜਿਉਂ ਕਾਇਦਿਆਂ ਦੇ ਵਰਕੇ ਫੋਲ ਰਿਹਾ ਸਾਂ, ਤਿਉਂ-ਤਿਉਂ ਉਸ ਸ਼ਖਸ ਦੇ ਮੱਥੇ 'ਤੇ ਤਿਉੜੀਆਂ ਅਤੇ ਚਿਹਰੇ 'ਤੇ ਗੁੱਸੇ ਦੀ ਲਾਲੀ ਵਧਦੀ ਜਾ ਰਹੀ ਸੀ। ਉਸ ਸ਼ਖਸ ਨੇ ਆਖਿਆ, "ਕਾਕਾ ਤੂੰ ਇਹ ਕੀ ਕਰੀ ਜਾ ਰਿਹੈਂ? ਸਿੱਖਾਂ ਦਾ ਮੁੰਡਾ ਹੋ ਕੇ ਉਰਦੂ ਪੜ੍ਹਦੈਂ?"

ਮੈਂ ਮੁਸਕਰਾਉਂਦਿਆਂ ਕਿਹਾ, "ਅੱਜ ਰੱਖੜੀ ਏ ਨਾ ਜੀ, ਮੈਂ ਹਰ ਸਾਲ ਵਾਂਗ ਇਸ ਵਾਰ ਵੀ ਆਪਣੀ ਜ਼ੀਨਤ ਭੈਣ ਤੋਂ ਰੱਖੜੀ ਬੰਨਵਾਉਣ ਮਾਲੇਰਕੋਟਲਾ ਜਾ ਰਿਹਾਂ, ਉਨ੍ਹਾਂ ਮੈਨੂੰ ਇਸੇ ਕਾਇਦੇ 'ਚੋਂ ਨਿੱਕੇ ਹੁੰਦਿਆਂ ਉਰਦੂ ਸਿਖਾਈ ਸੀ।"

ਮੈਨੂੰ ਇੰਜ ਲੱਗਾ ਜਿਵੇਂ ਮੇਰੇ ਇਨ੍ਹਾਂ ਹਰਫਾਂ ਨੇ ਉਸ ਸ਼ਖਸ 'ਤੇ ਲਾਵਾ ਸੁੱਟ ਦਿੱਤਾ ਹੋਵੇ। ਬਿਨਾ ਕੁਝ ਬੋਲੇ, ਗੁੱਸੇ ਵਿਚ ਉਸ ਸ਼ਖਸ ਨੇ ਮੇਰੇ ਹੱਥਾਂ ਵਿਚੋਂ ਦੋਵੇਂ ਕਾਇਦੇ ਖੋਹ ਕੇ ਦੋ ਹਿੱਸਿਆਂ ਵਿਚ ਫਾੜ, ਬੱਸ ਦੀ ਤਾਕੀ ਥਾਣੀਂ ਬਾਹਰ ਸੁੱਟ ਦਿੱਤੇ।

ਇਹ ਸਭ ਕੁਝ ਦੇਖ ਮੈਂ ਇੰਨੀ ਜ਼ੋਰ ਦੀ ਚੀਕਿਆ, ਜਿਵੇਂ ਕਿਸੇ ਨੇ ਮੇਰੇ ਜਿਸਮ ਉਤੇ ਤੇਜ਼ ਹਥਿਆਰ ਨਾਲ ਵਾਰ ਕੀਤਾ ਹੋਵੇ। ਮੇਰੀ ਚੀਕ ਸੁਣ ਕੇ ਜਦੋਂ ਬੱਸ ਰੁਕੀ ਤਾਂ ਮੈਂ ਬੱਸ ਵਿਚੋਂ ਹੇਠਾਂ ਉਤਰ ਕੇ ਬੜੀ ਹੀ ਤੇਜ਼ੀ ਨਾਲ ਪਿੱਛੇ ਉਸ ਥਾਂ ਵੱਲ ਦੌੜਿਆ, ਜਿੱਥੇ ਗੁਰਮੁਖੀ ਅਤੇ ਉਰਦੂ ਵਾਲੇ ਕਾਇਦਿਆਂ ਦੇ ਵਰਕੇ ਸੜਕ ਉਤੇ ਹਵਾ ਨਾਲ ਉਡਦੇ ਜਾ ਰਹੇ ਸਨ। ਮੈਂ ਬੌਂਦਲਿਆ ਹੋਇਆ ਸੜਕ ਉਤੇ ਉਡਦੇ ਵਰਕਿਆਂ ਨੂੰ ਤੇਜ਼ੀ ਨਾਲ ਬਿਨਾ ਅੱਗੇ-ਪਿੱਛੇ ਦੇਖਿਆਂ ਫੜਨ ਲੱਗਾ। ਦੋਹਾਂ ਕਾਇਦਿਆਂ ਦੇ ਵਰਕਿਆਂ ਦੇ ਟੁਕੜੇ ਇੱਕ ਦੂਜੇ ਵਿਚ ਰਲ ਗਏ ਸਨ। ਰਲੇ, ਪਾਟੇ ਵਰਕਿਆਂ ਨੂੰ ਮੈਂ ਘੁੱਟ ਕੇ ਆਪਣੀ ਹਿੱਕ ਨਾਲ ਲਾ ਲਿਆ। ਸੜਕ ਉਤੇ ਲੋਕ ਆਮ ਵਾਂਗ ਇਉਂ ਲੰਘ ਰਹੇ ਸਨ, ਜਿਵੇਂ ਕੁਝ ਹੋਇਆ ਹੀ ਨਾ ਹੋਵੇ! ਮੇਰੇ ਕੰਬਦੇ ਬੁੱਲ੍ਹ ਖਾਮੋਸ਼ ਸਨ, ਪਰ ਤੇਜ਼ੀ ਨਾਲ ਧੜਕਦਾ ਦਿਲ ਇੱਕੋ ਗੱਲ ਬੱਸਾਂ-ਕਾਰਾਂ ਦੇ ਸ਼ੋਰ-ਸ਼ਰਾਬੇ ਵਿਚ ਖੌਰੇ ਕਿਸ ਨੂੰ ਸੁਣਾ ਰਿਹਾ ਸੀ, "ਕਿੰਨਾ ਕੁਝ ਤਾਂ ਪਹਿਲੋਂ ਹੀ 'ਦੋ ਹਿੱਸੇ' ਕਰ ਦਿੱਤੈ। ਹੁਣ ਇੱਕ ਭੈਣ ਅਤੇ ਹਮਸ਼ੀਰਾ ਦੇ ਪਿਆਰ ਨੂੰ ਤਾਂ ਨਾ ਪਾੜੋ! ਮੇਰੀ ਜ਼ੀਨਤ ਹਮਸ਼ੀਰਾ ਦੀਆਂ ਅੱਖਾਂ ਅੱਜ ਸਵੇਰ ਦੀਆਂ ਬੂਹੇ ਵਿਚ ਖੜ੍ਹ ਕੇ ਮੈਨੂੰ ਉਡੀਕ ਰਹੀਆਂ ਹੋਣਗੀਆਂ!"

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਘਰ ਨੂੰ ਘਰ ਹੀ ਰਹਿਣ ਦਿਓ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਵਿਤਾ ਦੀ ਕਵਿਤਾ ਬਣਾਉਂਦਿਆਂ ਕਿਹਾ ਸੀ, "ਕਵਿਤਾ ਲਿਖਣੀ ਏ ਮਾਂ ਦੀ ਡੱਬੀਦਾਰ ਖੇਸੀ ਦੀ, ਬਰਕਤ ਬਣੇ ਬਾਪੂ ਦੇਸੀ ਦੀ, ਪੀੜਾ ਪੁੱਤ ਪਰਦੇਸੀ ਦੀ, ਉਮਰਾ ਦਰਦ-ਵਰੇਸੀ ਦੀ ਅਤੇ ਹਉਕਿਆਂ-ਹਾਰ ਦਰਵੇਸ਼ੀ ਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਘਰ ਦੀਆਂ ਸਿਫਤਾਂ ਦੱਸੀਆਂ ਹਨ, "ਘਰ, ਪਿਆਰ ਦਾ ਮੰਦਿਰ, ਮਾਪਿਆਂ ਦੀਆਂ ਦੁਆਵਾਂ ਦਾ ਦੁਆਰ, ਭੈਣਾਂ-ਭਰਾਵਾਂ ਦਾ ਪਿਆਰ, ਦੋਸਤੀਆਂ ਦਾ ਰੈਣ-ਬਸੇਰਾ, ਯਾਦਾਂ ਦਾ ਸਿਰਜਣ-ਦੁਆਰ ਅਤੇ ਸੁਪਨਿਆਂ ਦਾ ਅੰਬਰੀ-ਪਸਾਰ।" ਘਰ ਕੋਈ ਇੱਟਾਂ, ਪੱਥਰਾਂ ਦੀਆਂ ਉਸਰੀਆਂ ਕੰਧਾਂ ਨਹੀਂ, ਉਹ ਤਾਂ ਸਿਰਫ ਮਕਾਨ ਹੈ। ਘਰ ਦੀ ਕੀਮਤ ਨਾ ਪਾਉਣ ਵਾਲਿਆਂ ਦੇ ਵਤੀਰੇ 'ਤੇ ਉਹ ਅਫਸੋਸ ਜਾਹਰ ਕਰਦਿਆਂ ਕਹਿੰਦੇ ਹਨ, "ਅਜੋਕੇ ਘਰਾਂ ਦੀ ਕੇਹੀ ਤ੍ਰਾਸਦੀ ਕਿ ਵੱਡੇ ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ, ਵੱਡੇ ਵੱਡੇ ਸੋਫਿਆਂ 'ਚ ਸਿਮਟੇ ਨੇ ਹੀਣੇ ਲੋਕ ਅਤੇ ਮਹਿੰਗੀਆਂ ਗੱਡੀਆਂ ਵਿਚ ਬੈਠੇ ਨੇ ਹਲਕੇ ਸਵਾਰ।" -ਸੰਪਾਦਕ*

ਘਰ, ਘਰਾਂ ਵਾਲਿਆਂ ਦੇ, ਘਰਾਂ ਵਾਲਿਆਂ ਲਈ ਅਤੇ ਘਰ ਵਾਲੇ ਹੀ ਸਿਰਜਦੇ ਜੋ ਘਰ ਵਿਚ ਰਹਿਣ ਵਾਲਿਆਂ ਦੀ ਖੈਰ-ਸੁੱਖ ਲੋਚਦੇ, ਆਪਣੀ ਹੋਂਦ ਦੀ ਬਰਕਰਾਰੀ ਦਾ ਸਰਫ ਹੁੰਦੇ।

ਘਰ, ਘਰ ਦੇ ਸਰੋਕਾਰਾਂ ਨੂੰ ਸਮਰਪਿਤ, ਘਰ ਦੀ ਸੰਵੇਦਨਾ ਸਮੋਈ, ਘਰ ਦੀਆਂ ਸੁਭ ਕਾਮਨਾਵਾਂ ਦੀ ਕੀਰਤੀ ਅਤੇ ਭਾਵਨਾਵਾਂ ਦੀ ਕਲਪਨਾ ਦਾ ਪ੍ਰਗਟਿਆ ਸੱਚ।

ਘਰ, ਇਕ ਸੁੱਚੀ-ਸੁੱਚੀ ਕਵਿਤਾ, ਕਾਵਿ-ਮੁਹਾਵਰਾ ਅਤੇ ਇਸ ਦੇ ਚੌਗਿਰਦੇ ਵਿਚ ਵਗਦੀ ਕਾਵਿ-ਸ਼ਾਰ। ਇਹ ਕਵਿਤਾ ਕੋਈ ਵਿਰਲਾ ਪੜ੍ਹਦਾ। ਕੋਈ ਟਾਂਵਾਂ ਸਮਝੇ। ਬਹੁਤ ਘੱਟ ਲੋਕ ਇਸ ਦੀਆਂ ਤਸ਼ਬੀਹਾਂ ਦੀ ਤਰਜ਼ੀਹ ਬਣਦੇ ਅਤੇ ਖੁਦ ਨੂੰ ਘਰ ਦੀ ਹਰ ਦੀਵਾਰ, ਕਮਰੇ ਅਤੇ ਦਰਾਂ 'ਤੇ ਉਕਰੀ ਕਵਿਤਾ ਬਣਾਉਂਦੇ।

ਘਰ, ਪਿਆਰ ਦਾ ਮੰਦਿਰ, ਮਾਪਿਆਂ ਦੀਆਂ ਦੁਆਵਾਂ ਦਾ ਦੁਆਰ, ਭੈਣਾਂ-ਭਰਾਵਾਂ ਦਾ ਪਿਆਰ, ਦੋਸਤੀਆਂ ਦਾ ਰੈਣ-ਬਸੇਰਾ, ਯਾਦਾਂ ਦਾ ਸਿਰਜਣ-ਦੁਆਰ ਅਤੇ ਸੁਪਨਿਆਂ ਦਾ ਅੰਬਰੀ-ਪਸਾਰ।

ਘਰ, ਜਿਥੇ ਪੂਰਨ ਅਜ਼ਾਦੀ ਸਿੱਖਣ ਤੇ ਸਮਝਾਉਣ ਦੀ, ਗਲਤੀਆਂ ਕਰਨ, ਨਾ-ਕਾਮਯਾਬ ਹੋਣ ਅਤੇ ਇੱਲਤ ਕਰਨ 'ਤੇ ਨਹੀਂ ਮਿਲਦੀ ਸਜ਼ਾ।

ਘਰ, ਜਿਥੇ ਸਮਝ, ਸਿਆਣਪ, ਸੰਵੇਦਨਾ, ਸੁਪਨੇ, ਸਾਧਨਾ, ਸਿਰੜ, ਸੰਤੋਖ ਅਤੇ ਸਬਰ ਦੀ ਗੁੜਤੀ ਮਿਲਦੀ। ਜਿਉਣ ਦਾ ਅਦਬ ਅਤੇ ਅੰਦਾਜ਼ ਸਾਹਾਂ 'ਚ ਘੁਲਦਾ।

ਘਰ, ਸੁੱਖਾਂ ਦਾ ਸੁਖਨ-ਦੁਆਰ, ਅਸੀਸਾਂ ਦਾ ਆਸ-ਦਰਵਾਜਾ, ਚਾਅਵਾਂ ਦਾ ਜਗਦਾ ਚਿਰਾਗ ਅਤੇ ਹਾਸਿਆਂ ਦੀ ਹਰਸ਼-ਹਵੇਲੀ।

ਘਰ, ਸੁਪਨਿਆਂ ਦੀ ਧਰਾਤਲ। ਇਕ ਸੁਪਨਾ ਸਾਡੇ ਮਾਪਿਆਂ ਦਾ, ਜੋ ਸਾਡੇ ਰਾਹੀਂ ਪੂਰਾ ਹੁੰਦਾ। ਇਕ ਸੁਪਨਾ ਘਰ ਸਾਡੇ ਨੈਣਾਂ ਵਿਚ ਧਰਦਾ, ਜਿਸ ਦੀ ਪੂਰਤੀ ਕਰਨਾ ਸਾਡਾ ਫਰਜ਼। ਘਰ ਇਕ ਸੁਪਨਾ ਸਾਡੀ ਔਲਾਦ ਨੂੰ ਵੀ ਦਿੰਦਾ ਅਤੇ ਇਹ ਵੀ ਦੱਸਦਾ ਕਿ ਸੁਪਨਿਆਂ ਦਾ ਹਾਸਲ ਹੀ ਇਸ ਘਰ ਦੀਆਂ ਨੀਂਹਾਂ ਦੀ ਪਕਿਆਈ, ਕਮਰਿਆਂ ਦੀ ਤਕੜਾਈ ਅਤੇ ਦਰਾਂ ਦੀ ਥੰਧਿਆਈ ਦਾ ਰਾਜ਼ ਏ।

ਘਰ, ਇਕ ਆਦਰਸ਼ ਜੋ ਆਦਿ ਸਮੇਂ ਤੋਂ ਹਰ ਮਸਤਕ 'ਚ ਵੱਸਦਾ। ਇਕ ਖਿਆਲ, ਜਿਸ ਦੀ ਜੁਗਤ ਨਾਲ ਹੀ ਸੱਚੀਆਂ ਤਮੰਨਾਵਾਂ ਅਤੇ ਤਰਕੀਬਾਂ ਨੂੰ ਤਕਦੀਰ ਨਸੀਬ ਹੁੰਦੀ। ਭਵਿੱਖਮੁਖੀ ਸੋਚ ਦਾ ਝਲਕਾਰਾ, ਜੋ ਖੋਲ੍ਹਦਾ ਏ ਸਾਡੀਆਂ ਸਫਲਤਾਵਾਂ ਦਾ ਦੁਆਰਾ ਅਤੇ ਹੁੰਦਾ ਏ, ਮਾਨਵ ਦਾ ਪਾਰ-ਉਤਾਰਾ।

ਘਰ ਕੰਧਾਂ, ਕਮਰੇ ਅਤੇ ਦਰਵਾਜਿਆਂ ਨਾਲ ਨਹੀਂ ਬਣਦਾ, ਸਗੋਂ ਇਸ ਵਿਚ ਰੋਸ਼ਨਦਾਨ ਤੇ ਖਿੜਕੀਆਂ ਬਹੁਤ ਜਰੂਰੀ ਹਨ, ਜੋ ਤਾਜੀ ਹਵਾ ਅਤੇ ਉਗਮਦੀ ਰੋਸ਼ਨੀ ਰਾਹੀਂ ਨਵੀਆਂ ਵਿਚਾਰ ਤਰੰਗਾਂ ਨੂੰ ਸਾਡੇ ਕਮਰਿਆਂ 'ਚ ਤਰੌਂਕ, ਸਾਡੇ ਅੰਤਰੀਵ ਨੂੰ ਰੁਸ਼ਨਾ, ਘਰ ਦੀ ਸਰਦਲ 'ਚ ਚਾਨਣ ਦਾ ਸਬੱਬ ਬਣਦੇ।

ਘਰ, ਸਿਰਫ ਬਹੁ-ਮੰਜ਼ਿਲ, ਮਹਿੰਗੇ ਕਾਲੀਨ, ਅਤਿ-ਆਧੁਨਿਕ ਫਰਨੀਚਰ ਜਾਂ ਬਾਹਰੀ ਦਿੱਖ ਨੂੰ ਲਿਸ਼ਕਾਉਣਾ ਨਹੀਂ ਹੁੰਦਾ। ਘਰ ਤਾਂ ਘਰ ਵਾਲਿਆਂ ਦਾ ਬਿੰਬ ਹੁੰਦਾ। ਘਰ ਵਾਲਿਆਂ ਸਦਕਾ ਹੀ ਘਰ ਨੂੰ ਅਰਥ ਮਿਲਦੇ। ਇਹ ਅਰਥ ਕਿਹੋ ਜਿਹੇ ਹੋਣ, ਇਹ ਘਰ ਵਾਲਿਆਂ 'ਤੇ ਨਿਰਭਰ।

ਘਰ ਕਬਰ ਬਣ ਜਾਂਦਾ, ਜਦ ਗੁਫਤਗੂ ਮਸੋਸੀ ਜਾਂਦੀ, ਘਰ ਨਿੱਕੇ ਨਿੱਕੇ ਕਮਰਿਆਂ 'ਚ ਵਟੀਂਦਾ ਤੇ ਇਸ ਵਿਚ ਉਗ ਪੈਂਦੇ ਨਿੱਕੇ ਨਿੱਕੇ ਘਰ, ਜੋ ਘਰ ਦੀ ਸਮੁੱਚਤਾ ਲਈ ਪ੍ਰਸ਼ਨ ਚਿੰਨ ਬਣ ਜਾਂਦੇ। ਕੰਧਾਂ ਸਿਸਕਦੀਆਂ। ਖਿੜਕੀਆਂ ਤੇ ਰੋਸ਼ਨਦਾਨਾਂ 'ਤੇ ਠੋਕੇ ਜਾਂਦੇ ਕਿੱਲ। ਇਨ੍ਹਾਂ ਦਾ ਅਤੀਤ ਹੀ ਬਣ ਜਾਂਦਾ ਇਨ੍ਹਾਂ ਦਾ ਰਕੀਬ। ਘਰ ਵਿਚ ਉਗ ਰਹੀਆਂ ਕਬਰਾਂ ਕਾਰਨ ਹੀ ਘਰਾਂ ਵਿਚ ਹਾਸਿਆਂ ਦੀ ਥਾਂ ਹਟਕੋਰੇ ਸੁਣਦੇ। ਕਦੇ ਕਦੇ ਸੁਣਾਈ ਦਿੰਦਾ ਸਿਸਕੀਆਂ ਦਾ ਸ਼ੋਰ। ਅਜਿਹੇ ਮੌਕੇ ਘਰ ਦੇ ਮੁੱਖ 'ਤੇ ਵਗਦੀਆਂ ਘਰਾਲਾਂ ਨੂੰ ਵੀ ਪੂੰਝਣ ਵਾਲਾ ਕੋਈ ਨਹੀਂ। ਘਰ, ਕਬਰ ਨਹੀਂ, ਇਸ ਵਿਚ ਤਾਂ ਹਾਸੇ-ਠੱਠੇ ਤੇ ਚੋਹਲ-ਮੋਹਲ ਨਾਲ ਜਿਉਣ ਨੂੰ ਹੀ ਜ਼ਿੰਦਗੀ ਦਾ ਨਾਂ ਦਿੱਤਾ ਜਾਂਦਾ।

ਘਰ ਧੁੱਖਦੀ ਧੂਣੀ ਬਣ ਜਾਂਦਾ, ਜਦ ਆਪਣਿਆਂ ਦੀ ਅਪਣੱਤ ਦਮ ਤੋੜ ਦੇਵੇ। ਹਾਕ, ਹੁੰਗਾਰੇ ਨੂੰ ਤਰਸਣ ਲੱਗ ਪਵੇ। ਹਾਸੀ ਵਿਚ ਹੇਰਵਾ ਹੋਵੇ। ਗੱਲਬਾਤ ਵਿਚ ਗੁੰਮਨਾਮੀ ਦਾ ਦਰਦ ਹੋਵੇ ਅਤੇ ਗੰਭੀਰਤਾ ਵਿਚ ਗਰੂਰ ਹੋਵੇ। ਆਪੋ-ਆਪਣੀ ਦੁਨੀਆਂ ਤੀਕ ਸੀਮਤ ਹੋ ਕੇ ਮਨੁੱਖ ਸਿਮਟ ਗਿਆ ਏ। ਉਸ ਕੋਲ ਬੈਠਿਆਂ ਨੂੰ ਦੇਖਣ ਜਾਂ ਕੁਝ ਕਹਿਣ ਦਾ ਵਕਤ ਨਹੀਂ। ਦਿਲ ਦੀਆਂ ਗੱਲਾਂ ਕਿੰਜ ਹੋਣਗੀਆਂ? ਮਨ ਦੀਆਂ ਬਾਤਾਂ ਕਹਿਣ ਨੂੰ ਤਰਸ ਗਏ ਨੇ ਘਰ ਦੇ ਲੋਕ? ਵੱਟਸਐਪ, ਫੇਸਬੁੱਕ ਜਾਂ ਟਵਿੱਟਰ ਤੀਕ ਸੀਮਤ ਹੋ ਗਏ ਨੇ ਘਰ ਵਿਚ ਰਹਿਣ ਵਾਲੇ ਲੋਕਾਂ ਦੇ ਆਪਸੀ ਰਿਸ਼ਤੇ। ਰਿਸ਼ਤਿਆਂ ਦੀ ਤੰਦ ਟੁੱਟਣ ਕਿਨਾਰੇ। ਕੋਈ ਨਹੀਂ ਇਸ ਦੀ ਪਾਕੀਜ਼ਗੀ ਅਤੇ ਪਕਿਆਈ ਪ੍ਰਤੀ ਸੁਚੇਤ। ਧੁਖਦੇ ਘਰ ਵਿਚ ਅੱਖਾਂ 'ਚ ਸਿੰਮਦਾ ਨੀਰ, ਖਾਰੇਪਣ 'ਚ ਡੁੱਬ ਜਾਂਦੀ ਆਸਾਂ ਤੇ ਉਮੀਦਾਂ ਦੀ ਤਕਦੀਰ, ਖਤਮ ਹੋ ਜਾਂਦੀ ਏ ਆਪਣਿਆਂ ਸੰਗ ਸੀਰ ਅਤੇ ਘਰ ਬਣ ਜਾਂਦਾ ਬੌਰਿਆਂ-ਹਾਰ ਫਕੀਰ, ਜਿਸ ਦੀ ਆਣ ਪਹੁੰਚੀ ਏ ਅਖੀਰ।

ਘਰ, ਜਦ ਸਿਵਿਆਂ ਦੀ ਚੁੱਪ ਬਣ ਜਾਵੇ, ਮੰਮਟੀ 'ਤੇ ਬੁਝੇ ਦੀਵੇ ਦਾ ਵੈਰਾਗ ਹੋਵੇ, ਉਜਾੜ ਵਿਚ ਲਿਲਕਦੀ ਹੂਕ ਹੋਵੇ ਜਾਂ ਆਪਣਿਆਂ ਹੱਥੀਂ ਉਜਾੜਿਆ ਸੰਸਾਰ ਹੋਵੇ ਤਾਂ ਘਰ ਖੁਦ ਨੂੰ ਕਿਹੜੇ ਹਰਫਾਂ ਨਾਲ ਮੁਖਾਤਿਬ ਹੋਵੇ? ਆਪਣੀ ਅਰਥ-ਅਸੀਮਤਾ ਕਿਸ ਨੂੰ ਸੁਣਾਵੇ ਕਿ ਕੋਈ ਤਾਂ ਉਸ ਦੇ ਗਲ ਲੱਗ ਰੋਵੇ, ਜੋ ਜਿਉਣ ਦਾ ਸ਼ਗਨ ਹੋਵੇ।

ਘਰ ਦੀ ਆਸਥਾ ਅਰਥਹੀਣ ਹੋ ਜਾਂਦੀ, ਜਦ ਮਾਪਿਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਂਦਾ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਕੋਹਿਆ ਜਾਂਦਾ। ਮਾਪਿਆਂ ਦੇ ਘਰ 'ਚੋਂ ਮਾਪਿਆਂ ਦਾ ਦੇਸ਼-ਨਿਕਾਲਾ, ਪੁੱਤਰ-ਮੋਹ ਦਾ ਅਜਿਹਾ ਦੀਵਾਲਾ ਕਿ ਜਿਸ ਨੇ ਨਿਗਲ ਜਾਣੀ ਏ ਮਨੁੱਖੀ ਹੋਂਦ ਤੇ ਹਸਤੀ। ਅਜਿਹੇ ਘਰ ਨੂੰ ਘਰ ਕਹਿਣ ਲੱਗਿਆਂ ਵੀ ਨਮੋਸ਼ੀ ਆਉਂਦੀ। ਹਰਫ ਸਿਸਕਦੇ ਤਾਂ ਕੂਕਦੇ,

ਖਾਲੀ ਘਰ ਦੇ ਖੁਰੇ ਹਰਫਾਂ 'ਚ
ਕਿਹੜੇ ਅਰਥ ਟਿਕਾਵਾਂ,
ਜਿਸ ਦੀ ਜੂਹ 'ਚੋਂ ਵਾਸ਼ਪ ਹੋਇਆ
ਇਸ ਦਾ ਹੀ ਸਿਰਨਾਵਾਂ।

ਆਲ੍ਹੇ ਦੇ ਵਿਚ ਰੁੱਸਿਆ ਦੀਵਾ
ਕੀਕਣ ਓਸ ਮਨਾਵਾਂ,
ਨਾ ਅਸੀਸ ਅਤੇ ਨਾ ਡੰਗੋਰੀ
ਨਾ ਲੱਭਦਾ ਪ੍ਰਛਾਵਾਂ।

ਘਰ ਦਾ ਦਰਦ ਕੌਣ ਵੰਡੇਸੀ
ਜਿਥੇ ਸਿਸਕਣ ਮਾਂਵਾਂ,
ਕਿਹੜੇ ਚੰਦਰੇ ਵਕਤ ਹਜ਼ਮੀਆਂ
ਪਰਦੇਸੀ ਪੁੱਤ ਦੀਆਂ ਰਾਹਵਾਂ।

ਘਰ ਵਿਚਲੇ ਗੁੱਡੀਆਂ ਪਟੋਲੇ ਜਦ ਕਬਾੜ ਬਣ ਜਾਣ, ਗੁੱਡੀਆਂ ਨਾਲ ਖੇਡਣ ਵਾਲੀਆਂ ਦੀ ਨਸਲਕੁਸ਼ੀ ਹੋਵੇ ਅਤੇ ਗਡੀਰੇ ਦੀ ਆਸ ਵਿਚ ਗੁੱਡੀਆਂ ਨੂੰ ਘਰ ਵਿਚੋਂ ਬਾਹਰ ਕੱਢਣ ਦੀਆਂ ਸਾਜਿਸ਼ਾਂ ਕੰਧਾਂ ਸੁਣਦੀਆਂ ਤਾਂ ਘਰ ਦੀ ਰੂਹ ਚੀਖਦੀ, ਕੁਰਲਾਉਂਦੀ, ਵਾਸਤੇ ਪਾਉਂਦੀ ਅਤੇ ਹੋਂਦ ਦੀ ਬਰਕਰਾਰੀ ਦੀ ਦੁਹਾਈ ਕਮਰੇ ਨੂੰ ਸੁਣਾਉਂਦੀ; ਪਰ ਬੇਬੱਸ ਕੰਧਾਂ ਕੀ ਕਰਨ? ਫਿਰ ਹੌਲੀ ਹੌਲੀ ਕੰਧਾਂ ਦੇ ਲੱਥਦੇ ਨੇ ਲਿਓੜ ਅਤੇ ਉਹ ਜ਼ਰਜ਼ਰੀ ਹੋ, ਕੱਲਰਾਠੀ ਮਾਨਵਤਾ ਦਾ ਮਸੋਸ ਮਨਾਉਣ ਜੋਗੀ ਹੀ ਰਹਿ ਜਾਂਦੀ।

ਘਰ ਵਿਚੋਂ ਜਦ ਕਲਮ, ਕਿਤਾਬ, ਕਲਾ ਅਤੇ ਕਵਿਤਾ ਜਲਾਵਤਨ ਹੁੰਦੀ ਤਾਂ ਸ਼ਰਾਬ, ਸ਼ਬਾਬ ਅਤੇ ਕਬਾਬ ਕੋਹਜੀਆਂ ਕਰਤੂਤਾਂ ਬਣਦੇ। ਕਿਹੜਾ ਕਰਮੀ ਕਰਮਹੀਣ ਕਲਮਾਂ ਨੂੰ ਵਰਾਵੇ? ਕਿਤਾਬਾਂ ਵਿਚ ਰੋਂਦੇ ਸ਼ਬਦਾਂ ਨੂੰ ਗਲ ਨਾਲ ਲਾਵੇ? ਕਵਿਤਾ ਦੀ ਲੇਰ ਨੂੰ ਸੀਨੇ ਵਿਚ ਸਮਾਵੇ ਤਾਂ ਕਿ ਕਵਿਤਾ ਵਰਗੇ ਘਰਾਂ ਵਿਚ ਕਲਾ, ਕਲਮ ਅਤੇ ਬੁਰਸ਼ ਦੀ ਬਹਾਰ ਆਵੇ। ਇਹ ਕਲਾਵਾਂ ਆਪਸ 'ਚ ਜੁਗਲਬੰਦੀ ਕਰਨ। ਆਪਣੀਆਂ ਕਿਰਤਾਂ ਵਿਚ ਨਵੇਂ ਸਰੋਕਾਰ, ਸੰਭਾਵਨਾਵਾਂ ਅਤੇ ਸਮਰੱਥਾਵਾਂ ਨੂੰ ਪੈਦਾ ਕਰਕੇ, ਸੋਚ ਨੂੰ ਨਵੀਂ ਪਰਵਾਜ਼ ਦੇਣ। ਕਲਾ-ਹੀਣ ਘਰਾਂ ਦੇ ਬਾਸ਼ਿੰਦੇ ਵੀ ਬੁੱਤਾਂ ਵਰਗੇ ਹੋ ਜਾਂਦੇ, ਜਿਨ੍ਹਾਂ ਦੀਆਂ ਭਾਵਨਾਵਾਂ ਪੱਥਰ ਦੀ ਤਾਸੀਰ ਨੂੰ ਮਾਤ ਪਾਉਂਦੀਆਂ।

ਘਰ ਬਹੁਤ ਹੇਰਵਾ ਕਰਦਾ, ਜਦ ਇਸ ਦੀ ਸੁੱਚਮ ਅਤੇ ਉਚਮਤਾ ਨੂੰ ਮਾਲੀਨ ਕੀਤਾ ਜਾਂਦਾ। ਸਾਦਗੀ ਤੇ ਸੁੱਚਮ ਦੀ ਪਰਦਾਦਾਰੀ ਕੀਤੀ ਜਾਂਦੀ। ਘਰ ਵਿਚੋਂ ਘਰ ਹੀ ਮਨਫੀ ਹੋ ਜਾਂਦਾ।

ਅਜੋਕੇ ਘਰ, ਘਰ ਨਹੀਂ, ਸਿਰਫ ਮਕਾਨ ਨੇ ਅਤੇ ਮਕਾਨਾਂ ਵਿਚ ਰਹਿਣ ਵਾਲਿਆਂ ਤੋਂ ਮਾਨਵੀ ਵਰਤਾਰੇ ਦੀ ਆਸ ਰੱਖਣਾ, ਬੇਲੋੜਾ। ਇਸ ਨੇ ਸਾਡੀ ਤ੍ਰਾਸਦੀ ਬਣਨਾ ਸੀ ਅਤੇ ਅਸੀਂ ਇਸ ਨੂੰ ਹੰਢਾਉਂਦੇ ਖੁਦ ਵੀ ਤ੍ਰਾਸਦੀ ਬਣ ਗਏ ਹਾਂ।

ਘਰ ਵਿਚ ਜਦ ਸੁਗੰਧਹੀਣ ਸੁੱਕੇ ਫੁੱਲ ਸਾਡਾ ਸੁਆਗਤ ਕਰਦੇ ਤਾਂ ਘਰਾਂ ਵਾਲਿਆਂ ਦੀ ਕਲਾ-ਹੀਣ ਬਿਰਤੀ ਅਚੇਤ ਰੂਪ ਵਿਚ ਸਾਨੂੰ ਮੁਖਾਤਿਬ ਹੁੰਦੀ। ਇਸ ਵਿਚੋਂ ਕੋਮਲਤਾ, ਪਿਆਰ, ਮੋਹ-ਮੁਹੱਬਤ ਜਾਂ ਮਿਲਾਪੜਾਪਨ ਕਿੰਜ ਮਹਿਸੂਸ ਕਰੋਗੇ? ਅਜਿਹੇ ਮਾਹੌਲ ਵਿਚ ਸਿਰਫ ਧੁਖ ਧੁਖ ਕੇ ਹੀ ਮਰੋਗੇ।

ਘਰ ਤਾਂ ਬਗੀਚਾ ਹੋਵੇ, ਜਿਸ ਵਿਚ ਕਲਮਾਂ ਲਾਈਆਂ ਜਾਣ। ਫੁੱਲਾਂ ਦੀ ਖੇਤੀ ਹੋਵੇ ਤੇ ਫੁੱਲਪੱਤੀਆਂ ਰੰਗ-ਆਭਾ ਬਣਨ। ਆਪਸ ਵਿਚ ਗੁਫਤਗੂ ਕਰਨ ਤੇ ਮਹਿਕ ਮਹਿਕ ਹੋ ਜਾਵੇ ਗੁਲਸ਼ਨ। ਤਿਤਲੀਆਂ ਜਾਂ ਭੌਰਿਆਂ ਨੂੰ ਮਨਾਹੀ ਨਾ ਹੋਵੇ। ਬਿਰਖ 'ਤੇ ਪਰਿੰਦਿਆਂ ਦੀ ਗੁਟਕਣੀ ਫਿਜ਼ਾ ਵਿਚ ਰਸ ਘੋਲੇ। ਹਵਾ ਦੀ ਰੁਮਕਣੀ ਸਹਿਜੇ ਸਹਿਜੇ ਧੰਨਭਾਗਤਾ ਦਾ ਰਾਗ ਬੋਲੇ। ਖਿੜ ਜਾਣ ਮਨ ਦੇ ਮਮੋਲੇ। ਫੁੱਲ ਪਾਉਣ ਗਲਵੱਕੜੀਆਂ, ਰੰਗਾਂ ਦੀ ਸੱਤਰੰਗੀ ਹੋਵੇ ਅਤੇ ਕਾਇਨਾਤ ਦੀ ਸਮੁੱਚਤਾ, ਮਨੁੱਖ ਦਾ ਹਾਸਲ। ਘਰ ਨੂੰ ਘਰ-ਰੰਗਤਾ ਦਾ ਅਹਿਸਾਸ ਭਰੇ ਅਤੇ ਘਰ ਦੀਆਂ ਬਰੂਹਾਂ ਨੂੰ ਤ੍ਰੇਲ ਨਾਲ ਮੁਅੱਤਰ ਕਰੇ।

ਘਰ ਤਾਂ ਫੱਕਰਾਂ ਦੀ ਕੁੱਲੀ ਜਿਹਾ ਹੋਣਾ ਚਾਹੀਦਾ, ਜਿਸ ਵਿਚ ਹਰੇਕ ਲਈ ਦਰ ਖੁੱਲ੍ਹੇ ਰਹਿਣ, ਚੁੱਲ੍ਹਾ ਬਲਦਾ ਰਹੇ। ਚੌਂਕੇ ਵਿਚ ਤੌੜੀ, ਪਰਾਤ, ਪਤੀਲੇ ਅਤੇ ਤਵੇ ਦੇ ਨਾਂਵੇਂ ਸੁਖਨ-ਪ੍ਰਾਪਤੀ ਦਾ ਸਕੂਨ।

ਘਰ ਹਉਕਾ ਬਣ ਜਾਂਦਾ, ਜਦ ਘਰ ਵਾਲਿਆਂ ਦੀ ਆਪਸੀ ਗੱਲਬਾਤ ਹੋ ਜਾਵੇ ਖਾਮੋਸ਼, ਹਰ ਬੁਰਕੀ 'ਚ ਬਦ-ਦੁਆਵਾਂ ਦਾ ਸਵਾਦ, ਹਰ ਕਾਰਜ ਵਿਚੋਂ ਸੂਲੀ 'ਤੇ ਲਟਕਣ ਜਿਹਾ ਦਰਦ, ਹਰ ਕਦਮ 'ਚ ਸੂਲਾਂ ਭਰਿਆ ਰਾਹ ਹੋਵੇ, ਆਪਣੇ ਦੀ ਹੋਂਦ ਨੂੰ ਮਿਟਾਉਣ ਲਈ ਸਾਜਿਸ਼ਾਂ ਰਚੀਆਂ ਜਾਣ ਅਤੇ ਘਰ ਵਿਚੋਂ ਘਰ ਵਾਲੇ ਹੀ ਅਲੋਪ ਕਰ ਦਿਤੇ ਜਾਣ।

ਘਰ ਦੇ ਪਿੰਡੇ 'ਤੇ ਪਿਲੱਤਣਾਂ
ਤੇ ਉਦਾਸੀ ਦੀ ਮਹਿੰਦੀ ਹੋਵੇ,
ਜਾਂ ਸੁਪਨੇ ਸੂਲੀ ਚੜ੍ਹ ਜਾਂਦੇ
ਤਾਂ ਜਿਉਂਦੇ ਜੀਅ ਮਰਦਾ ਹਾਂ।
ਜਾਂ ਤਿੜਕਦੇ ਘਰ ਦਾ ਰੁਦਨ,
ਮੱਥੇ 'ਤੇ ਚਿਪਕ ਜਾਂਦਾ,
ਤਾਂ ਪੀੜਤ ਤਹਿਰੀਕ ਦੇ ਨਾਂਵੇਂ,
ਆਪਣੀ ਚੀਸ ਕਰਦਾ ਹਾਂ।
ਐ ਘਰ ਤੂੰ ਕਿਉਂ ਹਤਾਸ਼ ਏਂ,
ਤੇਰੀ ਹੋਂਦ ਅਣਮੁੱਲੀ ਏ,
ਤੂੰ ਰੋਮ-ਰੋਮ 'ਚ ਵਸਦੈਂ,
ਤੇਰਾ ਹੀ ਫਿਕਰ ਕਰਦਾ ਹਾਂ।

ਘਰ ਮੂਕ ਵੇਦਨਾ ਬਣ ਜਾਂਦਾ, ਜਦ ਘਰ ਵਿਚ ਉਗਦੀਆਂ ਕੰਧਾਂ, ਕਮਰਿਆਂ ਦਾ ਹੁੰਦਾ ਬਟਵਾਰਾ, ਦਰਾਂ 'ਤੇ ਜੜੇ ਜਾਂਦੇ ਜਿੰਦਰੇ, ਘਰ-ਰੂਹ ਨੂੰ ਬੋਲ-ਆਰੇ ਨਾਲ ਚੀਰਿਆ ਜਾਵੇ, ਬਜੁਰਗਾਂ ਦੀ ਕੀਰਤੀ ਨੂੰ ਕਮੀਨਗੀ ਨਾਲ ਉਛਾਲਿਆ ਜਾਵੇ, ਬਜੁਰਗੀ ਬੋਲਾਂ 'ਤੇ ਪਾਬੰਦੀ ਲੱਗ ਜਾਵੇ ਅਤੇ ਸੰਦੂਕ, ਪਲੰਘ, ਦਰੀਆਂ ਤੇ ਖੇਸ ਦੀ ਵੰਡ-ਵੰਡਾਈ ਵਿਚ ਬਜੁਰਗੀ ਹੱਥਾਂ ਦੀ ਛੂਹ ਕੁਮਲਾ ਜਾਵੇ।

ਘਰ ਦੀ ਆਸਥਾ, ਅਰਦਾਸ ਅਤੇ ਅਰਾਧਨਾ ਸੋਗੀ ਜਾਂਦੀ ਜਦ ਇਸ ਦੀਆਂ ਬਰਕਤਾਂ ਦੀ ਸ਼ੁਕਰਗੁਜਾਰੀ ਨੂੰ ਦਰ-ਕਿਨਾਰ ਕਰਕੇ, ਖੁਦੀ ਨੂੰ ਹੀ ਘਰ ਤੋਂ ਵੀ ਵੱਡਾ ਬਣਾ ਲਿਆ ਜਾਵੇ। ਯਾਦ ਰੱਖਣਾ! ਘਰ ਵੱਡਾ ਹੁੰਦਾ ਅਤੇ ਘਰ ਵਾਲੇ ਬਹੁਤ ਛੋਟੇ; ਤਾਂ ਹੀ ਘਰ ਵਾਲੇ ਸਦਾ ਘਰ ਦੀ ਓਟ ਵਿਚ ਆ ਕੇ ਖੁਦ ਨੂੰ ਮਹਿਫੂਜ਼ ਮਹਿਸੂਸਦੇ। ਘਰ ਦੀ ਛੱਤ ਸਦਕਾ ਧੁੱਪਾਂ ਨਹੀਂ ਲੂੰਹਦੀਆਂ, ਸਰਦੀਆਂ ਦਾ ਕਹਿਰ ਨਹੀਂ ਸਤਾਉਂਦਾ ਅਤੇ ਝੜੀਆਂ ਵਿਚ ਵੀ ਅਸੀਂ ਸੁਰੱਖਿਅਤ ਰਹਿੰਦੇ ਹਾਂ। ਘਰ ਤੋਂ ਬਿਨਾ ਘਰ ਵਾਲਿਆਂ ਦੇ ਕੋਈ ਨਹੀਂ ਅਰਥ ਅਤੇ ਅਹਿਮੀਅਤ। ਘਰ ਹੈ ਤਾਂ ਘਰ ਵਾਲੇ ਹਨ।

ਅਜੋਕੇ ਘਰਾਂ ਦੀ ਕੇਹੀ ਤ੍ਰਾਸਦੀ ਕਿ ਵੱਡੇ ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ, ਵੱਡੇ ਵੱਡੇ ਸੋਫਿਆਂ 'ਚ ਸਿਮਟੇ ਨੇ ਹੀਣੇ ਲੋਕ ਅਤੇ ਮਹਿੰਗੀਆਂ ਗੱਡੀਆਂ ਵਿਚ ਬੈਠੇ ਨੇ ਹਲਕੇ ਸਵਾਰ। ਘਰ ਬਹੁਤ ਸ਼ਰਮਸਾਰ ਹੁੰਦਾ, ਅਜਿਹੇ ਕੋਝੇ ਅਤੇ ਕਮੀਨੇ ਬੰਦੇ ਦੀ ਘਰ ਵਿਚ ਹਾਜਰੀ 'ਤੇ। ਘਰ ਵਿਚ ਰਹਿਣਾ ਏ ਤਾਂ ਘਰ ਵਰਗੇ ਬਣੋ। ਘਰ ਦੀਆਂ ਬਹੁ-ਪਰਤਾਂ ਨੂੰ ਅੰਤਰੀਵ ਵਿਚ ਵਸਾਓ, ਅਤੇ ਦਿਲ-ਦਰਵਾਜਿਆਂ ਨੂੰ ਸਦਾ ਖੁੱਲ੍ਹੇ ਰਹਿਣ ਵਾਲੇ ਦਰ ਬਣਾਓ। ਖੁੱਲ੍ਹੇ ਦਰਾਂ ਵਾਲੇ ਘਰ ਹੀ ਵੱਸਦੇ ਘਰਾਂ ਦੀ ਨਿਸ਼ਾਨੀ ਅਤੇ ਇਹ ਨਿਸ਼ਾਨੀ ਬਹੁਤ ਤੇਜੀ ਨਾਲ ਲੁਪਤ ਹੋ ਰਹੀ ਏ। ਜਦ ਬੂਹਾ ਖੋਲ੍ਹ ਕੇ ਦਰ ਲੰਘ ਆਉਣ ਵਾਲਾ ਕੋਈ ਆਪਣਾ ਬੈੱਲ ਮਾਰ ਕੇ ਉਡੀਕ ਕਰਨ ਲੱਗ ਪਵੇ ਅਤੇ ਘਰ ਕੋਈ ਹੁੰਗਾਰਾ ਨਾ ਭਰੇ ਤਾਂ ਘਰ ਨੂੰ ਆਉਣ ਵਾਲੇ ਫਿਰ ਪਰਤ ਕੇ ਨਹੀਂ ਆਉਂਦੇ। ਘਰ ਦੀ ਅਣਪੱਤ ਨੂੰ ਲੱਗ ਜਾਂਦਾ ਏ ਗ੍ਰਹਿਣ। ਹੌਲੀ ਹੌਲੀ ਪਸਰਦੀ ਏ ਸੁੰਨ, ਜੋ ਇਕੱਲ ਨਾਲ ਮਨੁੱਖ ਨੂੰ ਆਪਣੀ ਲਪੇਟ ਵਿਚ ਲੈਂਦੀ ਤੇ ਘਰ ਨੂੰ ਕਬਰ ਬਣਾ ਦਿੰਦੀ।

ਵਾਸਤਾ ਈ! ਘਰ ਦੇ ਖਿਡੌਣਿਆਂ, ਫੱਟੀਆਂ, ਦਵਾਤਾਂ, ਕਲਮਾਂ, ਕਿਤਾਬਾਂ, ਗੁੱਡੀਆਂ ਪਟੋਲਿਆਂ ਤੇ ਡੰਗੋਰੀਆਂ ਨੂੰ ਕਦੇ ਰੁੱਸਣ ਨਾ ਦਿਓ। ਇਨ੍ਹਾਂ ਦੀ ਦਿਲ-ਲਗੀ ਵਿਚ ਹੀ ਘਰ, ਘਰ ਰਹਿੰਦਾ।

ਘਰ ਵਿਚ ਬੱਚਿਆਂ ਨੂੰ ਕੰਧਾਂ 'ਤੇ ਘੁੱਗੀਆਂ ਘੋੜੇ ਬਣਾਉਣ ਦਿਓ। ਲੀਕਾਂ ਮਾਰਨ ਦਿਓ, ਕੰਧਾਂ ਤੇ ਅੱਖਰ ਵਾਹੁਣ ਦਿਓ ਅਤੇ ਕਲਾ-ਕਿਰਤਾਂ ਬਣਾਉਣ ਦਿਓ। ਘਰ ਨੂੰ ਚੰਗਾ ਲੱਗੇਗਾ। ਜਦ ਇਹੀ ਬੱਚੇ ਵੱਡੇ ਹੋ ਕੇ ਉਡਾਰੀ ਮਾਰ ਗਏ ਤਾਂ ਜਿਥੇ ਕੰਧਾਂ ਨੇ ਤਰਸਣਾ ਹੈ ਬਚਪਨੀ ਛੋਹ ਨੂੰ, ਉਥੇ ਮਾਪੇ ਵੀ ਬੱਚਿਆਂ ਦੀ ਗੈਰਹਾਜ਼ਰੀ ਵਿਚ ਉਨ੍ਹਾਂ ਦੀਆਂ ਪੁਰਾਣੀਆਂ ਪੈਨਸਲਾਂ, ਸਲੇਟਾਂ, ਕਾਪੀਆਂ, ਕਿਤਾਬਾਂ ਨੂੰ ਦੇਖਦੇ, ਨਿੱਕੇ ਨਿੱਕੇ ਕੱਪੜਿਆਂ ਨੂੰ ਨਿਹਾਰਦੇ ਅਤੇ ਖਿਡੌਣਿਆਂ ਨੂੰ ਦੇਖ ਕੇ ਅੱਖਾਂ ਵਿਚ ਹੰਝੂ ਜਰੂਰ ਭਰਨਗੇ ਤੇ ਬੱਚਿਆਂ ਨੂੰ ਮਿਲਣ ਦੀ ਤਮੰਨਾ 'ਚ ਆਪਣੀ ਉਮਰ ਨੂੰ ਛੁਟੇਰਾ ਕਰਨਗੇ। ਜੇ ਬੱਚਿਆਂ ਨੂੰ ਇੱਲਤਾਂ, ਸ਼ਰਾਰਤਾਂ ਜਾਂ ਮਨ-ਮੌਜਾਂ ਘਰ ਵਿਚ ਹੀ ਨਹੀਂ ਕਰਨ ਦਿਓਗੇ ਤਾਂ ਦੱਸਣਾ ਉਹ ਮਨ ਦੇ ਖਿਆਲਾਂ ਅਤੇ ਸੁਪਨ-ਉਡਾਰੀਆਂ ਨੂੰ ਕਿਹੜੇ ਅੰਬਰ, ਵਿਹੜੇ ਜਾਂ ਘਰ ਦੀ ਛੱਤ 'ਤੇ ਪੂਰਾ ਕਰਨਗੇ? ਘਰ ਤਾਂ ਬੱਚਿਆਂ ਨਾਲ ਹੁੰਦਾ। ਬੱਚੇ ਹੀ ਘਰ ਦਾ ਵਰਤਮਾਨ ਤੇ ਭਵਿੱਖ ਹੁੰਦੇ।

ਘਰ ਘੋਰ ਨਿਰਾਸ਼ਾ ਵਿਚ ਜਿਉਣ ਲਈ ਮਜ਼ਬੂਰ ਹੁੰਦਾ, ਜਦ ਘਰ ਦੀਆਂ ਅਮਾਨਤਾਂ ਨੂੰ ਅਪਮਾਨਿਤ ਕੀਤਾ ਜਾਂਦਾ। ਬਜੁਰਗਾਂ ਦੀਆਂ ਅਸਥੀਆਂ ਦੀ ਵੰਡ ਵੰਡਾਈ ਜਾਂ ਉਨ੍ਹਾਂ ਦੇ ਜਾਣ ਸਾਰ ਉਨ੍ਹਾਂ ਦੀਆਂ ਵਸਤਾਂ ਨੂੰ ਬੇਲੋੜੀਆਂ ਸਮਝ ਕੇ ਬਾਹਰ ਸੁੱਟਣਾ, ਘਰ ਦੀ ਤੌਹੀਨ।

ਘਰ ਦੇ ਬਨੇਰੇ ਭੁਰਨ ਲੱਗਦੇ, ਜਦ ਇਸ ਦੀਆਂ ਨੀਂਹਾਂ ਨੂੰ ਖੋਖਲਾ ਕੀਤਾ ਜਾਂਦਾ। ਕੰਧਾਂ ਵਿਚ ਮੋਰੀਆਂ ਕੀਤੀਆਂ ਜਾਂਦੀਆਂ। ਝਰੋਖਿਆਂ ਰਾਹੀਂ ਧੁੱਪ ਦਾ ਆਉਣਾ ਵਰਜਿਤ। ਬਨੇਰੇ ਤੋਂ ਉਤਰਨ ਵਾਲੀ ਸਰਘੀ ਸ਼ਾਮ ਬਣ ਜਾਂਦੀ ਅਤੇ ਹੌਲੀ ਹੌਲੀ ਗਹਿਰਾ ਧੁੰਦਲਕਾ ਘਰ ਦਾ ਵਾਰਸ ਬਣ ਜਾਂਦਾ। ਅੱਜ ਕੱਲ ਅਜਿਹਾ ਬਜੁਰਗੀ ਘਰਾਂ ਨਾਲ ਹੋ ਰਿਹਾ ਏ, ਜੋ ਪਿੰਡਾਂ ਵਿਚ ਸਾਹ ਵਰੋਲਦੇ ਆਖਰੀ ਦਸਤਕ ਨੂੰ ਉਡੀਕਦੇ ਖੰਡਰ ਬਣ ਰਹੇ ਨੇ। ਇਸ ਲਈ ਜਰੂਰੀ ਹੈ ਕਿ ਕਦੇ ਕਦਾਈਂ ਆਪਣੇ ਪਿੰਡ ਤੇ ਪਿੰਡ ਵਾਲੇ ਉਸ ਘਰ ਵਿਚ ਜਰੂਰ ਗੇੜਾ ਮਾਰੀਏ, ਜਿਸ ਨੇ ਸਾਨੂੰ ਜਨਮ ਦਿਤਾ, ਸੁਪਨੇ ਦਿਤੇ। ਉਹ ਸੁਪਨ-ਪਰਵਾਜ਼ ਹੀ ਪਰਵਾਸੀ ਧਰਤੀ 'ਤੇ ਨਵੀਆਂ ਪ੍ਰਾਪਤੀਆਂ ਦਾ ਹਾਸਲ ਬਣੀ।

ਘਰ ਦੀ ਪਰਿਕਰਮਾ ਕਰਦਿਆਂ ਕਈ ਘਰ ਜ਼ਿਹਨ ਵਿਚ ਆਉਂਦੇ,

ਇਕ ਘਰ ਮੇਰੇ ਅੰਦਰ ਵੱਸਦਾ
ਲਈ ਕਦੇ ਨਾ ਸਾਰ,
ਬਾਹਰੀ ਘਰ ਦਾ ਕਰਦਾ ਰਹਿੰਨਾਂ
ਹਰ ਦਮ ਹਾਰ ਸ਼ਿੰਗਾਰ।

ਇਕ ਘਰ ਮੇਰੇ ਕਰਮੀਂ ਵੱਸਦਾ
ਪਈ ਕੁਕਰਮੀ ਮਾਰ,
ਕਰਮ-ਧਰਮ ਦੀ ਕਪਟੀ ਨਗਰੀ
ਹੁੰਦੈ ਕੂੜ ਵਪਾਰ।

ਇਕ ਘਰ ਮੇਰੇ ਮਸਤਕ ਵੱਸਦਾ
ਚਾਨਣਾਂ ਦਿੱਤਾ ਵਿਸਾਰ,
ਨਾ ਆਲ੍ਹਾ ਤੇ ਨਾ ਬਨੇਰਾ
ਨਾ ਦੀਵਿਆਂ ਦੀ ਡਾਰ।

ਇਕ ਘਰ ਮੇਰੀ ਕਲਮ ਦੀ ਜੂਹੇ
ਕਦੇ ਨਾ ਮੰਨੇ ਹਾਰ,
ਹਰਫ ਹਰਫ ਹੋ ਵਰਕੇ 'ਤੇ
ਆਪਾ ਰਿਹਾ ਉਤਾਰ।

ਇਕ ਘਰ ਮੇਰਾ ਸੱਜਣ-ਬੀਹੀ
ਦਿਲ ਦਰਿਆਓਂ ਪਾਰ,
ਓਸ ਘਰ ਮੈਂ ਸਾਹ ਦੇ ਸੰਗ
ਕਰਦਾ ਰਹਾਂ ਵਪਾਰ।

ਇਕ ਘਰ ਸਾਡੇ ਰਿਸ਼ਤੀਂ ਵੱਸਦਾ
ਕਰਦਾ ਨਰ-ਸੰਘਾਰ,
ਪਰ ਸਾਂਝਾਂ ਤੇ ਸਿਮਰਤੀਆਂ ਦਾ
ਉਜੜਿਆ ਨਾ ਸੰਸਾਰ।

ਇਕ ਘਰ ਮੇਰੇ ਘਰ ਵਰਗਾ ਹੀ
ਮੇਰਾ ਸੁਪਨ-ਸੰਸਾਰ,
ਜਿਸ ਦੇ ਮੱਥੇ ਧਰਨੇ ਇਕ ਦਿਨ
ਸੂਰਜ ਚੰਦ ਹਜ਼ਾਰ।

ਬਾਹਰਲੇ ਘਰ ਦੇ ਨਾਲ-ਨਾਲ ਆਪਣੇ ਅੰਤਰੀਵੀ ਘਰ ਦੀ ਸ਼ੁੱਧਤਾ, ਸਾਦਗੀ ਅਤੇ ਸੁੱਚਮ ਵੱਲ ਵੀ ਧਿਆਨ ਦੇਣ ਦੀ ਲੋੜ, ਕਿਉਂਕਿ ਅੰਦਰੋਂ ਬਾਹਰੋਂ ਇਕ ਸੁਰ ਹੋ ਕੇ ਮਨੁੱਖੀ ਪਾਦਰਸ਼ਤਾ ਦਾ ਪੈਮਾਨਾ ਨਿਰਧਾਰਤ ਕਰ ਸਦਕੇ ਹਾਂ। 'ਘਰ ਸੁਖ ਵਸਿਆ ਬਾਹਰ ਸੁਖ ਪਾਇਆ' ਜਿਹੇ ਮੂਲ ਮੰਤਰ ਦੇ ਸ਼ਬਦੀ ਅਤੇ ਭਾਵ-ਅਰਥ ਆਪਣੀ ਸੋਚ-ਜੂਹ ਵਿਚ ਧਰਨੇ, ਜੀਵਨ ਜਿਉਣ ਦਾ ਚੱਜ ਅਤੇ ਜ਼ਿੰਦਗੀ ਦਾ ਰੱਜ ਹਾਸਲ ਬਣੇਗਾ।

ਘਰ ਕਦੇ ਵੀ ਅ-ਘਰ ਨਾ ਬਣੇ ਕਿਉਂਕਿ ਅ-ਘਰਿਆਂ ਨੂੰ ਨਹੀਂ ਮਿਲਦੀ ਕਿਧਰੇ ਵੀ ਢੋਹੀ, ਨਾ ਹੀ ਕਲਮ ਕਦੇ ਉਨ੍ਹਾਂ ਲਈ ਰੋਈ। ਉਨ੍ਹਾਂ ਦੀ ਹੋਣੀ, ਹੋਈ ਜਾਂ ਨਾ ਹੋਈ।

ਘਰ ਕਬਰ, ਸਿਵਾ ਜਾਂ ਗੋਹਿਆਂ ਦੀ ਧੁਖਦੀ ਧੂਣੀ ਨਹੀਂ ਬਣਨਾ ਚਾਹੁੰਦਾ। ਘਰ ਤਾਂ ਸਿਰਫ ਘਰ ਹੀ ਰਹਿਣਾ ਚਾਹੁੰਦਾ। ਘਰ, ਜੋ ਘਰ ਦੇ ਸਰੋਕਾਰਾਂ ਨੂੰ ਸਮਰਪਿਤ ਹੋਵੇ, ਘਰ ਦੀ ਸੁਹਿਰਦਤਾ ਨੂੰ ਸੰਭਾਲੇ, ਘਰ ਦੀ ਸਾਧਨਾ ਨੂੰ ਕਮਾਵੇ ਤੇ ਘਰ ਦੀਆਂ ਰਹਿਮਤਾਂ ਨੂੰ ਘਰ ਵਾਲਿਆਂ ਦੇ ਨਸੀਬੀਂ ਲਾਵੇ ਤਾਂ ਕਿ ਘਰ ਜਿਉਂਦਾ ਰਹੇ। ਜਿਉਂਦੇ ਰਹਿਣ ਘਰ ਬਣਾਉਣ, ਵਸਾਉਣ ਤੇ ਇਸ ਸਾਂਝ ਨੂੰ ਆਖਰੀ ਦਮ ਤੀਕ ਨਿਭਾਉਣ ਵਾਲੇ।

# ਗੁਰੂ ਨਾਨਕ ਦੇਵ ਜੀ ਕਿ ਗੁਰੂ ਨਾਨਕ ਸਾਹਿਬ ਜੀ?

ਕਸ਼ਮੀਰਾ ਸਿੰਘ (ਪ੍ਰੋ.)
ਫੋਨ: 801-414-0171

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਹੁਤ ਸਾਰੇ ਟੀ. ਵੀ. ਚੈਨਲ ਅਤੇ ਸਰਕਾਰ ਦੇ ਬੁਲਾਰੇ ਪਹਿਲੇ ਸਤਿਗੁਰੂ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸੂਚਨਾ ਦੇਣ ਸਮੇਂ ਪਹਿਲੇ ਸਤਿਗੁਰੂ ਜੀ ਨੂੰ ਗੁਰੂ ਨਾਨਕ ਸਾਹਿਬ ਕਹਿਣ ਦੀ ਥਾਂ ਗੁਰੂ ਨਾਨਕ ਦੇਵ ਜੀ ਕਹਿ ਰਹੇ ਹਨ। ਕੀ ਅਜਿਹਾ ਵਰਤਾਰਾ ਠੀਕ ਹੈ? ਕੀ ਕਿਸੇ ਦਾ ਨਾਂ ਬਦਲ ਕੇ ਬੋਲਿਆ ਜਾਂ ਲਿਖਿਆ ਜਾ ਸਕਦਾ ਹੈ? ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਦੇਖਣ ਦੀ ਲੋੜ ਹੈ ਕਿ ਗੁਰੂ ਪਾਤਿਸ਼ਾਹਾਂ ਦੇ ਸਹੀ ਨਾਂ ਕੀ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਪਾਤਿਸ਼ਾਹਾਂ ਦੇ ਨਾਂ ਪ੍ਰਤੱਖ ਤੌਰ 'ਤੇ ਲਿਖੇ ਮਿਲਦੇ ਹਨ। ਭੱਟ ਕਵੀਆਂ ਨੇ ਪਹਿਲੇ ਪੰਜ ਗੁਰੂ ਪਾਤਿਸ਼ਾਹਾਂ ਦੀ ਸਿਫਤਿ ਵਿਚ ਸਵੱਯੇ ਉਚਾਰਨ ਕਰਦਿਆਂ ਉਨ੍ਹਾਂ ਦੇ ਨਾਂ ਵਰਤੇ ਹਨ। ਪੰਜਵੇਂ ਗੁਰੂ ਜੀ ਨੇ ਆਪਣੀ ਬਾਣੀ ਵਿਚ ਆਪਣੇ ਬੇਟੇ ਦਾ ਨਾਂ ਵਰਤਿਆ ਹੈ, ਜੋ ਛੇਵੇਂ ਗੁਰੂ ਜੀ ਬਣੇ। ਸੱਚੇ ਸ੍ਰੋਤ ਤੋਂ ਮਿਲਦੀ ਏਨੀ ਸਪੱਸ਼ਟ ਜਾਣਕਾਰੀ ਦੇ ਹੁੰਦਿਆਂ ਵੀ ਸ਼੍ਰੋਮਣੀ ਕਮੇਟੀ ਸਿੱਖ ਜਗਤ ਨੂੰ ਗੁਰੂ ਪਾਤਿਸ਼ਾਹਾਂ ਦੇ ਠੀਕ ਨਾਂਵਾਂ ਬਾਰੇ ਅੱਜ ਤਕ ਕੋਈ ਸੇਧ ਨਹੀਂ ਦੇ ਸਕੀ।

ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦੀ ਜਾਣਕਾਰੀ ਅਨੁਸਾਰ ਕਿਸੇ ਵੀ ਗੁਰੂ ਪਾਤਿਸ਼ਾਹ ਦੇ ਨਾਂ ਨਾਲ 'ਦੇਵ' ਸ਼ਬਦ ਦੀ ਵਰਤੋਂ ਨਹੀਂ ਹੈ। ਗੁਰਬਾਣੀ ਅਤੇ ਹੋਰ ਪ੍ਰਮਾਣਕ ਸਾਹਿਤ ਵਿਚੋਂ ਕੁਝ ਪ੍ਰਮਾਣਾਂ ਦੀ ਰੋਸ਼ਨੀ ਵਿਚ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਸਬੰਧੀ ਵਿਚਾਰ ਕਰਨੀ ਇਸ ਲੇਖ ਦਾ ਮਕਸਦ ਹੈ।

**1. ਪਹਿਲੇ ਚਾਰ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਸਬੰਧੀ ਪ੍ਰਮਾਣ:**

(ੳ) ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥
ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਹ ਜਨ ਕੀਅਉ ਪ੍ਰਗਾਸ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥
ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ॥
ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥4॥
(ਗੁਰੂ ਗ੍ਰੰਥ ਸਾਹਿਬ, ਪੰਨਾ 1399)

ਚੰਦੁ- ਗਿਆਨ ਦੀ ਰੋਸ਼ਨੀ ਵੰਡਣ ਵਾਲਾ।

(ਅ) ਇਕ ਮਨਿ ਪੁਰਖੁ ਧਿਆਇ ਬਰਦਾਤਾ॥
ਸੰਤ ਸਹਾਰੁ ਸਦਾ ਬਿਖਿਆਤਾ॥
ਤਾਸੁ ਚਰਨ ਲੇ ਰਿਦੈ ਬਸਾਵਉ॥
ਤਉ ਪਰਮ ਗੁਰੂ ਨਾਨਕ ਗੁਨ ਗਾਵਉ॥1॥ (ਪੰਨਾ 1378)

(ੲ) ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ॥
(ਪੰਨਾ 1396)

**ਵਿਚਾਰ:** ਉਪਰੋਕਤ ਪ੍ਰਮਾਣਾਂ ਵਿਚ ਪਹਿਲੇ ਦੋ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਨਾਲ 'ਦੇਵ' ਸ਼ਬਦ ਦੀ ਵਰਤੋਂ ਨਹੀਂ ਮਿਲਦੀ। ਕੀਰਤਨ ਤੋਂ ਪਹਿਲਾਂ ਕਈ ਜਥੇ 'ਧੰਨੁ ਗੁਰੂ ਨਾਨਕ' ਦਾ ਜਾਪ ਕਰਦੇ ਹਨ, ਜੋ ਠੀਕ ਹੈ, ਕਿਉਂਕਿ 'ਦੇਵ' ਸ਼ਬਦ ਦੀ ਵਰਤੋਂ ਨਹੀਂ ਹੈ। ਕਥਾ ਵਿਚ ਕੁਝ ਸੱਜਣ ਪਹਿਲੇ ਗੁਰੂ ਜੀ ਨੂੰ 'ਮੇਰੇ ਧੰਨੁ ਗੁਰੂ ਨਾਨਕ' ਕਹਿੰਦੇ ਹਨ, ਜੋ ਨਾਂ ਅਨੁਸਾਰ ਠੀਕ ਹੈ। ਕਈ ਕਥਾਕਾਰ ਪਹਿਲੇ ਦੋ ਗੁਰੂ ਪਾਤਿਸ਼ਾਹਾਂ ਦੇ ਨਾਂ ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ ਹੀ ਵਰਤਦੇ ਹਨ, ਜੋ ਠੀਕ ਹੈ। ਕਈ ਸੱਜਣ ਗੁਰੂ ਵਿਅਕਤੀਆਂ ਦੇ ਨਾਂਵਾਂ ਨਾਲ 'ਪਾਤਿਸ਼ਾਹ' ਜਾਂ 'ਸਾਹਿਬ ਪਾਤਿਸ਼ਾਹ' ਵੀ ਵਰਤਦੇ ਹਨ, ਜੋ ਬਿਲਕੁਲ ਠੀਕ ਹੈ।

'ਦੇਵ' ਸ਼ਬਦ ਦੀ ਵਰਤੋਂ ਦਾ ਰਿਵਾਜ਼ ਵੀ ਚੱਲ ਚੁਕਾ ਹੈ, ਜੋ ਗੁਰਬਾਣੀ ਅਨੁਸਾਰ ਯੋਗ ਨਹੀਂ ਹੈ। ਅੰਮ੍ਰਿਤਸਰ ਯੂਨੀਵਰਸਿਟੀ ਦਾ ਰੱਖਿਆ ਨਾਂ ਪਹਿਲਾਂ 'ਗੁਰੂ ਨਾਨਕ ਯੂਨੀਵਰਸਿਟੀ' ਠੀਕ ਹੀ ਸੀ, ਜੋ ਬਾਅਦ ਵਿਚ ਬਦਲ ਕੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਰੱਖ ਦਿੱਤਾ ਗਿਆ, ਪਰ ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ ਨਾਨਕ ਦੇਵ' ਨਾਂ ਨਹੀਂ ਹੈ। ਸ਼੍ਰੋਮਣੀ ਕਮੇਟੀ ਨੂੰ ਠੀਕ ਨਾਂ ਪ੍ਰਚਾਰਨੇ ਚਾਹੀਦੇ ਸਨ, ਪਰ ਉਸ ਦੇ ਮੁਲਾਜ਼ਮ ਆਪ ਹੀ 'ਦੇਵ' ਸ਼ਬਦ ਦੀ ਵਰਤੋਂ ਕਰਨ ਤੋਂ ਨਹੀਂ ਹਟਦੇ। ਟੀ. ਵੀ. ਚੈਨਲਾਂ ਰਾਹੀਂ ਖਬਰਾਂ ਪੜ੍ਹਨ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਅਨੁਸਾਰ ਹੀ ਗੁਰੂ ਪਾਤਿਸ਼ਾਹਾਂ ਦੇ ਨਾਂ ਬੋਲਣ, ਭਾਵ 'ਦੇਵ' ਦੀ ਥਾਂ 'ਸਾਹਿਬ' ਜਾਂ 'ਪਾਤਿਸ਼ਾਹ' ਸ਼ਬਦ ਦੀ ਵਰਤੋਂ ਕਰਨ।

**2. ਪੰਜਵੇਂ ਗੁਰੂ ਜੀ ਦੇ ਨਾਂ ਬਾਰੇ ਪ੍ਰਮਾਣ:**

ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ॥
ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ॥
ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ॥

**ਵਿਚਾਰ:** ਭੱਟਾਂ ਦੇ ਸਵੱਯਾਂ ਵਿਚ 20 ਵਾਰੀ ਪੰਜਵੇਂ ਗੁਰੂ ਜੀ ਦਾ ਨਾਂ ਗੁਰੂ ਅਰਜੁਨ ਹੀ ਲਿਖਿਆ ਗਿਆ ਹੈ, ਪਰ ਬੋਲਣ ਵਾਲੇ ਪਤਾ ਨਹੀਂ 'ਅਰਜਨ' ਸ਼ਬਦ ਕਿਉਂ ਵਰਤਦੇ ਹਨ? ਬਹੁਤੇ ਰਾਗੀ ਸੱਜਣ ਵੀ ਕੀਰਤਨ ਵਿਚ 'ਅਰਜੁਨ' ਸ਼ਬਦ ਦੀ ਥਾਂ 'ਅਰਜਨ' ਸ਼ਬਦ ਹੀ ਬੋਲਦੇ ਹਨ, ਜੋ ਗੁਰਬਾਣੀ ਅਨੁਸਾਰ ਠੀਕ ਨਹੀਂ ਹੈ। ਭਾਸ਼ਾ ਅਨੁਸਾਰ 'ਅਰਜਨ' ਸੰਸਕ੍ਰਿਤ ਦਾ ਲਫਜ਼ ਹੈ, ਜਿਸ ਦਾ ਅਰਥ ਹੈ- ਖੱਟਣਾ ਜਾਂ ਕਮਾਉਣਾ। 'ਅਰਜੁਨ' ਵੀ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ-ਇੱਕ ਸਦਾ ਬਹਾਰ ਮਜਬੂਤ ਰੁੱਖ। ਪੜ੍ਹਨ ਸਮੇਂ ਫੈਸਲਾ ਗੁਰਬਾਣੀ ਦੇ ਸ਼ਬਦ ਜੋੜਾਂ ਨੂੰ ਧਿਆਨ ਵਿਚ ਰੱਖ ਕੇ ਹੀ ਠੀਕ ਹੁੰਦਾ ਹੈ।

ਭਾਈ ਸੱਤੇ ਅਤੇ ਭਾਈ ਬਲਵੰਡ ਦੀ ਲਿਖੀ 'ਰਾਮਕਲੀ ਕੀ ਵਾਰ' ਵਿਚ ਪੰਜਵੇਂ ਗੁਰੂ ਜੀ ਦੇ ਨਾਂ ਲਈ 'ਅਰਜਨ' ਸ਼ਬਦ ਜੋੜ ਵਰਤੇ ਗਏ ਹਨ। ਗੁਰਬਾਣੀ ਸ਼ਬਦ-ਜੋੜਾਂ ਦੀ ਖੋਜ ਦੇ ਮਾਹਰ ਭਾਈ ਹਰਜਿੰਦਰ ਸਿੰਘ ਘੜਸਾਣਾ ਗੰਗਾਨਗਰ ਦੇ ਵਿਚਾਰਾਂ ਅਨੁਸਾਰ ਪੰਜਵੇਂ ਗੁਰੂ ਜੀ ਦਾ ਨਾਂ ਗੁਰੂ ਅਰਜਨ ਸਾਹਿਬ ਹੀ ਚਾਹੀਦਾ ਹੈ। ਭਾਈ ਘੜਸਾਣਾ ਨੇ ਤਰਕ ਦਿੱਤਾ ਹੈ ਕਿ 'ਅਰਜੁਨ' ਸ਼ਬਦ ਸੰਸਕ੍ਰਿਤ ਸ਼ੈਲੀ ਅਨੁਸਾਰ ਲਿਖਿਆ ਗਿਆ ਹੈ ਅਤੇ 'ਅਰਜਨ' ਸ਼ਬਦ ਲਹਿੰਦੀ ਪੰਜਾਬੀ ਅਨੁਸਾਰ ਲਿਖਿਆ ਗਿਆ ਹੈ, ਜਿਸ ਲਈ ਪੰਜਾਬੀ ਨਾਂ ਗੁਰੂ ਅਰਜਨ ਸਾਹਿਬ ਹੀ ਰੱਖਣਾ ਚਾਹੀਦਾ ਹੈ। ਪੜ੍ਹਨ ਸਮੇਂ 'ਅਰਜੁਨ' ਸ਼ਬਦ ਨੂੰ 'ਜੁ' ਧੁਨੀ ਨਾਲ ਹੀ ਬੋਲਿਆ ਜਾਵੇਗਾ।

**3. ਛੇਵੇਂ ਗੁਰੂ ਜੀ ਦਾ ਨਾਂ ਗੁਰਬਾਣੀ ਵਿਚ:**

ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥1॥ (ਪੰਨਾ 500)


**4. ਸੱਤਵੇਂ ਅਤੇ ਅੱਠਵੇਂ ਗੁਰੂ ਪਾਤਿਸ਼ਾਹਾਂ ਦੇ ਨਾਂ:**

(ੳ) ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿਰਾਇ॥
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ॥87॥ ('ਤੌਸੀਫੋ ਸਨਾ' ਵਿਚੋਂ)

**ਅਰਥ:** ਗੁਰੂ ਹਰਿ ਰਾਇ ਜੀ ਹੱਕ ਦੇ ਪਾਲਣ ਅਤੇ ਸੱਚ ਦੇ ਮਜ਼ਹਬ ਵਾਲੇ ਹਨ, ਜੋ ਬਾਦਿਸ਼ਾਹ ਅਤੇ ਦਰਵੇਸ਼ ਵੀ ਹਨ।

(ਅ) ਹਮੂ ਹਰਿਕ੍ਰਿਸ਼ਨ ਆਮਦਹ ਸਰਬੁਲੰਦ॥ ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ॥25॥ ('ਜੋਤਿ ਬਿਗਾਸ' ਵਿਚੋਂ)


**ਵਿਚਾਰ:** ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਵਿਚ 'ਹਰਿ' ਸ਼ਬਦ ਦੀ ਵਰਤੋਂ ਉਪਰੋਕਤ ਪ੍ਰਮਾਣਾਂ ਵਿਚ ਮਿਲਦੀ ਹੈ। ਦੇਖਿਆ ਗਿਆ ਹੈ ਕਿ ਬੋਲਣ ਅਤੇ ਲਿਖਣ ਵਿਚ 'ਹਰਿ' ਸ਼ਬਦ ਦੀ ਥਾਂ 'ਹਰ' ਸ਼ਬਦ ਹੀ ਪ੍ਰਚਲਿਤ ਕਰ ਦਿੱਤਾ ਗਿਆ ਹੈ, ਜੋ ਇੱਕ ਧੋਖਾ ਹੈ, ਕਿਉਂਕਿ ਦੁਨੀਆਂ ਵਿਚ ਕਿਸੇ ਵੀ ਵਿਅਕਤੀ ਦਾ ਸਹੀ ਨਾਂ ਬਦਲਿਆ ਨਹੀਂ ਜਾ ਸਕਦਾ। ਕੀ ਕੋਈ ਸਿਮਰਨ ਸਿੰਘ ਨੂੰ ਸਮਰਨ ਸੰਘ ਕਹਿ ਕੇ ਬੁਲਾ ਸਕਦਾ ਹੈ? ਕੀ ਸਿਮਰਨ ਸਿੰਘ ਅਜਿਹੇ ਵਤੀਰੇ ਨੂੰ ਸਹਾਰ ਸਕੇਗਾ? ਕੀ ਕੋਈ ਹਰਿਤਿੱਕ ਨੂੰ ਹਰੱਤਕ ਕਹਿ ਕੇ ਬੁਲਾ ਸਕਦਾ ਹੈ? ਜੇ ਨਹੀਂ ਤਾਂ ਗੁਰੂ ਪਾਤਿਸ਼ਾਹਾਂ ਦੇ ਨਾਂਵਾਂ ਨੂੰ ਬਦਲ ਕੇ ਬੋਲਣ ਅਤੇ ਲਿਖਣ ਦਾ ਕਿਸ ਨੂੰ ਹੱਕ ਹੈ? ਕੀ ਇਹ ਸਿਆਣਪ ਹੈ ਕਿ ਬੇਸਮਝੀ? ਅੰਗਰੇਜ਼ੀ ਵਿਚ ਨਾਂ ਲਿਖਣ ਵਾਲੇ 'ਹਰਿ=Hari' ਨੂੰ 'ਹਰ=Har' ਲਿਖ ਰਹੇ ਹਨ, ਜੋ ਗਲਤ ਪਰਿਪਾਟੀ ਹੈ। ਇਸ ਵਿਚ ਗੁਰਬਾਣੀ ਨੂੰ ਗਲਤ ਪੜ੍ਹਨ ਵਾਲਿਆਂ ਦਾ ਵੀ ਕਸੂਰ ਹੈ, ਕਿਉਂਕਿ ਬਹੁਤੇ ਪਾਠੀ ਗੁਰਬਾਣੀ ਦੇ 'ਹਰਿ' ਸ਼ਬਦ ਨੂੰ 'ਹਰ' ਹੀ ਪੜ੍ਹ ਰਹੇ ਹਨ, ਜਦੋਂ ਕਿ ਇਨ੍ਹਾਂ ਸ਼ਬਦਾਂ ਦੇ ਜੋੜ ਅਤੇ ਅਰਥ ਗੁਰਬਾਣੀ ਵਿਚ ਵੱਖ-ਵੱਖ ਹਨ।



**ਬਹਾਦਰ** / **ਬਹਾਦੁਰ** ਫ਼ਾ بہادر ਬਹਾ-ਦੁਰ. ਚਮਕੀਲਾ ਮੋਤੀ। ੨ ਕੀਮਤੀ ਮੋਤੀ। ੩ ਉਤਸਾਹੀ. ਪਰਾਕ੍ਰਮੀ. ਸੂਰਵੀਰ.

**ਬਹਾਦੁਰਸ਼ਾਹ.** بہادرشاہ ਔਰੰਗਜ਼ੇਬ ਦਾ ਦੂਜਾ ਪੁਤ੍ਰ, ਜਿਸ ਦਾ ਜਨਮ ਬੁਰਹਾਨਪੁਰ ੪ ਅਕਤੂਬਰ ਸਨ ੧੬੪੩ ਨੂੰ ਹੋਇਆ. ਇਸ ਦਾ ਪਹਿਲਾ ਨਾਮ ਮੁਅ਼ੱਜ਼ਮ ਅਤੇ ਸ਼ਾਹ ਆ਼ਲਮ ਸੀ. ਇਹ ਸਨ ੧੭੦੭ ਵਿੱਚ ਦਿੱਲੀ ਦੇ ਤਖਤ ਪੁਰ ਬੈਠਾ, ਅਤੇ ਆਪਣਾ ਨਾਮ ਬਹਾਦੁਰਸ਼ਾਹ ਰੱਖਿਆ. ਇਸ ਦਾ ਬਹੁਤਾ ਸਮਾਂ ਦੱਖਣੀ ਰਿਆਸਤਾਂ ਬੀਜਾਪੁਰ ਗੋਲਕੰਡਾ ਦੇ ਵਿਰੁੱਧ ਲੜਦਿਆਂ ਗੁਜਰਿਆ. ਅੰਤ ਨੂੰ ਬੰਦੇਬਹਾਦੁਰ ਦੇ ਵੇਲੇ ਸਿੱਖਾਂ ਦਾ ਜ਼ੋਰ ਵਧਦਾ ਵੇਖਕੇ ਅਤੇ ਸਰਹਿੰਦ ਦੇ ਸੂਬੇ ਵਜ਼ੀਰਖ਼ਾਨ ਦਾ ਮਾਰਿਆ ਜਾਣਾ ਸੁਣਕੇ ਇਹ ਪੰਜਾਬ ਵੱਲ ਆਇਆ, ਪਰ ਦੇਸ਼ ਵਿੱਚ ਸ਼ਾਂਤੀ ਨਹੀਂ ਕਰ ਸਕਿਆ. ਬਹਾਦੁਰਸ਼ਾਹ ਦਾ ਦੇਹਾਂਤ ੧੮ ਫਰਵਰੀ ਸਨ ੧੭੧੨ (ਫੱਗੁਣ ਸੰਮਤ ੧੭੬੮) ਨੂੰ ਲਹੌਰ ਹੋਇਆ.

[illegible] ਦੂਜਾ. ਦਿੱਲੀ ਦਾ ਅੰਤਿਮ ਮੁਗਲ [illegible], ਜੋ ਲਾਲਬਾਈ ਦੇ ਉਦਰ ਤੋਂ ਅਕਬਰਸ਼ਾਹ (੨) ਦਾ ਪੁਤ੍ਰ ਸੀ. ਇਸ ਦਾ ਜਨਮ ੨੪ ਅਕਤੂਬਰ ਸਨ ੧੭੭੫ ਨੂੰ ਹੋਇਆ. ਇਸ ਨੂੰ ਇਤਿਹਾਸਕਾਰਾਂ



ਢੂੰਢਤਾ ਫਿਰ ਫਿਰਕੇ ਫਿਰ ਤੂ ਜਾਬਜਾ ਕਜਾ ਚੀਜ਼ ਹੈ?"

**ਬਹਾਦੁਰਖ਼ਾਨ.** ਮੁਖ਼ਲਿਸਖ਼ਾਨ ਸਰਦਾਰ ਦੇ ਅਧੀਨ ਇੱਕ ਫੌਜੀ ਉਹਦੇਦਾਰ, ਜੋ ਅਮ੍ਰਿਤਸਰ ਜੀ ਦੇ ਜੰਗ ਵਿੱਚ ਗੁਰੂ ਹਰਿਗੋਬਿੰਦ ਜੀ ਨਾਲ ਲੜਿਆ.

**ਬਹਾਦੁਰਗੜ੍ਹ.** ਸੈਫ਼ਖ਼ਾਨ (ਸੈਫ਼ੁੱਦੀਨ) ਸਰਦਾਰ ਦਾ ਵਸਾਇਆ ਨਗਰ ਅਤੇ ਕਿਲਾ "ਸੈਫ਼ਾਬਾਦ, ਜੋ ਪਟਿਆਲੇ ਤੋਂ ਚਾਰ ਕੋਹ ਉੱਤਰ ਪੂਰਵ ਹੈ. ਇੱਥੇ ਸੈਫ਼ਖ਼ਾਂ ਦਾ ਪ੍ਰੇਮ ਦੇਖਕੇ ਗੁਰੂ ਤੇਗਬਹਾਦੁਰ ਜੀ ਚੁਮਾਸਾ ਠਹਿਰੇ ਹਨ. ਗੁਰੂਸਾਹਿਬ ਦਾ ਪਵਿਤ੍ਰ ਅਸਥਾਨ ਇੱਕ ਕਿਲੇ ਅੰਦਰ, ਦੂਜਾ ਬਾਹਰ ਬਾਗ ਵਿੱਚ ਹੈ. ਗੁਰਦ੍ਵਾਰੇ ਨਾਲ ਪੰਜ ਸੌ ਘੁਮਾਉਂ ਜ਼ਮੀਨ ਅਤੇ ਨੌ ਸੌ ਰੁਪਯਾ ਤਜੋਹਾਰਾਂ ਦਾ ਰਿਆਸਤ ਪਟਿਆਲੇ ਵੱਲੋਂ ਹੈ. ਵੈਸਾਖੀ ਨੂੰ ਮੇਲਾ ਹੁੰਦਾ ਹੈ. ਗੁਰਦ੍ਵਾਰੇ ਦਾ ਪ੍ਰਬੰਧ ਰਿਆਸਤ ਦੇ ਹੱਥ ਹੈ. ਰਾਜਾ ਅਮਰਸਿੰਘ ਪਟਿਆਲਾਪਤਿ ਨੇ ਸਨ ੧੭੭੪ ਵਿੱਚ ਸੈਫਖ਼ਾਨ ਦੀ ਔਲਾਦ ਨੂੰ ਮਾਕੂਲ ਜਾਗੀਰ ਦੇਕੇ ਕਿਲੇ ਤੇ ਕਬਜਾ ਕੀਤਾ ਅਤੇ ਉਸ ਨੂੰ ਨਵੇਂ ਸਿਰੇ ਬਹੁਤ ਮਜਬੂਤ ਬਣਾਕੇ ਨਾਉਂ ਬਹਾਦੁਰਗੜ੍ਹ ਰੱਖਿਆ.

**ਬਹਾਦੁਰਪੁਰ.** ਦੇਖੋ, ਦੇਹਰਾਸਾਹਿਬ ਨੰ: ੨.

**ਬਹਾਨਾ.** ਦੇਖੋ, ਬਹਾਉਣਾ ੧। ੨ ਫ਼ਾ بہانہ

**5. ਨੌਵੇਂ ਤੇ ਦਸਵੇਂ ਗੁਰੂ ਜੀ ਦੇ ਨਾਂ:**

(ੳ) ਮਹਾਨ ਕੋਸ਼ ਵਿਚ ਨੌਂਵੇਂ ਗੁਰੂ ਜੀ ਨੂੰ ਸਤਿਗੁਰੂ ਤੇਗ ਬਹਾਦੁਰ ਕਰ ਕੇ ਲਿਖਿਆ ਗਿਆ ਹੈ। (ਮਹਾਨ ਕੋਸ਼ ਵਿਚੋਂ ਫੋਟੋ ਕਾਪੀਆਂ ਦੇਖੋ)

**ਵਿਚਾਰ:** 'ਤੇਗ' ਸ਼ਬਦ ਫਾਰਸੀ ਦਾ ਹੈ, ਜਿਸ ਵਿਚ 'ਗ਼' ਦੀ ਵਰਤੋਂ ਹੁੰਦੀ ਹੈ ਅਤੇ 'ਬਹਾਦੁਰ' ਸ਼ਬਦ ਵੀ ਫਾਰਸੀ ਦਾ ਹੈ। 'ਬਹਾ' ਦਾ ਅਰਥ ਹੈ-ਰੋਸ਼ਨੀ ਦੇਣ ਵਾਲਾ ਜਾਂ ਚਮਕੀਲਾ। 'ਦੁਰ' ਦਾ ਅਰਥ ਹੈ-ਮੋਤੀ। ਜਦੋਂ 'ਦੁਰ' ਸ਼ਬਦ ਨੂੰ ਅਗੇਤਰ ਵਜੋਂ ਵਰਤਿਆ ਜਾਂਦਾ ਹੈ ਜਿਵੇਂ ਦੁਰਬਚਨ, ਦੁਰਗਮ ਆਦਿਕ ਤਾਂ ਉਦੋਂ ਇਹ ਫਾਰਸੀ ਦਾ ਸ਼ਬਦ ਨਾ ਹੋ ਕੇ ਸੰਸਕ੍ਰਿਤ ਦਾ ਸ਼ਬਦ ਹੁੰਦਾ ਹੈ। ਮਿਸਾਲ ਵਜੋਂ 'ਕਰਮ' ਸ਼ਬਦ ਸੰਸਕ੍ਰਿਤ ਦਾ ਵੀ ਹੈ ਅਤੇ ਫਾਰਸੀ ਦਾ ਵੀ। ਜਦੋਂ 'ਕਰਮ' ਸ਼ਬਦ ਦਾ ਅਰਥ ਕੀਤੇ ਗਏ ਕੰਮ ਹੋਣ ਤਾਂ ਇਹ ਸੰਸਕ੍ਰਿਤ ਦਾ ਸ਼ਬਦ ਹੁੰਦਾ ਹੈ। ਜੇ 'ਕਰਮ' ਸ਼ਬਦ ਦੀ ਵਰਤੋਂ ਬਖਸ਼ਿਸ਼ ਦੇ ਰੂਪ ਵਿਚ ਹੁੰਦੀ ਹੈ ਤਾਂ ਇਹ ਸ਼ਬਦ ਫਾਰਸੀ ਦਾ ਹੁੰਦਾ ਹੈ। 'ਨੀਚ ਕਰਮ' ਵਿਚ 'ਕਰਮ' ਸ਼ਬਦ ਦੇ ਅਰਥ ਸੰਸਕ੍ਰਿਤ ਵਾਲੇ ਹਨ ਅਤੇ 'ਕਰਮ ਖੰਡ' ਵਿਚ 'ਕਰਮ' ਸ਼ਬਦ ਦੇ ਅਰਥ ਫਾਰਸੀ ਵਾਲੇ ਹਨ। 'ਦਰ' ਸ਼ਬਦ ਵੀ ਫਾਰਸੀ ਦਾ ਹੁੰਦਾ ਹੈ, ਜਿਸ ਦਾ ਅਰਥ ਦਰਵਾਜਾ ਹੁੰਦਾ ਹੈ। ਨੌਂਵੇਂ ਗੁਰੂ ਜੀ ਦਾ ਸਹੀ ਨਾਂ ਗੁਰੂ ਤੇਗ਼ ਬਹਾਦੁਰ ਹੀ ਸਹੀ ਬਣਦਾ ਹੈ, ਜਿਸ ਨੂੰ ਪ੍ਰਚਾਰ ਵਿਚ ਲਿਆਉਣ ਦੀ ਲੋੜ ਹੈ।

(ਅ) 'ਜੋਤਿ ਵਿਗਾਸ' ਪੰਜਾਬੀ ਕ੍ਰਿਤ ਭਾਈ ਨੰਦ ਲਾਲ ਸਿੰਘ ਵਿਚ ਵੀ ਇਹੀ ਸ਼ਬਦ ਜੋੜ ਹਨ, ਜਿਵੇਂ:

ਸੋ ਤੇਗ਼ ਬਹਾਦਰ ਸਤਿ ਸਰੂਪਨਾ
ਸੋ ਗੁਰੁ ਗੋਬਿੰਦ ਸਿੰਘ ਹਰਿ ਕਾ ਰੂਪਨਾ॥30॥

ਗੁਰੂ ਪਾਤਿਸ਼ਾਹਾਂ ਦੇ ਸਹੀ ਨਾਂ ਕੌਣ ਪ੍ਰਚਲਿਤ ਕਰੇ? ਇਹ ਸਵਾਲ ਉਠਣਾ ਜ਼ਰੂਰੀ ਹੈ। ਕਰੋੜਾਂ ਰੁਪਿਆਂ ਤੋਂ ਵੀ ਵੱਧ ਦੇ ਬਜਟ ਵਾਲੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਸ਼੍ਰੋਮਣੀ ਕਮੇਟੀ ਦਾ ਮੁਢਲਾ ਫਰਜ਼ ਸੀ ਕਿ ਉਹ ਇਸ ਸੰਦਰਭ ਵਿਚ ਸਿੱਖਾਂ ਦੀ ਯੋਗ ਅਗਵਾਈ ਕਰਦੀ, ਪਰ ਅਜਿਹਾ ਨਾ ਹੋ ਸਕਿਆ। ਕੀ ਹੁਣ ਇਸ ਕਮੇਟੀ ਤੋਂ ਕੋਈ ਅਜਿਹੀ ਸੋਚ ਦੀ ਆਸ ਰੱਖੀ ਜਾ ਸਕਦੀ ਹੈ? ਆਸ ਤਾਂ ਜ਼ਰੂਰ ਹੈ, ਪਰ ਉਤਰ ਨਾਂਹ ਵਿਚ ਹੀ ਲੱਗਦਾ ਹੈ। ਸਿੱਖ ਰਹਿਤ ਮਰਯਾਦਾ ਬਣਾਉਣ ਤੋਂ ਹੁਣ ਤਕ ਸਿੱਖੀ ਦੇ ਮਸਲਿਆਂ ਵਿਚ ਸ਼੍ਰੋਮਣ ਕਮੇਟੀ ਨੇ ਜੋ ਕੀਤਾ ਹੈ, ਉਹ ਸਭ ਸਿੱਖ ਜਗਤ ਦੇ ਸਾਹਮਣੇ ਹੈ।

**ਫਿਰ ਕੀ ਕੀਤਾ ਜਾਵੇ?:** ਹਰ ਇੱਕ ਸਿੱਖ ਨੂੰ ਹੰਭਲਾ ਮਾਰਨਾ ਪਵੇਗਾ। ਭਾਵੇਂ ਕੋਈ ਪ੍ਰਚਾਰਕ ਹੈ, ਗੁਰਦੁਆਰਾ ਕਮੇਟੀ ਵਿਚ ਅਹੁਦੇਦਾਰ ਹੈ, ਕੋਈ ਆਪਣਾ ਰੇਡੀਓ ਚਲਾਉਂਦਾ ਹੈ, ਕੋਈ ਕਿਸੇ ਟੀ. ਵੀ. ਚੈਨਲ ਰਾਹੀਂ ਖਬਰਾਂ ਦਿੰਦਾ ਹੈ, ਕੋਈ ਅਖਬਾਰ ਛਾਪਦਾ ਹੈ, ਗੁਰਦੁਆਰੇ ਜਾ ਕੇ ਸਰੋਤਾ ਬਣਦਾ ਹੈ, ਭਾਵ ਹਰ ਸਿੱਖ ਨੂੰ, ਭਾਵੇਂ ਉਹ ਕਿਤੇ ਵੀ ਰਹਿੰਦਾ ਹੋਵੇ, ਗੁਰੂ ਪਾਤਿਸ਼ਾਹਾਂ ਦੇ ਸਹੀ ਨਾਂ ਲੈਣੇ ਚਾਹੀਦੇ ਹਨ ਅਤੇ ਆਪਣੇ ਪਰਿਵਾਰਾਂ ਵਿਚ ਹਰ ਇੱਕ ਨੂੰ ਇਹ ਸਹੀ ਨਾਂ ਪੱਕੇ ਕਰਾਉਣੇ ਚਾਹੀਦੇ ਹਨ।

## ਜੱਲ੍ਹਿਆਂਵਾਲਾ ਬਾਗ

ਉਨੀ ਸੌ ਉਨੀ ਦੀ ਵਿਸਾਖੀ ਵੀ ਅਜੀਬ ਸੀ,
ਤੇਰਾਂ ਅਪਰੈਲ ਸ਼ਾਮ ਢਲਣ ਦੇ ਕਰੀਬ ਸੀ।
ਰੋਲਟ ਐਕਟ ਦੇ ਵਿਰੋਧ 'ਚ ਇਕੱਠ ਸੀ ਹਜ਼ਾਰਾਂ ਦਾ,
ਮਸਲਾ ਸੀ ਇਹ ਸਾਡੇ ਸ਼ਹਿਰੀ ਅਧਿਕਾਰਾਂ ਦਾ।
ਸੈਫੂਦੀਨ, ਸਤਪਾਲ ਕੀਤੇ ਇਨ੍ਹਾਂ ਕੈਦ ਸਨ,
ਧੁਖ ਰਹੀ ਅੱਗ ਵੇਖ ਗੋਰੇ ਮੁਸਤੈਦ ਸਨ।
ਜੱਲ੍ਹਿਆਂਵਾਲੇ ਬਾਗ ਚਾਰੇ ਪਾਸੇ ਸੀ ਘਰ ਵਸਦੇ,
ਬਸ ਥੋੜ੍ਹੇ ਜਿੰਨੇ ਸਨ ਬੜੇ ਸੌੜੇ ਰਸਤੇ।
ਭਾਵੇਂ ਸੀ ਵਿਸਾਖੀ ਤਕਰੀਰਾਂ ਇਨਕਲਾਬੀ ਸਨ,
ਅਣਖੀ ਸੁਭਾਅ ਦੇ ਬਾਬੇ ਸਾਡੇ ਪੰਜਾਬੀ ਸਨ।

ਉਠ ਰਹੀ ਲਹਿਰ ਪਾਉਣੀ ਗੋਰਿਆਂ ਨੇ ਠੱਲ੍ਹ ਸੀ,
ਮਈ ਵਿਚ ਜਾਣਾ ਇਨ੍ਹਾਂ ਠੰਢੇ ਪਹਾੜਾਂ ਵੱਲ ਸੀ।
ਇਹ ਸੋਚ ਖੋਰੇ ਮੱਥਾ ਠਣਕਿਆ ਸੀ ਡਾਇਰ ਦਾ,
ਨਿਹੱਥੇ ਬੈਠੇ ਲੋਕਾਂ ਉਤੇ ਫੈਸਲਾ ਸੀ ਕਹਿਰ ਦਾ।
ਮਜਬੂਰ ਤੇ ਲਾਚਾਰ ਸਾਡੇ ਆਪਣੇ ਹੀ ਫੌਜੀ ਸਨ,
ਹੁਕਮ ਬਰਦਾਰੀ ਕਿਉਂਕਿ ਗੋਰੇ ਰੋਟੀ ਰੋਜ਼ੀ ਸਨ।
ਬਸ ਫੇਰ ਕੀ ਸੀ ਬਾਗ ਚਾਰੇ ਪਾਸੇ ਘੇਰਿਆ,
ਸੁਚੇਤ ਕੀਤੇ ਬਿਨਾ ਹੀ ਖੋਲ੍ਹ ਦਿੱਤਾ ਫੈ-ਰਿਆ।

ਭੱਜਣ ਵਾਲੇ ਰਸਤਿਆਂ 'ਤੇ ਰਖਿਆ ਨਿਸ਼ਾਨਾ ਸੀ,
ਵਿਉਂਤਬੰਦੀ ਐਸੀ ਵੱਧ ਹਾਨੀ ਹੋਵੇ ਜਾਨਾਂ ਦੀ।
ਜਾਨਾਂ ਨੂੰ ਬਚਾਉਣ ਖਾਤਰ ਖੂਹ 'ਚ ਛਾਲਾਂ ਮਾਰੀਆਂ,
ਇਕ ਉਤੇ ਦੂਜਾ ਡਿੱਗਾ ਵੱਜਣ ਕਿਲਕਾਰੀਆਂ।
ਖੋਰੇ ਕਿਹੜਾ ਖੂਨੀਆਂ ਨੂੰ ਚੜ੍ਹਿਆ ਖਰੂਦ ਸੀ,
ਉਦੋਂ ਬੰਦ ਕੀਤਾ ਜਦੋਂ ਮੁੱਕਿਆ ਬਾਰੂਦ ਸੀ।
ਹਜ਼ਾਰ ਤੋਂ ਵੱਧ ਮਾਰੇ ਹਜ਼ਾਰਾਂ ਹੋਏ ਜ਼ਖਮੀ,
ਪਰ ਏਸੇ ਸਾਕੇ ਤੋਂ ਅੱਗ ਸ਼ੁਰੂ ਹੋਈ ਭਖਣੀ।

ਕਰੋੜਾਂ ਹਿੰਦੁਸਤਾਨੀਆਂ ਦੇ ਛਲਣੀ ਸੀ ਕਾਲਜੇ,
ਪਰ ਕਈ ਖੁਦਗਰਜ਼ ਸਲੂਟ ਪਏ ਸੀ ਮਾਰਦੇ।
'ਸਰ' ਦੇ ਖਿਤਾਬ ਕਈਆਂ ਲਏ ਸਰਦਾਰਾਂ ਦੇ,
ਤਖਤਾਂ 'ਤੇ ਬੈਠੇ ਪੁੱਤ ਅੱਜ ਵੀ ਗੱਦਾਰਾਂ ਦੇ।
ਪਰ ਇਕ ਗੱਭਰੂ ਨੇ ਅੱਗ ਸੀਨੇ ਦੱਬ ਲਈ,
ਗੁਲਾਮੀ ਕੀ ਹੈ ਹੁੰਦੀ ਇਹਨੂੰ ਲੱਗਾ ਪਤਾ ਅੱਜ ਹੀ।
ਉਨੀ ਸੌ ਉਨੀ ਵਿਚ ਉਨੀਆਂ ਕੁ ਸਾਲ ਦਾ ਸੀ,
ਇੰਞਾਣੀ ਜਿਹੀ ਉਮਰੇ ਵੀ ਜਜ਼ਬਾ ਕਮਾਲ ਦਾ ਸੀ।
ਸ਼ੇਰਨੀ ਦਾ ਸ਼ੇਰ ਪੁੱਤ ਊਧਮ ਸਿੰਘ ਨਾਮ ਸੀ,
ਪੰਜਾਬੀ ਅਣਖੀਲਾ ਨਾਮ ਪਿੰਡ ਦਾ ਸੁਨਾਮ ਸੀ।
ਬੱਸ ਫੇਰ ਕੀ ਸੀ ਬਾਬੇ ਗਦਰੀਆਂ 'ਚ ਮਿਲ ਗਿਆ,
ਭਗਤ ਸਿੰਘ ਜਿਹੇ ਭੌਰੇ ਜਿੱਤ ਉਹਦਾ ਦਿਲ ਲਿਆ।

ਧਰਮ ਨਿਰਪੱਖ ਉਸ ਦੀ ਸੋਚ ਦਾ ਨਿਸ਼ਾਨ ਹੈ,
ਮੁਹੰਮਦ ਸਿੰਘ ਆਜ਼ਾਦ ਉਸ ਦਾ ਹੀ ਨਾਮ ਹੈ।
ਦਿਲ 'ਚ ਦੱਬੀ ਅੱਗ ਲੈ ਕੇ ਲੰਡਨ ਨੂੰ ਤੁਰ ਪਿਆ,
ਭੁੱਖਾ-ਭਾਣਾ ਜਿੰਦਾਂ ਵੀ ਸੀ ਮਿਸ਼ਨ ਉਹਦਾ ਰੁੜ੍ਹ ਪਿਆ।
ਉਨੀ ਸੌ ਚਾਲੀ ਮਾਰਚ ਤੇਰਾਂ ਹੀ ਤਰੀਕ ਸੀ,
ਭਰੀ ਪਿਸਤੌਲ ਨੂੰ ਕੋਈ ਵੱਖਰੀ ਉਡੀਕ ਸੀ।
ਅੱਖੀਂ ਰੱਤ ਚੜ੍ਹੀ ਜਦੋਂ ਤੱਕਿਆ ਓਡਵਾਇਰ ਨੂੰ,
ਚੀਤੇ ਵਾਂਗੂੰ ਟੁੱਟਿਆ ਤੇ ਖੋਲ੍ਹ ਦਿੱਤਾ ਫਾਇਰ ਨੂੰ।
ਭਰੀ ਸਭਾ ਵਿਚ ਸਾਡਾ ਸ਼ੇਰ ਲਲਕਾਰਿਆ,
ਆਓ ਮੈਨੂੰ ਫੜੋ ਮੈਂ ਓਡਵਾਇਰ ਝੋਡਾ ਮਾਰਿਆ।

ਇੱਕੀ ਸਾਲਾਂ ਤੋਂ ਸੀ ਜੀਹਨੂੰ ਫਿਰਦਾ ਇਹ ਭਾਲਦਾ,
ਕਰੋੜਾਂ ਹਿੰਦੁਸਤਾਨੀਆਂ ਦਾ ਠਾਰ ਦਿੱਤਾ ਕਾਲਜਾ।
ਆਖਰ ਇਕੱਤੀ ਜੁਲਾਈ ਮੌਤ ਰਾਣੀ ਨੂੰ ਵਿਆਹ ਲਿਆ,
ਪਰ ਗੋਰਾ ਰਾਜ ਧੁਰ ਅੰਦਰੋਂ ਹਿਲਾ ਗਿਆ।
ਮੌਤ ਨਾਲ ਪ੍ਰੀਤ ਜਿਹਦੀ ਉਹੀ ਲਲਕਾਰਦੇ,
ਕਫਨ ਵਾਲੀ ਪੱਗ ਫੇਰ ਸਜੇ ਸਰਦਾਰ ਦੇ...
ਕਫਨ ਵਾਲੀ ਪੱਗ ਫੇਰ ਸਜੇ ਸਰਦਾਰ ਦੇ।

*-ਹਰਪ੍ਰੀਤ ਗਿੱਲ, ਮੈਰੀਲੈਂਡ*
*ਫੋਨ: 410-340-3779*

# ਅਸੀਂ ਗੁਰੂ ਨਾਨਕ ਦੇ ਕੀ ਲੱਗਦੇ ਹਾਂ?

ਗੁਰੂ ਨਾਨਕ ਦੇਵ ਤੇ ਸਮੁੰਦਰੀ ਮਲਾਹ ਵਾਸਕੋ ਡੀਗਾਮਾ ਹਾਣੋ-ਹਾਣੀ ਸਨ। ਦੋਹਾਂ ਦਾ ਜਨਮ 1469 ਈਸਵੀ ਵਿਚ ਹੋਇਆ ਸੀ। 1969 ਵਿਚ ਦੋਹਾਂ ਦੀਆਂ ਪੰਜਵੀਆਂ ਜਨਮ ਸ਼ਤਾਬਦੀਆਂ ਧੂਮ ਧਾਮ ਨਾਲ ਮਨਾਈਆਂ ਗਈਆਂ। ਪੁਰਤਗਾਲ ਦੀ ਸਰਕਾਰ ਨੇ ਵਾਸਕੋ ਡੀਗਾਮਾ ਦੀ ਯਾਦ ਵਿਚ ਯਾਦਗਾਰੀ ਸਿੱਕੇ ਕੱਢੇ ਸਨ। ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਦੇ ਨਾਂ ਉਤੇ ਅੰਮ੍ਰਿਤਸਰ ਵਿਚ ਯੂਨੀਵਰਸਿਟੀ ਸਥਾਪਿਤ ਕੀਤੀ ਸੀ। ਸਮੇਂ ਦਾ ਗੇੜ ਵੇਖੋ ਕਿ ਪੂਰਬ ਵੱਲੋਂ ਗੁਰੂ ਨਾਨਕ ਦੇਵ 1496 ਵਿਚ ਉਦਾਸੀਆਂ ਦੇ ਪੰਧ ਪਏ ਅਤੇ ਪੱਛਮ ਵੱਲੋਂ ਵਾਸਕੋ ਡੀਗਾਮਾ 1497 'ਚ ਪੁਰਤਗਾਲ ਤੋਂ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਇੰਡੀਆ ਨੂੰ ਠਿੱਲ੍ਹਿਆ।

ਗੁਰੂ ਨਾਨਕ ਦੇਵ ਪੂਰਬ ਵਿਚ ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਚ ਜਨਮੇ ਸਨ, ਜਦ ਕਿ ਵਾਸਕੋ ਡੀਗਾਮਾ ਪੱਛਮ ਵਿਚ ਪੁਰਤਗਾਲ ਦੇ ਸ਼ਹਿਰ ਸਾਈਨਜ਼ ਵਿਚ ਜੰਮਿਆ ਸੀ। ਦੋਹਾਂ ਨੇ ਦੁਨੀਆਂ ਦਾ ਲੰਮਾ-ਚੌੜਾ ਸਫਰ ਕੀਤਾ। ਇਕ ਨੇ ਪੈਦਲ ਤੇ ਦੂਜੇ ਨੇ ਸਮੁੰਦਰੀ ਬੇੜਿਆਂ ਉਤੇ। ਅਣਜਾਣੇ ਰਾਹਾਂ ਦਾ ਉਹ ਸਫਰ ਹਜ਼ਾਰਾਂ ਕੋਹਾਂ ਦਾ ਸੀ। ਵਿਚਾਰਨ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਔਝੜ ਪੈਂਡਿਆਂ ਦਾ ਉਦੇਸ਼ ਕੀ ਸੀ? ਉਨ੍ਹਾਂ ਦੇ ਅਨੁਆਈਆਂ ਨੇ ਉਨ੍ਹਾਂ ਦੇ ਉਦੇਸ਼ ਉਤੇ ਕਿੰਨਾ ਕੁ ਅਮਲ ਕੀਤਾ? ਹੁਣ ਜਦੋਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹੈ, ਉਨ੍ਹਾਂ ਦੀਆਂ ਉਦਾਸੀਆਂ ਦੇ ਉਦੇਸ਼ ਨੂੰ ਅਪਨਾਉਣ ਦੀ ਕਿਤੇ ਵੱਧ ਲੋੜ ਹੈ।

ਬਾਲ ਨਾਨਕ ਪਾਂਧੇ ਤੇ ਮੌਲਵੀ ਤੋਂ ਅੱਖਰ ਪੜ੍ਹ ਕੇ ਡੰਗਰ ਚਾਰਨ ਲੱਗੇ ਸਨ। ਡੰਗਰ ਚਾਰਦਿਆਂ ਧੁੱਪੇ ਈ ਅੱਖ ਲੱਗ ਗਈ। ਮੱਝਾਂ ਰਾਏ ਬੁਲਾਰ ਦੀ ਪੈਲੀ ਵਿਚ ਵੜ ਗਈਆਂ। ਉਲਾਂਭੇ ਆਉਣ ਲੱਗੇ। ਪਿਤਾ ਮਹਿਤਾ ਕਾਲੂ ਨੇ ਆਪਣੇ ਪੁੱਤਰ ਨੂੰ ਲੀਹ ਉਤੇ ਪਾਉਣ ਲਈ ਵੀਹ ਰੁਪਈਏ ਦੇ ਕੇ ਕਿਹਾ, "ਜਾਹ ਨਾਨਕ, ਸੌਦਾ ਪੱਤਾ ਕਰ, ਖੱਟ ਕਮਾ।"

ਉਦੋਂ ਦੇ ਵੀਹ ਰੁਪਈਏ ਹੁਣ ਦੇ ਲੱਖਾਂ ਰੁਪਈਆਂ ਬਰਾਬਰ ਸਨ।

ਗੁਰੂ ਨਾਨਕ ਨੇ ਉਨ੍ਹਾਂ ਰੁਪਈਆਂ ਦਾ ਭੁੱਖੇ ਸਾਧੂਆਂ ਨੂੰ ਯਾਨਿ ਲੋੜਵੰਦਾਂ ਨੂੰ ਅੰਨ-ਪਾਣੀ ਛਕਾ ਦਿੱਤਾ। ਆਪਣੀ ਜਾਣੇ ਸੱਚਾ ਸੌਦਾ ਕਰ ਲਿਆ। ਕਾਰਲ ਮਾਰਕਸ ਦੀ ਵਿਚਾਰਧਾਰਾ 'ਯੋਗਤਾ ਅਨੁਸਾਰ ਕੰਮ ਤੇ ਲੋੜ ਅਨੁਸਾਰ ਵਸਤ' ਬਾਅਦ ਵਿਚ ਆਈ। ਗੁਰੂ ਨਾਨਕ ਦੀ ਸੱਚੇ ਸੌਦੇ ਵਾਲੀ ਮਿਸਾਲ ਨਾਲ ਲੋੜਵੰਦ ਲੋਕਾਂ ਨੂੰ ਖਾਣਾ ਖੁਆਉਣ ਦੀ ਪਿਰਤ ਪੈ ਗਈ, ਜਿਸ ਨੂੰ ਗੁਰੂ ਦੇ ਸਿੱਖਾਂ ਨੇ 'ਗੁਰੂ ਕਾ ਲੰਗਰ' ਨਾਂ ਦੇ ਦਿੱਤਾ। ਸ਼ੁਕਰ ਹੈ, ਉਹ ਪਿਰਤ ਅੱਜ ਵੀ ਕਾਇਮ ਹੈ। ਪਦਾਰਥਵਾਦ ਦੇ ਬੇਰੁਖੇ ਵਰਤਾਰਿਆਂ ਸਮੇਂ ਵੀ ਗੁਰਦੁਆਰਿਆਂ ਵਿਚ ਲੋੜਵੰਦਾਂ ਨੂੰ ਮੁਫਤ ਖਾਣਾ ਪਰੋਸਿਆ ਜਾਂਦੈ। ਉਥੇ ਜਾਤ ਬਰਾਦਰੀ ਨਹੀਂ ਵੇਖੀ ਜਾਂਦੀ। ਉਚ-ਨੀਚ ਨਹੀਂ ਪਰਖੀ ਜਾਂਦੀ। ਫਿਰ ਵੀ ਸਭ ਥਾਂਈਂ ਸਭ ਕੁਝ ਅੱਛਾ ਨਹੀਂ। ਗੁਰੂ ਦੇ ਸਿੱਖਾਂ ਨੂੰ ਆਪਣੀ ਅੰਤਰ ਆਤਮਾ ਅੰਦਰ ਝਾਤ ਮਾਰਨ ਦੀ ਲੋੜ ਹੈ।

ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਸੀ, ਪਰਾਇਆ ਹੱਕ ਨਾ ਮਾਰਨਾ, ਮਾਇਆ ਨਾਲ ਮੋਹ ਨਾ ਕਰਨਾ, ਮਾਇਆ 'ਚ ਖਚਿਤ ਨਾ ਹੋਣਾ, ਮਾਇਆ 'ਕੱਠੀ ਕਰਨ ਲਈ ਕਿਰਤੀਆਂ ਤੇ ਉਪਜਾਊ ਸਾਧਨਾਂ ਦੀ ਲੁੱਟ-ਖਸੁੱਟ ਨਾ ਕਰਨੀ ਅਤੇ ਸਾਰੀ ਉਮਰ ਮਾਇਆ ਖਾਤਰ ਹੀ ਪਾਪੜ ਨਾ ਵੇਲੀ ਜਾਣੇ। ਮਾਇਆ ਦੇ ਮਾੜੇ ਰੋਲ ਬਾਰੇ ਗੁਰੂ ਨਾਨਕ ਦੇਵ ਜੀ ਨੇ ਬਹੁਤ ਕੁਝ ਲਿਖਿਆ, ਜਿਸ ਦਾ ਤੱਤਸਾਰ ਹੈ, "ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥" ਸਰਲ ਅਰਥ ਹਨ, ਪਾਪਾਂ ਬਿਨਾ ਯਾਨਿ ਲੁੱਟ ਖੋਹ ਕਰੇ ਬਿਨਾ ਮਾਇਆ 'ਕੱਠੀ ਨਹੀਂ ਹੁੰਦੀ। ਜੋ ਫਿਰ ਵੀ 'ਕੱਠੀ ਕਰਨੋ ਨਹੀਂ ਟਲਦੇ, ਮਰਨ ਵੇਲੇ ਉਹ ਉਨ੍ਹਾਂ ਦੇ ਨਾਲ ਨਹੀਂ ਜਾਂਦੀ। ਚੰਗਾ ਰਹੇ ਜੇ ਬੰਦਾ ਕਿਰਤ ਕਰੇ, ਵੰਡ ਛਕੇ ਤੇ ਨਾਮ ਜਪੇ। ਸਰਬੱਤ ਦਾ ਭਲਾ ਇਸੇ ਵਿਚ ਹੀ ਹੈ। ਇਸ ਉਦੇਸ਼ ਦੇ ਪ੍ਰਚਾਰ ਲਈ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਭਾਵ ਚਾਰ ਲੰਮੇ ਸਫਰ ਕੀਤੇ। ਬਾਣੀ ਰਚੀ, ਗਾਈ, ਗੋਸ਼ਟਾਂ ਕੀਤੀਆਂ ਅਤੇ ਕਹੀਆਂ ਗੱਲਾਂ ਉਤੇ ਖੁਦ ਅਮਲ ਕਰ ਕੇ ਵਿਖਾਇਆ।

ਸੁਆਲ ਪੈਦਾ ਹੁੰਦੈ, ਕੀ ਗੁਰੂ ਦੇ ਸਿੱਖ ਗੁਰਬਾਣੀ 'ਤੇ ਖੁਦ ਅਮਲ ਕਰ ਰਹੇ ਹਨ? ਕਿਤੇ ਪਖੰਡ ਤਾਂ ਨਹੀਂ ਕਰ ਰਹੇ? ਗੁਰਾਂ ਦਾ ਬਚਨ ਹੈ, "ਛੋਡੀਲੇ ਪਾਖੰਡਾ॥"

ਦੂਜਾ ਪਾਸਾ ਦੇਖੋ। ਵਾਸਕੋ ਡੀਗਾਮਾ ਅਣਗੌਲਿਆ ਬੱਚਾ ਸੀ। ਉਹਦੀ ਜਨਮ ਤਾਰੀਖ ਦਾ ਅਜੇ ਵੀ ਪੱਕਾ ਪਤਾ ਨਹੀਂ। ਏਨਾ ਕੁ ਪਤਾ ਲੱਗ ਸਕਿਆ ਕਿ ਉਹ 1460ਵਿਆਂ ਵਿਚ ਜੰਮਿਆ ਸੀ। ਉਹਦਾ ਜਨਮ ਸਾਲ ਅਟੇ-ਸਟੇ ਨਾਲ ਹੀ 1469 ਲਿਖਿਆ ਗਿਆ, ਜੋ ਸਬੱਬ ਨਾਲ ਗੁਰੂ ਨਾਨਕ ਦੇਵ ਦਾ ਅਸਲੀ ਜਨਮ ਸਾਲ ਹੈ। ਮਲਾਹਗੀਰੀ ਉਹਦਾ ਸ਼ੌਕ ਸੀ। ਜਾਨ ਜੋਖੋਂ ਵਾਲਾ ਸੀ। ਖਤਰੇ ਸਹੇੜਨ ਵਾਲਾ। ਜੁਆਨ ਹੋਇਆ ਤਾਂ ਪੁਰਤਗਾਲ ਦੇ ਬਾਦਸ਼ਾਹ ਨੇ ਉਸ ਨੂੰ ਸਮੁੰਦਰੀ ਬੇੜਾ ਦੇ ਕੇ ਇੰਡੀਆ ਲੱਭਣ ਲਈ ਭੇਜਿਆ। ਉਸ ਦਾ ਉਦੇਸ਼ ਸੀ, ਨਵਾਂ ਮੁਲਕ ਲੱਭਣਾ, ਵਣਜ ਵਪਾਰ ਕਰਨਾ ਤੇ ਦੌਲਤ ਨਾਲ ਮਾਲਾਮਾਲ ਹੋਣਾ। ਇਹ ਉਦੇਸ਼ ਗੁਰੂ ਨਾਨਕ ਦੇਵ ਜੀ ਦੇ ਉਦੇਸ਼ ਦੇ ਬਿਲਕੁਲ ਉਲਟ ਸੀ।

ਵਾਸਕੋ ਡੀਗਾਮਾ ਨੇ ਇੰਡੀਆ ਨੂੰ ਪਹਿਲਾ ਸਮੁੰਦਰੀ ਬੇੜਾ 8 ਜੁਲਾਈ 1497 ਨੂੰ ਠੇਲ੍ਹਿਆ। ਉਹ 20 ਮਈ 1498 ਨੂੰ ਕਾਲੀਕਟ ਪੁੱਜਾ। ਗੁਰੂ ਨਾਨਕ ਦੇਵ ਵਾਂਗ ਨਾ ਕਿਸੇ ਨਾਲ ਗੋਸ਼ਟ ਕੀਤੀ, ਨਾ ਜੀਵਨ ਦਾ ਉਦੇਸ਼ ਦੱਸਿਆ, ਨਾ ਜੀਵਨ ਦੀ ਬੰਦਖਲਾਸੀ ਦਾ ਰਾਹ ਦੱਸਿਆ। ਇੰਡੀਆ ਪੁੱਜਾ ਤੇ ਮਸਾਲਿਆਂ ਦੇ ਬੇੜੇ ਭਰ ਕੇ ਯੂਰਪ ਵਿਚ ਮਹਿੰਗੇ ਭਾਅ ਵੇਚਣ ਲਈ ਲੈ ਗਿਆ। ਗੁਰੂ ਨਾਨਕ ਦਾ ਉਦੇਸ਼ ਮਾਇਆ ਤੋਂ ਮੁਕਤ ਸਚਿਆਰਾ ਜੀਵਨ ਜਿਉਣਾ ਸੀ, ਜਦ ਕਿ ਵਾਸਕੋ ਡੀਗਾਮਾ ਨੂੰ ਭੇਜਣ ਵਾਲੇ ਬਾਦਸ਼ਾਹ ਦਾ ਮੰਤਵ ਬਹੁਤੀ ਮਾਇਆ 'ਕੱਠੀ ਕਰਨਾ ਸੀ। ਵਾਸਕੋ ਡੀਗਾਮਾ ਨੇ ਚਾਰ ਗੇੜੇ ਲਾਏ ਤੇ ਚੌਥਾ ਗੇੜਾ ਲਾਉਂਦਿਆਂ 24 ਦਸੰਬਰ 1524 ਨੂੰ ਇੰਡੀਆ ਦੇ ਸ਼ਹਿਰ ਕੋਚੀ ਵਿਚ ਚਲਾਣਾ ਕਰ ਗਿਆ। ਉਸ ਦੀ ਦੇਹ ਦਫਨਾ ਕੇ ਪਹਿਲਾਂ ਉਹਦੀ ਕਬਰ ਕੋਚੀ 'ਚ ਹੀ ਬਣਾਈ ਗਈ, ਫਿਰ 1939 ਵਿਚ ਦੇਹ ਪੁਰਤਗਾਲ ਲਿਜਾ ਕੇ ਦਫਨਾਈ ਗਈ।

ਗੁਰੂ ਨਾਨਕ ਦੇਵ ਜੀ ਨੇ ਵੀ ਚਾਰ ਉਦਾਸੀਆਂ ਭਾਵ ਚਾਰ ਚੱਕਰ ਲਾਏ। ਫਿਰ ਕਰਤਾਰਪੁਰ ਵਸਾਇਆ, ਖੁਦ ਖੇਤੀ ਕੀਤੀ, ਲੰਗਰ ਲਾਏ ਅਤੇ 1539 ਵਿਚ ਕਰਤਾਰਪੁਰ ਵਿਖੇ ਜੋਤੀ ਜੋਤਿ ਸਮਾਏ, ਜਿਥੋਂ ਦੇ ਲਾਂਘੇ ਦੀਆਂ ਗੱਲਾਂ ਅੱਜ ਕੱਲ੍ਹ ਚਰਚਾ ਦਾ ਵਿਸ਼ਾ ਹਨ।

**ਗੁਰੂ ਨਾਨਕ ਦੇਵ ਜੀ ਨੇ ਵੀ ਚਾਰ ਉਦਾਸੀਆਂ ਭਾਵ ਚਾਰ ਚੱਕਰ ਲਾਏ। ਫਿਰ ਕਰਤਾਰਪੁਰ ਵਸਾਇਆ, ਖੁਦ ਖੇਤੀ ਕੀਤੀ, ਲੰਗਰ ਲਾਏ ਅਤੇ 1539 ਵਿਚ ਕਰਤਾਰਪੁਰ ਵਿਖੇ ਜੋਤੀ ਜੋਤਿ ਸਮਾਏ, ਜਿਥੋਂ ਦੇ ਲਾਂਘੇ ਦੀਆਂ ਗੱਲਾਂ ਅੱਜ ਕੱਲ੍ਹ ਚਰਚਾ ਦਾ ਵਿਸ਼ਾ ਹਨ।**

ਸਮੇਂ ਦਾ ਗੇੜ ਵੇਖੋ, ਵਾਸਕੋ ਡੀਗਾਮਾ ਨੂੰ ਬਿਖੜੇ ਪੈਂਡਿਆਂ 'ਤੇ ਪਾਉਣ ਵਾਲਿਆਂ ਦੇ ਲੋਟੂ ਟੋਲੇ ਸਮੇਂ ਨਾਲ ਗਲੋਬਲਾਈਜੇਸ਼ਨ ਤਕ ਪੁੱਜਦਿਆਂ ਮਲਟੀਨੈਸ਼ਨਲ ਕੰਪਨੀਆਂ ਬਣਾ ਕੇ ਕੁਲ ਦੁਨੀਆਂ ਦੀ ਦੌਲਤ ਲੁੱਟ ਰਹੇ ਤੇ ਮਾਇਆ 'ਕੱਠੀ ਕਰਨ ਡਹੇ ਹਨ। ਮਾਇਆ 'ਕੱਠੀ ਕਰਨ ਲਈ ਉਹ ਜੰਗੀ ਹਥਿਆਰ ਬਣਾ ਰਹੇ, ਮੁਲਕਾਂ ਨੂੰ ਪਾੜ ਰਹੇ, ਆਪਸ 'ਚ ਲੜਾ ਰਹੇ, ਮਾਰੂ ਨਸ਼ੇ ਚਲਾ ਰਹੇ, ਦਹਿਸ਼ਤ ਫੈਲਾ ਰਹੇ, ਵੱਡੇ ਸ਼ਾਪਿੰਗ ਮਾਲ ਬਣਾ ਰਹੇ, ਵਣਜ ਵਪਾਰ ਵਧਾ ਰਹੇ, ਕਰੰਸੀ ਦੀ ਖੇਡ ਖੇਡ ਰਹੇ ਅਤੇ ਲੋਕਰਾਜਾਂ ਦੀ ਪੱਟੀ ਮੇਸ ਕਰਨ ਲਈ ਵੋਟਾਂ ਵੇਚ-ਵੱਟ ਰਹੇ ਨੇ! ਲੋਕਾਈ ਬਲਦੀ ਦੇ ਮੂੰਹ ਦੇ ਰੱਖੀ ਹੈ, ਉਨ੍ਹਾਂ ਨੇ।

ਏਧਰ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਵੱਲ ਨਜ਼ਰ ਮਾਰੋ। ਕੀ ਉਹ ਆਪਣੇ ਗੁਰੂ ਦੇ ਦਰਸਾਏ ਮਾਰਗ ਉਤੇ ਚੱਲ ਰਹੇ ਨੇ ਜਾਂ ਉਹ ਵੀ ਵਾਸਕੋ ਡੀਗਾਮਾ ਦੇ ਚੇਲੇ ਬਣ ਗਏ ਹੋਏ ਨੇ! ਕਿਤੇ 'ਰਾਜ ਨਹੀਂ ਸੇਵਾ' ਦੇ ਨਾਂ ਉਤੇ ਨੋਟਾਂ ਨਾਲ ਰਾਜ ਲੈਣ ਤੇ ਰਾਜ ਨਾਲ ਨੋਟ 'ਕੱਠੇ ਕਰਨ ਦਾ ਡਰਾਮਾ ਤਾਂ ਨਹੀਂ ਕਰੀ ਜਾ ਰਹੇ?

ਕੁਝ ਸਾਲ ਪਹਿਲਾਂ ਮੈਂ ਸਿਆਟਲ ਕਬੱਡੀ ਟੂਰਨਾਮੈਂਟ ਦੀ ਕੁਮੈਂਟਰੀ ਕਰਨ ਗਿਆ। ਕੁਮੈਂਟਰੀ ਕਰਦਿਆਂ ਮੈਥੋਂ ਕਿਹਾ ਗਿਆ ਕਿ ਕੰਪਿਊਟਰ ਸਾਫਟਵੇਅਰ ਵਾਲਾ ਬਿੱਲ ਗੇਟਸ ਇਸੇ ਸ਼ਹਿਰ ਦਾ ਹੀ ਹੈ। ਉਹ ਸਭ ਤੋਂ ਵੱਡਾ ਇੰਪਲਾਇਰ ਹੈ। ਉਹਦੀ ਸਾਲਾਨਾ ਆਮਦਨ 90 ਬਿਲੀਅਨ ਡਾਲਰ ਤੋਂ ਵੱਧ ਐ। ਇਕ ਬੰਦਾ ਮੇਰੇ ਕੋਲ ਆਇਆ ਤੇ ਆਖਣ ਲੱਗਾ, "ਬਿੱਲ ਗੇਟਸ ਨਹੀਂ, ਸਭ ਤੋਂ ਵੱਡਾ ਇੰਪਲਾਇਰ ਐ ਗੁਰੂ ਗ੍ਰੰਥ ਸਾਹਿਬ। ਸਾਡਾ ਮਹਾਰਾਜ। ਉਹਦੀ ਸਾਲਾਨਾ ਆਮਦਨ ਦੇ ਤਾਂ ਬਿਲ ਗੇਟਸ ਪਾ ਪਾਸਕ ਵੀ ਨਹੀਂ।"

ਮੈਂ ਕਿਹਾ, "ਮਹਾਰਾਜ ਤਾਂ ਮਾਇਆ ਤੋਂ ਮੁਕਤੀ ਦਾ ਮਾਰਗ ਦੱਸਦੇ ਨੇ। ਮੈਨੂੰ ਤੁਹਾਡੀ ਗੱਲ ਦੀ ਸਮਝ ਨਹੀਂ ਆਈ।"

ਉਸ ਨੇ ਗੱਲ ਸਮਝਾਈ, ਅਖੇ! ਸਾਡੇ ਮਹਾਰਾਜ ਦੇ ਵੀ ਅਨੇਕਾਂ ਏਜੰਟ ਨੇ, ਜਿਨ੍ਹਾਂ ਵਾਸਕੋ ਡੀਗਾਮਾ ਵਾਂਗ ਵਪਾਰੀ ਬਣ ਕੇ ਗੁਰਬਾਣੀ ਹੀ ਵੇਚਣੀ ਲਾ ਛੱਡੀ ਐ! ਵੇਖ ਲਓ ਹਜ਼ਾਰਾਂ ਗੁਰਦੁਆਰੇ ਜਥੇਦਾਰਾਂ ਤੇ ਸੇਵਾਦਾਰਾਂ ਨੇ ਕਮਾਈ ਦੇ ਸਟੋਰ ਬਣਾ ਛੱਡੇ ਨੇ। ਉਥੇ ਪਾਠ ਵਿਕਦੇ ਨੇ, ਕੀਰਤਨ ਵਿਕੀ ਜਾਂਦੈ, ਕਥਾ ਵਿਕਦੀ ਐ, ਕਾਰ ਸੇਵਾ ਵਿਕਦੀ ਐ, ਕੀ ਨਹੀਂ ਵਿਕਦਾ ਉਥੇ? ਅਗਲਿਆਂ ਨੇ ਅਰਦਾਸ ਦੀ ਵੀ ਭੇਟਾ/ਫੀਸ ਲਾ ਰੱਖੀ ਐ। ਢੋਲਕੀਆਂ ਵਾਜੇ, ਢੱਡ ਸਾਰੰਗੀਆਂ-ਗੱਲ ਕੀ ਸਾਰੇ ਸਾਜ਼ ਬਾਜ ਈ ਪੌਂਡ ਪੌਂਡ, ਡਾਲਰ ਡਾਲਰ ਕੂਕੀ ਜਾਂਦੇ ਨੇ। ਦਰਬਾਰ ਸਾਹਿਬ ਜਾ ਕੇ ਦੇਖ ਲਓ। ਘੱਟ ਮਾਇਆ ਨਾਲ ਮੱਥਾ ਟੇਕੋ ਤਾਂ ਚੱਲੋ ਅਗਾਂਹ। ਵੱਧ ਮਾਇਆ ਨਾਲ ਮੱਥਾ ਟੇਕੋ ਤਾਂ ਅਗਲੇ ਸਿਰੋਪਾਓ ਬਖਸ਼ਦੇ ਨੇ!

ਕੌਣ ਪੁੱਛਦੈ ਕਿ ਗੁਰੂ ਨਾਨਕ ਦੇਵ ਜੀ ਨੇ ਤਾਂ ਮਲਕ ਭਾਗੋ ਦੇ ਮਾਲ੍ਹ ਪੂੜਿਆਂ ਦੀ ਥਾਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਪਹਿਲ ਦਿੱਤੀ ਸੀ। ਉਨ੍ਹਾਂ ਸ਼ਬਦ ਉਚਾਰਿਆ ਸੀ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥

ਅਜੇ ਵੀ ਵੇਲਾ ਹੈ, ਪਖੰਡ ਛੱਡਣ ਦਾ, ਆਪਣੇ ਗੁਰੂ ਦੇ ਲੜ ਲੱਗਣ ਦਾ, ਨਾ ਕਿ ਗੁਰੂ ਨਾਨਕ ਤੋਂ ਬੇਮੁਖ ਹੋ ਕੇ ਵਾਸਕੋ ਡੀਗਾਮਾ ਦੇ ਪਿਛਲੱਗ ਬਣਨ ਦਾ, ਅਤੇ ਮਾਇਆ ਦੇ ਟੋਟੇ ਚੜ੍ਹ ਕੇ ਖੱਜਲ ਖੁਆਰ ਹੋਈ ਜਾਣ ਦਾ। ਨਹੀਂ ਤਾਂ ਫਿਰ ਅਸੀਂ ਗੁਰੂ ਨਾਨਕ ਦੇ ਕੀ ਲੱਗਦੇ ਹਾਂ?

# ਪੰਜਾਬ: ਉਦੋਂ, ਹੁਣ ਤੇ ਭਵਿੱਖ

ਇਕ ਦਿਨ ਅਸੀਂ ਆਪਣੇ ਪਿੰਡ ਦੁਪਾਲਪੁਰ ਗਏ। ਘੜੀ ਪਲ ਘਰ ਬੈਠੇ ਤੇ ਨੈੜੀ ਦੇਖਣ ਚਲੇ ਗਏ। ਉਥੋਂ ਫਿਰ ਸਤਿਲੁਜ ਦੇ ਦਰਸ਼ਨ ਕਰਨ ਚਲੇ ਗਏ। ਆਪਣੇ ਇਤਿਹਾਸ ਦੇ ਜਾਮਨ, ਸਤਿਲੁਜ ਦੇ ਸਾਹਮਣੇ ਜਾ ਕੇ, ਹਰਮਨ ਹੈਸ ਦੇ ਨਾਵਲ 'ਸਿਧਾਰਥ' ਦੀ ਇਬਾਰਤ ਦਿਲੋ ਦਿਮਾਗ 'ਤੇ ਬਦੋਬਦੀ ਉਕਰੀ ਜਾਂਦੀ ਹੈ; ਤੇ ਨਾਲ ਆਪਣੇ ਬਚਪਨ ਤੇ ਬਜ਼ੁਰਗਾਂ ਦਾ ਚੇਤਾ ਮਨ ਵਿਚ ਫਿਲਮ ਵਾਂਗ ਚੱਲ ਪੈਂਦਾ ਹੈ।



ਕਿੰਨੇ ਵਰ੍ਹੇ ਪਿੰਡ ਦੇ ਕਈ ਪਰਿਵਾਰ 'ਕੱਠੇ ਹੋ ਕੇ ਮਾਛੂਵਾੜੇ ਦੀ ਸਭਾ ਦੇਖਣ ਜਾਂਦੇ

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਹੋਏ, ਸਤਿਲੁਜ ਵਿਚੋਂ ਪੈਦਲ ਲੰਘਦੇ ਸਾਂ ਤੇ ਪ੍ਰੋ. ਮੋਹਨ ਸਿੰਘ ਦੀ ਕਵਿਤਾ ਯਾਦ ਕਰਦੇ ਸਾਂ:

ਗਿੱਟੇ ਗਿੱਟੇ ਪਾਣੀ, ਗੋਡੇ ਗੋਡੇ ਪਾਣੀ,
ਲੱਕ ਲੱਕ ਤਾਣੀ, ਚੜ੍ਹ ਗਿਆ ਪਾਣੀ।
ਲੱਕ ਲੱਕ ਤਾਣੀ, ਗੋਡੇ ਗੋਡੇ ਪਾਣੀ,
ਗਿੱਟੇ ਗਿੱਟੇ ਪਾਣੀ, ਲਹਿ ਗਿਆ ਪਾਣੀ।

ਕਦੇ ਕਦੇ ਸਤਿਲੁਜ ਵਿਚ ਪਾਣੀ ਚੜ੍ਹਿਆ ਹੋਣਾ ਤਾਂ ਬੇੜੀ ਰਾਹੀਂ ਪਾਰ ਲੰਘਦੇ ਸਾਂ। ਹਲਕੇ ਹਲਕੇ ਪਾਣੀ ਵਿਚੋਂ ਲੰਘ ਕੇ ਬੇੜੀ ਵਿਚ ਸਵਾਰ ਹੁੰਦੇ ਸਾਂ। ਬਜ਼ੁਰਗ ਮਲਾਹ ਬਾਂਸ ਦੀ ਮਦਦ ਨਾਲ ਬੇੜੀ ਠੇਲ੍ਹਣ ਲੱਗਿਆਂ ਸਭ ਨੂੰ ਵਾਹਿਗੁਰੂ ਦਾ ਜਾਪ ਕਰਨ ਲਈ ਆਖਦਾ। ਲੱਗਦਾ, ਜਿਵੇਂ ਭਵਜਲ ਪਾਰ ਕਰਨ ਲੱਗੇ ਹੋਈਏ।

ਕੁਝ ਯਾਦ ਜਿਹਾ ਨਹੀਂ ਕਿ ਅਸੀਂ ਅੱਧ ਵਿਚਾਲੇ ਜਾ ਕੇ ਕਿਉਂ ਇਸ ਵਿਚ ਟੁੱਭੀ, ਤਿੱਕੀ ਰੋੜ੍ਹ ਦਿੰਦੇ ਸਾਂ। ਸ਼ਾਇਦ ਅਸੀਂ ਅਨੰਦਪੁਰ ਸਾਹਿਬ ਨੂੰ ਇਸ ਤਰ੍ਹਾਂ ਨਤਮਸਤਕ ਹੁੰਦੇ ਹੋਈਏ, ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਈਏ ਜਾਂ ਵੈਸੇ ਹੀ ਅਥਾਹ ਪਾਣੀਆਂ ਦੇ ਭੈਅ ਕਾਰਨ ਅਜਿਹਾ ਕਰਦੇ ਹੋਈਏ। ਉਹ ਸਾਡਾ ਬੜਾ ਹੀ ਵਿਚਿੱਤਰ ਅਤੇ ਸਰਬਾਂਗੀ ਅਹਿਸਾਸ ਹੁੰਦਾ ਸੀ।

ਪਾਰ ਪੁੱਜਦੇ ਸਾਰ ਮਲਾਹ ਹਾਲੇ ਸਾਡੇ ਤੋਂ ਦਸ ਦਸ ਪੈਸੇ 'ਕੱਠੇ ਕਰ ਹੀ ਰਿਹਾ ਹੁੰਦਾ ਕਿ ਦੂਜੇ ਪਾਸੇ ਇੱਕ ਹੋਰ ਪੂਰ ਜੁੜ ਜਾਂਦਾ ਤੇ ਮਲਾਹ ਦਾ ਬੇਟਾ ਹਾਕਾਂ ਮਾਰਨ ਲੱਗ ਪੈਂਦਾ, "ਏ ਬਾਬੇ, ਆ ਜੋ, ਆ ਜੋ, ਆ ਜੋ, ਦੁਨੀਆਂ ਬੜੀ ਹੋ ਗਈ।"


ਅਸੀਂ ਘਰੇ ਆ ਕੇ ਕਈ ਦਿਨ ਇਕ ਦੂਜੇ ਨੂੰ ਛੇੜਦੇ ਤੇ ਖਿਝਾਉਂਦੇ ਰਹਿੰਦੇ, "ਏ ਬਾਬੇ, ਆ ਜੋ, ਆ ਜੋ!"

ਪਰ ਹੁਣ ਜਦ ਵੀ ਅਸੀਂ ਪਿੰਡ, ਨੈੜੀ ਅਤੇ ਸਤਿਲੁਜ 'ਤੇ ਜਾਂਦੇ ਹਾਂ ਤਾਂ ਖੁਸ਼ ਹੋਣ ਦੇ ਨਾਲ ਨਾਲ ਇੱਕ ਝੋਰਾ ਜਿਹਾ ਵੀ ਨਾਲ ਲੈ ਆਉਂਦੇ ਹਾਂ। ਇਸ ਝੋਰੇ ਦਾ ਕੁਝ ਵੀ ਪਤਾ ਨਹੀਂ ਲੱਗਦਾ ਕਿ ਇਹ ਕਾਹਦਾ ਹੈ। ਪਤਾ ਨਹੀਂ ਅਸੀਂ ਕੀ ਗੁਆ ਲਿਆ ਹੈ ਜਾਂ ਸਾਡਾ ਉਥੇ ਕੀ ਰਹਿ ਗਿਆ ਹੈ।

ਇਸ ਵਾਰ ਸਤਿਲੁਜ ਦੇ ਬੰਨ੍ਹ 'ਤੇ ਦੇਖਿਆ ਕਿ ਨੇੜੇ ਦੇ ਪਿੰਡ ਤਾਜੋਵਾਲ ਦੇ ਸਰਕਾਰੀ ਸਕੂਲ ਵਿਚ ਪੜ੍ਹਦੀ ਮਜ਼ਦੂਰ ਪਰਿਵਾਰ ਦੀ ਬੱਚੀ ਤਿੰਨ ਇੱਟਾਂ ਵਾਲੇ ਚੁੱਲ੍ਹੇ 'ਤੇ ਦਾਲ ਰਿੰਨ੍ਹ ਰਹੀ ਸੀ। ਉਸ ਦੇ ਮਾਂ-ਬਾਪ ਕੰਮ 'ਤੇ ਗਏ ਹੋਏ ਸਨ ਤੇ ਉਹ ਆਪਣੇ ਭੈਣਾਂ-ਭਰਾਵਾਂ ਸੰਗ ਘਰ ਸੰਭਾਲ ਰਹੀ ਸੀ।

ਇਹ ਘਰ ਦਰਅਸਲ ਇੱਕ ਛੰਨ ਸੀ, ਜਿਸ ਦਾ ਕੋਈ ਦਰਵਾਜਾ ਨਹੀਂ ਹੁੰਦਾ। ਇੱਕ ਪਾਸੇ ਰੱਖਿਆ ਰੇਡੀਓ ਵੱਜ ਰਿਹਾ ਸੀ। ਇੱਕ ਨਿੱਕੀ ਜਿਹੀ ਬਾਲੜੀ ਨਿੱਕੇ ਨਿੱਕੇ ਕਤੂਰਿਆਂ ਨਾਲ ਖੇਡ ਰਹੀ ਸੀ, ਜਿਵੇਂ ਉਹ ਉਨ੍ਹਾਂ ਦੀ ਮਾਂ ਹੋਵੇ। ਦੋ ਲੜਕੇ ਰੁੱਖ ਨਾਲ ਬੰਨ੍ਹੇ ਰੱਸੇ ਅਤੇ ਡੰਡੇ ਨਾਲ ਲਟਕ ਲਟਕ ਕੇ ਲਾਟੂ ਵਾਂਗ ਘੁੰਮ ਘੁੰਮ ਕੇ ਮਸਤੀ ਕਰ ਰਹੇ ਸਨ।

ਵੱਡੀ ਲੜਕੀ ਅੰਗਰੇਜ਼ੀ ਵੀ ਜਾਣਦੀ ਸੀ। ਮੈਂ ਉਸ ਨਾਲ ਗੱਲਾਂ ਕਰਨ ਲੱਗ ਪਿਆ। ਉਸ ਨਾਲ ਗੱਲਾਂ ਕਰਦਿਆਂ ਭੋਰਾ ਵੀ ਸ਼ੱਕ ਨਹੀਂ ਸੀ ਪੈ ਰਿਹਾ ਕਿ ਇਹ ਲੜਕੀ ਬਿਹਾਰਨ ਹੈ।



ਮੇਰੇ ਬੇਟੇ ਨੇ ਉਸ ਨੂੰ ਕਿਤਾਬ ਦਿੱਤੀ ਤੇ ਮੈਂ ਇਨ੍ਹਾਂ ਬੱਚਿਆਂ ਦੇ ਹੱਥ ਤਿਲ-ਫੁੱਲ ਜਿਹਾ ਧਰ ਕੇ ਅੱਛਾ ਅੱਛਾ ਜਿਹਾ ਮਹਿਸੂਸ ਕੀਤਾ; ਜਿਵੇਂ ਮੈਂ ਪਹਿਲੀ ਵਾਰ ਕੋਈ ਚੱਜ ਦਾ ਕੰਮ ਕੀਤਾ ਹੋਵੇ।

ਜਿਸ ਤਰ੍ਹਾਂ ਘਰ ਘਰ ਬਿਊਟੀ-ਪਾਰਲਰ ਖੁੱਲ੍ਹੇ ਸਨ, ਹੁਣ ਆਈਲੈਟਸ ਸੈਂਟਰ ਖੁੱਲ੍ਹਦੇ ਜਾ ਰਹੇ ਹਨ, ਜਿੱਥੇ ਸਾਡੇ ਬੱਚੇ ਅੰਗਰੇਜ਼ੀ ਨੂੰ ਮੂੰਹ ਮਾਰਦੇ ਮਾਰਦੇ ਅਮਰੀਕਾ, ਕੈਨੇਡਾ ਦੇ ਸੁਪਨੇ ਲੈਂਦੇ ਹਨ।

ਸਾਡੀਆਂ ਕੁੜੀਆਂ ਦੀ ਪੰਜਾਬੀਅਤ ਬਿਊਟੀ-ਪਾਰਲਰਾਂ ਨੇ ਨਿਗਲ ਲਈ ਤੇ ਮੁੰਡਿਆਂ ਦੀ ਆਈਲੈਟਸ ਸੈਂਟਰਾਂ ਨੇ ਚੱਟਮ ਕਰ ਦਿੱਤੀ।

ਪੰਜਾਬੀ ਮਾਸੂਮੀਅਤ ਵਿਚ ਬੱਸਾਂ, ਟਰੱਕਾਂ ਤੇ ਟਰੈਕਟਰਾਂ 'ਤੇ ਵੱਜਦੇ ਬੇਹੂਦਾ ਗਾਣਿਆਂ ਨੇ ਜ਼ਹਿਰ ਭਰ ਦਿੱਤੀ ਹੈ। ਪੰਜਾਬ ਪੰਜਾਬੀਆਂ ਤੋਂ ਖੋਹਿਆ ਜਾ ਰਿਹਾ ਹੈ ਜਾਂ ਪੰਜਾਬੀ ਪੰਜਾਬ ਤੋਂ ਖੋਹੇ ਜਾ ਰਹੇ ਹਨ; ਕੁਝ ਕਿਹਾ ਨਹੀਂ ਜਾ ਸਕਦਾ। ਜੋ ਕੁਝ ਵੀ ਹੈ, ਆਉਣ ਵਾਲੇ ਪੰਜਾਬੀ ਇਹੀ ਹਨ; ਕਿਉਂਕਿ ਭਵਿੱਖ ਹਮੇਸ਼ਾ ਕਿਰਤੀਆਂ ਦੇ ਹੱਥ ਹੁੰਦਾ ਹੈ, ਸਾਡੇ ਜਿਹੇ ਨਿਕੰਮੇ ਵਿਹਲੜਾਂ ਦੇ ਹੱਥ ਨਹੀਂ।

ਇਤਿਹਾਸ ਕਿਸੇ ਨੂੰ ਪੁੱਛ-ਦੱਸ ਕੇ ਨਹੀਂ ਬਦਲਦਾ। ਆਓ, ਇਸ ਨੂੰ ਸਵੀਕਾਰ ਕਰੀਏ ਤੇ ਆਉਣ ਵਾਲੇ ਪੰਜਾਬ ਦੀ ਮਿਹਨਤਕਸ਼ ਪੰਜਾਬਣ ਬਾਲੜੀ ਦੇ ਦੀਦਾਰ ਕਰੀਏ, ਉਸ ਦੇ ਸਿਰ 'ਤੇ ਹੱਥ ਧਰ ਕੇ ਅਸ਼ੀਰਵਾਦ ਦੇਈਏ ਤੇ ਉਮੀਦ ਕਰੀਏ ਕਿ ਇਹ ਬੱਚੇ ਸਾਡੇ ਪੰਜਾਬ ਨੂੰ ਸਾਡੇ ਵਾਂਗ ਉਜਾੜਨ ਨਹੀਂ ਦੇਣਗੇ। ਨਾਲ ਵਗਦਾ ਸਤਿਲੁਜ ਇਨ੍ਹਾਂ ਦੇ ਉਜਲੇ ਭਵਿੱਖ ਦੀ ਗਵਾਹੀ ਭਰਦਾ ਹੈ।

ਆਓ, ਆਪਾਂ ਆਪਣੀ ਅਕ੍ਰਿਤਘਣਤਾ ਦੇ ਸਨਮੁੱਖ ਹੋਈਏ ਤੇ ਪੰਜਾਬ ਇਨ੍ਹਾਂ ਦੇ ਹਵਾਲੇ ਕਰੀਏ; ਆਪ ਦੇਸ਼ਾਂ-ਵਿਦੇਸ਼ਾਂ ਦੇ ਦਰ ਦਰ ਧੱਕੇ ਖਾਣ ਦੇ ਰਾਹ ਪਈਏ ਜਾਂ ਕਿਤੇ ਪਾਣੀ ਨਾਲ ਭਰੀ ਹੋਈ ਚੱਪਣੀ ਦਾ ਬੰਦੋਬਸਤ ਕਰੀਏ ਤੇ ਆਪਣੀ ਅਣਖ ਦਾ ਨੱਕ ਉਸ ਵਿਚ ਡੋਬ ਦੇਈਏ। ਅਸੀਂ ਕਿਸੇ ਪਾਸਿਓਂ ਅਤੇ ਕਿਸੇ ਤਰ੍ਹਾਂ ਵੀ ਪੰਜਾਬੀ ਕਹਾਉਣ ਜਾਂ ਸਦਾਉਣ ਦੇ ਹੱਕਦਾਰ ਨਹੀਂ ਹਾਂ।

# ਨੌਂ ਵਰ੍ਹਿਆਂ ਦੀ ਬੱਚੀ ਦਾ ਬਿਆਨ

***ਆਮ ਔਰਤ ਦੇ ਹਾਲਾਤ ਬਾਰੇ ਛਪੀ ਕਿਤਾਬ 'ਮੈਨੂੰ ਛੁੱਟੀ ਚਾਹੀਦੀ ਐ' ਨਾਲ ਚਰਚਾ ਵਿਚ ਆਈ ਲੇਖਕਾ ਸਪਨਾ ਚਾਮੜੀਆ ਨੇ 'ਨੌਂ ਵਰ੍ਹਿਆਂ ਦੀ ਬੱਚੀ ਦਾ ਬਿਆਨ' ਵਿਚ ਆਪਣੇ ਬਚਪਨ 'ਤੇ ਝਾਤ ਮਾਰ ਕੇ ਔਰਤ ਦੇ ਦੁੱਖਾਂ-ਦਰਦਾਂ ਦੀ ਮਾਰਮਿਕ ਕਥਾ ਛੇੜੀ ਹੈ। ਭਾਰਤ ਦੇ ਸਮਾਜਕ ਢਾਂਚੇ ਅੰਦਰ ਜਿਸ ਤਰ੍ਹਾਂ ਔਰਤ ਹਾਲੋਂ-ਬੇਹਾਲ ਹੁੰਦੀ ਹੈ, ਦੁਨੀਆਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਮਿਸਾਲ ਸ਼ਾਇਦ ਹੀ ਕਿਤੇ ਮਿਲਦੀ ਹੋਵੇ। ਇਸ ਲੇਖ ਵਿਚ ਲੇਖਿਕਾ ਨੇ ਘਰ ਅੰਦਰ ਔਰਤ ਦੇ ਰੁਤਬੇ ਅਤੇ ਬਾਹਰਲੀ ਔਰਤ ਬਾਰੇ ਮਰਦਾਂ ਦੀ ਪਹੁੰਚ ਬਾਰੇ ਬੜੇ ਹੌਲਨਾਕ ਦ੍ਰਿਸ਼ ਉਲੀਕੇ ਹਨ। ਇਸ ਲਿਖਤ ਦਾ ਅਨੁਵਾਦ ਨੌਜਵਾਨ ਸ਼ਾਇਰਾ ਨੀਤੂ ਅਰੋੜਾ ਨੇ ਕੀਤਾ ਹੈ। -ਸੰਪਾਦਕ***



**ਸਪਨਾ ਚਾਮੜੀਆ**
**ਅਨੁਵਾਦ: ਨੀਤੂ ਅਰੋੜਾ**

ਮੈਨੂੰ ਦਿਨ ਅਤੇ ਤਰੀਕ ਤਾਂ ਯਾਦ ਨਹੀਂ ਪਰ ਬਹੁਤ ਪੁਰਾਣੀ ਗੱਲ ਹੈ। ਕੋਈ ਗੂੜ੍ਹੀ ਕਾਲੀ ਰਾਤ ਸੀ। ਅਜਿਹੀ ਕਾਲੀ ਰਾਤ ਜਿਸ ਵਿਚ ਕਾਲਖ ਦਾ ਕੋਈ ਸਿਰਾ ਨਹੀਂ ਥਿਆਉਂਦਾ ਅਤੇ 'ਗੂੜ੍ਹੀ' ਜਿਵੇਂ ਬਹੁਤ ਸਾਰੀ ਚਕਾਚੌਂਧ ਦੇ ਅੰਦਰ ਦਾ ਗਹਿਰਾ ਹਨੇਰਾ। ਉਸ ਦਿਨ ਜਦੋਂ ਮੈਂ ਸਕੂਲ ਤੋਂ ਪਰਤੀ ਤਾਂ ਮਾਂ, ਚਾਚੀ ਅਤੇ ਭੂਆ ਦੇ ਚਿਹਰੇ 'ਤੇ ਕਈ ਰੰਗ ਆ-ਜਾ ਰਹੇ ਸਨ ਅਤੇ ਉਨ੍ਹਾਂ ਦੇ ਚਿਹਰੇ ਕਿਸੇ ਖੁਸ਼ੀ ਵਾਲੀ ਗੱਲ ਨਾਲ ਚਮਕ ਰਹੇ ਸਨ।

ਪਹਿਲਾਂ ਤਾਂ ਮੈਂ ਸੋਚਿਆ ਕਿ ਅੱਜ ਸ਼ਾਮ ਨੂੰ ਸਿਨੇਮਾ ਜਾਣ ਦਾ ਪ੍ਰੋਗਰਾਮ ਬਣਿਆ ਹੋਵੇਗਾ, ਪਰ ਨਾ ਹੀ ਤਾਂ ਕੋਈ ਫਿਲਮ ਦਾ ਨਾਮ ਦੱਸ ਰਿਹਾ ਸੀ ਅਤੇ ਨਾ ਹੀ ਭੂਆ ਹੀਰੋ ਦਾ ਨਾਮ ਲੈ-ਲੈ ਕੇ ਹਉਕੇ ਭਰ ਰਹੀ ਸੀ। ਇਹ ਤਾਂ ਕੋਈ ਹੋਰ ਹੀ ਮਸਲਾ ਸੀ, ਜੋ ਮੇਰੀ ਸਮਝ ਤੋਂ ਬਾਹਰ ਸੀ। ਉਨ੍ਹਾਂ ਦਿਨਾਂ ਵਿਚ ਸਾਡੇ ਲਈ ਸਿਨੇਮਾ ਜਾਣਾ ਤਿਉਹਾਰ ਵਾਂਗੂ ਹੁੰਦਾ ਸੀ। ਅਸੀਂ ਬੜੇ ਉਤਸ਼ਾਹ ਨਾਲ ਇਸ ਪ੍ਰੋਗਰਾਮ ਦੀ ਬਾਕਾਇਦਾ ਤਿਆਰੀ ਕਰਦੇ। ਸ਼ਾਮ ਦਾ ਖਾਣਾ ਜਲਦੀ ਬਣਾ ਲੈਂਦੇ। ਦੋ ਸਿਫਟਾਂ ਵਿਚ ਜਾਣ ਲਈ ਦੋ ਟੋਲੀਆਂ ਬਣਾ ਲੈਂਦੇ। ਪਹਿਲੇ ਗਰੁਪ ਵਿਚ ਸਾਰੇ ਬੱਚੇ ਅਤੇ ਘਰ ਦੀਆਂ ਬਜੁਰਗ ਔਰਤਾਂ-ਦਾਦੀ ਜਾਂ ਭੂਆ-ਦਾਦੀ ਹੁੰਦੀਆਂ ਸਨ, ਤੇ ਦੂਜੇ ਗਰੁਪ ਵਿਚ ਭੂਆ, ਮਾਂ ਅਤੇ ਚਾਚੀ ਆਦਿ। ਉਸ ਦਿਨ ਇਸ ਤਰ੍ਹਾਂ ਦਾ ਕੋਈ ਪ੍ਰੋਗਰਾਮ ਨਹੀਂ ਸੀ।

ਜਦੋਂ ਅਸੀਂ ਦੁਪਹਿਰ ਦਾ ਖਾਣਾ ਖਾ ਕੇ ਪੁਰਾਣੇ ਪਲੰਘ ਉਤੇ ਪਏ ਤਾਂ ਦੇਖਿਆ ਕਿ ਮਾਂ, ਚਾਚੀ ਅਤੇ ਭੂਆ ਨਾਲ ਵਾਲੇ ਕਮਰੇ ਵਿਚ ਸਿਲਾਈ ਕਢਾਈ ਦਾ ਸਾਮਾਨ ਲੈ ਕੇ ਬੈਠਣ ਲੱਗੀਆਂ ਸਨ। ਹੁਣ ਇਹ ਗੱਲ ਤਾਂ ਪੱਕੀ ਹੀ ਸੀ ਕਿ ਅਸੀਂ ਸਿਨੇਮਾ ਦੇਖਣ ਨਹੀਂ ਜਾ ਰਹੇ। ਅੱਜ ਤਾਂ ਕੋਈ ਹੋਰ ਹੀ ਗੱਲ ਸੀ। ਮੇਰੇ ਕੰਨ ਖੜ੍ਹੇ ਹੋ ਗਏ। ਮੈਨੂੰ ਬਚਪਨ ਤੋਂ ਹੀ 'ਕੀ', 'ਕਿਉਂ' ਵਰਗੇ ਸੁਆਲ ਕਰਨ ਦੀ ਆਦਤ ਸੀ। ਇਸ ਆਦਤ ਕਰਕੇ ਬਹੁਤ ਝਿੜਕਾਂ ਅਤੇ ਕੁੱਟ ਖਾਧੀ। ਜਦੋਂ ਵੱਡੀ ਹੋਈ ਤਾਂ ਇਸੇ ਆਦਤ ਕਾਰਨ ਮੇਰੇ ਆਲੇ-ਦੁਆਲੇ ਵਿਰੋਧੀਆਂ ਦਾ ਹਜੂਮ ਇਕੱਠਾ ਹੋ ਗਿਆ।

ਫਿਰ ਇਹੋ ਜਿਹੇ ਸੁਆਲਾਂ ਨਾਲ ਮੈਨੂੰ ਨੀਂਦ ਕਿੱਥੇ ਆਉਣੀ ਸੀ। ਉਂਜ ਵੀ ਇਹ ਘਰ ਦਾ ਔਰਤਾਂ ਵਾਲਾ ਪਾਸਾ ਹੋਣ ਕਰਕੇ ਉਨ੍ਹਾਂ ਨੇ ਥੋੜ੍ਹੀ ਉਚੀ ਅਵਾਜ਼ ਵਿਚ ਗੱਲ ਕਰਨੀ ਸ਼ੁਰੂ ਕਰ ਦਿੱਤੀ। ਭੂਆ ਆਖਣ ਲੱਗੀ, ਮੈਂ ਅੱਜ ਤੱਕ ਕਿਸੇ ਨੱਚਣ ਵਾਲੀ ਨੂੰ ਨਹੀਂ ਦੇਖਿਆ, ਅੱਜ ਪਹਿਲੀ ਵਾਰ ਦੇਖਾਂਗੀ। ਚਾਚੀ ਬੋਲੀ, ਮੈਂ ਵੀ ਇਕ ਵਾਰ ਆਪਣੇ ਪੇਕੇ ਕਿਸੇ ਵਿਆਹ ਵਿਚ ਥੋੜ੍ਹੀ ਜਿਹੀ ਝਲਕ ਹੀ ਦੇਖੀ ਸੀ, ਵੀਰੇ ਨੇ ਮੈਨੂੰ ਉਤੇ ਖੜ੍ਹੀ ਹੀ ਨਹੀਂ ਹੋਣ ਦਿੱਤਾ ਸੀ, ਭਜਾ ਦਿੱਤਾ ਸੀ। ਮੇਰੀ ਮਾਂ ਤਾਂ ਬੰਗਾਲ ਦੀ ਸੀ ਅਤੇ ਰਵਿੰਦਰ ਸੰਗੀਤ ਸਿੱਖ ਕੇ ਆਈ ਸੀ। ਇਸ ਲਈ ਉਸ ਦੇ ਨੱਚਣ ਵਾਲੀ ਦੇਖੀ ਹੋਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਉਹ ਵਿਚਾਰੀ ਤਾਂ ਉਂਜ ਵੀ ਬਹੁਤਾ ਚੁੱਪ ਹੀ ਰਹਿੰਦੀ।

ਅੱਛਾ! ਤਾਂ ਇਹ ਸੀ ਸਾਰਾ ਮਾਮਲਾ। ਇਹ ਮੇਰੇ ਲਈ ਵੀ ਬਿਲਕੁਲ ਨਵੀਂ ਗੱਲ ਸੀ। 'ਨੱਚਣ ਵਾਲੀ' ਸ਼ਬਦ ਵਾਰ-ਵਾਰ ਕੰਨਾਂ ਵਿਚ ਵੱਜ ਰਿਹਾ ਸੀ। ਮੇਰੇ ਦਿਮਾਗ ਵਿਚ ਇਕ ਚਿੱਤਰ ਵੀ ਬਣਨਾ ਸ਼ੁਰੂ ਹੋ ਗਿਆ। ਫਿਲਮਾਂ ਨੇ ਨੱਚਣ ਵਾਲੀ ਸ਼ਬਦ ਦਾ ਜਿਹੋ-ਜਿਹਾ ਅਰਥ ਸਮਝਾਇਆ ਸੀ, ਮੈਂ ਉਸੇ ਦੀ ਉਧੇੜ-ਬੁਣ ਕਰਦੀ ਸੌਂ ਗਈ। ਸ਼ਾਮ ਨੂੰ ਦਾਦੀ ਦੀ ਉਚੀ ਅਵਾਜ਼ ਨਾਲ ਮੇਰੀ ਨੀਂਦ ਟੁੱਟੀ। ਉਹ ਆਖ ਰਹੀ ਸੀ, ਬੈਠਕ ਦੇਣ ਤੋਂ ਪਹਿਲਾਂ ਸੋਚਣਾ ਸੀ, ਹੁਣ ਇਹ ਵੀ ਦਿਨ ਆ ਗਏ ਕਿ ਵਿਹੜੇ ਵਿਚ। ਦਾਦੀ ਪਿਤਾ ਜੀ ਨਾਲ ਲੜ ਰਹੀ ਸੀ।

ਦਰਅਸਲ ਸਾਡੇ ਘਰ ਦੇ ਦੋ ਹਿੱਸੇ ਸਨ। ਇਕ ਵਿਚ ਅਸੀਂ ਰਹਿੰਦੇ ਸੀ ਅਤੇ ਦੂਜਾ ਮਹਿਮਾਨ ਘਰ ਸੀ, ਜੋ ਆਧੁਨਿਕ ਢੰਗ ਨਾਲ ਬਣਿਆ ਅਤੇ ਬਹੁਤ ਸਜਿਆ ਹੋਇਆ ਸੀ। ਇਸ ਦੂਜੇ ਹਿੱਸੇ ਵਿਚ ਬਹੁਤ ਵੱਡਾ ਲਾਅਨ ਸੀ। ਇਹ ਲਾਅਨ ਪੂਰੇ ਮੁਹੱਲੇ ਲਈ ਪਾਰਟੀ ਹਾਲ ਦਾ ਕੰਮ ਕਰਦਾ ਸੀ। ਮੰਗਣੇ, ਵਿਆਹ, ਭੋਗ ਆਦਿ ਵਰਗੇ ਕਈ ਪ੍ਰੋਗਰਾਮ ਉਥੇ ਹੀ ਹੁੰਦੇ। ਇਹ ਮੁਹੱਲੇ ਦੀ ਆਪਸੀ ਸਮਝ ਅਤੇ ਰਿਸ਼ਤਿਆਂ ਦਾ ਪ੍ਰਤੀਕ ਸੀ। ਘਰ ਦੇ ਰੌਲੇ ਰੱਪੇ ਤੋਂ ਬਚ ਕੇ ਮੈਂ ਅਕਸਰ ਛੱਤ ਉਤੇ ਜਾਂ ਘਰ ਦੇ ਪਿਛਵਾੜੇ ਵੱਲ ਭੱਜ ਜਾਂਦੀ।

ਸਾਡੇ ਘਰ ਦੇ ਪਿਛਵਾੜੇ ਵੀ ਪੂਰੀ ਦੁਨੀਆਂ ਵਸਦੀ ਸੀ। ਇਹ ਦਿਲਚਸਪ ਜਾਣਕਾਰੀ ਦੀ ਦੁਨੀਆਂ ਸੀ-ਕੁਮਾਰ, ਭੂਲਨ ਦਾਦੀ ਅਤੇ ਖਾਣਾ ਬਣਾਉਣ ਵਾਲਾ ਅਯੁਧਿਆ ਮਹਾਰਾਜ। ਘਰ ਦੇ ਪਿਛਵਾੜੇ ਖੂਹ ਸੀ, ਚੁੱਲ੍ਹਾ ਬਲਦਾ। ਉਥੇ ਬਰਤਨ ਸਾਫ ਹੁੰਦੇ, ਅਨਾਜ ਦਾ ਭੰਡਾਰ ਵੀ ਸੀ ਅਤੇ ਮਿੱਟੀ ਦੇ ਵੱਡੇ-ਵੱਡੇ ਕੂੰਡੇ ਸਨ। ਵੱਡੀ ਗੱਲ ਇਹ ਸੀ ਕਿ ਉਥੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਦਾ ਖਜਾਨਾ ਸੀ; ਤੇ ਮੈਂ ਜਿਵੇਂ 'ਐਲਿਸ ਇਨ ਵੰਡਰਲੈਂਡ।'

ਉਸ ਦਿਨ ਉਥੇ ਵੀ ਗੱਲਬਾਤ ਦਾ ਉਹੀ ਮੁੱਦਾ ਸੀ। ਮੈਂ ਛੋਟੀ ਕੁਰਸੀ ਉਤੇ ਬੈਠ ਕੇ ਦੁੱਧ ਪੀਂਦਿਆਂ ਸਭ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸਾਂ ਅਤੇ ਸੁਆਲ ਪੁੱਛ ਰਹੀ ਸਾਂ। ਇਸ ਟੀਮ ਵਿਚੋਂ ਪੰਡਿਤ ਜੀ ਸਭ ਤੋਂ ਵੱਧ ਗੁੱਸੇ ਵਿਚ ਸਨ, ਆਖ ਰਹੇ ਸਨ, ਹੁਣ ਠਾਕਰਾਂ ਦੀਆਂ ਬਰਾਤਾਂ ਠਹਿਰਾਉਣਗੇ ਤਾਂ ਕੰਜਰੀਆਂ ਦਾ ਨਾਚ ਨਹੀਂ ਹੋਵੇਗਾ? ਮੇਰੇ ਛੋਟੇ ਜਿਹੇ ਦਿਮਾਗ ਨੇ 'ਕੰਜਰੀਆਂ' ਸ਼ਬਦ ਯਾਦ ਕਰ ਲਿਆ ਅਤੇ ਪੰਡਿਤ ਜੀ ਦੇ ਚਿਹਰੇ ਉਤੇ ਪੈਦਾ ਹੋਏ ਘ੍ਰਿਣਾ ਦੇ ਭਾਵਾਂ ਤੋਂ ਅੰਦਾਜ਼ਾ ਲਾਇਆ ਕਿ ਇਹ ਕੋਈ ਬਹੁਤ ਗੰਦੀ ਚੀਜ਼ ਹੋਵੇਗੀ। ਪੰਡਿਤ ਜੀ ਨੂੰ ਆਪਣੇ ਸ਼ਾਕਾਹਾਰੀ ਹੋਣ ਉਤੇ ਬੜਾ ਮਾਣ ਸੀ। ਘਰ ਵਿਚ ਜਦੋਂ ਵੀ ਮੀਟ ਬਣਦਾ ਤਾਂ ਕੁਮਾਰ ਅਤੇ ਭੂਲਨ ਦਾਦੀ ਹੀ ਬਣਾਉਂਦੇ ਅਤੇ ਅਲੱਗ ਚੁੱਲ੍ਹੇ ਉਤੇ ਅਲੱਗ ਬਰਤਨ ਵਿਚ ਬਣਦਾ। ਪੰਡਿਤ ਜੀ ਬੁੜਬੁੜ ਕਰਦੇ ਉਨ੍ਹਾਂ ਵਲੋਂ ਦੂਰੋਂ ਮਸਾਲੇ ਸੁੱਟਦੇ।

ਕੁਮਾਰ ਨੇ ਸਾਨੂੰ ਬੱਚਿਆਂ ਨੂੰ ਦੱਸਿਆ ਸੀ ਕਿ ਪੰਡਿਤ ਜੀ ਕਿਸ ਗੱਲ ਤੋਂ ਖਿਝਦੇ ਹਨ। ਜਦੋਂ ਵੀ ਅਸੀਂ ਉਨ੍ਹਾਂ ਨੂੰ ਖਿਝਾਉਣਾ ਹੁੰਦਾ ਤਾਂ ਆਖਦੇ, ਪੰਡਿਤ ਜੀ, ਅਸੀਂ ਆਂਡਾ ਖਾ ਕੇ ਆਏ ਹਾਂ, ਤੁਹਾਨੂੰ ਹੱਥ ਲਾ ਲਈਏ। ਪੰਡਿਤ ਜੀ ਉਦੋਂ ਹੀ ਨਫਰਤ ਨਾਲ ਛਾਲ ਮਾਰਦੇ ਅਤੇ ਬੁੜਬੁੜ ਕਰਨ ਲੱਗਦੇ, ਪਰ ਉਸ ਦਿਨ ਨੱਚਣ ਵਾਲੀ ਦੇ ਜ਼ਿਕਰ ਉਤੇ ਉਨ੍ਹਾਂ ਦੇ ਚਿਹਰੇ ਉਤੇ ਉਸ ਤੋਂ ਵੀ ਕਿਤੇ ਵੱਧ ਨਫਰਤ ਦੇ ਭਾਵ ਸਾਫ ਦਿਖ ਰਹੇ ਸਨ। ਮੈਨੂੰ ਬਹੁਤ ਵੱਡੀ ਹੋਣ ਉਤੇ ਪਤਾ ਲੱਗਾ ਕਿ ਪੰਡਿਤ ਜੀ ਨੇ ਦੋ ਵਿਆਹ ਕੀਤੇ ਹਨ। ਉਨ੍ਹਾਂ ਦੀ ਦੂਜੀ ਪਤਨੀ ਕਿਸੇ ਗਰੀਬ ਘਰ ਦੀ ਹੈ ਅਤੇ ਪੰਡਿਤ ਜੀ ਨਾਲੋਂ ਉਮਰ ਵਿਚ ਅੱਧੀ ਹੈ। ਇਹ ਵੀ ਪਤਾ ਲੱਗਾ ਕਿ ਦੁਪਹਿਰ ਦੇ ਖਾਣੇ ਤੋਂ ਵਿਹਲੇ ਹੋ ਕੇ ਪੰਡਿਤ ਜੀ ਸਾਹਮਣੇ ਘਰ ਵਿਚ ਕਿਰਾਏ ਉਤੇ ਰਹਿਣ ਵਾਲੀ ਔਰਤ ਦੇ ਕੋਲ ਜਾਂਦੇ ਹਨ। ਘਰ ਦੀਆਂ ਔਰਤਾਂ ਦਾ ਇਹ ਵੀ ਮੰਨਣਾ ਸੀ ਕਿ ਪੰਡਿਤ ਜੀ ਚੋਰੀ ਛਿਪੇ ਉਸ ਔਰਤ ਨੂੰ ਫਲ ਆਦਿ ਵੀ ਭੇਜਦੇ ਸਨ।

ਪੰਡਿਤ ਜੀ ਦਾ ਅਹੁਦਾ ਘਰ 'ਚ ਕੰਮ ਕਰਨ ਵਾਲੇ ਸਾਰੇ ਨੌਕਰਾਂ ਤੋਂ ਉਚਾ ਸੀ। ਅਸਲ ਵਿਚ ਉਹ ਨੌਕਰ ਨਹੀਂ ਸੀ। ਜੇ ਕਿਸੇ ਦਿਨ ਭਾਂਡੇ ਮਾਂਜਣ ਵਾਲੀ ਨਾ ਆਉਂਦੀ ਤਾਂ ਘਰ ਦੀਆਂ ਔਰਤਾਂ ਭਾਂਡੇ ਮਾਂਜਦੀਆਂ, ਪਰ ਪੰਡਿਤ ਜੀ ਜੂਠੇ ਭਾਂਡਿਆਂ ਨੂੰ ਹੱਥ ਵੀ ਨਹੀਂ ਸੀ ਲਾਉਂਦੇ। ਪੰਡਤ ਜੀ ਅਜੇ ਵੀ ਬੁੜਬੁੜਾ ਰਹੇ ਸਨ, ਵੱਡੇ ਵੀਰ! ਬੈਠਕ ਦੇਣ ਤੋਂ ਪਹਿਲਾਂ ਪੁੱਛ ਹੀ ਲੈਂਦਾ। ਵੱਡੇ ਮਾਲਕ ਬਿਮਾਰ ਕੀ ਹੋਏ, ਘਰ ਦੀ ਹਵਾ ਹੀ ਬਦਲ ਗਈ। ਅੱਜ ਦੀ ਰਾਤ ਤਾਂ ਹਰਾਮ ਹੋਈ। ਮਹਿਮਾਨਖਾਨੇ ਵਿਚ ਹੀ ਇਕ ਪਾਸੇ ਸਰਵੈਂਟ ਕਵਾਟਰ ਜਿਹੀ ਥਾਂ ਸੀ, ਜਿਥੇ ਘਰੇਲੂ ਮੁਲਾਜ਼ਮ ਸੌਂਦੇ ਸਨ। ਇਹ ਤਾਂ ਜਾਹਰ ਹੀ ਸੀ ਕਿ ਉਹ ਅੱਜ ਦੀ ਰਾਤ ਸੌਂ ਨਹੀਂ ਸਕਣਗੇ। ਮੇਰੇ ਕੋਲ ਕਾਫੀ ਸੂਚਨਾਵਾਂ ਇਕੱਠੀਆਂ ਹੋ ਚੁਕੀਆਂ ਸਨ, ਇਸੇ ਲਈ ਮੈਂ ਆਪਣੀ ਦੂਜੀ ਪਨਾਹਗਾਹ, ਅਰਥਾਤ ਛੱਤ ਵੱਲ ਤੁਰ ਪਈ।

ਮੇਰੇ ਘਰ ਵਿਚ ਦੂਜੇ ਘਰਾਂ ਵਾਂਗੂ ਹੀ ਦੋ ਵਰਗ ਸਨ। ਇਕ ਤਾਂ ਸੱਤਾਧਾਰੀ ਵਰਗ, ਜੋ ਸਾਰੇ ਫੈਸਲੇ ਕਰਦਾ ਸੀ ਅਤੇ ਉਨ੍ਹਾਂ ਨੂੰ ਦੂਜਿਆਂ 'ਤੇ ਲਾਗੂ ਕਰਨ ਲਈ ਸਖਤ ਨਜ਼ਰ ਰੱਖਦਾ ਸੀ। ਦੂਜੇ ਵਰਗ ਵਿਚ ਘਰ ਦੀਆਂ ਔਰਤਾਂ, ਬੱਚੇ ਅਤੇ ਨੌਕਰ ਸਨ, ਜੋ ਨਿਯਮ ਮੰਨਣ ਲਈ ਪਾਬੰਦ ਸਨ। ਇਸ ਦਾ ਇਕੋ-ਇਕ ਅਪਵਾਦ ਮੇਰੀ ਦਾਦੀ ਦਾ ਸੱਤਾਧਾਰੀ ਵਰਗ ਵਿਚ ਹੋਣਾ ਸੀ। ਬੇਸ਼ਕ ਹੁਣ ਮੈਨੂੰ ਸਮਝ ਆਉਂਦਾ ਹੈ ਕਿ ਉਹ ਮਹਿਜ ਸੱਤਾਧਾਰੀ ਧਿਰ ਦੀ ਨੁਮਾਇੰਦਗੀ ਹੀ ਕਰਦੀ ਸੀ ਜਿਵੇਂ ਦਲਾਲ। ਅਸਲ ਵਿਚ ਉਹ ਦੂਜੇ ਵਰਗ ਨਾਲੋਂ ਵੀ ਵੱਧ ਗੁਲਾਮ ਸੀ। ਬਸ ਉਸ ਨੇ ਕੁਲੀਨਤਾ ਦਾ ਗਲਾਫ ਪਹਿਨਿਆ ਹੋਇਆ ਸੀ।

ਉਥੋਂ ਉਠਦਿਆਂ ਮੇਰੇ ਕੰਨੀਂ ਭੂਲਨ ਦਾਦੀ ਦੀ ਅਵਾਜ਼ ਪਈ, ਹੁਣ ਮਹਾਰਾਜ! ਵੱਡੇ ਲੋਕਾਂ ਦੀਆਂ ਵੱਡੀਆਂ ਗੱਲਾਂ, ਆਪਾਂ ਕੀ ਕਰ ਸਕਦੇ ਆਂ। ਭੂਲਨ ਦਾਦੀ ਦੇ ਨਾਮ ਦੀ ਵੀ ਵੱਖਰੀ ਕਹਾਣੀ ਸੀ। ਉਸ ਦਾ ਬੜਾ ਵਧੀਆ ਨਾਮ ਤਾਂ ਸੀ, ਜਿਵੇਂ ਰਾਮਰੱਤੀ ਆਦਿ ਪਰ ਉਸ ਨੂੰ ਭੁੱਲਣ ਦੀ ਆਦਤ ਸੀ ਅਤੇ ਅਕਸਰ ਆਖਦੀ ਕਿ ਭੁੱਲ ਗਈ। ਇਸ ਲਈ ਸਾਡੇ ਘਰ ਨੇ ਉਸ ਦਾ ਨਾਮਕਰਨ ਕੀਤਾ, 'ਭੁਲਣਾ।' ਅਕਸਰ ਉਸ ਨੂੰ ਛੇੜਨ ਲਈ ਅਸੀਂ ਤੁਕਾਂਤ ਮਿਲਾਉਂਦੇ, ਭੁੱਲਣ, ਭੁੱਲਣ, ਦੁੱਲਹਣ ਹੋ। ਹੁਣ ਵਿਚਾਰੀ ਭੁੱਲਣ ਦਾਦੀ ਸਾਨੂੰ ਵੱਡੇ ਘਰ ਦੇ ਜੁਆਕਾਂ ਨੂੰ ਕੀ ਆਖਦੀ, ਬਸ ਹੱਸ ਛੱਡਦੀ। ਹੁਣ ਜਦੋਂ ਯਾਦ ਕਰਦੀ ਹਾਂ ਤਾਂ ਸ਼ਰਮ ਆਉਂਦੀ ਹੈ। ਸੋਚਦੀ ਹਾਂ, ਕਿਵੇਂ ਜਮਾਤ ਦਾ ਚਰਿੱਤਰ ਕੋਮਲ ਬੱਚਿਆਂ ਨੂੰ ਸੰਵੇਦਨਸ਼ੀਲ ਹੋਣ ਦੀ ਥਾਂ ਜ਼ਾਲਮ ਬਣਾ ਦਿੰਦਾ ਹੈ। ਦੂਜਿਆਂ ਦੇ ਹੰਝੂਆਂ ਨਾਲ ਹਾਸੇ ਦੀ ਲੈਅ ਮੇਲਣ ਦੀ ਪ੍ਰੈਕਟਿਸ ਕਰਵਾਉਂਦਾ ਹੈ।




ਮੈਂ ਆਪਣਾ ਕਹਾਣੀ ਸੰਗ੍ਰਿਹ ਲੈ ਛੱਤ ਉਤੇ ਆਪਣੇ ਸੁਰੱਖਿਅਤ ਖੂੰਜੇ ਵਿਚ ਬੈਠੀ ਸਾਂ। ਇਹ ਖੂੰਜਾ ਮੇਰੀ ਸੁਪਨਗਾਹ ਸੀ। ਅੱਜ ਦਾ ਸਾਰਾ ਦਿਨ ਹਲਚਲ ਵਿਚ ਬੀਤਿਆ ਹੋਣ ਕਾਰਨ ਮੇਰਾ ਨਾਜ਼ੁਕ ਦਿਮਾਗ ਚੁੱਕਿਆ ਗਿਆ ਸੀ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਜੇ ਨੱਚਣ ਵਾਲੀ ਮਾੜੀ ਹੁੰਦੀ ਹੈ ਤਾਂ ਉਸ ਨੂੰ ਬੁਲਾਇਆ ਕਿਉਂ ਜਾ ਰਿਹਾ ਹੈ? ਉਸ ਨੂੰ ਵੱਡੇ ਲੋਕਾਂ ਨੇ ਬੁਲਾਇਆ ਸੀ। ਸਾਨੂੰ ਇਹ ਵੀ ਸਮਝਾਇਆ ਗਿਆ ਸੀ ਕਿ ਵੱਡੇ ਜੋ ਕਰਦੇ ਹਨ, ਉਹ ਠੀਕ ਹੁੰਦਾ ਹੈ। ਮੇਰੇ ਬੇਸਮਝ ਦਿਮਾਗ ਨੇ ਫਾਰਮੂਲਾ ਤਿਆਰ ਕੀਤਾ ਕਿ ਜਿਨ੍ਹਾਂ ਵੱਡਿਆਂ ਨੇ ਅੱਜ ਨੱਚਣ ਵਾਲੀ ਨੂੰ ਬੁਲਾਇਆ ਹੈ, ਉਹ ਮਾੜੇ ਲੋਕ ਹਨ; ਇਸ ਲਈ ਸਾਰੇ ਹੀ ਵੱਡੇ ਚੰਗੇ ਨਹੀਂ ਹੁੰਦੇ। ਸਾਨੂੰ ਇਸੇ ਲਈ ਦਾਦੀ ਨਾਲ ਫਿਲਮ ਦੇਖਣ ਭੇਜਿਆ ਜਾਂਦਾ ਸੀ, ਕਿਉਂਕਿ ਅਸੀਂ (ਖਾਸ ਤੌਰ 'ਤੇ ਮੈਂ) ਫਿਲਮ ਦੇਖਦਿਆਂ ਬਹੁਤ ਸਾਰੇ ਸੁਆਲ ਕਰਦੇ ਸੀ। ਸਿਰਫ ਦਾਦੀ ਹੀ ਆਪਣੀ ਫਿਲਮ ਦਾ ਸੁਆਦ ਖਰਾਬ ਕਰਕੇ ਸਾਨੂੰ ਬਰਦਾਸ਼ਤ ਕਰਦੀ ਸੀ। ਇਕ ਵਾਰ ਮੈਂ ਉਸ ਨੂੰ ਪੁੱਛਿਆ, ਇਹ ਕੁੜੀ ਇਹੋ ਜਿਹੇ ਕੱਪੜੇ ਪਾ ਕੇ ਕਿਉਂ ਨੱਚ ਰਹੀ ਹੈ? ਉਸ ਨੇ ਕਿਹਾ ਸੀ ਕਿ ਇਹ ਗੰਦੀ ਕੁੜੀ ਹੈ ਅਤੇ ਕਿਸੇ ਨੂੰ ਇਹੋ ਜਿਹੀ ਕੁੜੀ ਨਹੀਂ ਬਣਨਾ ਚਾਹੀਦਾ। ਅਜਿਹੀਆਂ ਕੁੜੀਆਂ ਦੂਜਿਆਂ ਦਾ ਘਰ ਬਰਬਾਦ ਕਰ ਦਿੰਦੀਆਂ ਹਨ।

ਅੱਜ ਸੋਚਦੀ ਹਾਂ, ਜੇ ਦਾਦੀ ਨੇ ਕਿਹਾ ਹੁੰਦਾ ਕਿ ਇਹ ਮਜਬੂਰ ਹੈ, ਨਾ ਚਾਹੁੰਦਿਆਂ ਵੀ ਇਸ ਨੂੰ ਇਹੋ ਜਿਹੀ ਬਣਨਾ ਪੈਂਦਾ ਹੈ, ਫਿਰ ਕੀ ਹੁੰਦਾ? ਕੀ ਕੋਈ ਜੁਆਬ ਬੱਚਿਆਂ ਦੇ ਮਨ ਨੂੰ ਸਿਰਜਦਾ ਹੈ? ਅੱਜ ਮੇਰੀ ਦਾਦੀ ਨੂੰ ਕੁਝ ਪੁੱਛਣ ਦੀ ਹਿੰਮਤ ਨਹੀਂ ਹੋ ਰਹੀ ਸੀ। ਮੈਂ ਬਸ ਆਪਣੀ ਸੁਪਨਗਾਹ ਵਿਚ ਬੈਠੀ ਘਰ ਵਿਚ ਹੋਈਆਂ ਨਵੀਆਂ ਪੁਰਾਣੀਆਂ ਗੱਲਾਂ ਦਾ ਜੋੜ-ਤੋੜ ਕਰ ਰਹੀ ਸਾਂ। ਮੈਨੂੰ ਘਰ ਦੇ ਬਦਤਮੀਜ਼ ਬੱਚਿਆਂ ਵਿਚੋਂ ਸਮਝਿਆ ਜਾਂਦਾ ਸੀ ਅਤੇ ਮੈਂ ਇਸ ਨੂੰ ਤਮਗੇ ਵਾਂਗੂ ਵਰਤਦਿਆਂ ਘਰ ਦੇ ਮੁੰਡਿਆਂ ਨਾਲ ਮਿਲ ਕੇ ਰੌਲਾ ਪਾਉਂਦੀ, ਇਕੱਲੀ ਛੱਤ ਉਤੇ ਬੈਠਦੀ, ਡੂੰਘੀ ਰਾਤ ਤਕ ਕਿਤਾਬ ਪੜ੍ਹਦੀ ਜਾਂ ਵੱਡਿਆਂ ਦੀਆਂ ਗੱਲਾਂ ਸੁਣਦੀ। ਇਹੋ ਗੱਲਾਂ ਅੱਜ ਮੇਰੇ ਕੰਮ ਆ ਰਹੀਆਂ ਸਨ।

ਪਿਤਾ ਜੀ ਅਤੇ ਚਾਚਾ ਅਕਸਰ ਸ਼ਹਿਰ ਬਾਰੇ ਗੱਲਾਂ ਕਰਦੇ। ਸਾਡੇ ਕਸਬੇ ਵਰਗੇ ਸ਼ਹਿਰ ਦਾ ਸੁਭਾਅ ਥੋੜ੍ਹਾ ਖਾੜਕੂ ਸੀ। ਇਥੇ ਇਕ ਖਾਸ ਜਾਤੀ 'ਬਾਬੂ ਸਾਹਿਬ' ਅਰਥਾਤ ਰਾਜਪੂਤ ਅਰਥਾਤ ਠਾਕਰਾਂ ਦਾ ਬੋਲਬਾਲਾ ਸੀ। ਉਹ ਕਿਸੇ ਵੀ ਰਾਹ ਜਾਂਦੇ ਨੂੰ ਗੋਲੀ ਮਾਰ ਦਿੰਦੇ, ਕੁੜੀਆਂ ਨੂੰ ਛੇੜਦੇ ਅਤੇ ਗਰੀਬਾਂ-ਮਜ਼ਲੂਮਾਂ ਦੀਆਂ ਕੁੜੀਆਂ ਚੁੱਕ ਲੈਂਦੇ। ਅੱਜ ਵੀ ਇਹੋ ਜਿਹੇ ਹੀ ਕਿਸੇ 'ਬਾਬੂ ਸਾਹਿਬ' ਦੀ ਬਰਾਤ ਆਉਣੀ ਸੀ ਅਤੇ ਕੀ ਪਤਾ, ਪਿਤਾ ਜੀ ਨੇ ਵੀ ਕਿਸੇ ਦਬਾਅ ਹੇਠ ਹੀ ਆਪਣਾ ਮਹਿਮਾਨਘਰ ਉਨ੍ਹਾਂ ਨੂੰ ਦਿੱਤਾ ਹੋਵੇ। ਇਹ ਸਭ ਉਧੇੜ-ਬੁਣ ਬਾਲ ਮਨ ਵਿਚ ਚਲ ਰਹੀ ਸੀ।

ਮੈਨੂੰ ਨਿੱਕੀ ਹੁੰਦੀ ਤੋਂ ਹੀ ਚੀਜ਼ਾਂ, ਦ੍ਰਿਸ਼ ਅਤੇ ਨਾਮ ਕਿਸੇ ਤਰਤੀਬ ਵਿਚ ਯਾਦ ਨਹੀਂ ਰਹਿੰਦੇ। ਸਿਰਫ ਉਨ੍ਹਾਂ ਦਾ ਪ੍ਰਭਾਵ ਪੂਰੇ ਜੀਵਨ ਉਤੇ ਛਾਇਆ ਰਹਿੰਦਾ ਹੈ। ਅਸੀਂ ਜਦੋਂ ਛੋਟੇ ਸੀ ਤਾਂ ਫੁੱਲ ਅਤੇ ਪੱਤੀਆਂ ਕਿਤਾਬਾਂ ਵਿਚ ਰੱਖ ਕੇ ਸੁਕਾਉਂਦੇ। ਫਿਰ ਉਨ੍ਹਾਂ ਨੂੰ ਕਾਗਜ਼ ਉਤੇ ਚਿਪਕਾ ਕੇ ਕਾਰਡ, ਕਾਪੀ ਦੀ ਜਿਲਦ ਜਾਂ ਕੈਲੰਡਰ ਬਣਾਉਂਦੇ। ਕੁਝ ਸਮੇਂ ਬਾਅਦ ਉਹ ਬਣਾਈਆਂ ਚੀਜ਼ਾਂ ਖਰਾਬ ਹੋ ਜਾਂਦੀਆਂ, ਉਹ ਫੁੱਲ ਅਤੇ ਪੱਤੇ ਮਾੜਾ ਜਿਹਾ ਹੱਥ ਲੱਗਣ ਨਾਲ ਹੀ ਭੁਰ ਜਾਂਦੇ, ਪਰ ਅੱਜ ਵੀ ਬਚਪਨ ਦੀ ਕੋਈ ਕਾਪੀ ਥਿਆ ਜਾਵੇ ਤਾਂ ਉਨ੍ਹਾਂ ਸੁਕਾਏ ਫੁੱਲਾਂ ਤੇ ਪੱਤੀਆਂ ਦੇ ਪਰਛਾਵੇਂ ਮਿਲ ਜਾਂਦੇ ਹਨ। ਸਟਿਲ ਫੋਟੋਗਰਾਫੀ ਵਾਂਗੂ ਮੇਰਾ ਸਾਰਾ ਜੀਵਨ ਅਨੇਕਾਂ ਘਟਨਾਵਾਂ ਦੇ ਪਥਰਾਟਾਂ ਨਾਲ ਭਰਿਆ ਪਿਆ ਹੈ।



ਘਰ ਵਿਚ ਇਸ ਤਰ੍ਹਾਂ ਦੀ ਖਲਬਲੀ ਮਚੀ ਹੋਈ ਸੀ, ਜਿਵੇਂ ਚੌਲਾਂ ਦੇ ਪਤੀਲੇ ਵਿਚ ਪਾਣੀ ਉਬਲਣ ਦੀ ਅਵਾਜ਼ ਆਉਂਦੀ ਹੈ। ਔਰਤਾਂ ਵਾਲੇ ਹਿੱਸੇ ਵਿਚ ਵੱਧ ਬੇਚੈਨੀ ਸੀ ਅਤੇ ਮੈਂ ਇਧਰ-ਉਧਰ ਘੁੰਮਦੀ ਆਉਣ ਵਾਲੀ ਰਾਤ ਤੇ ਹੋਣ ਵਾਲੀਆਂ ਘਟਨਾਵਾਂ ਦੀਆਂ ਕਾਲਪਨਿਕ ਸੂਚਨਾਵਾਂ ਇਕੱਠੀਆਂ ਕਰਨ ਲੱਗੀ ਹੋਈ ਸਾਂ। ਉਦੋਂ ਮੈਨੂੰ ਇਹ ਨਹੀਂ ਸੀ ਪਤਾ ਕਿ ਇਹ ਰਾਤ ਮਰਦਾਂ ਦੀ ਸੱਤਾ ਵਾਲੀ ਦੁਨੀਆਂ ਵਿਚ ਅੱਖੀਂ ਦੇਖੇ ਜ਼ੁਲਮ ਦਾ ਪਹਿਲਾ ਨਮੂਨਾ ਬਣੇਗੀ। ਇਹ ਰਾਤ ਮੇਰੀਆਂ ਕਈ ਰਾਤਾਂ ਨਾਲ ਚਿਪਕ ਜਾਵੇਗੀ ਅਤੇ ਕਈ ਵਾਰ ਮੇਰੇ ਬੇਵਜ੍ਹਾ ਰੋਣ ਦਾ ਕਾਰਨ ਬਣੇਗੀ।

ਗਰਮੀਆਂ ਦੀ ਰਾਤ ਸੀ, ਤੇ ਅੱਜ ਭੂਆ ਆਪਣੀ ਚਚੇਰੀ ਭੈਣ ਨਾਲ ਅੱਧੀ ਰਾਤ ਤੱਕ ਗੱਲਾਂ ਕਰਨ ਦੇ ਮੂਡ ਵਿਚ ਨਹੀਂ ਸੀ, ਸਗੋਂ ਉਨ੍ਹਾਂ ਦੇ ਘਰ ਦੀਆਂ ਸਾਰੀਆਂ ਔਰਤਾਂ ਵੀ ਇਧਰ ਹੀ ਇਕੱਠੀਆਂ ਹੋ ਰਹੀਆਂ ਸਨ। ਛੱਤ ਕਾਫੀ ਵੱਡੀ ਸੀ ਅਤੇ ਸਹੂਲਤ ਅਨੁਸਾਰ ਇਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਇਕ ਪਾਸੇ ਬੱਚਾ ਪਾਰਟੀ ਹੁੰਦੀ, ਦੂਜੇ ਪਾਸੇ ਸ਼ਾਮ ਨੂੰ ਭੂਆ ਦਾ ਲੈਂਪ ਤੇ ਕੋਈ ਨਾਵਲ ਸਜ ਜਾਂਦਾ। ਸ਼ਾਮ ਨੂੰ ਛੱਤ ਧੋ ਕੇ ਬਿਸਤਰੇ ਵਿਛਾ ਦਿੱਤੇ ਜਾਂਦੇ।

ਇਸ ਤਰ੍ਹਾਂ ਦਾ ਹੋਰ ਵੀ ਬਹੁਤ ਕੁਝ ਹੁੰਦਾ। ਅੱਜ ਬੱਚਿਆਂ ਨੂੰ ਛੇਤੀ ਸਵਾਉਣ ਦਾ ਕੰਮ ਚਲ ਰਿਹਾ ਸੀ। ਨੌਂ ਵਜਦੇ ਤੱਕ ਮੈਥੋਂ ਇਲਾਵਾ ਸਭ ਨੇ ਸੌਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਮੈਨੂੰ ਤਾਂ ਬਦਤਮੀਜ਼ ਹੀ ਸਮਝਿਆ ਜਾਂਦਾ ਸੀ, ਸਭ ਨੂੰ ਲੱਗਦਾ ਸੀ ਕਿ ਭਵਿਖ ਵਿਚ ਮੇਰੇ ਔਰਤ-ਜੀਵਨ ਵਿਚ ਕਈ ਸਮੱਸਿਆਵਾਂ ਆਉਣਗੀਆਂ। ਅੱਜ ਤਾਂ ਮੈਨੂੰ ਜ਼ੋਰ-ਜ਼ੋਰ ਦੀ ਝਿੜਕਿਆ ਵੀ ਨਹੀਂ ਜਾ ਸਕਦਾ ਸੀ, ਕਿਉਂਕਿ ਅੱਜ ਹਰ ਕੰਮ ਫੁਸਫਸਾਹਟ ਵਿਚ ਬਦਲਿਆ ਹੋਇਆ ਸੀ। ਸਭ ਦੇ ਚਰਿਤਰ ਵਿਚ ਨਵਾਂ ਕਾਂਡ ਜੁੜ ਜਾਣਾ ਸੀ। ਮਾਂ, ਭੂਆ ਵਰਗੀਆਂ, ਤਾਈ, ਚਾਚੀ ਅਤੇ ਮੈਂ (ਠੀਕ ਤਰ੍ਹਾਂ ਦੇਖਣ ਲਈ ਮੈਂ ਪਹਿਲਾਂ ਹੀ ਬਨੇਰੇ ਕੋਲ ਇਕ ਦੋ ਇੱਟਾਂ ਰੱਖ ਲਈਆਂ ਸਨ) ਛੱਤ ਦੇ ਉਸ ਹਿੱਸੇ ਵਿਚ ਸਾਂ ਜਿਥੇ ਪੱਥਰ ਦੀ ਬਣੀ ਪਾਣੀ ਦੀ ਵੱਡੀ ਟੈਂਕੀ ਦਾ ਓਹਲਾ ਸੀ। ਉਸ ਥਾਂ ਖੜ੍ਹੇ ਹੋ ਕੇ ਉਹ ਲਾਅਨ, ਜਿਸ ਵਿਚ ਇਹ ਸਾਰਾ ਪ੍ਰੋਗਰਾਮ ਹੋਣਾ ਸੀ, ਸਾਫ ਦਿਖਾਈ ਦਿੰਦਾ ਸੀ। ਕਿਸੇ ਨੂੰ ਪਤਾ ਨਾ ਲੱਗਣ ਦੇ ਡਰੋਂ ਅਸੀਂ ਛੱਤ ਅਤੇ ਪੌੜੀਆਂ ਦੀਆਂ ਸਾਰੀਆਂ ਬੱਤੀਆਂ ਬੁਝਾ ਦਿੱਤੀਆਂ ਸਨ।

ਲਾਅਨ 'ਚ ਗੱਦਿਆਂ 'ਤੇ ਚਿੱਟੀ ਚਾਦਰ ਵਿਛੀ ਹੋਈ ਸੀ, ਜਿਸ 'ਤੇ ਵੱਡੇ ਵੱਡੇ ਸਿਰ੍ਹਾਣੇ ਪਏ ਸਨ। ਇਕ ਬੰਦਾ ਇਤਰ ਛਿੜਕ ਰਿਹਾ ਸੀ। ਗੁਲਾਬ ਦੀਆਂ ਪੱਤੀਆਂ ਵੀ ਖਿਲਾਰੀਆਂ ਹੋਈਆਂ ਸਨ। ਬਰਾਤੀ ਬੜੇ ਰੋਹਬ ਨਾਲ ਬੈਠੇ ਸਨ। ਮੈਨੂੰ ਇਕ ਗੱਲ ਚੰਗੀ ਤਰ੍ਹਾਂ ਯਾਦ ਹੈ, ਸਭ ਦੀਆਂ ਵੀਣੀਆਂ ਵਿਚ ਫੁੱਲਾਂ ਦੇ ਗਜਰੇ ਸਨ। ਇਕ ਗੱਲ ਮੈਨੂੰ ਯਾਦ ਨਹੀਂ ਕਿ ਉਨ੍ਹਾਂ ਸਭ ਦੇ ਵੱਖ ਵੱਖ ਚਿਹਰੇ ਕਿਹੋ ਜਿਹੇ ਸਨ। ਉਹ ਦਿਨ ਵੀ ਤੇ ਅੱਜ ਵੀ, ਮੈਨੂੰ ਸਾਰੇ ਚਿਹਰੇ ਇਕੋ ਜਿਹੇ ਲੱਗਦੇ ਹਨ।

ਕੁਝ ਲੋਕ ਇਕ ਪਾਸੇ ਸਨ। ਇਨ੍ਹਾਂ ਵਿਚੋਂ ਕੋਈ ਤਬਲਾ ਵਜਾ ਰਿਹਾ ਸੀ, ਕੋਈ ਹਾਰਮੋਨੀਅਮ। ਇਨ੍ਹਾਂ ਵਿਚ ਇਕ ਔਰਤ ਸੀ, ਜੋ ਬਾਅਦ ਵਿਚ ਪਤਾ ਲੱਗਾ, ਗਾਉਣ ਵਾਲੀ ਸੀ। ਉਨ੍ਹਾਂ ਵਿਚੋਂ ਹੀ ਲਹਿੰਗੇ ਵਾਲੀ ਦੇਹ ਉਠੀ। ਯਾਦ ਨਹੀਂ, ਲਹਿੰਗੇ ਦਾ ਰੰਗ ਨੀਲਾ ਸੀ ਜਾਂ ਪੀਲਾ ਜਾਂ ਕੋਈ ਹੋਰ। ਅੱਜ ਵੀ ਮੇਰੇ ਕੋਲ ਰੰਗਾਂ ਦੀ ਵਿਆਖਿਆ ਨਹੀਂ ਹੈ। ਹੁਣ ਤਾਂ ਕਦੇ-ਕਦੇ ਮੈਂ ਇਸ ਉਲਝਣ ਵਿਚ ਵੀ ਫਸ ਜਾਂਦੀ ਹਾਂ ਕਿ ਉਸ ਨੇ ਲਹਿੰਗਾ ਪਾਇਆ ਹੋਇਆ ਸੀ ਜਾਂ ਸਾੜੀ, ਸੂਟ ਜਾਂ ਸਕਰਟ, ਸਾਰਾ ਕੁਝ ਜਾਂ ਕੁਝ ਵੀ ਨਹੀਂ। ਕੱਪੜਿਆਂ ਦਾ ਰੰਗ ਕੀ ਸੀ-ਨੀਲਾ, ਹਰਾ, ਕਾਲਾ, ਕਣਕਵੰਨਾ ਜਾਂ ਫਿਰ ਕੋਈ ਰੰਗ ਨਹੀਂ ਸੀ ਜਾਂ ਸਾਰਾ ਰੰਗ ਉਡਿਆ ਹੋਇਆ ਸੀ।

ਖੈਰ! ਉਸ ਨੇ ਨਿਓਂ ਕੇ ਸਲਾਮ ਕੀਤੀ। ਉਹ ਸਲਾਮ ਅਤੇ ਉਸ ਚਿਹਰੇ ਦੀ ਮੁਸਕਾਨ ਜਿਵੇਂ ਮੇਰੇ ਦਿਲ ਵਿਚ ਪੱਥਰ ਉਤੇ ਲਿਖੀ ਇਬਾਰਤ ਵਾਂਗੂ ਖੁਣੀ ਗਈ। ਇਸ ਇਬਾਰਤ ਦੀ ਵਿਆਖਿਆ ਮੇਰੀ ਸ਼ਖਸੀਅਤ ਦੇ ਨਿਰਮਾਣ ਵਿਚ ਪਹਿਲੇ ਪੱਥਰ ਵਾਂਗੂ ਕੀਤੀ ਜਾ ਸਕਦੀ ਹੈ, ਇਸ ਦੇ ਨਾਲ ਹੀ ਦੂਜੇ ਪਾਸਿਉਂ ਰੌਲੇ ਦੀ ਬਦਬੋ ਜਿਵੇਂ ਸਾਰੀ ਦੁਨੀਆਂ ਵਿਚ ਫੈਲ ਗਈ। ਅਸੀਂ ਜਦੋਂ ਪਿੰਡ ਜਾਂਦੇ ਸਾਂ, ਬੁੱਢੀ ਨਾਨੀ ਤੋਂ ਕਹਾਣੀ ਸੁਣਦਿਆਂ ਕਿਸੇ ਬਦਬੋ ਨੂੰ ਮਹਿਸੂਸ ਕਰਦੇ ਤਾਂ ਮੇਰੀ ਮਾਂ ਦੀ ਨਾਨੀ ਆਖਦੀ ਹੁੰਦੀ ਸੀ ਕਿ ਜਦੋਂ ਕੋਈ ਬੁਰੀ ਆਤਮਾ ਕੋਲ ਦੀ ਲੰਘਦੀ ਹੈ ਤਾਂ ਅਜਿਹੀ ਬਦਬੋ ਆਉਂਦੀ ਹੈ। ਵਾਜੇ ਵਾਲਿਆਂ ਕੋਲ ਬੈਠੀ ਔਰਤ ਨੇ ਅਲਾਪ ਲਿਆ ਅਤੇ ਦੂਜੀ ਔਰਤ ਨੇ ਨੱਚਣਾ ਸ਼ੁਰੂ ਕੀਤਾ।

ਦਾਅਵੇ ਨਾਲ ਆਖ ਸਕਦੀ ਹਾਂ ਕਿ ਉਹ ਕੋਈ ਸ਼ਾਸਤਰੀ ਬੰਦਿਸ਼ ਸੀ ਤੇ ਉਹ ਔਰਤ ਕੱਥਕ ਕਰ ਰਹੀ ਸੀ, ਪਰ ਉਹ ਬੰਦਿਸ਼ ਪੂਰੀ ਹੋਣ ਤੋਂ ਪਹਿਲਾਂ ਹੀ ਫਿਰ ਰੌਲਾ ਪਿਆ, 'ਉਹ ਇਹ ਸਭ ਦਾ ਹੈ', 'ਕੋਈ ਚੱਕਮੀ ਜਿਹੀ ਚੀਜ਼' ਅਤੇ ਅਜਿਹੀਆਂ ਹੀ ਹੋਰ ਫਰਮਾਇਸ਼ਾਂ। ਉਹ ਬੇਵਕੂਫ ਸੀ, ਜਿਸ ਨੇ ਕੱਥਕ ਦੀ ਸੋਚੀ। ਪਰਖੇ ਹੋਏ ਨੂੰ ਕੀ ਪਰਖਣਾ। ਨੱਚਣਾ ਗਾਉਣਾ ਚੱਲ ਰਿਹਾ ਸੀ। ਅਸੀਂ ਹੈਰਾਨ ਸਾਂ। ਬਸ ਕਦੇ ਕਦੇ ਅਜੀਬ ਜਿਹੀਆਂ ਅਵਾਜ਼ਾਂ ਭਾਫ ਵਾਂਗੂੰ ਏਧਰ ਉਧਰ ਉਡਦੀਆਂ ਸਨ। ਜਿਨ੍ਹਾਂ ਬੰਦਿਸ਼ਾਂ ਨਾਲ ਪ੍ਰੋਗਰਾਮ ਸ਼ੁਰੂ ਹੋਇਆ ਸੀ, ਉਹ ਗੁਆਚ ਚੁਕੀਆਂ ਸਨ। ਅਜੀਬ ਤਰ੍ਹਾਂ ਦੇ ਇੰਦਰੀ ਬੋਧ ਨਾਲ ਗੰਦੇ ਗਾਣਿਆਂ 'ਤੇ ਉਹ ਅਜੀਬ

***(ਬਾਕੀ ਅਗਲੇ ਸਫੇ 'ਤੇ )***

# ਜਦ ਗੁਲਾਮੀ ਹੱਡੀਂ ਰਚ ਜਾਏ, ਰੂਹ ਵਿਚ ਵਸ ਜਾਏ

ਗੁਲਾਮੀ ਸਿਰਫ ਜਿਸਮਾਂ ਦੀ ਹੀ ਨਹੀਂ ਹੁੰਦੀ, ਸਗੋਂ ਕਈ ਰੂਪਾਂ ਵਿਚ ਮਿਲਦੀ ਹੈ। ਕਈ ਵਾਰੀ ਜਦੋਂ ਚਿਰਾਂ ਤੋਂ ਕੈਦ ਪੰਛੀ ਨੂੰ ਆਜ਼ਾਦ ਕਰ ਦਿੱਤਾ ਜਾਵੇ, ਤਾਂ ਉਡਾਰੀ ਭਰਨ ਬਾਅਦ ਉਹ ਮੁੜ ਪਿੰਜਰੇ ਨੂੰ ਪਰਤ ਆਉਂਦਾ ਹੈ। ਐਸੀ ਹਾਲਤ ਵਿਚ ਗੁਲਾਮੀ ਪੰਛੀ ਦੇ ਸੁਭਾਅ ਦਾ ਹਿੱਸਾ ਬਣ ਚੁਕੀ ਹੁੰਦੀ ਹੈ। ਹੋਰਨਾਂ ਦੇਸ਼ਾਂ ਵਾਂਗ ਭਾਰਤੀ ਲੋਕ ਵੀ ਆਪਣੇ ਰਾਜਿਆਂ ਦੇ ਗੁਲਾਮ ਰਹੇ। ਮੌਰਿਆ, ਭਰਤ, ਗੁਪਤ, ਹਰਸ਼ ਵਰਧਨ, ਰਾਜਪੂਤ ਆਦਿ ਸਾਮਰਾਜਾਂ ਤੋਂ ਮੁਸਲਿਮ/ਮੁਗਲ ਬਾਦਸ਼ਾਹਾਂ ਦਾ ਰਾਜ। ਭਾਰਤ 'ਤੇ ਹਮਲੇ ਪੰਜਾਬ ਦੇ ਰਸਤਿਉਂ ਹੁੰਦੇ; ਇਸ ਲਈ ਧਾੜਵੀਆਂ ਦਾ ਪਹਿਲਾ ਸ਼ਿਕਾਰ ਪੰਜਾਬੀ ਹੀ ਬਣਦੇ। ਸਣੇ ਪੰਜਾਬ, ਭਾਰਤੀ ਲੋਕ ਉਕਤ ਸਮਰਾਟਾਂ ਦੇ, ਮੁਗਲ ਰਾਜ ਦੇ ਪਤਨ ਦੌਰਾਨ ਤੇ ਪਿਛੋਂ ਸਥਾਨਕ ਰਾਜਿਆਂ ਤੇ ਫਿਰ ਉਨ੍ਹਾਂ ਰਾਜਿਆਂ ਨੂੰ ਹਰਾਉਣ ਵਾਲੇ ਅੰਗਰੇਜ਼ਾਂ ਦੇ ਗੁਲਾਮ ਰਹੇ।



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਪੰਜਾਬ ਵਿਚ ਆਧੁਨਿਕ ਯੁੱਗ ਇੱਥੇ ਅਰਥਚਾਰੇ ਜਾਂ ਗਿਆਨ-ਵਿਗਿਆਨ ਕਾਰਨ ਹੋਈ ਤਰੱਕੀ ਕਰਕੇ ਨਹੀਂ, ਸਗੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਬਸਤੀਵਾਦੀ ਰੂਪ ਵਿਚ ਆਇਆ ਹੈ। ਭਾਰਤ ਵਿਚ ਆਜ਼ਾਦੀ ਅੰਗਰੇਜ਼ਾਂ ਵਿਰੁਧ ਦੋ-ਟੁੱਕ ਸਿੱਧੀ ਲੜਾਈ ਵਿਚੋਂ ਨਹੀਂ ਆਈ, ਜਿਵੇਂ ਅਮਰੀਕਾ ਵਿਚ, ਸਗੋਂ ਜ਼ਿਆਦਾਤਰ ਬਦਲੇ ਹੋਏ ਕੌਮਾਂਤਰੀ ਹਾਲਾਤ ਕਰਕੇ ਅੰਗਰੇਜ਼ ਜ਼ਿਆਦਾਤਰ ਆਪਣੀਆਂ ਸ਼ਰਤਾਂ ਦੇ ਆਧਾਰ 'ਤੇ ਭਾਰਤ ਛੱਡ ਗਏ। ਸੋ, ਬਾਕੀ ਭਾਰਤ ਵਾਂਗ ਪੰਜਾਬ ਦੀ ਰੈਜ਼ਿਮੇ (resume) ਵੀ ਗੁਲਾਮੀ ਨਾਲ ਭਰੀ ਹੋਈ ਹੈ, ਗੁਲਾਮੀ ਦਾ ਜਥੇਬੰਦਕ ਲੋਕ-ਵਿਰੋਧ ਕਰ ਕੇ ਇਸ ਤੋਂ ਛੁਟਕਾਰਾ ਪਾਉਣ ਦੇ ਘੱਟੋ-ਘੱਟ ਤਜਰਬੇ ਸਮੇਤ। ਅੰਗਰੇਜ਼ ਦੇ ਜਾਣ ਪਿਛੋਂ ਪੰਜਾਬ ਵਿਚ ਰਾਜਨੀਤਕ ਤੇ ਸਮਾਜਕ ਪ੍ਰਬੰਧ ਦੀਆਂ ਅਮਲੀ ਤੇ ਵਿਹਾਰਕ ਬਾਰੀਕੀਆਂ ਵਿਚ, ਜੇ ਬਿਲਕੁਲ ਨਹੀਂ, ਤਾਂ ਬਹੁਤੀ ਤਬਦੀਲੀ ਨਾ ਆਈ। ਮਿਸਾਲ ਵਜੋਂ, ਨੀਵੀਆਂ ਤੇ ਉਚੀਆਂ ਜਾਤਾਂ ਵਿਚਾਲੇ ਰਿਸ਼ਤਿਆਂ ਤੋਂ ਲੈ ਕੇ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਾਲੇ ਰਿਸ਼ਤੇ ਉਸੇ ਤਰ੍ਹਾਂ ਰਹੇ; ਵਿਦਿਆਰਥੀ ਅਧਿਆਪਕ ਨੂੰ 'ਸਰ' ਕਹਿੰਦਾ ਰਿਹਾ, ਅੱਜ ਤੱਕ।

ਗੁਲਾਮੀ ਦੇ ਦੌਰ 'ਚ ਮਾਲਕ ਦਾ ਜ਼ਬਰ ਤੇ ਲੁੱਟ-ਖਸੁੱਟ ਬੁਰੀ ਹੈ, ਪਰ ਸਭ ਤੋਂ ਬੁਰਾ ਹੈ, ਗੁਲਾਮੀ ਦਾ ਹੱਡਾਂ ਵਿਚ ਰਚ ਜਾਣਾ ਤੇ ਰੂਹ 'ਚ ਵਸ ਜਾਣਾ, ਭਾਵ ਸੁਭਾਅ ਦਾ ਹਿੱਸਾ ਬਣ ਜਾਣਾ। ਉਹਤੋਂ ਵੀ ਖਤਰਨਾਕ ਹੈ, ਸੁਭਾਅ ਵਿਚ ਛੁਪੀ ਗੁਲਾਮੀ ਦਾ ਪੀੜ੍ਹੀ ਦਰ ਪੀੜ੍ਹੀ ਸਫਰ ਕਰਨ ਲੱਗ ਜਾਣਾ। ਇਸ ਲੇਖ ਵਿਚ ਮੈਂ ਅਜਿਹੀ ਹੀ ਸੁਭਾਵਿਕ ਗੁਲਾਮੀ ਦੀਆਂ ਪੰਜਾਬੀ ਬੰਦੇ ਵਿਚ ਮਿਲਦੀਆਂ ਅਲਾਮਤਾਂ 'ਚੋਂ ਤਿੰਨ ਬਾਰੇ ਚਰਚਾ ਕਰਾਂਗਾ।

ਪਹਿਲੀ, 'ਸਾਹਿਬ' ਸ਼ਬਦ ਜਾਂ ਖਿਤਾਬ ਦੀ ਥੋਕ ਵਿਚ ਵਰਤੋਂ ਜਾਂ ਦੁਰ-ਵਰਤੋਂ। 'ਸਾਹਿਬ' ਮੁੱਢੋਂ ਅਰਬੀ ਦਾ ਸ਼ਬਦ ਹੈ, ਇਹਦਾ ਅਰਥ ਹੈ, ਸੁਆਮੀ ਜਾਂ ਮਾਲਕ। ਉਥੋਂ ਇਹ ਹਿੰਦ ਉਪਮਹਾਦੀਪ ਦੀਆਂ ਕਈ ਬੋਲੀਆਂ ਉਰਦੂ, ਹਿੰਦੀ, ਪੰਜਾਬੀ, ਬੰਗਾਲੀ ਤੇ ਗੁਜਰਾਤੀ ਸਮੇਤ ਪੰਜਾਬੀ 'ਚ ਵੀ ਆ ਵੜਿਆ। ਗੁਰਬਾਣੀ ਵਿਚ ਇਸ ਦੀ ਵਰਤੋਂ ਪਰਮਾਤਮਾ ਲਈ ਕੀਤੀ ਗਈ ਹੈ। ਲੋਕ ਪੱਧਰ 'ਤੇ ਇਹ ਪ੍ਰਚਲਿਤ ਹੋਇਆ, ਜਦੋਂ ਅੰਗਰੇਜ਼ਾਂ ਦੀ ਗੁਲਾਮੀ ਸਮੇਂ ਗੋਰੇ ਅਫਸਰ ਰਾਜ ਭਾਗ ਦੇ ਮਾਲਕ ਹੋਣ ਕਾਰਨ ਭਾਰਤੀ ਲੋਕਾਂ ਕੋਲੋਂ ਆਪਣੇ ਆਪ ਨੂੰ 'ਸਾਹਿਬ' ਅਖਵਾਉਣ ਲੱਗੇ। ਕਰੀਬ ਦੋ ਸਦੀਆਂ ਅਸੀਂ ਅੰਗਰੇਜ਼ਾਂ ਦੀ ਗੁਲਾਮੀ ਕੱਟੀ, ਉਨ੍ਹਾਂ ਨੂੰ 'ਸਾਹਿਬ' ਖਿਤਾਬ ਨਾਲ ਬੁਲਾ ਬੁਲਾ ਕੇ। ਉਨ੍ਹਾਂ ਦੇ ਤੁਰ ਜਾਣ ਪਿਛੋਂ ਉਸ ਖਿਤਾਬ ਦੀ ਕਲਗੀ ਸਾਡੇ ਆਪਣੇ ਅਹੁਦੇਦਾਰਾਂ ਤੇ ਅਧਿਕਾਰੀਆਂ ਦੇ ਸਿਰ ਸਜ ਗਈ, ਤੇ ਅਸੀਂ ਇਹ ਕਲਗੀ ਆਪਣੇ ਹੱਥੀਂ ਮਿੱਤਰਾਂ-ਦੋਸਤਾਂ ਤੇ ਜਾਣ-ਪਛਾਣ ਵਾਲਿਆਂ ਦੇ ਸਿਰਾਂ 'ਤੇ ਵੀ ਲਾ ਦਿੱਤੀ। ਜਦ ਬੋਲਦੇ ਹਾਂ ਤਾਂ ਬੱਸ 'ਸਾਹਿਬ' 'ਸਾਹਿਬ' ਹੁੰਦੀ ਹੈ, ਜਿਵੇਂ ਅਸੀਂ ਕਰੀਬ ਪੌਣੀ ਸਦੀ ਪਹਿਲਾਂ ਛੱਡ ਗਏ 'ਮਾਲਕਾਂ' ਦਾ ਨਾਂ ਅੱਜ ਵੀ ਜਪ ਰਹੇ ਹੋਈਏ। ਆਧੁਨਿਕ ਸਮਾਜਾਂ ਵਿਚ ਅਜਿਹੀ ਮਾਨਸਿਕ ਗੜਬੜੀ ਤੋਂ ਛੁਟਕਾਰਾ ਪਾਉਣ ਲਈ ਤੁਰੰਤ ਮਨੋਵਿਗਿਆਨੀ ਡਾਕਟਰਾਂ ਦੀ ਮਦਦ ਲਈ ਜਾਂਦੀ ਹੈ, ਪਰ ਅਰਧ-ਆਧੁਨਿਕ ਸਮਾਜਾਂ ਵਿਚ ਅਜਿਹੀ ਮਾਨਸਿਕ ਗੜਬੜੀ ਅਕਸਰ ਸੱਭਿਆਚਾਰ ਦਾ ਹਿੱਸਾ ਬਣ ਬਹਿੰਦੀ ਹੈ। ਕੁਝ ਐਸਾ ਹੀ ਹੋਇਆ ਲੱਗਦਾ ਹੈ, ਸਾਡੇ ਨਾਲ। ਗੱਲ ਨਿਰੇ ਸ਼ਬਦ ਦੀ ਨਹੀਂ; ਇਹ ਇਕ ਸਥਾਪਤ ਮਨੋਵਿਗਿਆਨਕ ਸੱਚ ਹੈ ਕਿ ਬੋਲਾਂ ਤੋਂ ਅੰਦਰੂਨੀ ਭਾਵਨਾਵਾਂ ਪੈਦਾ ਹੁੰਦੀਆਂ ਨੇ, ਜਿਨ੍ਹਾਂ ਦਾ ਅਸਰ ਸਰੀਰਕ ਕ੍ਰਿਆਵਾਂ ਤੇ ਬੰਦੇ ਦੇ ਕਾਰਨਾਮਿਆਂ 'ਤੇ ਪੈਂਦਾ ਹੈ।

ਕੋਈ ਕਹਿ ਸਕਦਾ ਹੈ, "ਅਸੀਂ ਤਾਂ 'ਸਾਹਿਬ' ਵਿਸ਼ੇਸ਼ਣ ਨੂੰ ਸਤਿਕਾਰ ਵਜੋਂ ਵਰਤਦੇ ਆਂ"; ਪਰ ਇਸ ਵਰਤੋਂ ਦੇ ਸੰਦਰਭ, ਗੁਲਾਮੀ, ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਦੋ ਸਦੀਆਂ ਜਿਸ ਖਿਤਾਬ ਹੇਠ ਗੁਲਮੀ ਗੁਜ਼ਾਰਨ ਪਿਛੋਂ ਉਸੇ ਖਿਤਾਬ ਨੂੰ ਸਤਿਕਾਰ ਵਜੋਂ ਵਰਤਣਾ ਸ਼ੁਰੂ ਕਰ ਦੇਣਾ ਜਾਂ ਸਤਿਕਾਰ ਦੇ ਪਾਤਰ ਵਿਚ ਬਦਲ ਦੇਣਾ ਵੀ ਮਾਨਸਿਕ ਗੁਲਾਮੀ ਦੇ ਪ੍ਰਗਟਾਵੇ ਦਾ ਹੀ ਇੱਕ ਰੂਪ ਹੈ। ਉਦਾਂ, ਸਤਿਕਾਰ ਵਜੋਂ ਵਰਤਣ ਵਾਸਤੇ ਪੰਜਾਬੀ ਕੋਲ ਇੱਕ ਬਹੁਤ ਸਜੀਵ ਸ਼ਬਦ ਹੈ, 'ਜੀ'।

ਗੁਰਬਾਣੀ ਵਿਚ 'ਸਾਹਿਬ' ਖਿਤਾਬ ਦੀ ਵਰਤੋਂ ਪਰਮਾਤਮਾ ਲਈ ਕਰਨ ਦੀ, ਜਾਂ ਬਾਅਦ ਵਿਚ ਮਹਾਂਪੁਰਸ਼ਾਂ ਤੇ 'ਗੁਰੂ ਗ੍ਰੰਥ' ਆਦਿ ਦੇ ਨਾਂਵਾਂ ਵਿਚ ਸਤਿਕਾਰ ਵਜੋਂ ਵਰਤਣ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਖੁਦ ਧਾਰਮਿਕ ਨਿਯਮ ਜਾਂ ਚੱਜ ਆਗਿਆ ਨਹੀਂ ਦੇਵੇਗਾ ਕਿ ਪਰਮਾਤਮਾ ਅਤੇ ਧਾਰਮਿਕ ਮਹਾਂਪੁਰਸ਼ਾਂ ਲਈ ਵਰਤਿਆ ਜਾਣ ਵਾਲਾ ਖਿਤਾਬ 'ਜਣੇ ਖਣੇ' ਬੰਦਿਆਂ ਤੇ ਥਾਂਵਾਂ ਲਈ ਵਰਤਿਆ ਜਾਵੇ। ਸੋ, 'ਸਾਹਿਬ' ਦੀ ਥੋਕ ਵਿਚ ਵਰਤੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਪਾਸਿਓਂ ਹੀ ਆਈ ਹੈ ਤੇ ਗੁਲਾਮ ਪ੍ਰਵਿਰਤੀ ਦੀ ਸੂਚਕ ਹੈ।

ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਦੂਜੀ ਅਲਾਮਤ ਹੈ, ਪੰਜਾਬੀ ਮਨ ਵਿਚ ਅੱਜ ਵੀ ਕਾਲੇ ਤੇ ਭੂਰੇ ਰੰਗਾਂ ਉਪਰ ਗੋਰਿਆਂ ਦੀ ਸਰਦਾਰੀ ਦੇ ਝੰਡੇ ਝੁਲਦੇ ਹਨ। ਸਾਡੇ ਲੋਕ-ਪ੍ਰਚਲਿਤ ਗੀਤਾਂ, ਆਮ ਗੱਲਾਂ, ਤੇ ਪਸੰਦਾਂ 'ਚੋਂ ਇਹ ਸਰਦਾਰੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਜੇ ਟਾਵੀਂ ਟਾਵੀਂ ਕਾਲੇ ਰੰਗ ਦੀ ਸਿਫਤ ਮਿਲਦੀ ਵੀ ਹੈ, ਤਾਂ ਉਹ ਵੀ ਜ਼ਿਆਦਾਤਰ ਬਚਾਅ ਜਾਂ ਸਫਾਈ ਦੇਣ ਦੇ ਪੈਂਤੜੇ ਤੋਂ। ਮਿਸਾਲ ਵਜੋਂ,

"ਮੇਰਾ ਕਾਲਾ ਹੀ ਸਰਦਾਰ,
ਕਾਲਾ ਸ਼ਾਹ ਕਾਲਾ।
ਮੈਂ ਆਪ ਤਿੱਲੇ ਦੀ ਤਾਰ,
ਗੋਰਿਆਂ ਨੂੰ ਦਫਾ ਕਰੋ।"

ਭਾਵ ਤਾਂ ਕੀ ਹੋਇਆ ਜੇ ਖਾਵੰਦ ਕਾਲਾ, ਮੈਂ ਆਪ ਤਾਂ ਗੋਰੀਆਂ ਵਰਗੀ ਹੀ ਲੱਗਦੀ ਆਂ। ਇਹਦੇ ਵਿਚ ਖਾਵੰਦ ਦੀ ਘੋਰ ਬੇਇੱਜਤੀ ਹੈ; ਪਰ ਤ੍ਰੀਮਤ ਤੇ ਖਾਵੰਦ-ਦੋਵੇਂ ਖੁਸ਼ੀ ਖੁਸ਼ੀ ਬੜੇ ਮਾਣ ਨਾਲ ਸੁਣੀ ਜਾਂਦੇ ਹਨ।

ਅਸੀਂ ਕਾਲੇ ਰੰਗ ਨੂੰ ਅਜੇ ਵੀ ਕਰੂਪਤਾ, ਬੁਰਾਈ ਤੇ ਬਦਸ਼ਗਨੀ ਦਾ ਪ੍ਰਤੀਕ ਸਮਝਦੇ ਰਹਿੰਦੇ ਹਾਂ। 'ਕਾਲਾ ਦਿਨ', 'ਕਾਲਾ ਹਫਤਾ', 'ਕਾਲੀ ਜੀਭ', 'ਕਾਲਾ ਦਿਲ', 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ' ਆਦਿ ਕਹਾਵਤਾਂ ਤੇ ਵਾਕਅੰਸ਼ ਆਮ ਵਰਤੇ ਜਾਂਦੇ ਨੇ। ਹੋਰ ਤਾਂ ਹੋਰ ਅਗਾਂਹ-ਵਧੂ/ਪ੍ਰਗਤੀਸ਼ੀਲ ਸੋਚ ਵਾਲੇ ਲੋਕ ਵੀ 'ਕਾਲੇ ਦਿਨ' ਤੇ 'ਕਾਲੇ ਹਫਤੇ' ਮਨਾਉਂਦੇ ਨੇ, ਤੇ ਭਾਰਤ ਦੀ ਅਧੂਰੀ ਆਜ਼ਾਦੀ ਨੂੰ 'ਕਾਲੀ ਆਜ਼ਾਦੀ' ਜਾਂ 'ਕਾਲੇ ਦਿਲ' ਵਾਲੀ ਆਜ਼ਾਦੀ ਕਹਿੰਦੇ ਨੇ। ਇਸ ਤੋਂ ਇਲਾਵਾ ਚਿਹਰੇ ਦਾ ਰੰਗ ਗੋਰਾ ਕਰਨ ਲਈ ਵਰਤੇ ਜਾਣ ਵਾਲੇ 'ਅਸਰਦਾਰ' ਘਰੇਲੂ ਨੁਸਖਿਆਂ, ਫੇਅਰਨੈਸ ਕ੍ਰੀਮ ਦਾ ਬੜਾ ਬੋਲਬਾਲਾ ਹੈ। ਪੰਜਾਬ ਜਾਂ ਪੰਜਾਬੀਆਂ ਵਿਚ ਗੋਰਾ ਰੰਗ ਸੁੰਦਰਤਾ ਦਾ ਇੱਕ ਪੈਮਾਨਾ ਬਣ ਸੁੰਦਰਤਾ ਉਦਯੋਗ ਨੂੰ ਚਲਾਉਣ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਤੀਜੀ ਅਲਾਮਤ ਹੈ, ਪੰਜਾਬੀ ਬੰਦੇ ਦਾ ਵਤੀਰਾ, ਜੋ ਉਦੋਂ ਉਜਾਗਰ ਹੁੰਦਾ ਹੈ, ਜਦੋਂ ਉਹ ਪੰਜਾਬ ਛੱਡ ਕੇ ਆਪਣੀ ਮਰਜ਼ੀ ਦੇ ਦੇਸ਼ ਦਾ ਸ਼ਹਿਰੀ ਬਣ ਕੇ ਉਥੇ ਵਸ ਜਾਂਦਾ ਹੈ। ਜਦੋਂ ਬੰਦਾ ਇੱਕ ਦੇਸ਼ ਵਿਚ ਪੈਦਾ ਹੋ ਕੇ ਉਮਰ ਦੇ ਕਿਸੇ ਵੀ ਪੜਾਅ 'ਤੇ ਕਿਸੇ ਦੂਜੇ ਦੇਸ਼ ਵਿਚ ਆਣ ਵਸੇ ਤੇ ਉਹਦੀ ਸ਼ਹਿਰੀਅਤ ਲੈ ਲਵੇ ਤਾਂ ਇਹ ਦੂਜਾ ਦੇਸ਼ ਬੰਦੇ ਦਾ ਦੇਸ਼ ਬਣ ਜਾਂਦਾ ਹੈ, ਜਿਹਨੂੰ ਆਪਣੀ ਮਰਜ਼ੀ ਜਾਂ ਆਪਣੀ ਚੋਣ ਦਾ ਦੇਸ਼ ਯਾਨਿ 'ਕੰਟਰੀ ਆਫ ਚੁਆਇਸ' ਵੀ ਕਿਹਾ ਜਾਂਦਾ ਹੈ। ਪਿਛਾਂਹ ਰਹਿ ਗਏ ਦੇਸ਼ ਨੂੰ ਜਨਮ-ਦੇਸ਼ ਜਾਂ ਮੁੱਢਲਾ ਦੇਸ਼ ਕਿਹਾ ਜਾਂਦਾ ਹੈ। ਇੱਕ ਪਿੱਛੇ ਰਹਿ ਗਿਆ ਜਨਮ-ਦੇਸ਼ ਤੇ ਇੱਕ ਹੁਣ ਦਾ ਦੇਸ਼, ਪਰਦੇਸ ਕੋਈ ਨਹੀਂ। ਇਹ ਇਸ ਸਥਿਤੀ ਪ੍ਰਤੀ ਸਹੀ, ਵਾਜਬ ਤੇ ਸਹਿਜ ਪਹੁੰਚ ਹੈ, ਜੋ ਹਕੀਕਤ 'ਤੇ ਆਧਾਰਿਤ ਹੈ।

ਮਿਸਾਲ ਵਜੋਂ ਅਮਰੀਕਾ ਆਪਣੇ ਹੁਣ ਤੱਕ ਦੇ ਇਤਿਹਾਸ ਸਦਕਾ ਪਰਵਾਸੀਆਂ ਦਾ ਕਿਹਾ ਜਾਂਦਾ ਹੈ, ਜਿੱਥੇ ਆਦਿਵਾਸੀ ਅਮਰੀਕੀ ਘੱਟ-ਗਿਣਤੀ ਤੋਂ ਇਲਾਵਾ ਅੱਜ ਵੀ ਹਰ ਇੱਕ ਵਿਅਕਤੀ ਜਾਂ ਟੱਬਰ ਜਾਂ ਤਾਂ ਇੰਮੀਗਰੈਂਟ (ਪਰਵਾਸੀ) ਹੈ, ਤੇ ਜਾਂ ਉਹਦੀਆਂ ਇਸ ਦੇਸ਼ ਵਿਚ ਜੜਾਂ ਇੱਕ ਇੰਮੀਗਰੈਂਟ ਵਿਅਕਤੀ ਜਾਂ ਟੱਬਰ ਨਾਲ ਜਾ ਮਿਲਦੀਆਂ। ਇੰਜ ਦੁਨੀਆਂ ਦੇ ਵੱਖ ਵੱਖ ਦੇਸ਼ਾਂ 'ਚੋਂ ਆ ਕੇ ਲੋਕ ਅਮਰੀਕਾ ਵਿਚ ਵਸੇ, ਜਿਨ੍ਹਾਂ ਇਸ ਦੇਸ਼ ਦੀ ਉਸਾਰੀ ਵਿਚ ਹਿੱਸਾ ਵੀ ਪਾਇਆ। ਬਹੁਤੇ ਪੰਜਾਬੀ ਅਮਰੀਕੀ ਨਾਗਰਿਕਤਾ ਦੀ ਸਹੁੰ ਚੁੱਕਣ ਪਿਛੋਂ ਤੇ ਅਮਰੀਕੀ ਰਾਸ਼ਟਰਪਤੀ ਦਾ ਰਸਮੀ ਖਤ, ਜਿਸ 'ਚ ਉਹ ਉਨ੍ਹਾਂ ਨੂੰ 'ਮਾਈ ਫੈਲੋ ਅਮੈਰਿਕਨ' ਕਹਿ ਕੇ ਸੰਬੋਧਤ ਹੁੰਦਾ ਹੈ, ਪ੍ਰਾਪਤ ਕਰਨ ਪਿਛੋਂ ਵੀ ਵਿਦੇਸ਼ੀ ਹੋਣ ਦਾ ਆਪੇ ਸਿਰਜਿਆ ਸੰਤਾਪ ਰਹਿੰਦੀ ਜ਼ਿੰਦਗੀ ਭੋਗਦੇ ਰਹਿੰਦੇ ਨੇ; ਉਹ ਅਕਸਰ ਅਮਰੀਕਾ ਨੂੰ 'ਗੋਰਿਆਂ' ਦਾ ਦੇਸ਼ ਸਮਝਦੇ ਰਹਿੰਦੇ ਨੇ ਅਤੇ ਕਾਲੇ ਤੇ ਹੋਰ ਰੰਗਦਾਰ ਨਸਲਾਂ ਵਾਲੇ ਅਮਰੀਕਨਾਂ ਬਾਰੇ ਉਨ੍ਹਾਂ ਦੇ ਵਿਚਾਰ ਅਕਸਰ ਵਿਕਤਰੇ ਭਰੇ ਹੁੰਦੇ ਨੇ। ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਵਿਚ ਇਹ ਵਤੀਰਾ ਆਮ ਹੈ।

ਮੁੱਕਦੀ ਗੱਲ, ਤਰਕ ਦਿੱਤਾ ਜਾ ਸਕਦਾ ਹੈ ਕਿ ਅੰਗਰੇਜ਼ੀ ਰਾਜ ਸੰਗ ਪੂਰੇ ਹੋਏ ਗੁਲਾਮੀ ਦੇ ਲੰਬੇ ਇਤਿਹਾਸ ਦਾ ਅਸਰ, ਬਾਕੀ ਭਾਰਤੀਆਂ ਵਾਂਗ, ਪੰਜਾਬੀਆਂ ਦੀ ਮਾਨਸਿਕਤਾ ਉਪਰ ਵੀ ਪਿਆ। ਇਸ ਅਸਰ ਦੀ ਡੂੰਘਾਈ ਸਦਕਾ ਅਤੇ ਇਹਨੂੰ ਮਿੱਥ ਕੇ ਮਿਟਾਉਣ ਦੀਆਂ ਕਾਫੀ ਕੋਸ਼ਿਸ਼ਾਂ ਦੀ ਗੈਰ-ਹਾਜ਼ਰੀ ਕਾਰਨ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਕਰੀਬ ਪੌਣੀ ਸਦੀ ਪਿਛੋਂ ਵੀ ਇਹ ਅਸਰ ਕਾਇਮ ਹੈ।

ਇਸ ਲੇਖ ਵਿਚ ਵਿਚਾਰੀਆਂ ਗਈਆਂ ਅਲਾਮਤਾਂ ਗੁਲਾਮ ਪ੍ਰਵਿਰਤੀ ਤੇ ਵਤੀਰੇ ਦੀਆਂ ਹੀ ਪ੍ਰਤੀਕ ਨੇ: 'ਸਾਹਿਬ' ਖਿਤਾਬ ਦੀ ਭਰਮਾਰ ਵਰਤੋਂ, ਗੋਰੇ ਰੰਗ ਦੀ ਕਾਲੇ ਰੰਗ ਉਪਰ ਸਰਦਾਰੀ, ਤੇ ਪੱਛਮੀ ਦੇਸ਼ਾਂ ਦੇ ਨਾਗਰਿਕ ਬਣ ਕੇ ਵੀ ਉਨ੍ਹਾਂ ਨੂੰ ਨਾ ਅਪਨਾਉਂਦਿਆਂ ਗਲਤ ਤੌਰ 'ਤੇ ਸਿਰਫ 'ਗੋਰਿਆਂ' ਦੇ ਦੇਸ਼ ਸਮਝੀ ਜਾਣਾ।

ਇੱਥੇ ਤਿੰਨ ਅਲਾਮਤਾਂ ਮਿਸਾਲ ਵਜੋਂ ਵਿਚਾਰੀਆਂ ਗਈਆਂ ਨੇ, ਉਂਜ ਸੁਭਾਵਿਕ ਜਾਂ ਮਾਨਸਿਕ ਗੁਲਾਮੀ ਦੀਆਂ ਅਲਾਮਤਾਂ ਤਾਂ ਬਥੇਰੀਆਂ ਨੇ, ਜੋ ਪੰਜਾਬੀ ਬੰਦੇ ਵਿਚ ਮਿਲਦੀਆਂ ਹਨ। ਜੇ ਚਾਹੀਏ ਤਾਂ, ਨਾ-ਉਚਿਤ ਵਰਤੋਂ ਵਿਚ 'ਸਾਹਿਬ' ਨੂੰ 'ਜੀ' ਵਿਚ ਬਦਲ ਸਕਦੇ ਹਾਂ; ਕਾਲੇ ਰੰਗ ਪ੍ਰਤੀ ਨਸਲਵਾਦੀ ਰਵੱਈਆ ਜਿਵੇਂ 'ਕਾਲਾ ਦਿਨ', 'ਕਾਲੀ ਜ਼ੁਬਾਨ', 'ਕਾਲਾ ਦਿਲ' ਆਦਿ ਸੰਕਲਪਾਂ ਦੀ ਵਰਤੋਂ ਛੱਡ ਸਕਦੇ ਹਾਂ; ਤੇ ਜੇ ਪੰਜਾਬੋਂ ਬਾਹਰ ਕਿਸੇ ਦੇਸ਼ ਵਿਚ ਬਤੌਰ ਨਾਗਰਿਕ ਵਸ ਰਹੇ ਹੋਈਏ ਤਾਂ ਉਹਨੂੰ ਆਪਣਾ ਦੇਸ਼ ਸਮਝ ਕੇ ਉਥੋਂ ਦੀਆਂ ਭਾਈਚਾਰਕ, ਸਮਾਜਿਕ ਤੇ ਸਿਆਸੀ ਸਰਗਰਮੀਆਂ ਵਿਚ ਹਿੱਸਾ ਲੈ ਸਕਦੇ ਹਾਂ, ਆਪਣੇ ਵਿੱਤ ਮੁਜਬ। ਇੰਜ ਸ਼ੁਰੂਆਤ ਕਰ ਸਕਦੇ ਹਾਂ, ਗੁਲਾਮੀ ਦੀ ਰਹਿੰਦ-ਖੂੰਹਦ ਨੂੰ ਆਪੋ-ਆਪਣੇ ਮਨ ਵਿਚੋਂ ਹੂੰਝ ਸੁੱਟਣ ਦੀ, ਬਜਾਏ ਅਗਲੇ ਪੀੜ੍ਹੀ ਨੂੰ ਸੌਂਪ ਦੇਣ ਦੇ। ਜੇ ਚਾਹੀਏ ਤਾਂ!

## ਗੁਲਾਮੀ ਬਾਰੇ ਕੁਝ ਲਘੂ ਕਵਿਤਾਵਾਂ

### ਗੁਲਾਮੀ
ਆਜ਼ਾਦੀ ਕੀ ਲੜਾਈ ਮੇ
ਸਭ ਸੇ ਮੁਸ਼ਕਿਲ ਕਾਮ ਹੈ,
ਗੁਲਾਮ ਕੋ ਸਮਝਾਨਾ
ਕਿ ਵੋਹ ਗੁਲਾਮ ਹੈ।

### ਆਜ਼ਾਦੀ-ਏ-ਗੁਲਾਮੀ
ਝੂਠ ਹੈ ਕਿ ਅੰਗਰੇਜ਼ ਨੇ
ਸਾਨੂੰ ਗੁਲਾਮ ਬਣਾਇਆ,
ਉਹ ਤਾਂ ਝੂਟੇ ਲੈਣ ਸੀ ਆਇਆ,
ਸਾਡੀ ਗੁਲਾਮੀ ਉਪਰ ਚੜ੍ਹ ਕੇ।
ਆਇਆ ਤੇ ਚਲਾ ਗਿਆ,
ਸਾਡੀ ਗੁਲਾਮੀ ਨੂੰ ਮੁੜ ਆਜ਼ਾਦ ਕਰਕੇ।

### ਨਾਮ-ਏ-ਗੁਲਾਮ
ਅਕਲ ਆਜ਼ਾਦੀ ਦਾ ਯੁੱਗ ਹੈ ਚੜ੍ਹਿਆ
ਮਾਲਕ ਵੀ ਹੋ ਗਏ ਸ਼ੈਤਾਨ ਬੜੇ ਨੇ,
ਡੀਨ, ਪ੍ਰੋਫੈਸਰ, ਚੇਅਰਮੈਨ ਬਣ ਜਾਓ
ਫਿਰਦੇ ਪ੍ਰਧਾਨ 'ਤੇ ਪ੍ਰਧਾਨ ਚੜ੍ਹੇ ਨੇ।

ਜ਼ਮਾਨਾ 'ਪਾਲ' ਕਿੰਨਾ ਅੱਗੇ ਵਧ ਆਇਆ,
ਗੁਲਾਮਾਂ ਦੇ ਦੇਖ ਕੀ ਕੀ ਨਾਮ ਧਰੇ ਨੇ।

### ਅਮਰ ਗੁਲਾਮੀ
ਜਿਸਮਾਂ ਨੂੰ ਗੁਲਾਮੀ ਚੰਬੜੀ
ਫੌਰਨ ਹੀ ਲੱਥ ਸਕਦੀ,
ਸੋਚ ਸਹੀ ਹਥਿਆਰਾਂ ਸੰਗ ਜੇ
ਵੱਸ ਗੁਲਾਮਾਂ ਆਵੇ।

ਫਿਰ ਗੁਲਾਮੀ ਪੀੜ੍ਹੀਓ ਪੀੜ੍ਹੀ
ਅਮਰ ਹੋ ਵਗਣੇ ਲੱਗਦੀ,
ਜਦੋਂ ਗੁਲਾਮੀ ਰੂਹਾਂ ਦੇ ਵਿਚ
ਘੁਲ ਮਿਲ ਕੇ ਰਚ ਜਾਵੇ।

ਸਦੀਆਂ ਪਿੱਛੋਂ ਪਿੰਜਰਾ ਖੋਲ੍ਹਿਆ
ਪੰਛੀ ਉਡਦੇ ਨਹੀਓਂ,
ਪੂਰੀ ਨਸਲ ਦੇ ਕੋਲੋਂ ਜੇਕਰ
ਉਡਣ ਜਾਚ ਖੁਸ ਜਾਵੇ।

### ਆਜ਼ਾਦੀ
ਜੱਗ ਨੂੰ ਜਿੱਤੀ ਬੈਠੇ ਹਾਂ ਜੀ
ਕੋਈ ਨਾ ਰੀਸ ਅਸਾਡੀ।
ਹਰ ਥਾਂ ਸਾਡੇ ਝੰਡੇ ਝੂਲਣ
ਮਾਣ ਹਾਂ ਰਹੇ ਆਜ਼ਾਦੀ।

ਅਸੀਂ ਹਾਂ ਵੱਡੇ ਖੰਭਾਂ ਵਾਲੇ
ਵੱਡੇ ਵੱਡੇ ਪੰਛੀ,
ਇਕ ਪਿੰਜਰੇ ਤੋਂ ਦੂਜੇ ਪਿੰਜਰੇ
ਤੱਕ ਉਡਾਰੀ ਸਾਡੀ।

### ਰੂਪ-ਏ-ਗੁਲਾਮੀ
ਰਾਮ ਨਾਮ ਦੀ ਮਾਲਾ ਫੇਰੇ
ਮਾਓ ਦੀਆਂ ਜਾਂ ਟੂਕਾਂ ਗੇੜੇ।

ਗੁਲਾਮੀ 'ਪਾਲ' ਗੁਲਾਮੀ ਹੁੰਦੀ
ਦਿਲ ਜਾਂ ਲਾਏ ਸਿਰ 'ਚ ਡੇਰੇ।

### ਕੈਦੀ
ਜਿੰਨਾ ਮਰਜ਼ੀ ਦੌੜੇ, ਉਡੇ
ਬੰਦਾ ਤਨ ਦਾ ਕੈਦੀ।
ਵੱਡੇ ਵੱਡੇ ਸੁਪਨੇ ਦੇਖੇ
ਫਿਰ ਵੀ ਮਨ ਦਾ ਕੈਦੀ।

ਸਭ ਤੋਂ ਵੱਡੀ ਲਾਹਨਤ ਵਾਲੀ
ਕੈਦ ਉਦੋਂ ਮੈਂ ਤੱਕਾਂ,
ਜਦ ਕੋਈ ਵੱਡਾ ਬੰਦਾ ਦਿਸਦਾ
ਛੋਟੇਪਨ ਦਾ ਕੈਦੀ।

-ਡਾ. ਸੁਖਪਾਲ ਸੰਘੇੜਾ

# ਨੌਂ ਵਰ੍ਹਿਆਂ ਦੀ ਬੱਚੀ ਦਾ ਬਿਆਨ

(ਪਿਛਲੇ ਸਫੇ ਦੀ ਬਾਕੀ)

ਨਾਚ ਨੱਚ ਰਹੀ ਸੀ। ਫਰਮਾਇਸ਼ਾਂ ਵੀ ਆ ਰਹੀਆਂ ਸਨ, ਜਿਵੇਂ 'ਚੋਲੀ ਕੇ ਪੀਛੇ ਕਿਆ ਹੈ' ਆਦਿ।

ਬੰਦਿਸ਼ਾਂ ਹੋਰ ਵੀ ਟੁੱਟ ਰਹੀਆਂ ਸਨ। ਸੁਆਦ ਲੈਣ ਵਾਲਿਆਂ ਨੇ ਘੇਰਾ ਕੱਸ ਲਿਆ ਸੀ। ਨੱਚਣ ਵਾਲੀ ਤੇ ਉਨ੍ਹਾਂ ਵਿਚਾਲੇ ਦੂਰੀ ਘਟ ਰਹੀ ਸੀ। ਗੱਲ ਹੁਣ ਨੱਚਣ ਗਾਉਣ ਤੱਕ ਸੀਮਿਤ ਨਹੀਂ ਰਹੀ ਸੀ। ਕੇਵਲ ਮੈਂ ਅਤੇ ਛੋਟੀ ਭੂਆ ਹੀ ਖੜ੍ਹੀਆਂ ਰਹਿ ਗਈਆਂ ਸਾਂ। ਕੋਈ ਉਸ ਦਾ ਹੱਥ ਫੜ ਕੇ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਕੋਈ ਉਸ ਦੇ ਗਲ ਵਿਚ ਬਾਹਾਂ ਪਾ ਕੇ ਨੱਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਫਿਰ ਵੀ ਨੱਚ ਰਹੀ ਸੀ, ਰੁਪਈਏ ਪੈਸੇ ਸੁੱਟੇ ਜਾ ਰਹੇ ਸੀ। ਉਸ ਦੇ ਨਾਲ ਆਏ ਲੋਕਾਂ ਦੇ ਚਿਹਰਿਆਂ ਉਤੇ ਕੋਈ ਭਾਵ ਨਹੀਂ ਸੀ। ਇਹ ਆਖਿਆ ਜਾ ਸਕਦਾ ਕਿ ਉਹ ਉਸ ਦ੍ਰਿਸ਼ ਵਿਚੋਂ ਪੂਰੀ ਤਰ੍ਹਾਂ ਗੈਰ-ਹਾਜ਼ਰ ਸਨ। ਤਬਲਾ ਅਤੇ ਹਾਰਮੋਨੀਅਮ ਵੀ ਇਸ ਤਰ੍ਹਾਂ ਵੱਜ ਰਿਹਾ ਸੀ, ਜਿਵੇਂ ਹਮੇਸ਼ਾ ਤੋਂ ਇਸ ਦ੍ਰਿਸ਼ ਦਾ ਹਿੱਸਾ ਰਿਹਾ ਹੁੰਦਾ ਹੈ। ਇੰਨੇ ਨੂੰ ਇਕ ਚਿਹਰੇ ਨੇ ਨੋਟਾਂ ਦੀ ਗੁੱਟੀ ਲਹਿਰਾਉਂਦਿਆਂ ਉਸ ਨੂੰ ਆਪਣੇ ਵੱਲ ਆਉਣ ਦਾ ਇਸ਼ਾਰਾ ਕੀਤਾ। ਦੋ ਜ਼ਰੂਰਤਮੰਦ ਪੈਰ ਤਬਲੇ ਦੀ ਥਾਪ ਉਤੇ ਚੱਲਦੇ ਹੋਏ ਆਏ ਅਤੇ ਆਦਤ ਅਨੁਸਾਰ ਦੋ ਹੱਥ ਵਧੇ ਪਰ ਤਾਕਤਵਰ ਹੱਥਾਂ ਨੇ ਪੈਸੇ ਵਾਲੇ ਹੱਥ ਨੂੰ ਪਿੱਛੇ ਕਰ ਲਿਆ ਅਤੇ ਦੂਜੇ ਹੱਥ ਨਾਲ ਉਸ ਨੂੰ ਆਪਣੇ ਵੱਲ ਖਿੱਚ ਲਿਆ। ਉਸ ਨੇ ਲਗਪਗ ਉਸ ਨੂੰ ਥੱਲੇ ਸੁੱਟਦੇ ਹੋਏ ਅਤੇ ਜ਼ਬਰਦਸਤੀ ਆਪਣਾ ਹੱਥ ਗੁੱਟ ਤਕ ਉਸ ਦੇ ਬਲਾਊਜ਼ ਵਿਚ ਪਾ ਕੇ ਉਹ ਪੈਸੇ ਉਥੇ ਪਾ ਦਿੱਤੇ। ਦੇਰ ਤੱਕ ਉਸ ਦਾ ਹੱਥ ਉਥੇ ਹੀ ਰਿਹਾ। ਉਹ ਆਪਣੇ ਚਿਹਰੇ ਉਤੇ ਕਿਸੇ ਤਰ੍ਹਾਂ ਦਾ ਗੁੱਸਾ ਲਿਆਏ ਬਿਨਾ ਆਪਣੇ ਆਪ ਨੂੰ ਛੁਡਾਉਣ ਦਾ ਯਤਨ ਕਰ ਰਹੀ ਸੀ। ਉਸ ਦੇ ਨਾਲ ਆਏ ਲੋਕਾਂ ਵਿਚੋਂ ਕੋਈ ਉਠ ਕੇ ਨਹੀਂ ਆਇਆ। ਸਾਰੀ ਮਹਿਫਲ ਵਾਹ-ਵਾਹ ਕਰ ਰਹੀ ਸੀ।

ਛੋਟੀ ਭੂਆ ਕੋਈ ਗਾਲ੍ਹ ਕੱਢਦੀ ਹੋਈ ਉਥੋਂ ਚਲੀ ਗਈ ਅਤੇ ਨੌਂ ਸਾਲ ਦੀ ਬੱਚੀ ਉਥੇ ਹੀ ਫ੍ਰੀਜ਼ ਹੋ ਗਈ। ਉਸ ਦੇ ਬਨੇਰੇ ਉਤੇ ਰੱਖੇ ਚਿਹਰੇ ਉਤੇ ਕਈ ਘੰਟਿਆਂ ਤੱਕ ਹੰਝੂਆਂ ਤੋਂ ਬਿਨਾ ਕੁਝ ਨਹੀਂ ਸੀ। ਨਾ ਕੋਈ ਭਾਵ, ਨਾ ਹੀ ਕੋਈ ਇੱਛਾ। ਔਰਤ ਦੇ ਜੀਵਨ ਨਾਲ ਇਹ ਉਸ ਦੀ ਪਹਿਲੀ ਜਾਣ-ਪਛਾਣ ਸੀ, ਬਹੁਤ ਉਦਾਸ ਸੁਆਲ 'ਅਜਿਹਾ ਕਿਉਂ?' ਨਾਲ ਪਹਿਲੀ ਜਾਣ-ਪਛਾਣ। ਇਹ ਦ੍ਰਿਸ਼ ਬਹੁਤ ਬਾਅਦ ਵਿਚ ਜਾ ਕੇ ਮੇਰੀ ਸਮਝ ਦਾ ਹਿੱਸਾ ਬਣਿਆ, ਪਰ ਇਸ ਸਮਝ ਨੇ ਵੀ ਨੌਂ ਸਾਲ ਦੀ ਉਸ ਕੁੜੀ ਦੀਆਂ ਅੱਖਾਂ ਵਿਚ ਵਹਿੰਦੇ ਹੰਝੂਆਂ ਦੇ ਸੁੱਕਣ ਵਿਚ ਕੋਈ ਮਦਦ ਨਹੀਂ ਕੀਤੀ। ਉਂਜ, ਇਕ ਗੱਲ ਜ਼ਰੂਰ ਵਾਪਰੀ ਕਿ ਬਦਤਮੀਜ਼ੀਆਂ ਲਈ ਪਹਿਲਾਂ ਤੋਂ ਹੀ ਮਸ਼ਹੂਰ ਇਸ ਕੁੜੀ ਨੇ ਆਪਣੀ ਜ਼ਿੰਦਗੀ ਵਿਚ ਵੱਡੀ ਹੋ ਕੇ ਹੋਰ ਵੀ ਕਈ ਬਦਤਮੀਜ਼ੀਆਂ ਕੀਤੀਆਂ। ਉਸ ਨੇ ਘਰ-ਪਰਿਵਾਰ ਅਤੇ ਸਕੂਲ ਵਿਚ ਅੱਖਾਂ ਵਿਚ ਅੱਖਾਂ ਪਾ ਕੇ ਸੁਆਲ ਪੁੱਛੇ ਅਤੇ ਵਿਰੋਧ ਕਰਨ ਲਈ ਬੇਮਿਸਾਲ ਤਰੀਕਿਆਂ ਦੀ ਖੋਜ ਕੀਤੀ। ਨਾ ਉਸ ਨੇ ਭੋਲੀ-ਭਾਲੀ ਕੁੜੀ ਬਣਨਾ ਮਨਜ਼ੂਰ ਕੀਤਾ ਅਤੇ ਨਾ ਹੀ ਹਰ ਗੱਲ ਉਤੇ 'ਹੇ ਰੱਬਾ!' ਆਖ ਕੇ ਹੈਰਾਨ ਹੋਣਾ। ਇਸੇ ਲਈ ਉਸ ਨੂੰ ਰੋਂਦਿਆਂ ਵੀ ਇਹ ਦੇਖ ਕੋਈ ਹੈਰਾਨੀ ਨਹੀਂ ਕਿ ਅਯੁੱਧਿਆ ਮਹਾਰਾਜ ਨੇ ਖੰਭੇ ਦੇ ਪਿੱਛੇ ਖੜ੍ਹੋ ਕੇ ਸਾਰੀ ਰਾਤ ਹੋਏ ਇਸ ਤਮਾਸ਼ੇ ਨੂੰ ਬਹੁਤ ਸੁਆਦ ਨਾਲ ਭੋਗਿਆ ਸੀ। ਬਹੁਤ ਸਮਝਦਾਰ ਹੋ ਜਾਣ ਤੋਂ ਬਾਅਦ ਵੀ ਮੇਰੇ ਅੰਦਰ ਉਹ ਨੌਂ ਸਾਲਾਂ ਦੀ ਬੱਚੀ ਦੀ ਛਟਪਟਾਹਟ ਸਿਰ ਚੁੱਕ ਲੈਂਦੀ ਹੈ ਅਤੇ ਬੇਚੈਨੀ ਵਿਚ ਮੇਰੀ ਛਾਤੀ ਨਾਲ ਸਿਰ ਪਟਕਦੀ ਰਹਿੰਦੀ ਹੈ।


ਬਾਅਦ ਵਿਚ ਪੜ੍ਹਨ ਲਈ ਮੈਂ ਸਾਹਿਤ ਨੂੰ ਵਿਸ਼ੇ ਦੇ ਤੌਰ 'ਤੇ ਚੁਣਿਆ ਅਤੇ ਲੇਖਕਾਂ/ਕਵੀਆਂ ਦੁਆਰਾ ਵਿਵਸਥਾ ਅਤੇ ਸੱਤਾ ਦੀ ਉਲੰਘਣਾ, ਅਸ਼ਲੀਲਤਾ, ਅਡੰਬਰੀ ਵੇਸ, ਘਿਨੌਣੇਪਨ ਆਦਿ ਲਈ ਦਿੱਤੇ ਜਾਣ ਵਾਲੇ ਵੇਸਵਾ, ਰੰਡੀ ਅਤੇ ਕਾਲ-ਗਰਲ ਵਰਗੇ ਪ੍ਰਤੀਕਾਂ ਅਤੇ ਉਪਨਾਵਾਂ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ। ਇਹ ਸਭ ਲਿਖਣ ਵਾਲਿਆਂ ਨੇ ਜੇ ਉਸ ਬੱਚੀ ਦੀਆਂ ਅੱਖਾਂ ਨਾਲ ਦੇਖਿਆ ਹੁੰਦਾ ਤਾਂ ਉਹ ਕਦੇ ਵੀ ਅਜਿਹੇ ਸ਼ਬਦਾਂ ਦਾ ਇਸਤੇਮਾਲ ਕਰਨ ਦੀ ਹਿੰਮਤ ਨਾ ਕਰਦੇ। ਮਰਦਾਂ ਦੀ ਸੱਤਾ ਨੇ ਪਹਿਲਾਂ ਆਬਾਦੀ ਦੇ ਪੂਰੇ ਜੀਵਨ ਸੰਘਰਸ਼ ਨੂੰ ਤਮਾਸ਼ਾ ਬਣਾਇਆ, ਇਸ ਤਮਾਸ਼ੇ ਨੂੰ ਨਫਰਤ ਨਾਲ ਦੇਖਦਿਆਂ ਸੁਆਦ ਵੀ ਲਿਆ ਅਤੇ ਫਿਰ ਇਸ ਨੂੰ ਭਾਸ਼ਾਈ ਪ੍ਰਤੀਕਾਂ ਦੀ ਬੌਧਿਕ ਖੇਡ ਵਿਚ ਕੈਦ ਕਰ ਦਿੱਤਾ।

# ਰੇਡੀਓ ਲਾਹੌਰ ਵਾਲਾ ਚੌਧਰੀ ਨਿਜ਼ਾਮਦੀਨ ਮੋਦੇ

***ਚੜ੍ਹਦੇ ਪੰਜਾਬ ਦੇ ਸਰਹੱਦੀ ਇਲਾਕੇ ਵਿਚ ਵੱਸਦੇ ਲੋਕਾਂ ਦਾ ਵਾਸਤਾ ਲਾਹੌਰ ਰੇਡੀਓ ਨਾਲ ਬੜਾ ਨੇੜਲਾ ਰਿਹਾ ਹੈ। ਉਥੋਂ ਦਾ ਇਕ ਕਲਾਕਾਰ ਚੌਧਰੀ ਨਿਜ਼ਾਮੁਦੀਨ ਆਪਣੇ ਲਹਿਜੇ ਕਰਕੇ ਲਹਿੰਦੇ ਪੰਜਾਬ ਵਿਚ ਜਿੰਨਾ ਪਿਆਰ ਹਾਸਲ ਕਰਦਾ ਸੀ, ਸ਼ਾਇਦ ਉਸ ਤੋਂ ਕਿਤੇ ਵੱਧ ਚੜ੍ਹਦੇ ਪੰਜਾਬ ਵਿਚ ਸਤਕਾਰਿਆ ਜਾਂਦਾ ਸੀ। ਜਸਵੰਤ ਸਿੰਘ ਸੰਧੂ ਜੋ ਗਾਹੇ-ਬਗਾਹੇ ਪੰਜਾਬ ਟਾਈਮਜ਼ ਵਿਚ ਭਰਵੀਂ ਹਾਜ਼ਰੀ ਲੁਆਉਂਦੇ ਹਨ, ਨੇ ਐਤਕੀਂ ਇਸ ਨਾਮੀ ਕਲਾਕਾਰ ਬਾਰੇ ਲਿਖ ਭੇਜਿਆ ਹੈ। ਇਹ ਦਿਲਚਸਪ ਲਿਖਤ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***

ਅੱਜ ਅਸੀਂ ਰੋਜ਼ ਵਾਪਰਦੀਆਂ ਘਟਨਾਵਾਂ ਟੀ.ਵੀ. ਅਤੇ ਸੋਸ਼ਲ ਮੀਡੀਏ ਰਾਹੀਂ ਵੇਖ ਤੇ ਸੁਣ ਸਕਦੇ ਹਾਂ। ਜਿਸ ਸਮੇਂ ਦੀ ਇਹ ਗੱਲ ਹੈ, ਉਦੋਂ ਇਹ ਸਾਧਨ ਮੌਜੂਦ ਨਹੀਂ ਸਨ। ਉਦੋਂ ਰੇਡੀਓ ਸਟੇਸ਼ਨ ਜਲੰਧਰ ਅਤੇ ਲਾਹੌਰ ਸਾਡੇ ਇਲਾਕੇ ਵਿਚ ਸੁਣੇ ਜਾਂਦੇ ਸਨ। ਜਲੰਧਰ ਰੇਡੀਓ ਤੋਂ ਪੇਂਡੂ ਭਰਾਵਾਂ ਲਈ ਵਧੀਆ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਸਨ, ਪਰ ਮਝੈਲ ਲਹਿਜੇ ਵਾਲੀ ਬੋਲੀ ਦਾ ਰੰਗ ਤੇ ਬੇਬਾਕ ਗੱਲਾਂ ਵਧੇਰੇ ਖਿੱਚ ਪਾਉਂਦੀਆਂ; ਇਸੇ ਕਰਕੇ ਬਾਰਡਰ ਦੇ ਲੋਕ ਰੇਡੀਓ ਸਟੇਸ਼ਨ ਲਾਹੌਰ ਜ਼ਿਆਦਾ ਸੁਣਦੇ ਸਨ। ਲਾਹੌਰ ਰੇਡੀਓ ਤੋਂ 'ਸੋਹਣੀ ਧਰਤੀ' ਨਾਂ ਦਾ ਪ੍ਰੋਗਰਾਮ ਠੇਠ ਪੰਜਾਬੀ ਵਿਚ ਪੇਂਡੂ ਭਰਾਵਾਂ ਲਈ ਨਸ਼ਰ ਹੁੰਦਾ ਸੀ।

ਚੌਧਰੀ ਨਿਜ਼ਾਮੁਦੀਨ ਅਤੇ ਉਸ ਦਾ ਸਾਥੀ ਚੌਧਰੀ ਸਾਹਿਬ ਇਹ ਪ੍ਰੋਗਰਾਮ ਪੇਸ਼ ਕਰਦੇ। ਦੋਵੇਂ ਵਧੀਆ ਰੇਡੀਓ ਕਲਾਕਾਰ ਸਨ। ਨਿਜ਼ਾਮੁਦੀਨ ਨੂੰ ਤਾਂ ਪਾਕਿਸਤਾਨ ਸਰਕਾਰ ਨੇ ਰੇਡੀਓ ਪਾਕਿਸਤਾਨ ਲਾਹੌਰ ਦਾ ਵਧੀਆ ਕਲਾਕਾਰ ਹੋਣ ਦਾ ਸਨਮਾਨ ਵੀ ਦਿੱਤਾ ਸੀ।



ਨਿਜ਼ਾਮੁਦੀਨ ਮੁਲਕ ਦੀ ਵੰਡ ਤੋਂ ਬਾਅਦ ਲਾਹੌਰ ਰੇਡੀਓ ਤੋਂ ਪੇਂਡੂ ਭਰਾਵਾਂ ਲਈ ਸ਼ਾਮ ਨੂੰ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮ ਵਿਚ ਕਈ ਦਹਾਕਿਆਂ ਤੱਕ ਆਪਣੀ ਬੋਲ-ਕਲਾ ਦੇ ਜੌਹਰ ਵਿਖਾਉਂਦਾ ਰਿਹਾ। ਰੇਡੀਓ ਉਤੇ ਗੱਲਬਾਤ ਕਰਦਿਆਂ ਉਹ ਆਪਣੇ ਪੁਰਾਣੇ ਪਿੰਡ ਮੋਦੇ (ਅੰਮ੍ਰਿਤਸਰ) ਅਤੇ ਜਾਣ-ਪਛਾਣ ਵਾਲੇ ਲੋਕਾਂ ਦਾ ਜ਼ਿਕਰ ਬੜੇ ਤਿਹ-ਮੋਹ ਨਾਲ ਕਰਦਾ। ਆਪਣੇ ਪਿੰਡ ਨੂੰ ਯਾਦ ਕਰਦਿਆਂ ਉਹ ਕਈ ਵਾਰੀ ਰੇਡੀਓ ਤੋਂ ਕਹਿ ਜਾਂਦਾ, "ਮੈਂ ਸੱਤਾ ਵਲੈਤਾਂ ਨੂੰ ਵਾਰ ਸੁੱਟਾਂ, ਆਪਣੇ ਪਿੰਡ ਦੀ ਨਿੱਕੀ ਜਿਹੀ ਗਲੀ ਉਤੋਂ।"

**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ 510-909-8204**

ਮਾਪਿਆਂ ਨੇ ਨਿਜ਼ਾਮੁਦੀਨ ਦਾ ਨਾਂ ਸੁਲਤਾਨ ਬੇਗ ਰਖਿਆ ਸੀ। ਨਿਜ਼ਾਮੁਦੀਨ ਉਸ ਦਾ ਰੇਡੀਓ ਦਾ ਨਾਂ ਸੀ। ਇਹ ਦੋਵੇਂ ਜਦੋਂ ਪ੍ਰੋਗਰਾਮ ਪੇਸ਼ ਕਰਦੇ ਤਾਂ ਚੌਧਰੀ ਸਾਹਿਬ (ਅਸਲ ਨਾਂ ਅਬਦੁਲ ਲਤੀਫ ਮੁਸਾਫਿਰ) ਦਾ ਰੋਲ ਪੜ੍ਹੇ-ਲਿਖੇ ਤੇ ਸਿਆਣੇ ਬੰਦੇ ਵਾਲੇ ਹੁੰਦਾ। ਉਹ ਕਿਸੇ ਵੀ ਮਸਲੇ ਬਾਰੇ ਆਪਣੀ ਫੈਸਲਾਕੁਨ ਰਾਏ ਦਿੰਦਾ ਅਤੇ ਨਿਜ਼ਾਮੁਦੀਨ ਸਿੱਧੇ-ਸਾਦੇ ਪੇਂਡੂ ਵਾਲਾ ਰੋਲ ਅਦਾ ਕਰਦਾ। ਉਹਦੀਆਂ ਭੋਲੀਆਂ-ਭਾਲੀਆਂ ਅਤੇ ਝੱਲ-ਬਲੱਲੀਆਂ ਵਿਚ ਵੀ ਡੂੰਘਾ ਵਿਅੰਗ ਤੇ ਹਾਸਰਸ ਹੁੰਦਾ। ਉਹਦੀ ਬੋਲੀ ਦਾ ਪੇਂਡੂ ਲੋਕ-ਮੁਹਾਵਰਾ ਅਜਿਹਾ ਜਾਨਦਾਰ ਸੀ ਅਤੇ ਉਸ ਵਿਚ ਪੰਜਾਬੀ ਸੁਭਾਅ ਦੀ ਅਜਿਹੀ ਮੜਕ ਤੇ ਖੁਸ਼ਬੂ ਹੁੰਦੀ ਕਿ ਲੋਕ ਉਹਦੀਆਂ ਗੱਲਾਂ ਦਾ ਰਸ ਲੈਣ ਲਈ ਉਚੇਚੇ ਤੌਰ 'ਤੇ ਲਾਹੌਰ ਰੇਡੀਓ ਸੁਣਦੇ।

ਅਗਲੇ ਦਿਨ ਲੋਕ ਉਹਦੀਆਂ ਕੀਤੀਆਂ ਗੱਲਾਂ ਦੁਹਰਾਉਂਦੇ ਅਤੇ ਇਨ੍ਹਾਂ ਵਿਚਲੇ ਤਿੱਖੇ ਵਿਅੰਗ ਅਤੇ ਹਾਸੇ ਦਾ ਸਵਾਦ ਵੀ ਲੈਂਦੇ। ਅੱਜ ਵੀ ਕਦੀ ਕਦੀ ਉਨ੍ਹਾਂ ਵੇਲਿਆਂ ਦੇ ਸਾਡੇ ਵਰਗੇ ਲੋਕ ਉਸ ਦੀ ਕਹੀ ਹੋਈ ਗੱਲ ਸੁਣਾ ਕੇ ਯਾਦ ਤਾਜ਼ਾ ਕਰ ਲੈਂਦੇ ਹਨ। ਉਹ ਪਿੰਡ ਦੀ ਆਤਮਾ ਨਾਲ ਜੁੜਿਆ ਹੋਇਆ ਬੰਦਾ ਸੀ।

ਚੌਧਰੀ ਨਿਜ਼ਾਮੁਦੀਨ ਦਾ ਜਨਮ ਪਿੰਡ ਮੋਦੇ (ਨੇੜੇ ਅਟਾਰੀ ਸ. ਸ਼ਾਮ ਸਿੰਘ) ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਉਸ ਦੇ ਖਾਨਦਾਨ ਦਾ ਸਬੰਧ ਪੱਟੀ ਦੇ ਮੁਗਲ ਘਰਾਣੇ ਨਾਲ ਸੀ। ਉਸ ਦੇ ਵਾਲਦ (ਬਾਪ) ਅਟਾਰੀ ਜ਼ੈਲ ਦੇ ਜ਼ੈਲਦਾਰ ਸਨ। ਬਚਪਨ ਤੋਂ ਹੀ ਉਸ ਦਾ ਸੁਭਾਅ ਹਾਸੇ-ਮਖੌਲ ਵਾਲਾ ਸੀ। ਮੇਰਾ ਪਿੰਡ ਉਸ ਦੇ ਪਿੰਡ ਤੋਂ ਚੜ੍ਹਦੇ ਵੱਲ ਅੱਠ ਮੀਲ ਹੈ। ਉਸ ਨੇ ਦਸਵੀਂ ਜਮਾਤ ਡੀ.ਸੀ. ਹਾਈ ਸਕੂਲ ਅਟਾਰੀ (ਅੰਮ੍ਰਿਤਸਰ) ਤੋਂ ਪਾਸ ਕੀਤੀ। ਮੈਂ ਵੀ ਇਸੇ ਸਕੂਲ ਤੋਂ 1959 ਵਿਚ ਦਸਵੀਂ ਪਾਸ ਕੀਤੀ। ਇਉਂ ਮੈਂ ਉਸ ਦਾ ਸਕੂਲ ਫੈਲੋ ਹਾਂ। ਉਚੇਰੀ ਵਿਦਿਆ ਉਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ।

ਵਿਦਿਆਰਥੀ ਜੀਵਨ ਵਿਚ ਵੀ ਉਹਦਾ ਸੁਭਾਅ ਹਾਸੇ-ਠੱਠੇ ਵਾਲਾ ਸੀ। ਉਸ ਦੇ ਇਕ ਜਮਾਤੀ ਨੇ ਗੱਲ ਸੁਣਾਈ ਕਿ ਅਟਾਰੀ ਸਕੂਲ ਦੇ 41 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ, ਜਿਸ ਵਿਚੋਂ 38 ਫੇਲ੍ਹ ਹੋ ਗਏ। ਇਕ ਅਧਿਆਪਕ ਨੇ ਸੁਲਤਾਨ ਬੇਗ (ਨਿਜ਼ਾਮੁਦੀਨ) ਨੂੰ ਕਿਹਾ, "ਓ ਬੇਗਿਆ! ਪੜ੍ਹਿਆ ਕਰੋ, ਵੇਖ ਲੈ ਇਸ ਵਾਰ ਦਸਵੀਂ ਦਾ ਨਤੀਜਾ ਕਿੰਨਾ ਮਾੜਾ ਆਇਆ ਹੈ।" ਅੱਗਿਉਂ ਬੇਗੇ ਦਾ ਜਵਾਬ ਸੀ, "ਮਾਸਟਰ ਜੀ! ਨਤੀਜੇ ਮਾੜੇ ਦਾ ਮੈਨੂੰ ਪਤਾ ਨਹੀਂ, ਉਸ ਤਰ੍ਹਾਂ ਵੇਖ ਲਉ ਰੌਣਕ ਕਿਹੜੇ ਪਾਸੇ ਵੱਧ ਹੈ।"

ਸੁਲਤਾਨ ਬੇਗ (ਨਿਜ਼ਾਮੁਦੀਨ) ਨੇ ਪੜ੍ਹਾਈ ਖਤਮ ਕਰਕੇ 'ਰਿਆਸਤ' ਅਖਬਾਰ ਦੇ ਦਫਤਰ ਵਿਚ ਛੇ ਆਨੇ ਦਿਹਾੜੀ 'ਤੇ ਨੌਕਰੀ ਕੀਤੀ। ਜਦ ਦੂਜੀ ਸੰਸਾਰ ਜੰਗ ਲੱਗ ਗਈ ਤਾਂ ਉਹ 34 ਰੁਪਏ ਮਹੀਨੇ ਉਤੇ ਸਟੋਰ ਮੁਨਸ਼ੀ ਲੱਗ ਗਿਆ। ਲੜਾਈ ਖਤਮ ਹੋਣ 'ਤੇ ਨੌਕਰੀਓਂ ਜਵਾਬ ਮਿਲ ਗਿਆ। ਪ੍ਰਸਿਧ ਐਕਟਰ ਓਮ ਪ੍ਰਕਾਸ਼ ਉਸ ਦਾ ਯਾਰ ਸੀ। ਉਸ ਨੇ ਦੱਸ ਪਾਈ, ਰੇਡੀਓ ਸਟੇਸ਼ਨ ਲਾਹੌਰ ਵਿਚ ਇਕ ਜਗ੍ਹਾ ਖਾਲੀ ਹੈ, ਦਰਖਾਸਤ ਦੇਹ। ਉਸ ਵਕਤ ਲਾਹੌਰ ਤੋਂ ਜੇ.ਕੇ. ਬੱਸਾਂ ਜੰਮੂ ਕਸ਼ਮੀਰ ਨੂੰ ਚਲਦੀਆਂ ਸਨ। ਉਹ ਰੇਡੀਓ ਸਟੇਸ਼ਨ ਲਾਹੌਰ ਦੇ ਡਾਇਰੈਕਟਰ ਦੇ ਦਫਤਰ ਜਾ ਪੁੱਜਾ, ਅੱਗੇ ਨੇਮ ਪਲੇਟ ਲੱਗੀ ਸੀ, ਜੇ.ਕੇ. ਮਹਿਰਾ। ਨਿਜ਼ਾਮੁਦੀਨ ਨੂੰ ਸ਼ਰਾਰਤ ਸੁੱਝੀ, ਉਸ ਨੇ ਡਾਇਰੈਕਟਰ ਨੂੰ ਕਿਹਾ, "ਜੀ, ਮੈਂ ਜੰਮੂ ਕਸ਼ਮੀਰ (ਜੇ.ਕੇ.) ਬੱਸ ਦੀ ਟਿਕਟ ਲੈਣੀ ਹੈ। ਨਾਲ ਹੀ ਪੰਜਾਂ ਦਾ ਨੋਟ ਮੇਜ਼ ਉਤੇ ਰੱਖ ਦਿੱਤਾ।" ਡਾਇਰੈਟਰ ਨੇ ਕਿਹਾ, "ਇਹ ਤਾਂ ਰੇਡੀਓ ਸਟੇਸ਼ਨ ਦਾ ਦਫਤਰ ਹੈ, ਤੈਨੂੰ ਭੁਲੇਖਾ ਲੱਗੈ।" ਨਿਜ਼ਾਮੁਦੀਨ ਨੇ ਕਿਹਾ, "ਜੀ ਬਾਹਰ ਜੇ.ਕੇ. ਮਹਿਰਾ ਲਿਖਿਆ, ਮੈਂ ਸਮਝਿਆ ਇਹ ਜੇ.ਕੇ. ਬ੍ਰਾਂਚ ਦਾ ਦਫਤਰ ਹੈ ਤੇ ਇਥੇ ਬੱਸਾਂ ਦੀਆਂ ਟਿਕਟਾਂ ਮਿਲਦੀਆਂ ਹਨ।" ਜੁਗਲ ਕਿਸ਼ੋਰ ਮਹਿਰਾ ਉਸ ਦੇ ਜਵਾਬ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਸੇ ਵੇਲੇ ਅਰਜ਼ੀ ਲੈ ਕੇ ਉਸ ਨੂੰ 75 ਰੁਪਏ ਮਹੀਨਾ 'ਤੇ ਭਰਤੀ ਕਰ ਲਿਆ। 27 ਜਨਵਰੀ 1945 ਨੂੰ ਨਿਜ਼ਾਮੁਦੀਨ ਨੇ ਆਲ ਇੰਡੀਆ ਰੇਡੀਓ ਲਾਹੌਰ ਤੋਂ ਪਹਿਲਾ ਪ੍ਰੋਗਰਾਮ ਪੇਸ਼ ਕੀਤਾ।

ਪਾਕਿਸਤਾਨ ਬਣਿਆ ਤਾਂ ਉਹ ਆਪਣੀ ਜਨਮ ਭੂਮੀ ਮੋਦੇ ਛੱਡ ਕੇ ਲਾਹੌਰ ਚਲਾ ਗਿਆ ਪਰ ਉਹ ਆਪਣੇ ਪਿੰਡ, ਜਮਾਤੀਆਂ ਅਤੇ ਯਾਰਾਂ-ਦੋਸਤਾਂ ਨੂੰ ਨਾ ਭੁਲਾ ਸਕਿਆ। ਉਹ ਦੂਜੇ ਤੀਜੇ ਸਾਲ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਆਉਂਦਾ ਅਤੇ ਪਿੰਡ ਦਾ ਆਪਣਾ ਜੱਦੀ ਘਰ ਵਿਖਾਉਂਦਾ ਤੇ ਆਪਣੇ ਹਾਣੀਆਂ, ਦੋਸਤਾਂ-ਮਿੱਤਰਾਂ ਨੂੰ ਮਿਲਾਉਂਦਾ। ਉਹ ਪੰਜਾਬ ਦਾ ਸੱਚਾ ਸਪੂਤ ਸੀ, ਪੰਜਾਬੀ ਜ਼ੁਬਾਨ ਨੂੰ ਪਿਆਰ ਕਰਨ ਵਾਲਾ। ਜਦ ਕੋਈ ਪੰਜਾਬੀ ਉਸ ਨਾਲ ਉਰਦੂ ਜਾਂ ਅੰਗਰੇਜ਼ੀ ਵਿਚ ਗੱਲ ਕਰਦਾ, ਉਹ ਉਸ ਨੂੰ ਬਿਮਾਰ ਆਖਦਾ।

ਪਾਕਿਸਤਾਨ ਮਜ਼ਹਬ ਦੇ ਨਾਂ 'ਤੇ ਬਣਿਆ ਸੀ ਪਰ ਉਹ ਮਜ਼ਹਬਾਂ ਤੋਂ ਉਪਰ ਸੋਚ ਦਾ ਮਾਲਕ ਸੀ। ਮੈਂ ਉਸ ਨੂੰ ਪਹਿਲੀ ਵਾਰ 1961 ਵਿਚ ਸੁਣਿਆ, ਜਦੋਂ ਉਹ ਨੂਰਦੀਨ (ਸੁਲਤਾਨ ਖੂਸਟ ਜੋ ਪਾਕਿਸਤਾਨੀ ਡਰਾਮੇ 'ਅੰਧੇਰਾ ਉਜਾਲਾ' ਦੇ ਹੌਲਦਾਰ ਪਾਤਰ ਇਰਫਾਨ ਖੂਸਟ ਦਾ ਬਾਪ ਸੀ) ਨਾਲ ਪ੍ਰੋਗਰਾਮ ਦਿੰਦਾ ਹੁੰਦਾ ਸੀ। ਨੂਰਦੀਨ ਦੀ ਮੌਤ ਤੋਂ ਬਾਅਦ 'ਚੌਧਰੀ ਸਾਹਿਬ' ਉਸ ਦਾ ਸਾਥੀ ਬਣਿਆ। ਉਸ ਨੇ ਕਈ ਵਾਰ ਗੁਰੂ ਨਾਨਕ ਦੀ ਬਾਣੀ ਦੀਆਂ ਤੁਕਾਂ ਰੇਡੀਓ ਲਾਹੌਰ ਤੋਂ ਬੜੇ ਅਦਬ ਨਾਲ ਬੋਲਣੀਆਂ। ਰੇਡੀਓ ਤੋਂ ਬਾਬੇ ਨਾਨਕ ਦਾ ਜ਼ਿਕਰ ਸੁਣ ਕੇ ਮੈਨੂੰ ਉਸ ਨਾਲ ਬੜਾ ਲਾਡ ਆਉਂਦਾ ਸੀ।

1965 ਦੀ ਜੰਗ ਲੱਗ ਗਈ। ਸਭ ਅਖਬਾਰ ਪਿੰਡ ਵਿਚ ਆਉਣੇ ਬੰਦ ਹੋ ਗਏ। ਉਹ ਰੇਡੀਓ ਤੋਂ ਆਪਣੀ ਫੌਜ ਅਤੇ ਲੋਕਾਂ ਦੇ ਹੌਸਲੇ ਬੁਲੰਦ ਰੱਖਣ ਲਈ ਧੜੱਲੇਦਾਰ ਪ੍ਰਚਾਰ ਕਰਦਾ। ਉਹਦੇ ਪ੍ਰਚਾਰ ਪਿੱਛੇ ਬੜਾ ਕੁਝ ਛੁਪਿਆ ਹੁੰਦਾ। ਉਹ ਸਿੱਖਾਂ ਨੂੰ ਬੜਾ ਸਲਾਹੁੰਦਾ। ਇਕ ਵਾਰ ਰੇਡੀਓ ਤੋਂ ਕਹਿ ਰਿਹਾ ਸੀ, "ਚੌਧਰੀ ਜੀ! ਆਹ ਸਾਨੂੰ ਵਾਹਗੇ ਤੋਂ ਲੈ ਕੇ ਅੰਬਾਲੇ ਤੱਕ ਥੋੜ੍ਹੀ ਜਿਹੀ ਰੁਕਾਵਟ ਪੈਣੀ ਆਂ। ਅੱਗੇ ਤਾਂ ਭਾਵੇਂ ਡੀ.ਡੀ.ਟੀ. ਛਿੜਕੀ ਜਾਈਏ, ਹਥਿਆਰਾਂ ਦੀ ਲੋੜ ਹੀ ਨਹੀਂ ਪੈਣੀ।" ਅੱਗਿਉਂ ਚੌਧਰੀ ਨੇ ਕਹਿਣਾ, "ਉਹ ਕਿਉਂ?" ਕਹਿੰਦਾ, "ਓ ਜੀ! ਇਥੇ ਬਹਾਦਰ ਸਿੱਖ ਕੌਮ ਵਸਦੀ ਏ। ਅਸੀਂ ਆਹਨੇ ਆਂ... ਭਾਵੇਂ ਦੁਸ਼ਮਣ ਹੋਏ ਪਰ ਹੋਏ ਬਹਾਦਰ।"

ਮਹਾਰਾਜਾ ਰਣਜੀਤ ਸਿੰਘ ਸਾਰੇ ਪੰਜਾਬੀਆਂ (ਹਿੰਦੂ, ਸਿੱਖ, ਮੁਸਲਮਾਨ, ਈਸਾਈ ਆਦਿ) ਦਾ



*ਚੌਧਰੀ ਨਿਜ਼ਾਮੁਦੀਨ*

ਬਾਦਸ਼ਾਹ ਸੀ। ਉਸ ਦੇ ਰਾਜ ਵਿਚ ਪਰਜਾ ਸੁਖੀ ਸੀ। ਬੇਰੀ ਨੂੰ ਵੱਟੇ ਮਾਰਨ ਵਾਲੀ ਕਹਾਣੀ ਦਾ ਹਰ ਇਕ ਨੂੰ ਪਤਾ ਹੈ। ਮਹਾਰਾਜੇ ਦੀ ਫਰਾਖਦਿਲੀ ਦੀ ਕਹਾਣੀ ਉਨ੍ਹਾਂ ਰੇਡੀਓ 'ਤੇ ਇਸ ਤਰ੍ਹਾਂ ਸੁਣਾਈ: "ਮਹਾਰਾਜਾ ਰਣਜੀਤ ਸਿੰਘ ਆਪਣੇ ਅੰਗ ਰਖਿਅਕਾਂ ਨਾਲ ਲਾਹੌਰ ਦੇ ਬਾਜ਼ਾਰ ਵਿਚੋਂ ਲੰਘ ਰਹੇ ਸਨ। ਭੁੱਖੇ ਆਦਮੀ ਨੇ ਆਪਣੀ ਭੁੱਖ ਬੁਝਾਉਣ ਲਈ ਬੇਰੀ ਨੂੰ ਰੋੜਾ ਮਾਰਿਆ। ਉਹ ਮਹਾਰਾਜਾ ਰਣਜੀਤ ਸਿੰਘ ਦੇ ਲੱਕ ਵਿਚ ਵੱਜਾ। ਅੰਗ ਰਖਿਅਕ ਨੇ ਉਸ ਭੁੱਖੇ ਆਦਮੀ ਨੂੰ ਫੜ ਕੇ ਮਹਾਰਾਜੇ ਸਾਹਮਣੇ ਪੇਸ਼ ਕੀਤਾ। ਮਹਾਰਾਜੇ ਨੇ ਉਸ ਨੂੰ ਕਿਹਾ, 'ਮੈਂ ਤੈਨੂੰ ਐਡਾ ਮਾੜਾ ਲੱਗਾ ਸਾਂ ਕਿ ਤੂੰ ਮੈਨੂੰ ਇੱਟ ਮਾਰੀ ਏ?' ਭੁੱਖੇ ਆਦਮੀ ਨੇ ਕਿਹਾ, 'ਜੀ ਮੈਂ ਭੁੱਖਾਂ ਸਾਂ। ਬੇਰੀ ਨੂੰ ਰੋੜਾ ਇਸ ਲਈ ਮਾਰਿਆ ਸੀ ਕਿ ਕੁਝ ਬੇਰ ਡਿੱਗਣਗੇ। ਮੈਂ ਖਾ ਕੇ ਆਪਣੀ ਭੁੱਖ ਮਿਟਾਊਂ। ਨਹੀਂ ਤਾਂ ਮੇਰੀ ਕੀ ਔਕਾਤ ਹੈ ਕਿ ਤੁਹਾਨੂੰ ਇੱਟਾਂ ਮਾਰਾਂ।" ਮਹਾਰਾਜੇ ਨੇ ਕਿਹਾ, 'ਇੱਟਾਂ ਮਾਰਿਆਂ ਤੈਨੂੰ ਬੇਰੀ ਨੇ ਬੇਰ ਦੇਣੇ ਸਨ, ਤੇ ਮੈਨੂੰ ਇੱਟ ਵਜੀ ਤਾਂ ਮੈਂ ਤੈਨੂੰ ਸਜ਼ਾ ਦੇਵਾਂ, ਇਹ ਕਿਵੇਂ ਹੋ ਸਕਦਾ ਹੈ?' ਉਸੇ ਵੇਲੇ ਆਪਣੇ ਅਹਿਲਕਾਰਾਂ ਨੂੰ ਹੁਕਮ ਦਿਤਾ, 'ਜਾਉ, ਇਹਨੂੰ ਪੰਜ ਮੁਰੱਬੇ ਜ਼ਮੀਨ ਦੇ ਦਿਉ।' ਇਹ ਸੀ ਮਹਾਰਾਜਾ, ਪੰਜਾਬ ਦਾ ਜੱਟ ਬਾਦਸ਼ਾਹ।"

ਪਿਆਰ ਤੇ ਇੱਜਤ-ਮਾਣ ਆਦਮੀ ਨੂੰ ਜੋੜਦਾ ਹੈ, ਪਰ ਨਫਰਤ ਤੇ ਨਿਰਾਦਰੀ ਮਨੁੱਖ ਨੂੰ ਤੋੜਦੀ ਹੈ। ਮੁਲਕ ਦੀ ਵੰਡ ਦਾ ਸ਼ਾਇਦ ਇਹੋ ਕਾਰਨ ਸੀ। 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਲਿਖਣ ਵਾਲੇ ਸ਼ਾਇਰ ਇਕਬਾਲ ਨੂੰ ਆਖਰ ਕਿਉਂ ਪਾਕਿਸਤਾਨ ਬਣਾਉਣ ਦਾ ਵਿਚਾਰ ਪੇਸ਼ ਕਰਨਾ ਪਿਆ? ਕੀ ਉਹਦੇ ਇਸ ਤਰਾਨੇ ਵਿਚ ਹਕੀਕਤ ਨਹੀਂ ਸੀ ਛੁਪੀ, ਜਦੋਂ ਉਸ ਨੇ ਇਹ ਕਿਹਾ ਸੀ:

ਇਕਬਾਲ ਕੋਈ ਮਹਿਰਮ ਅਪਨਾ ਨਹੀਂ ਜਹਾਂ ਮੇਂ,
ਕੋਈ ਨਹੀਂ ਜੋ ਸਮਝੇ ਦਰ ਸੇ ਨਿਹਾਂ ਹਮਾਰਾ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਪਾਕਿਸਤਾਨ ਬਣਨ ਦੇ ਹੱਕ ਵਿਚ ਨਿਜ਼ਾਮੁਦੀਨ ਰੇਡੀਓ ਲਾਹੌਰ ਤੋਂ ਮਿਸਾਲ ਦੇ ਰਿਹਾ ਸੀ: "ਚੌਧਰੀ ਜੀ! ਪਾਕਿਸਤਾਨ ਬਣਨ ਨਾਲ ਸਾਨੂੰ ਸਾਡਾ ਘਰ ਮਿਲਿਐ। ਇੱਜਤ ਆਬਰੂ ਮਿਲੀ। ਪਾਕਿਸਤਾਨ ਬਣਨ ਤੋਂ ਪਹਿਲਾਂ ਸਾਡੇ ਮੁਸਲਮਾਨਾਂ ਦੀ ਹਾਲਤ ਕੀ ਸੀ? ਉਹ ਵੀ ਸੁਣ ਲਉ- ਸਾਡੇ ਪਿੰਡ ਦਾ ਕਾਂਸ਼ੀ ਬ੍ਰਾਹਮਣ ਹੁੰਦਾ ਸੀ। ਉਹਦੀ ਕੁੜੀ ਦਾ ਵਿਆਹ ਸੀ। ਉਨ੍ਹਾਂ ਹਲਵਾ ਬਣਾ ਕੇ ਪਰਾਤਾਂ ਵਿਚ ਪਾ ਕੇ ਬਾਹਰ ਵਿਹੜੇ ਵਿਚ ਠੰਢਾ ਹੋਣ ਲਈ ਰਖਿਆ। ਵਿਹੜੇ ਦੀ ਕੰਧ 'ਤੇ ਮੁਸਲਮਾਨ ਸਨ ਤੇ ਦੂਜੇ ਪਾਸੇ ਕੁੱਤੇ। ਘੁਰ-ਘੁਰ ਕਰਦੇ ਕੁੱਤੇ ਆਪਸ ਵਿਚ ਲੜ ਪਏ ਤੇ ਇਕ ਕੁੱਤਾ ਪਰਾਤ ਵਿਚ ਡਿੱਗ ਪਿਆ। ਉਹ ਪਰਾਤ ਵਾਲਾ ਹਲਵਾ ਉਨ੍ਹਾਂ ਨੇ ਸਾਡੇ ਮੁਸਲਮਾਨਾਂ ਵਿਚਕਾਰ ਵੰਡਿਆ। ਇਹ ਸੀ ਹਾਲਤ ਸਾਡੇ ਮੁਸਲਮਾਨਾਂ ਦੀ।"

ਨਿਜ਼ਾਮੁਦੀਨ ਦੇ ਹਸਾਉਣੇ ਢੰਗ ਨਾਲ ਹੀ ਕਾਟਵੀਂ ਗੱਲ ਕਰਨ ਦਾ ਆਪਣਾ ਹੀ ਅੰਦਾਜ਼ ਸੀ। ਕੱਟੜ ਹਿੰਦੂ ਭਾਈਚਾਰੇ ਨੇ ਮੁਸਲਮਾਨਾਂ ਨੂੰ ਕਦੇ ਵੀ ਆਪਣੇ ਬਰਾਬਰ ਨਹੀਂ ਸੀ ਸਮਝਿਆ। ਉਨ੍ਹਾਂ ਦੀ ਹਾਲਤ ਨੂੰ ਇਨਸਾਨ ਦੀ ਕੁੱਤੇ ਨਾਲ ਤੁਲਨਾ ਵਜੋਂ ਪੇਸ਼ ਕਰਨਾ ਬਹੁਤ ਵੱਡਾ ਦੁਖਾਂਤਕ ਵਿਅੰਗ ਸੀ। 'ਹਿੰਦੂ ਪਾਣੀ, ਮੁਸਲਮਾਨ ਪਾਣੀ' ਨੇ ਮੁਲਕ ਦੀ ਵੰਡ ਦਾ ਮੁੱਢ ਬੰਨ੍ਹਿਆ।

ਉਹ ਆਪਣੀ ਗੱਲ ਨੂੰ ਪੇਂਡੂ ਮੁਹਾਵਰੇ ਵਿਚ ਬੜੇ ਮੁੱਲਵਾਨ ਲਤੀਫੇ ਸੁਣਾਉਂਦਾ ਰਹਿੰਦਾ। ਉਹਦੇ ਲਤੀਫਿਆਂ ਤੋਂ ਆਦਮੀ ਨੂੰ ਸੇਧ ਮਿਲਦੀ। ਰੇਡੀਓ ਸਟੇਸ਼ਨ ਨੂੰ ਕਿਸੇ ਨੇ ਖਤ ਲਿਖਿਆ, "ਜੀ ਮੈਂ ਸ਼ਾਇਰ ਹਾਂ ਤੇ ਆਪਣਾ ਕਲਾਮ ਰੇਡੀਓ ਤੋਂ ਨਸ਼ਰ ਕਰਵਾਉਣਾ ਚਾਹੁੰਦਾ ਹਾਂ, ਦੱਸੋ ਮੈਂ ਕਿਵੇਂ ਕਰਾਂ?" ਨਿਜ਼ਾਮੁਦੀਨ ਨੇ ਕਿਹਾ, "ਜੀ ਆਪਣਾ ਕਲਾਮ ਇਸੇ ਪਤੇ 'ਤੇ ਭੇਜ ਦਿਉ। ਜੇ ਤੁਹਾਡਾ ਕਲਾਮ ਨਸ਼ਰ ਕਰਨ ਵਾਲਾ ਹੋਇਆ ਤਾਂ ਨਸ਼ਰ ਕਰ ਦਿੱਤਾ ਜਾਵੇਗਾ ਤੇ ਜੇ ਤੁਹਾਡਾ ਕਲਾਮ 'ਬਦਕਲਾਮ' ਹੋਇਆ ਤਾਂ ਤੁਹਾਨੂੰ ਵਾਪਸ ਕਰ ਦਿੱਤਾ ਜਾਵੇਗਾ।"

***ਵਿਦਿਆਰਥੀ ਜੀਵਨ ਵਿਚ ਵੀ ਉਹਦਾ ਸੁਭਾਅ ਹਾਸੇ-ਠੱਠੇ ਵਾਲਾ ਸੀ। ਉਸ ਦੇ ਇਕ ਜਮਾਤੀ ਨੇ ਗੱਲ ਸੁਣਾਈ ਕਿ ਅਟਾਰੀ ਸਕੂਲ ਦੇ 41 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ, ਜਿਸ ਵਿਚੋਂ 38 ਫੇਲ੍ਹ ਹੋ ਗਏ। ਇਕ ਅਧਿਆਪਕ ਨੇ ਸੁਲਤਾਨ ਬੇਗ (ਨਿਜ਼ਾਮੁਦੀਨ) ਨੂੰ ਕਿਹਾ, "ਓ ਬੇਗਿਆ! ਪੜ੍ਹਿਆ ਕਰੋ, ਵੇਖ ਲੈ ਇਸ ਵਾਰ ਦਸਵੀਂ ਦਾ ਨਤੀਜਾ ਕਿੰਨਾ ਮਾੜਾ ਆਇਆ ਹੈ।" ਅੱਗਿਉਂ ਬੇਗੇ ਦਾ ਜਵਾਬ ਸੀ, "ਮਾਸਟਰ ਜੀ! ਨਤੀਜੇ ਮਾੜੇ ਦਾ ਮੈਨੂੰ ਪਤਾ ਨਹੀਂ, ਉਸ ਤਰ੍ਹਾਂ ਵੇਖ ਲਉ ਰੌਣਕ ਕਿਹੜੇ ਪਾਸੇ ਵੱਧ ਹੈ।"***

ਨਿਜ਼ਾਮੁਦੀਨ ਦਾ ਆਪਣੇ ਬਾਪ ਨਾਲ ਬੜਾ ਪਿਆਰ ਸੀ। ਉਹ ਉਸ ਨੂੰ ਆਪਣਾ ਮੁਰਸ਼ਦ ਸਮਝਦਾ ਸੀ। ਉਹ ਰੇਡੀਓ ਸਟੇਸ਼ਨ ਲਾਹੌਰ 'ਤੇ ਡਿਊਟੀ ਦੇ ਕੇ ਰੇਲ ਗੱਡੀ ਰਾਹੀਂ ਰੋਜ਼ ਆਪਣੇ ਪਿੰਡ ਆ ਜਾਂਦਾ। ਇਕ ਵਾਰ ਉਸ ਦਾ ਬਾਪ ਸਖਤ ਬਿਮਾਰ ਹੋ ਗਿਆ। ਨਿਜ਼ਾਮੁਦੀਨ ਆਪਣੇ ਬਾਪ ਦੇ ਗਲ ਲੱਗ ਕੇ ਰੋਣ ਲੱਗਾ ਤਾਂ ਬਾਪ ਨੇ ਹੌਸਲਾ ਦਿੱਤਾ, "ਸੁਲਤਾਨ! ਤੂੰ ਤਾਂ ਐਂ ਕਰਦਾਂ, ਜਿਵੇਂ ਤੂੰ ਮੈਨੂੰ ਘਰ ਈ ਰੱਖ ਲੈਣਾ ਏ। ਤੇਰਾ ਮੇਰਾ ਸੌਦਾ ਹੋਇਆ ਏ, ਮੈਂ ਵਾਲਦ ਤੋਂ ਚਾਬੀਆਂ ਲਈਆਂ, ਤੈਨੂੰ ਦੇ ਜਾਣੀਆਂ, ਤੇ ਤੂੰ ਅਗਾਂਹ ਦੇ ਜਾਵੀਂ। ਯਾਦ ਰੱਖ, ਸੌ ਪਿਉ ਰਲ ਕੇ ਇਕ ਪੁੱਤਰ ਦਾ ਮਰਨਾ ਨਹੀਂ ਝੱਲ ਸਕਦੇ ਪਰ ਇਕ ਪੁੱਤਰ ਸੌ ਬਜੁਰਗ ਪਿਉਆਂ ਦਾ ਮਰਨਾ ਝੱਲ ਸਕਦਾ ਏ।"

ਕਹਾਣੀਕਾਰ ਵਰਿਆਮ ਸਿੰਘ ਸੰਧੂ ਲੇਖਕਾਂ ਦੀ ਗੋਸ਼ਟੀ ਦੀ ਪ੍ਰਧਾਨਗੀ ਕਰ ਰਹੇ ਸਨ, ਜਿਸ ਵਿਚ ਆਲੋਚਕਾਂ ਨੇ ਪੁਰਾਣੇ ਲੇਖਕਾਂ ਦੀਆਂ ਸਾਧਾਰਨ ਲਿਖਤਾਂ ਦੀ ਜ਼ਿਆਦਾ ਹੀ ਤਾਰੀਫ ਕਰ ਦਿੱਤੀ ਪਰ ਨਵੇਂ ਪੁੰਗਰ ਰਹੇ ਲੇਖਕਾਂ ਦੀਆਂ ਚੰਗੀਆਂ ਲਿਖਤਾਂ ਵੱਲ ਘੱਟ ਹੀ ਧਿਆਨ ਦਿੱਤਾ। ਉਨ੍ਹਾਂ ਚੌਧਰੀ ਨਿਜ਼ਾਮੁਦੀਨ ਦੇ ਲਤੀਫੇ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ: ਇਕ ਵਾਰ ਨਿਜ਼ਾਮੁਦੀਨ ਸੜਕ 'ਤੇ ਤੁਰਿਆ ਜਾ ਰਿਹਾ ਸੀ। ਕੋਈ ਬੰਦਾ ਸੜਕ ਦੇ ਕੰਢੇ 'ਤੇ ਡਾਲਾ ਲਾ ਕੇ ਸੰਤਰੇ ਵੇਚ ਰਿਹਾ ਸੀ। ਨਿਜ਼ਾਮੁਦੀਨ ਨੇ ਸੰਤਰਿਆਂ ਦਾ ਭਾਅ ਪੁੱਛਿਆ ਤਾਂ ਉਸ ਨੇ ਇਕ ਸੰਤਰੇ ਦਾ ਮੁੱਲ ਦੋ ਆਨੇ ਦੱਸਿਆ। ਨਿਜ਼ਾਮੁਦੀਨ ਨੇ ਕਿਹਾ- ਯਾਰ! ਸੰਤਰੇ ਤਾਂ ਛੋਟੇ ਨੇ, ਭਾਅ ਤੂੰ ਵੱਧ ਲਾ ਰਿਹਾ ਏਂ? ਬੰਦੇ ਨੇ ਜਵਾਬ ਦਿੱਤਾ, ਚੌਧਰੀ ਸਾਹਿਬ! ਜਿਥੋਂ ਤੁਸੀਂ ਵੇਖ ਰਹੇ ਹੋ, ਉਥੋਂ ਹੀ ਛੋਟੇ ਦਿਸਦੇ ਨੇ; ਬਹਿ ਕੇ ਵੇਖੋ, ਸੰਤਰੇ ਵਾਹਵਾ ਵੱਡੇ ਨੇ।

ਇਕ ਵਾਰ ਰੇਡੀਓ ਸਟੇਸ਼ਨ ਤੋਂ ਮੰਡੀਆਂ ਦੇ ਭਾਅ ਦੱਸਦਿਆਂ ਚੌਧਰੀ ਸਾਹਿਬ ਨੇ ਕਿਹਾ, "ਨਿਜ਼ਾਮੁਦੀਨ ਜੀ! ਅੱਜ ਕੱਲ੍ਹ ਸਬਜ਼ੀਆਂ ਦੇ ਭਾਅ ਅਸਮਾਨੀਂ ਚੜ੍ਹ ਗਏ ਆ, ਅੱਗ ਲੱਗੀ ਪਈ ਏ।" ਨਿਜ਼ਾਮੁਦੀਨ ਨੇ ਕਿਹਾ, "ਚੌਧਰੀ ਜੀ, ਸਬਜ਼ੀਆਂ ਦੇ ਭਾਅ ਨੂੰ ਅੱਗ ਲੱਗੇ ਵੀ ਕਿਉਂ ਨਾ? ਅਰਾਈਆਂ ਦਾ ਰਾਜ ਜੂ ਹੋਇਆ।" ਅਰਾਈਂ ਲੋਕ ਸਬਜ਼ੀਆਂ ਬੀਜਣ ਅਤੇ ਵੇਚਣ ਦਾ ਕੰਮ ਕਰਦੇ ਨੇ। ਉਨ੍ਹੀਂ ਦਿਨੀਂ ਪਾਕਿਸਤਾਨ ਵਿਚ ਜਨਰਲ ਜ਼ਿਆ-ਉਲ-ਹੱਕ ਦੀ ਹਕੂਮਤ ਸੀ ਅਤੇ ਉਹ ਅਰਾਈਂ ਸੀ। ਕਿਸੇ ਦੋਖੀ ਨੇ ਉਸ ਦੀ ਸ਼ਿਕਾਇਤ ਕਰ ਦਿੱਤੀ। ਦੋਖੀ ਨੇ ਜੋ ਕੁਝ ਚਾਹਿਆ, ਉਹੋ ਹੋ ਗਿਆ। ਨਿਜ਼ਾਮੁਦੀਨ ਨੂੰ ਨੌਕਰੀ ਤੋਂ ਲਾਹ ਦਿੱਤਾ ਗਿਆ। ਇਹ ਵੱਖਰੀ ਗੱਲ ਹੈ ਕਿ ਪਿਛੋਂ ਉਸ ਦੇ ਬਹੁਤ ਵੱਡੇ ਪ੍ਰਸ਼ੰਸਕ ਦਾਇਰੇ ਨੇ ਜਦੋਂ ਨਿਜ਼ਾਮੁਦੀਨ ਦੀ ਉਚੀ ਪ੍ਰਤਿਭਾ ਬਾਰੇ ਜਨਰਲ ਜ਼ਿਆ-ਉਲ-ਹੱਕ ਨੂੰ ਦੱਸਿਆ ਤਾਂ ਉਸ ਦੀ ਨੌਕਰੀ ਬਹਾਲ ਹੋ ਗਈ।

ਜਦ ਨਿਜ਼ਾਮੁਦੀਨ ਨੂੰ ਨੌਕਰੀ ਖੁੱਸਣ ਅਤੇ ਮੁੜ ਮਿਲਣ ਬਾਰੇ ਪੁਛਿਆ ਗਿਆ ਤਾਂ ਉਸ ਨੇ ਵਾਰਤਾ ਸੁਣਾ ਛੱਡੀ: ਇਕ ਵਾਰ ਮੇਰੇ ਵਰਗੇ ਨੂੰ ਰਾਤ ਚੋਰਾਂ ਦੀ ਢਾਣੀ ਮਿਲ ਗਈ। ਉਸ ਨੇ ਪੁਛਿਆ, 'ਕਿੱਧਰ ਚੱਲੇ ਜੇ?' ਉਨ੍ਹਾਂ ਆਪਣੀ ਹਕੀਕਤ ਦੱਸ ਕੇ ਕਿਹਾ, 'ਜੇ ਜਾਣਾ ਈ ਤੇ ਆ ਜਾਹ।' ਉਹ ਵੀ ਤੁਰ ਪਿਆ। ਕਿਸੇ ਘਰ ਜਾ ਕੇ ਚੋਰ ਤਾਂ ਆਪਣੇ ਕੰਮ ਲੱਗ ਗਏ, ਉਹ ਵਿਚਾਰਾ ਸਿਆਲ ਦੇ ਦਿਨ ਸਨ, ਘਰੋਂ ਕਣਕ ਮੁੱਕੀ ਹੋਈ ਸੀ, ਗਰੀਬੀ ਦਾ ਮਾਰਿਆ। ਉਹ ਉਤੇ ਲਿਆ ਖੇਸ ਵਿਛਾ ਕੇ ਦਾਣੇ ਪਾਉਣ ਲੱਗ ਪਿਆ ਤੇ ਪਾਈ ਗਿਆ, ਪਾਈ ਗਿਆ। ਚੋਰਾਂ ਨੇ ਵਿਹਲੇ ਹੋ ਕੇ ਆਖਿਆ, 'ਚੱਲ ਚਲੀਏ, ਛੇਤੀ ਛੇਤੀ ਕਰ।' ਉਸ ਨੇ ਲਾਲਚ ਵੱਸ ਇੰਨੀ ਕਣਕ ਪਾ ਲਈ ਕਿ ਖੇਸ ਦੀਆਂ ਚਾਰੇ ਕੰਨੀਆਂ ਵੀ ਹੇਠਾਂ ਲੁਕ ਗਈਆਂ। ਗੱਲ ਸੁਣ ਕੇ ਘਰ ਵਾਲੇ ਜਾਗ ਪਏ ਪਰ ਉਹ ਖੇਸ ਦੀਆਂ ਕੰਨੀਆਂ ਲੱਭਦਾ ਕਾਬੂ ਆ ਗਿਆ। ਘਰਦਿਆਂ ਨੇ ਵੇਖ ਕੇ ਕਿਹਾ, 'ਓਇ ਤੇਰਾ ਬੇੜਾ ਗਰਕ, ਤੂੰ ਤਾਂ ਚੋਰ ਏਂ।' ਉਹ ਅੱਗਿਉਂ ਕਹਿੰਦਾ, 'ਜਨਾਬ ਕੋਈ ਚੋਰ-ਚਾਰ ਨਹੀਂ ਜੇ। ਰੱਬ ਦਾ ਨਾਂ ਲੈ ਕੇ ਖੇਸ ਕਢਾ ਦਿਉ। ਜੇ ਮੈਂ ਮੁੜ ਇਧਰ ਆ ਗਿਆ ਤਾਂ ਮੈਨੂੰ ਆਖਿਉ।'

ਉਹ ਰੇਡੀਓ ਤੋਂ ਇਸਲਾਮ ਅਤੇ ਦੇਸ਼ ਭਗਤੀ ਦਾ ਪ੍ਰਚਾਰ ਕਰਦਾ ਪਰ ਦਿਲ ਉਹਦਾ ਦੋਹਾਂ ਪੰਜਾਬਾਂ ਨਾਲ ਜੁੜਿਆ ਹੋਇਆ ਸੀ। 1983 ਵਿਚ ਉਹ ਚੜ੍ਹਦੇ ਪੰਜਾਬ ਵਿਚ ਮੁੱਖ ਮੰਤਰੀ ਦਰਬਾਰਾ ਸਿੰਘ ਦਾ ਸਰਕਾਰੀ ਮਹਿਮਾਨ ਬਣ ਕੇ ਐਮ.ਐਲ.ਏ. ਫਲੈਟ ਵਿਚ ਠਹਿਰਿਆ ਹੋਇਆ ਸੀ। ਪ੍ਰਸਿਧ ਲਿਖਾਰੀ ਸ਼ਮਸ਼ੇਰ ਸਿੰਘ ਸੰਧੂ ਨੇ ਉਸ ਦੀ ਇੰਟਰਵਿਊ ਲੈਂਦਿਆਂ ਪੁਛਿਆ, "ਤੁਸੀਂ ਪੈਂਹਠ ਦੀ ਲੜਾਈ ਵਿਚ ਤਾਂ ਚੜ੍ਹਦੇ ਪੰਜਾਬ (ਭਾਰਤ) ਖਿਲਾਫ ਬੜਾ ਧੂੰਆਂਧਾਰ ਪ੍ਰਚਾਰ ਕਰਦੇ ਸੀ ਜਾਂ ਤੁਹਾਡੀ ਮਜਬੂਰੀ ਸੀ?"

ਜਵਾਬ ਸੀ: "ਚੜ੍ਹਦੇ ਪੰਜਾਬ ਵਿਚ ਮੇਰਾ ਪਿੰਡ, ਮੇਰੇ ਬਚਪਨ ਦੇ ਯਾਰ-ਬੇਲੀ ਅਤੇ ਮੇਰੇ ਪੰਜਾਬੀ ਭਰਾ ਵਸਦੇ ਸਨ। ਸਰਕਾਰੀ ਨੌਕਰੀ ਕਰਕੇ ਚੜ੍ਹਦੇ ਪੰਜਾਬ ਖਿਲਾਫ ਪ੍ਰਚਾਰ ਕਰਨਾ ਮੇਰੀ ਮਜਬੂਰੀ ਸੀ। ਇਹ ਪ੍ਰਚਾਰ ਮੈਂ ਆਪਣੇ ਦਿਲ 'ਤੇ ਪੱਥਰ ਰੱਖ ਕੇ ਕਰਦਾ ਸੀ। ਦੋਹਾਂ ਪੰਜਾਬਾਂ ਵਿਚ

***(ਬਾਕੀ ਅਗਲੇ ਸਫੇ 'ਤੇ)***

ਮੇਰੇ ਪ੍ਰਸ਼ੰਸਕ ਬਹੁਤ ਨੇ। ਹੁਣ ਜਦੋਂ ਮੈਂ ਰੇਡੀਓ ਤੋਂ ਰਿਟਾਇਰ ਹੋਇਆ ਹਾਂ ਤਾਂ ਹਜ਼ਾਰਾਂ ਖਤ ਦੋਹਾਂ ਪੰਜਾਬਾਂ ਦੇ ਪ੍ਰਸ਼ੰਸਕਾਂ ਤੋਂ ਆਏ ਨੇ। ਲਿਖਿਆ ਏ, ਤੂੰ ਜਾਨੋਂ ਮਰ ਜਾਂਦਾ ਤਾਂ ਅਸੀਂ ਤੇਰਾ ਵਿਛੋੜਾ ਝੱਲ ਲੈਂਦੇ ਪਰ ਰੇਡੀਓ ਤੋਂ ਤੇਰੀ ਗੈਰ ਹਾਜ਼ਰੀ ਤੇਰੇ ਜਿਉਂਦਿਆਂ ਅਸੀਂ ਨਹੀਂ ਝੱਲ ਸਕਦੇ।"

ਇਸਲਾਮੀ ਜਮਹੂਰੀਅਤ ਦੇ ਬਿਜਲਈ ਮੀਡੀਏ ਦਾ ਮੁਲਾਜ਼ਮ ਹੁੰਦਿਆਂ ਵੀ ਉਹ ਆਪਣੇ ਹਮ-ਮਜ਼ਹਬ ਬੰਦਿਆਂ ਨੂੰ ਮੁਆਫ ਨਹੀਂ ਸੀ ਕਰਦਾ। ਇਕ ਵਾਰ ਚੌਧਰੀ ਅਤੇ ਨਿਜ਼ਾਮੁਦੀਨ ਰੇਡੀਓ 'ਤੇ ਗੱਲਾਂ ਕਰ ਰਹੇ ਸਨ: "ਨਿਜ਼ਾਮੁਦੀਨ ਜੀ! ਅੱਲ੍ਹਾ ਦੇ ਫਜ਼ਲ-ਓ-ਕਰਮ ਨਾਲ ਪਾਕਿਸਤਾਨ ਦੀ ਸਰਜ਼ਮੀਂ, ਇਹ ਖਿੱਤਾ ਇਸਲਾਮੀ ਸਟੇਟ ਤਾਂ ਅਸੀਂ ਬਣਾ ਲਿਆ ਪਰ ਹੁਣ ਸਾਨੂੰ ਸੱਚੇ ਸੁੱਚੇ ਮੁਸਲਮਾਨ ਬਣਨ ਦੀ ਸਦਾ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ।" ਚੌਧਰੀ ਨੇ ਇਹ ਆਖਿਆ ਤਾਂ ਨਿਜ਼ਾਮੁਦੀਨ ਕਹਿਣ ਲੱਗਾ, "ਇਕ ਕੋਸ਼ਿਸ਼ ਤਾਂ ਮੈਂ ਵੀ ਕੀਤੀ ਸੀ ਪਰ ਉਸ ਨਾਲੋਂ ਵੀ ਵੱਡੀ ਕੋਸ਼ਿਸ਼ ਮੇਰੇ ਕੁਝ ਹੋਰ ਭਰਾਵਾਂ ਨੇ ਕਰ ਦਿੱਤੀ। ਕਾਨ੍ਹੇ ਕਾਛੇ ਮੇਰੀ ਜ਼ਮੀਨ ਵਿਚੋਂ ਸੂਆ ਲੰਘਦਾ ਏ, ਸੂਏ ਦੇ ਕੰਢੇ ਮੇਰਾ ਛੋਟਾ ਜਿਹਾ ਬਾਗ ਏ। ਮੈਂ ਸੋਚਿਆ ਵਗਦਾ ਰਾਹ ਏ, ਆਉਂਦੇ ਜਾਂਦੇ ਰਾਹਗੀਰਾਂ ਲਈ ਸਾਹ ਲੈਣ ਤੇ ਛਾਂਵੇਂ ਬਹਿਣ ਦਾ ਨਿੱਕਾ ਜਿਹਾ ਜੁਗਾੜ ਈ ਕਰ ਛੱਡਾਂ। ਮੈਂ ਜੀ ਰੁੱਖਾਂ ਦੀ ਛਾਂਵੇਂ ਤਖਤਪੋਸ਼ ਬਣਾ ਦਿਤਾ। ਦੋ ਬੈਂਚ ਰਖਵਾ ਦਿੱਤੇ, ਨਲਕਾ ਲਵਾ ਦਿੱਤਾ, ਨੇੜੇ ਗੜਵਾ ਤੇ ਲੋਟਾ ਰਖਵਾ ਦਿੱਤਾ। ਸਫਾਂ ਵੀ ਰੱਖ ਦਿੱਤੀਆਂ। ਸੋਚਿਆ, ਲੰਘਦੇ ਮੁਸਾਫਰ ਨਾਲੇ ਅਰਾਮ ਕਰਨਗੇ, ਪਾਣੀ-ਧਾਣੀ ਪੀਣਗੇ ਤੇ ਨਾਲੇ ਜੀ ਚਾਹੇ ਵੁਜ਼ੂ ਕਰਕੇ ਨਮਾਜ਼ ਪੜ੍ਹ ਲੈਣਗੇ। ਸਵਾਬ (ਪੁੰਨ) ਦਾ ਕੰਮ ਸੀ ਜੀ, ਪਰ ਦੋ ਹਫਤਿਆਂ ਬਾਅਦ ਜਾ ਕੇ ਵੇਖਿਆ ਤਾਂ ਸੱਚੇ ਸੁੱਚੇ ਮੁਸਲਮਾਨ ਭਰਾਵਾਂ ਦੀ ਬਦੌਲਤ ਨਲਕੇ ਦੀ ਹੱਥੀ, ਉਤਲਾ ਕੱਪ ਜਿਹਾ, ਛੋਟੇ ਬੈਂਚ ਤੇ ਭਾਂਡਿਆਂ ਸਮੇਤ ਸਫਾਂ ਵਲ੍ਹੇਟੀਆਂ ਜਾ ਚੁੱਕੀਆਂ ਸਨ। ਮਸ਼ੀਨ ਪੁੱਟਣ ਤੇ ਤਖਤਪੋਸ਼ ਚੁੱਕਣਾ ਵਧੇਰੇ ਬੰਦਿਆਂ ਦਾ ਕੰਮ ਹੋਣ ਕਰਕੇ ਉਹ ਇਹ ਕੰਮ ਅਗਲੇ ਹਫਤੇ ਉਤੇ ਪਾ ਗਏ ਲਗਦੇ ਨੇ। ਇਸ ਵਾਸਤੇ ਪਾਕਿਸਤਾਨ ਬਣਾਇਆ ਸੀ ਅਸੀਂ।"

ਮੈਂ 1961 ਵਿਚ ਉਨ੍ਹਾਂ ਨੂੰ ਸੁਣਨਾ ਸ਼ੁਰੂ ਕੀਤਾ। ਇਸਲਾਮੀ ਦੇਸ਼ ਹੁੰਦਿਆਂ ਉਨ੍ਹਾਂ ਪੰਜਾਬੀਅਤ ਅਤੇ ਇਨਸਾਨੀਅਤ ਦਾ ਪੱਲਾ ਨਾ ਛੱਡਿਆ। ਕੱਟੜਤਾ ਉਨ੍ਹਾਂ ਦੇ ਨੇੜੇ ਤੇੜੇ ਵੀ ਨਹੀਂ ਸੀ ਢੁੱਕੀ। ਮੈਂ ਰੇਡੀਓ ਤੋਂ ਆਪਣੇ ਕੰਨੀਂ ਸੁਣੀਆਂ ਕੁਝ ਗੱਲਾਂ ਦਾ ਜ਼ਿਕਰ ਕਰਾਂਗਾ। ਸਾਰੀ ਇਨਸਾਨੀਅਤ ਇਕ ਹੋਣ ਦੀ ਗੱਲ ਕਰਦਿਆਂ ਉਨ੍ਹਾਂ ਦਾ ਕਹਿਣਾ ਸੀ: "ਚੌਦਾਂ ਤਬੱਕਾ ਤੌਣ ਗੁੰਨਾਈ ਤੇ ਦੁੱਖਾਂ ਕੀਤੇ ਪੇੜੇ, ਮੁੱਢੋਂ ਇਕੋ ਜਿਣਸ ਮੁਹੰਮਦ ਅੱਗੇ ਪਏ ਨਿਖੇੜੇ। ਇਨਸਾਨੀਅਤ ਦਾ ਕੋਈ ਜਵਾਬ ਨਹੀਂ।"

> ***ਉਨ੍ਹਾਂ ਦੇ ਵਿਅੰਗ ਵੇਖੋ, ਬੜੇ ਸਾਲ ਪਹਿਲਾਂ ਫੈਸ਼ਨ ਵਜੋਂ ਨੌਜਵਾਨ ਮੁੰਡੇ ਲੰਮੇ-ਲੰਮੇ ਵਾਲ ਰੱਖਣ ਲੱਗ ਪਏ। ਇਕ ਦਿਨ ਰੇਡੀਓ ਤੋਂ ਕਹਿ ਰਹੇ ਸਨ, "ਅੱਜ ਬੱਸ ਵਿਚ ਲੰਮੇ ਰੱਖੇ ਵਾਲਾਂ ਵਾਲਾ ਮੁੰਡਾ ਮੈਨੂੰ ਮਿਲ ਪਿਆ। ਮੈਂ ਉਸ ਨੂੰ ਦੋ ਰੁਪਏ ਦਿੱਤੇ ਤੇ ਕਿਹਾ, 'ਜਾਂ ਤਾਂ ਦੋ ਰੁਪਏ ਦੇ ਕੇ ਹਜ਼ਾਮਤ ਕਰਵਾ ਲਈ ਤੇ ਜਾਂ ਦੋ ਰੁਪਏ ਦਾ ਪਰਾਂਦਾ ਪਾ ਲਈਂ।" ਅੱਜ ਕੱਲ੍ਹ ਪਿਉ ਨੂੰ ਡੈਡੀ ਕਹਿਣ ਲੱਗ ਪਏ, ਡੈਡੀ ਨੇ ਭਾਵੇਂ ਘਾਹ ਦੀ ਪੰਡ ਚੁੱਕੀ ਹੋਵੇ। ਅਖੇ, ਅਹੁ ਤੇਰਾ ਡੈਡੀ ਆਇਆ, ਜਿਵੇਂ ਚੂਹੀ ਆਈ ਹੋਵੇ। ਉਹ ਤੇਰਾ ਪਿਉ ਆਇਆ, ਦੇਖੋ ਨਾ, ਮੂੰਹ ਭਰ ਜਾਂਦਾ। ਮਾਂ ਨੂੰ ਮੰਮੀ। ਮੰਮੀ ਭਾਵੇਂ ਗੋਹਾ ਇਕੱਠਾ ਕਰਨ ਗਈ ਹੋਵੇ।***

ਉਹ ਆਪਣੀ ਨੌਕਰੀ ਦੌਰਾਨ ਰੇਡੀਓ ਤੋਂ ਬਿਨਾ ਸਕਰਿਪਟ (ਲਿਖਤ) ਦੇ ਬੋਲੇ। ਕਿਸੇ ਨੇ ਸਵਾਲ ਪੁੱਛਿਆ- ਕਿਹੜੇ ਜਾਨਵਰ ਆਂਡੇ ਦਿੰਦੇ ਨੇ, ਕਿਹੜੇ ਬੱਚੇ? ਜਵਾਬ ਸੀ, ਜਿਨ੍ਹਾਂ ਦੇ ਕੰਨ ਅੰਦਰ ਹੁੰਦੇ ਨੇ, ਉਹ ਆਂਡੇ ਦੇਂਦੇ ਨੇ ਤੇ ਜਿਨ੍ਹਾਂ ਦੇ ਬਾਹਰ ਕੰਨ ਹੁੰਦੇ ਨੇ, ਉਹ ਬੱਚੇ ਦਿੰਦੇ ਨੇ।"

ਮਾਇਆ ਅਤੇ ਤਕੱਬਰ (ਗਰੂਰ, ਘਮੰਡ) ਦਾ ਚੋਲੀ ਦਾਮਨ ਦਾ ਸਬੰਧ ਹੈ। ਮਾਇਆ ਪੱਗ ਨੂੰ ਲੱਗ ਜਾਵੇ ਤਾਂ ਉਹ ਆਕੜ ਜਾਂਦੀ ਹੈ ਤੇ ਬੰਦੇ ਕੋਲ ਆ ਜਾਏ ਤਾਂ ਉਹ ਕਿਉਂ ਨਾ ਆਕੜੇ? ਕੁਦਰਤ ਤਕੱਬਰ ਨੂੰ ਪਸੰਦ ਨਹੀਂ ਕਰਦੀ। ਆਦਮੀ ਨੂੰ ਨਿਰਮਾਣ ਰਹਿਣਾ ਚਾਹੀਦਾ ਹੈ। ਆਦਮੀ ਦੂਜੇ ਦਾ ਹੱਕ ਮਾਰ ਕੇ ਅਮੀਰ ਬਣਨਾ ਚਾਹੁੰਦਾ ਹੈ। ਸਾਨੂੰ ਦਰੱਖਤਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ, ਜੋ ਧਰਤੀ 'ਤੇ ਉਂਗਲਾਂ ਵਾਂਗ ਖੜੇ ਨੇ, ਪਰ ਇਕ ਦੂਜੇ ਦੀ ਖੁਰਾਕ ਨਹੀਂ ਲੈਂਦੇ। ਬਹੁਤਾ ਖਾਣ ਵਾਲੇ ਲੋਕਾਂ ਬਾਰੇ ਉਨ੍ਹਾਂ ਦਾ ਕਹਿਣਾ ਸੀ, "ਓਨੇ ਲੋਕ ਭੁੱਖ ਨਾਲ ਨਹੀਂ ਮਰੇ ਜਿੰਨੇ ਬਹੁਤਾ ਖਾ ਕੇ ਮਰੇ ਨੇ।" ਜਿਸ ਆਦਮੀ ਤੋਂ ਲੋਕਾਈ ਨੂੰ ਕੋਈ ਫਾਇਦਾ ਨਹੀਂ, ਉਸ ਦਾ ਜਿਉਣਾ ਇਸ ਦੁਨੀਆਂ ਵਿਚ ਨਿਰਫਲ ਹੈ, ਜਿਵੇਂ: ਮਰੇ ਸੂਮ ਜਜ਼ਮਾਨ, ਮਰੇ ਕਮਰਾਲਾ ਟੱਟੂ। ਮਰੇ ਕੁਲਹਿਣੀ ਨਾਰ, ਮਰੇ ਮਾਨਸ ਮਨਖੱਟੂ। ਪਿਤਾ ਸੋਈ ਮਰ ਜਾਏ, ਜੋ ਪੂਤ ਕੋ ਮਦ ਪਿਲਾਏ। ਪੂਤ ਸੋਈ ਮਰ ਜਾਏ, ਜੋ ਕੁਲ ਕੋ ਦਾਗ ਲਗਾਏ। ਮਰੇ ਰਾਜਾ ਅਨਿਆਈ, ਇਨ ਮਰਿਆਂ ਸੁਖ ਹੋ। ਕਹੋ ਮਜੀਦ ਬਿਕਰਮਾ, ਇਨ ਸਾਤੋਂ ਮਰੇ ਨਾ ਰੋ।"

ਜੋ ਹੁਕਮਰਾਨ ਲੋਕਾਂ 'ਤੇ ਜ਼ੁਲਮ ਕਰਦੇ ਨੇ, ਉਹ ਬਹੁਤਾ ਚਿਰ ਲੋਕਾਂ 'ਤੇ ਹਕੂਮਤ ਨਹੀਂ ਕਰ ਸਕਦੇ। ਇਸ ਬਾਰੇ ਉਨ੍ਹਾਂ ਦਾ ਕਹਿਣਾ ਸੀ:

ਕਰਕੇ ਜ਼ੁਲਮ ਅਰੂਜ਼ ਤੇ ਆਉਣ ਵਾਲੇ
ਏਸ ਗੱਲ ਦਾ ਜ਼ਰਾ ਖਿਆਲ ਰਖੀਂ,
ਜਾ ਕੇ ਉਤਲੀ ਹਵਾ ਵਿਚ ਪਾਟ ਜਾਂਦੇ,
ਜਿਨ੍ਹਾਂ ਗੁੱਡਿਆਂ ਨੂੰ ਖੁੱਲ੍ਹੀ ਡੋਰ ਲੱਭੇ।

ਪੰਜਾਬੀ ਕਲਚਰ ਦੀ ਗੱਲ ਕਰਦਿਆਂ ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬੀ ਕਲਚਰ ਦੀ ਸਿਫਤ ਹੈ ਕਿ ਦੂਜੇ ਦੀ ਭੈਣ ਨੂੰ ਭੈਣ ਆਖ ਕੇ ਜਾਨ ਦੇ ਦੇਣੀ ਪਰ ਅੱਜ ਅਸੀਂ ਆਪਣੇ ਅਮੀਰ ਕਲਚਰ ਨੂੰ ਕਿੰਨੀ ਨਿਵਾਣ 'ਚ ਲੈ ਗਏ ਹਾਂ!

ਰੂਹ ਤੇ ਬੁੱਤ ਦਾ ਰਿਸ਼ਤਾ ਸਾਹ ਨਾਲ ਹੈ। ਜੇ ਆਉਂਦਾ ਹੈ ਤਾਂ ਜ਼ਿੰਦਗੀ ਹੈ, ਨਹੀਂ ਤਾਂ ਮੌਤ। ਉਨ੍ਹਾਂ ਦੇ ਇਕ ਸਾਥੀ ਨੇ ਉਨ੍ਹਾਂ ਤੋਂ ਪੁਛਿਆ, "ਤੁਸੀਂ ਲੋਕਾਂ ਨੂੰ ਹਸਾਉਂਦੇ ਹੋ, ਕੀ ਤੁਹਾਨੂੰ ਵੀ ਕੋਈ ਹਸਾਉਂਦਾ ਹੈ?" ਜਵਾਬ ਸੀ, "ਨਲਕਾ ਸਾਨੂੰ ਪਾਣੀ ਪਿਆਉਂਦਾ ਹੈ, ਆਪ ਕਦੇ ਪੀਂਦਾ ਹੀ ਨਹੀਂ। ਪਾਣੀ 'ਤੇ ਵੀ ਘੱਟਾ ਪੈਂਦਾ ਹੈ ਪਰ ਇਸ ਦਾ ਮੂੰਹ ਕੌਣ ਧੋਂਦਾ ਹੈ? ਦੂਜਿਆਂ ਨੂੰ ਹਸਾਉਣਾ ਹੀ ਮੇਰਾ ਕੰਮ ਹੈ। ਸੱਜਣ ਉਹ ਹੁੰਦੇ ਨੇ, ਜੋ ਦੁੱਖ ਵਿਚ ਤੁਹਾਡਾ ਸਾਥ ਦੇਣ।"

ਮੁਰਾਦ ਹਾਸਲ ਨਾ ਹੋਵੇ ਮਿਲਿਆਂ ਪੀਰ ਦੇ,
ਸੀਨ, ਸਾਫ ਨਾ ਹੋਵੇ ਮਿਲਿਆਂ ਫਕੀਰ ਦੇ।
ਬੇਲੀ ਕੰਮ ਨਾ ਆਏ, ਵਿਚ ਭੀੜ ਦੇ ਫਰੀਦਾ!
ਫਿਰ ਰੋੜ੍ਹ ਦੇ ਇਨ੍ਹਾਂ ਤਿੰਨਾਂ ਨੂੰ ਵਿਚ ਨੀਰ ਦੇ।

ਅੱਜ ਦੇ ਆਧੁਨਿਕ ਯੁਗ ਵਿਚ ਪੰਜਾਬੀ ਕਲਚਰ ਨੂੰ ਬੜਾ ਖੋਰਾ ਲੱਗਾ ਹੈ। ਤਿੱਖੇ ਵਿਅੰਗ ਕਰਦਿਆਂ ਉਹ ਕਹਿੰਦੇ ਨੇ- ਬੜੇ ਸਾਲ ਪਹਿਲਾਂ ਫੈਸ਼ਨ ਵਜੋਂ ਨੌਜਵਾਨ ਮੁੰਡੇ ਲੰਮੇ-ਲੰਮੇ ਵਾਲ ਰੱਖਣ ਲੱਗ ਪਏ। ਇਕ ਦਿਨ ਰੇਡੀਓ ਤੋਂ ਕਹਿ ਰਹੇ ਸਨ, "ਅੱਜ ਬੱਸ ਵਿਚ ਲੰਮੇ ਰੱਖੇ ਵਾਲਾਂ ਵਾਲਾ ਮੁੰਡਾ ਮੈਨੂੰ ਮਿਲ ਪਿਆ। ਮੈਂ ਉਸ ਨੂੰ ਦੋ ਰੁਪਏ ਦਿੱਤੇ ਤੇ ਕਿਹਾ, 'ਜਾਂ ਤਾਂ ਦੋ ਰੁਪਏ ਦੇ ਕੇ ਹਜ਼ਾਮਤ ਕਰਵਾ ਲਈ ਤੇ ਜਾਂ ਦੋ ਰੁਪਏ ਦਾ ਪਰਾਂਦਾ ਪਾ ਲਈਂ।" ਅੱਜ ਕੱਲ੍ਹ ਪਿਉ ਨੂੰ ਡੈਡੀ ਕਹਿਣ ਲੱਗ ਪਏ, ਡੈਡੀ ਨੇ ਭਾਵੇਂ ਘਾਹ ਦੀ ਪੰਡ ਚੁੱਕੀ ਹੋਵੇ। ਅਖੇ, ਅਹੁ ਤੇਰਾ ਡੈਡੀ ਆਇਆ, ਜਿਵੇਂ ਚੂਹੀ ਆਈ ਹੋਵੇ। ਉਹ ਤੇਰਾ ਪਿਉ ਆਇਆ, ਦੇਖੋ ਨਾ, ਮੂੰਹ ਭਰ ਜਾਂਦਾ। ਮਾਂ ਨੂੰ ਮੰਮੀ। ਮੰਮੀ ਭਾਵੇਂ ਗੋਹਾ ਇਕੱਠਾ ਕਰਨ ਗਈ ਹੋਵੇ।

ਰੇਡੀਓ ਤੋਂ ਉਨ੍ਹਾਂ ਦੀਆਂ ਮਿਸਾਲਾਂ ਲਾਜਵਾਬ ਸਨ। ਕਸ਼ਮੀਰ 47 ਤੋਂ ਲੈ ਕੇ ਅੱਜ ਤੱਕ ਦੋਹਾਂ ਮੁਲਕਾਂ ਵਿਚ ਸੇਹ ਦਾ ਤਕਲਾ ਬਣਿਆ ਹੋਇਆ ਹੈ। ਉਥੋਂ ਦੀ 80 ਫੀਸਦੀ ਆਬਾਦੀ ਮੁਸਲਿਮ ਹੈ। ਇਸ 'ਤੇ ਹੱਕ ਜਤਾਉਂਦਿਆਂ ਕਹਿੰਦੇ ਹੁੰਦੇ ਸਨ, "ਵੇਖੋ ਜੀ! ਧਰੇਕ ਸਾਡੇ ਵਿਹੜੇ ਵਿਚ ਉਗੀ ਹੈ। ਸੂਰਜ ਢਲਣ ਨਾਲ ਛਾਂ ਇਨ੍ਹਾਂ ਦੇ ਵਿਹੜੇ 'ਚ ਚਲੀ ਗਈ ਆ। ਕਹਿੰਦੇ ਨੇ, ਧਰੇਕ ਸਾਡੀ ਆ।"

ਨਿਜ਼ਾਮੁਦੀਨ ਅਸਿੱਧੇ ਢੰਗ ਨਾਲ ਬੜੀ ਪਤੇ ਦੀ ਗੱਲ ਕਹਿ ਜਾਂਦਾ ਸੀ, ਜਿਵੇਂ ਕਹਿੰਦੇ ਨੇ, "ਸੰਖੇਪਤਾ ਸੂਝ ਦਾ ਜਿੰਦਜਾਨ ਹੁੰਦੀ ਹੈ।" ਉਨ੍ਹਾਂ ਦੀ ਚੰਗੀ ਸਿਹਤ ਬਾਰੇ ਕਿਸੇ ਨੇ ਪੁੱਛਿਆ ਤਾਂ ਉਨ੍ਹਾਂ ਦਾ ਜਵਾਬ ਸੀ, "ਸਾਰੀ ਉਮਰ ਰੋਟੀ ਤੇ ਵਹੁਟੀ ਤੋਂ ਡਰਦਾ ਰਿਹਾਂ। ਇਸ ਸਰੀਰ ਰੂਪੀ ਕੋਠੇ ਨੂੰ ਲਿੰਬ-ਪੋਚ ਕੇ ਰੱਖਦਾ ਰਿਹਾਂ।"

ਦੁਨੀਆਂ ਨੂੰ ਫਾਨੀ ਸਮਝਦਿਆਂ ਉਨ੍ਹਾਂ ਰੇਡੀਓ ਤੋਂ ਕਵਿਤਾ ਬੋਲੀ:

ਖਿੜੇ ਚਮਨ ਵਿਚ ਨਾਲਾ ਵਹਿੰਦਾ,
ਕੀ ਜਾਣਾ ਮੁੜ ਵਹੇ ਕਿ ਨਾ?
ਵੇਖ ਕੇ ਅੱਖੀਓ ਸਧਰ ਲਾਹ ਲਓ,
ਕੀ ਜਾਣਾ ਮੁੜ ਲਹੇ ਕਿ ਨਾ?
ਇਸ ਜੀਵਨ ਦਾ ਕੀ ਭਰਵਾਸਾ,
ਆਉਂਦੀ ਰੁੱਤੇ ਰਹੇ ਕਿ ਨਾ?

ਉਨ੍ਹਾਂ ਦਾ ਕਹਿਣਾ ਸੀ ਕਿ ਮੂੰਹ ਤੁਹਾਡਾ ਭਾਵੇਂ ਕਿੰਨਾ ਕੋਝਾ ਹੋਵੇ, ਪਿੱਠ ਕੋਝੀ ਨਹੀਂ ਹੋਣੀ ਚਾਹੀਦੀ; ਭਾਵ ਤੁਸੀਂ ਦੁਨੀਆਂ ਵਿਚ ਅਜਿਹੇ ਕੰਮ ਕਰ ਜਾਉ, ਜਿਨ੍ਹਾਂ ਕਰਕੇ ਤੁਸੀਂ ਚੰਗੇ ਰੂਪ ਵਿਚ ਯਾਦ ਕੀਤੇ ਜਾਉ। ਲੋਕਾਂ ਬੈਂਕ ਵਿਚ ਪੈਸੇ ਛੱਡ ਜਾਣੇ ਨੇ, ਮੈਂ ਇਹੋ ਆਪਣੇ ਸੱਜਣਾਂ ਲਈ ਛੱਡ ਜਾਣਾ ਹੈ। ਜ਼ਿੰਦਗੀ ਦਾ ਕੋਈ ਭਰੋਸਾ ਨਹੀਂ, ਕਦੋਂ ਮੁੱਕ ਜਾਣੀ ਆਂ। ਦੁਨੀਆਂ ਤੋਂ ਹਰ ਇਕ ਨੇ ਤੁਰ ਜਾਣਾ।

ਪੰਜਾਬੀ ਸਰੋਤਿਆਂ ਦਾ ਇਹ ਮਸੀਹਾ 3 ਜੁਲਾਈ 1991 ਨੂੰ ਦਿਲ ਦੀ ਹਰਕਤ ਬੰਦ ਹੋਣ ਨਾਲ ਤੁਰ ਗਿਆ। ਸਾਡੀ ਉਮਰ ਦੇ ਲੋਕ ਅੱਜ ਵੀ ਉਨ੍ਹਾਂ ਦੀਆਂ ਗੱਲਾਂ ਯਾਦ ਕਰਕੇ ਹੱਸਦੇ ਤੇ ਸੇਧ ਲੈਂਦੇ ਨੇ। 'ਪੰਜਾਬੀ ਟ੍ਰਿਬਿਊਨ' ਨੇ ਸ਼ਰਧਾਂਜਲੀ ਭੇਂਟ ਕਰਦਿਆਂ ਲਿਖਿਆ ਸੀ, "ਪੰਜਾਬੀ ਦਾ ਸੱਚਾ ਸਪੂਤ ਚਲ ਵਸਿਆ।" ਉਹ ਪੰਜਾਬੀਆਂ ਵਿਚ ਅਮਰ ਹਨ। ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

###

---

**ਮਿੱਟੀ ਦੀ ਮਹਿਕ**

(ਪਾਕਿਸਤਾਨ ਸਫਰਨਾਮਾ) ਵਿਚੋਂ

# ਸਰ ਗੰਗਾ ਰਾਮ




**ਚਰਨਜੀਤ ਸਿੰਘ ਪੰਨੂ**
ਫੋਨ: 408-608-4961

ਵੈਸ਼ ਹਿੰਦੂ ਮੱਤ ਨਾਲ ਸਬੰਧਿਤ ਸਰ ਗੰਗਾਰਾਮ ਆਧੁਨਿਕ ਲਾਹੌਰ ਸ਼ਹਿਰ ਦਾ ਨਿਰਮਾਤਾ ਤੇ ਪਿਤਾਮਾ ਮੰਨਿਆ ਜਾਂਦਾ ਹੈ। ਉਸ ਦਾ ਜਨਮ 22 ਅਪਰੈਲ 1851 ਨੂੰ ਜ਼ਿਲਾ ਨਨਕਾਣਾ ਸਾਹਿਬ ਦੇ ਪਿੰਡ ਮਹੰਤਾਂ ਵਾਲਾ ਵਿਚ ਹੋਇਆ। ਉਸ ਨੇ ਥਾਮਸਨ ਕਾਲਜ ਤੋਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਸਾਰੀ ਉਮਰ ਸਿਵਲ ਇੰਜੀਨੀਅਰਿੰਗ ਦਾ ਧੰਦਾ ਅਪਨਾਈ ਰੱਖਿਆ। ਉਸ ਨੇ ਲਾਹੌਰ ਸਮੇਤ ਸਮੁੱਚੇ ਭਾਰਤ ਵਿਚ ਬਹੁਤ ਸਾਰੇ ਭਵਨਾਂ ਦਾ ਨਿਰਮਾਣ ਕੀਤਾ ਤੇ ਕਰਵਾਇਆ। ਉਸ ਨੇ ਤਨ, ਮਨ, ਧਨ ਨਾਲ ਲਾਹੌਰ ਸ਼ਹਿਰ ਦੀ ਤਰੱਕੀ ਤੇ ਖੁਸ਼ਹਾਲੀ ਵਿਚ ਹਿੱਸਾ ਪਾਇਆ।

ਸਰ ਗੰਗਾਰਾਮ ਹਾਈ ਸਕੂਲ, ਲਾਹੌਰ ਅਤੇ ਹੈਲੀ ਕਾਲਜ ਆਫ ਕਾਮਰਸ, ਮਾਲ ਰੋਡ, ਲਾਹੌਰ ਉਸ ਦੀ ਕੁਸ਼ਲ ਕਲਾ ਦਾ ਨਮੂਨਾ ਹਨ। ਜਨਰਲ ਪੋਸਟ ਆਫਿਸ, ਲਾਹੌਰ ਮਿਊਜ਼ੀਅਮ, ਐਚਸਨ ਕਾਲਜ, ਬਾਇਓ ਸਕੂਲ ਆਫ ਆਰਟਸ, ਸਰ ਗੰਗਾ ਰਾਮ ਹਸਪਤਾਲ, ਮਾਇਓ ਹਸਪਤਾਲ ਆਦਿ ਉਸ ਦੇ ਭਵਨ ਨਿਰਮਾਣ ਕਲਾ ਦੀਆਂ ਪ੍ਰਮੁੱਖ ਨਿਸ਼ਾਨੀਆਂ ਹਨ।

ਦਿੱਲੀ ਵਿਖੇ ਵੀ ਸਰ ਗੰਗਾ ਰਾਮ ਮੈਡੀਕਲ ਕਾਲਜ ਤੇ ਹਸਪਤਾਲ ਉਸ ਦੇ ਹੱਥਾਂ ਦੀ ਨਿਸ਼ਾਨਦੇਹੀ ਕਰਦੇ ਹਨ। ਉਸ ਨੇ ਲਾਹੌਰ ਵਿਖੇ 1931 ਵਿਚ ਫਾਤਿਮਾ ਜ਼ਿਨਾਹ ਮੈਡੀਕਲ ਕਾਲਜ ਨਾਲ ਸਬੰਧਿਤ ਆਧੁਨਿਕ ਸਹੂਲਤਾਂ ਵਾਲੇ ਵੱਡੇ ਹਸਪਤਾਲ ਦੀ ਸਥਾਪਨਾ ਕੀਤੀ। ਇਸ ਵਿਚ ਐਮਰਜੈਂਸੀ ਡਿਪਾਰਟਮੈਂਟ ਸਮੇਤ 831 ਬਿਸਤਰਿਆਂ ਦਾ ਇੰਤਜ਼ਾਮ ਹੈ ਤੇ ਹੁਣ ਯੂਨੀਵਰਸਿਟੀ ਦਾ ਦਰਜਾ ਮਿਲ ਚੁਕਾ ਹੈ। ਬ੍ਰਿਟਿਸ਼ ਹਕੂਮਤ ਵੇਲੇ ਇਹ ਲਾਹੌਰ ਦਾ ਪਹਿਲਾ ਵੱਡਾ ਹਸਪਤਾਲ ਸੀ, ਜਿਸ ਦਾ ਨੀਂਹ ਪੱਥਰ ਇਕ ਹਿੰਦੂ ਵੈਸ਼ ਸਰ ਗੰਗਾਰਾਮ ਅਗਰਵਾਲ ਸਿਵਲ ਇੰਜੀਨੀਅਰਿੰਗ ਨੇ ਆਪਣੇ ਕਰ ਕਮਲਾਂ ਨਾਲ ਰੱਖਿਆ। ਉਸ ਦੀ ਬਣਾਈ ਇਸ ਫਾਤਿਮਾ ਮੈਡੀਕਲ ਯੂਨੀਵਰਸਿਟੀ ਵਿਚੋਂ ਹਰ ਸਾਲ ਕਰੀਬ ਪੰਜ ਹਜਾਰ ਡਾਕਟਰ ਸਿੱਖਿਅਤ ਹੋ ਕੇ ਪਬਲਿਕ ਸੇਵਾ ਲਈ ਨਿਕਲਦੇ ਹਨ। ਇਨ੍ਹਾਂ ਹਸਪਤਾਲਾਂ



ਵਿਚ ਅਜੇ ਤੱਕ ਵੀ ਸੈਂਕੜੇ ਮਰੀਜ਼ ਇਲਾਜ ਕਰਵਾ ਕੇ ਆਪਣੇ ਜੀਵਨ ਦਾ ਪੁਨਰ ਨਿਰਮਾਣ ਕਰਵਾ ਰਹੇ ਹਨ। ਦਿੱਲੀ ਤੇ ਹੋਰ ਸ਼ਹਿਰਾਂ ਵਿਚ ਵੀ ਉਸ ਦੇ ਨਾਂ 'ਤੇ ਕਈ ਸਕੂਲ, ਕਾਲਜ ਤੇ ਹਸਪਤਾਲ ਲੋਕ ਸੇਵਾ ਕਰ ਰਹੇ ਹਨ।

ਆਪਣੇ ਪਿੰਡ ਬਚਿਆਣਾ ਦੇ ਲੋਕਾਂ ਵਾਸਤੇ ਉਸ ਨੇ ਘੋੜਿਆਂ ਵਾਲੀ ਟਰੇਨ ਮੁਫਤ ਚਲਾਈ। ਆਪਣੀ ਕਮਾਈ ਆਮਦਨ ਦਾ ਸਾਰਾ ਹਿੱਸਾ ਉਹ ਸਮਾਜ ਸੁਧਾਰ ਮੰਤਵ ਵਾਸਤੇ ਖਰਚ ਦਿੰਦਾ ਸੀ। ਉਸ ਨੇ ਆਪਣੀ ਉਦਮੀ ਤਕਨੀਕ ਦੀ ਯੋਗ ਵਰਤੋਂ ਨਾਲ ਫੈਸਲਾਬਾਦ ਵਿਚ ਪੰਜਾਹ ਹਜਾਰ ਏਕੜ ਬਰਾਨ ਜਮੀਨ ਖਰੀਦ ਕੇ ਖੇਤੀ ਕੀਤੀ/ ਕਰਾਈ ਤੇ ਇਕ ਸਫਲ ਜਿਮੀਂਦਾਰ ਵਜੋਂ ਨਾਮਣਾ ਖੱਟਿਆ। ਬਿਜਲੀ ਖਪਤਕਾਰਾਂ ਦੀ ਮੰਗ ਅਨੁਸਾਰ ਉਸ ਨੇ ਉਕਾੜਾ ਵਿਖੇ ਇਕ ਪਾਵਰ ਹਾਊਸ ਕਾਇਮ ਕੀਤਾ। ਉਹ ਹਰ ਪਾਸੇ ਜਿੱਧਰ ਹੱਥ ਪਾਉਂਦਾ, ਪੌਂ ਬਾਰਾਂ ਹੋ ਜਾਂਦੇ। ਉਸ ਦੇ ਕੰਮਾਂ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਉਸ ਨੂੰ 1922 ਵਿਚ ਪਹਿਲਾਂ 'ਸਰ' ਤੇ ਫਿਰ 1923 ਵਿਚ 'ਰਾਇ ਬਹਾਦਰ' ਦਾ ਖਿਤਾਬ ਦੇ ਕੇ ਨਿਵਾਜਿਆ।

ਲੰਡਨ 'ਚ 10 ਜੁਲਾਈ 1927 ਨੂੰ 76 ਸਾਲ ਦੀ ਉਮਰ ਵਿਚ ਉਸ ਦਾ ਦੇਹਾਂਤ ਹੋ ਗਿਆ। ਉਸ ਦੀਆਂ ਅਸਥੀਆਂ ਕੁਝ ਤਾਂ ਭਾਰਤ ਦੇ ਦਰਿਆ ਗੰਗਾ ਵਿਚ ਵਹਾਈਆਂ ਗਈਆਂ ਤੇ ਬਾਕੀ ਰਹਿੰਦੀਆਂ ਲਾਹੌਰ ਰਾਵੀ ਦਰਿਆ ਕੰਢੇ ਉਸ ਦੀ ਸਮਾਧੀ ਵਿਚ ਅਜੇ ਵੀ ਸੁਰੱਖਿਅਤ ਰੱਖੀਆਂ ਹੋਈਆਂ ਹਨ। ਲਾਹੌਰ ਦੇ ਟਕਸਾਲੀ ਗੇਟ ਨੇੜੇ ਉਸ ਦੀ ਸਮਾਧ ਉਸ ਦੀ ਜ਼ਿੰਦਗੀ ਭਰ ਦੀਆਂ ਪ੍ਰਾਪਤੀਆਂ ਦੀ ਯਾਦ ਦਿਵਾਉਂਦੀ ਹੈ।

'ਇਹ ਵਿਕਾਊ ਨਹੀਂ ਤੇ ਨਾ ਹੀ ਇਹ ਹੋਰ ਕਿਸੇ ਵਰਤੋਂ ਵਿਚ ਲਿਆਂਦੀ ਜਾ ਸਕਦੀ ਹੈ।' ਪੀਲੇ ਰੰਗ ਦੀ ਸੰਗਮਰਮਰੀ ਇਸ ਇਮਾਰਤ ਦੇ ਬਾਹਰ ਚਿਤਾਵਨੀ ਲਿਖੀ ਪਈ ਹੈ।

ਲਾਹੌਰ ਦੇ ਮਾਲ ਰੋਡ 'ਤੇ ਪਬਲਿਕ ਸੁਕੇਅਰ ਵਿਚ ਉਸ ਦੇ ਮਾਣ ਸਨਮਾਨ ਵਜੋਂ ਸੰਗਮਰਮਰ ਦਾ ਬੁੱਤ ਲਾਇਆ ਗਿਆ ਸੀ, ਜਿਸ ਨੂੰ ਲੋਕ ਗੁਰੂਆਂ ਵਾਂਗ ਪੂਜਦੇ ਰਹੇ ਸਨ। ਉਸ ਵੇਲੇ ਦੇ ਗਵਰਨਰ ਮਾਲਕੰ ਮਹੈਲੇ ਅਨੁਸਾਰ ਉਸ ਨੇ ਗਾਜ਼ੀ ਨਾਇਕਾਂ ਵਾਂਗ ਜਿੱਤਾਂ ਜਿੱਤੀਆਂ ਤੇ ਸੰਤਾਂ ਵਾਂਗ ਦਾਨ ਪੁੰਨ ਵੰਡਿਆ। ਉਹ ਜਨ-ਹਿਤੈਸ਼ੀ ਸਮਾਜ ਸੇਵਕ ਸੀ। 1947 'ਚ ਪਾਕਿਸਤਾਨ ਬਣਨ ਦੀ ਝੁੱਲੀ ਹਨੇਰੀ ਸਮੇਂ ਮੁਸਲਮਾਨਾਂ ਦੇ ਕੱਟੜਪੰਥੀ ਹਜੂਮ ਨੇ ਹਿੰਦੂਆਂ ਤੇ ਸਿੱਖਾਂ ਖਿਲਾਫ ਜਹਾਦ ਛੇੜ ਦਿੱਤਾ। ਉਨ੍ਹਾਂ ਨੇ ਗੰਗਾ ਰਾਮ ਸਮਾਰਕ ਸਮੇਤ ਹਿੰਦੂ ਸਿੱਖਾਂ ਦੇ ਬਹੁਤ ਸਾਰੇ ਮੰਦਿਰ, ਗੁਰਦੁਆਰੇ ਤੇ ਇਮਾਰਤਾਂ, ਯਾਦਗਾਰਾਂ ਤੋੜ ਭੰਨ ਦਿੱਤੀਆਂ। ਮਾਲ ਰੋਡ 'ਤੇ ਉਸ ਦੇ ਬੁੱਤ ਨੂੰ ਬੁਰੀ ਤਰ੍ਹਾਂ ਪੱਥਰ ਰੋੜੇ ਮਾਰੇ ਗਏ, ਕਾਲਖ ਮਲੀ ਗਈ, ਸਿਰ, ਧੌਣ, ਬਾਂਹਾਂ ਵੱਢ ਕੇ ਰੱਜ ਕੇ ਬੇਇੱਜਤੀ ਕੀਤੀ ਗਈ। ਏਨੇ ਨੂੰ ਇਕ ਪੁਲਿਸ ਪਾਰਟੀ ਆ ਪਹੁੰਚੀ। ਪੁਲਿਸ ਸਿਪਾਹੀ ਨੇ ਪਬਲਿਕ ਨੂੰ ਹਟਾਉਣ/ਵਰਜਣ ਦੀ ਕੋਸ਼ਿਸ਼ ਵਿਚ ਗੋਲੀ ਚਲਾ ਦਿੱਤੀ। ਇਕ ਨੌਜਵਾਨ ਜ਼ਖਮੀ ਹੋ ਗਿਆ।

ਪ੍ਰਸਿੱਧ ਕਥਾਕਾਰ ਸਆਦਤ ਹਸਨ ਮੰਟੋ




ਨੇ ਇਕ ਕਹਾਣੀ ਲਿਖੀ ਸੀ, ਜੋ ਏਸੇ ਬੁੱਤ ਨੂੰ ਤੋੜਨ ਨਾਲ ਸਬੰਧ ਰੱਖਦੀ ਸੀ। ਇਕ ਨੌਜਵਾਨ ਛਿੱਤਰਾਂ ਦਾ ਹਾਰ ਲੈ ਕੇ ਉਸ ਦੇ ਗਲ ਪਾਉਣ ਵਾਸਤੇ ਉਪਰ ਚੜ੍ਹਨ ਲੱਗਾ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋ ਗਿਆ। ਉਸ ਨੂੰ ਹਸਪਤਾਲ ਲੈ ਕੇ ਗਏ ਤਾਂ ਜੋ ਉਸ ਦੀ ਜਾਨ ਬਚ ਸਕੇ। ਸਬੱਬੀਂ ਇਹ ਉਹੀ ਸਰ ਗੰਗਾਰਾਮ ਦਾ ਬਣਾਇਆ ਹਸਪਤਾਲ ਸੀ, ਜਿਸ ਨੂੰ ਉਸ ਨੇ ਪੱਥਰ ਮਾਰੇ ਤੇ ਗਲ ਛਿੱਤਰਾਂ ਦਾ ਹਾਰ ਪਾ ਰਿਹਾ ਸੀ। ਉਸੇ ਵਿਚ ਦਾਖਲ ਹੋ ਕੇ ਉਸ ਦੀ ਜਾਨ ਬਚ ਗਈ। ਇਸੇ ਤਰ੍ਹਾਂ ਮੁਤਅੱਸਬ ਹੁੱਲੜਬਾਜ਼ਾਂ ਦੀਆਂ ਬਹੁਤ ਸਾਰੀਆਂ ਕਰਤੂਤਾਂ ਬਾਰੇ ਸਆਦਤ ਹਸਨ ਮੰਟੋ ਅਤੇ ਹੋਰ ਲੇਖਕਾਂ ਨੇ ਵਿਅੰਗਮਈ ਕਹਾਣੀਆਂ, ਕਵਿਤਾਵਾਂ ਤੇ ਲੇਖ ਲਿਖੇ ਸਨ।

ਇਸ ਵੇਲੇ ਉਸ ਸਮੇਂ ਦੇ ਇਸ ਮਹਾਨ ਭਵਨ ਨਿਰਮਾਤਾ ਅਤੇ ਸਮਾਜ ਸੇਵਕ ਦਾ ਮਕਬਰਾ ਖਸਤਾ ਹਾਲਤ ਵਿਚ ਢੱਠ ਕੇ ਜਰਜੱਰਾ ਰਿਹਾ ਹੈ। ਸਮੇਂ ਸਮੇਂ ਦੀਆਂ ਗੱਲਾਂ ਹਨ। ਕੇਹੀ ਅਕ੍ਰਿਤਘਣ ਸਮੇਂ ਦੀ ਮਾਰ ਹੈ ਕਿ ਉਸ ਨੂੰ ਮੁਰੰਮਤ ਦੀ ਲੋੜ ਹੈ, ਪਰ ਮੁਰੰਮਤ ਕਰਨ ਵਾਲਾ ਕੋਈ ਨੇੜੇ ਨਹੀਂ ਢੁੱਕਦਾ। ਉਸ ਦੇ ਪਰਉਪਕਾਰਾਂ ਨੂੰ ਵਾਚਦੇ ਸਮਾਜ ਦੇ ਕੁਝ ਵਰਗਾਂ ਵਿਚ ਉਸ ਦੇ ਸਮਾਰਕ ਅਤੇ ਢਾਹੇ ਜਾ ਚੁੱਕੇ ਮੁਜੱਸਮੇ ਦੀ ਪੁਨਰ ਸਥਾਪਨਾ ਦੀਆਂ ਸਲਾਹਾਂ ਤੇ ਸਕੀਮਾਂ ਚੱਲ ਪਈਆਂ ਹਨ।

ਕਹਾਣੀ

# ਮੁਸੱਰਤ

**ਮਨਜੀਤ ਸਿੰਘ ਬੱਲ ਪੇਸ਼ੇ ਵਜੋਂ ਡਾਕਟਰ ਹਨ। ਉਹ ਸਿਹਤ ਸਮੱਸਿਆਵਾਂ ਬਾਰੇ ਅਕਸਰ ਲਿਖਦੇ ਰਹਿੰਦੇ ਹਨ, ਪਰ ਉਨ੍ਹਾਂ ਕੁਝ ਕਹਾਣੀਆਂ ਵੀ ਲਿਖੀਆਂ ਹਨ। ਇਨ੍ਹਾਂ ਵਿਚੋਂ ਇਕ ਕਹਾਣੀ 'ਮੁਸੱਰਤ' ਹੈ। ਇਸ ਕਹਾਣੀ ਦੇ ਸਾਰੇ ਪਾਤਰ, ਸਮਾਂ, ਸਥਾਨ ਅਤੇ ਘਟਨਾਵਾਂ ਅਸਲੀ ਹਨ। ਅੱਜ ਜਦੋਂ ਬਾਬਾ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਦੋਵੇਂ ਪੰਜਾਬ ਗਲਵੱਕੜੀ ਪਾ ਰਹੇ ਹਨ ਤਾਂ ਅਸੀਂ ਇਹ ਕਹਾਣੀ ਪਾਠਕਾਂ ਲਈ ਛਾਪ ਰਹੇ ਹਾਂ। ਇਸ ਵਿਚ ਦੋਹਾਂ ਪਾਸਿਆਂ ਦੇ ਲੋਕਾਂ ਦੇ ਦਿਲਾਂ ਅੰਦਰ ਉਮੜਦੇ ਵਲਵਲੇ ਬਹੁਤ ਖੂਬਸੂਰਤੀ ਨਾਲ ਪੇਸ਼ ਹੋਏ ਹਨ। -ਸੰਪਾਦਕ**



ਮਨਜੀਤ ਸਿੰਘ ਬੱਲ

"ਸਲਾਮ ਭਾਈ ਜਾਨ, ਮੈਂ ਮਾਜਿਦ ਬੁਖਾਰੀ, ਤੁਹਾਡੇ ਨਾਲ ਦੋ-ਚਾਰ ਪਲ, ਗੱਲਾਂ ਕਰਨੀਆਂ ਚਾਹੁੰਦਾਂ।" ਗੁਰਦੁਆਰਾ ਡੇਰਾ ਸਾਹਿਬ ਦੇ ਗੇਟ 'ਚੋਂ ਨਿਕਲ ਕੇ, ਮੈਂ ਸ਼ਾਹੀ ਕਿਲ੍ਹੇ ਵੱਲ ਪੈਦਲ ਜਾ ਰਿਹਾ ਸਾਂ, ਜਦ ਪਿੱਛੇ ਆਉਂਦਾ ਇੱਕ ਮੁੰਡਾ, ਆਪਣਾ ਸਾਈਕਲ ਹੌਲੀ ਕਰਕੇ ਮੇਰੇ ਨਾਲ ਚੱਲਣ ਲੱਗਾ। ਮੈਂ ਇਧਰ-ਉਧਰ ਵੇਖਿਆ ਤਾਂ ਭਾਂਪ ਗਿਆ ਕਿ ਉਹ ਮੈਨੂੰ ਹੀ ਮੁਖਾਤਿਬ ਸੀ।

"ਹਾਂ ਹਾਂ, ਕਿਉਂ ਨਹੀਂ।" ਮੈਂ ਹਾਂ 'ਚ ਜੁਆਬ ਦਿੱਤਾ ਤੇ ਉਹ ਸਾਈਕਲ ਤੋਂ ਉਤਰ ਕੇ ਨਾਲ-ਨਾਲ ਤੁਰਨ ਲੱਗਾ।

"ਮੈਂ ਲ੍ਹੌਰ (ਲਾਹੌਰ) ਦਾ ਈ ਆਂ, ਕੱਲ੍ਹ ਦਾ ਸੋਚਣ ਡਿਹਾਂ, ਪਈ ਗੁਰਦੁਆਰੇ 'ਚ ਸਿੱਖਾਂ ਨੇ ਆਉਣੈਂ, ਕਿਸੇ ਇੰਡੀਅਨ ਸਰਦਾਰ ਨੂੰ ਯਾਰ ਬਣਾਉਣੈਂ।" ਮਾਜਿਦ ਖੁਦ ਹੀ ਸਭ ਕੁਝ ਦੱਸੀ ਜਾ ਰਿਹਾ ਸੀ।

ਗੋਰੇ ਰੰਗ ਦਾ, ਸੁਹਣਾ-ਸੁਨੱਖਾ ਮੁੰਡਾ, ਕੱਦ 'ਚ ਮੇਰੇ ਤੋਂ ਛੇ ਇੰਚ ਲੰਮਾ ਹੋਣੈ। ਟੀ-ਸ਼ਰਟ ਪੈਂਟ ਦੇ ਬਾਹਰ ਸੀ, ਛੋਟੀਆਂ-ਛੋਟੀਆਂ ਮੁੱਛਾਂ, ਅੱਖਾਂ 'ਤੇ ਮਹਿੰਗੀ ਕਾਲੀ ਐਨਕ ਬੜੀ ਫੱਬ ਰਹੀ ਸੀ; ਤੇ ਉਹਦੇ ਕੋਲ ਇੱਕ ਟੌਹਰੀ, ਲਾਲ ਰੰਗ ਦਾ ਰੇਸਿੰਗ ਸਾਈਕਲ ਵੀ ਸੀ।

ਸ਼ਾਮ ਦੇ ਛੇ ਵਜੇ, ਮਈ 1980, ਅਤਿ ਗਰਮੀ ਦਾ ਮੌਸਮ ਸੀ। ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਮੈਂ ਪਹਿਲੀ ਵਾਰ ਪਾਕਿਸਤਾਨ ਗਿਆ ਸਾਂ। ਕੱਲਮ-ਕੱਲਾ, ਮੇਰੇ ਨਾਲ ਕੋਈ ਯਾਰ ਬੇਲੀ ਨਹੀਂ ਸੀ। 24-25 ਸਾਲ ਵਾਲੀ ਉਮਰ ਵੀ ਮਸਤੀ ਵਾਲੀ ਹੁੰਦੀ ਹੈ।

ਭੁੱਖਾ ਕੀ ਭਾਲੇ, ਦੋ ਰੋਟੀਆਂ! ਮੈਂ ਤਾਂ ਪਹਿਲਾਂ ਹੀ ਇਸ ਤਰ੍ਹਾਂ ਦਾ ਕੋਈ ਸਾਥ ਲੱਭ ਰਿਹਾ ਸਾਂ। ਅਸੀਂ ਤੁਰਦੇ-ਤੁਰਦੇ ਸ਼ਾਹੀ ਕਿਲ੍ਹੇ ਦੇ ਅੰਦਰ ਜਾਂਦੀ ਘੱਟ ਟ੍ਰੈਫਿਕ ਵਾਲੀ ਸੜਕ ਪੈ ਗਏ, ਜਿਸ ਦੇ ਦੋਵੇਂ ਪਾਸੇ ਹਰੇ ਘਾਹ ਦੇ ਲਾਅਨ ਸਨ। ਆਲੇ-ਦੁਆਲੇ ਮੁਗਲ ਇਮਾਰਤਸਾਜ਼ੀ ਦੇ ਵੱਖ-ਵੱਖ ਨਮੂਨਿਆਂ ਵਾਲੀਆਂ ਕਿਲ੍ਹੇ ਦੀਆਂ ਇਮਾਰਤਾਂ, ਪਹਿਲੀ ਵਾਰ ਵੇਖਣ ਉਤੇ ਦਿੱਲੀ ਦੇ ਲਾਲ ਕਿਲ੍ਹੇ ਦਾ ਭੁਲੇਖਾ ਪਾ ਰਹੀਆਂ ਸਨ।

"ਭਾਈ ਜਾਨ ਐਥੇ ਬਹਿ ਜਾਈਏ ਤੇ ਗੁਫਤਗੂ ਕਰੀਏ।" ਇਕਾਂਤ ਵੇਖ ਕੇ ਮਾਜਿਦ ਬੋਲਿਆ।

"ਹਾਂ, ਆਹ ਘਾਹ ਠੀਕ ਆ।" ਮੈਂ ਹਾਮੀ ਭਰ ਦਿੱਤੀ ਤਾਂ ਉਹਨੇ ਸਾਈਕਲ ਨੂੰ ਇੱਕ ਪਾਸੇ ਸਟੈਂਡ 'ਤੇ ਲਾ ਦਿੱਤਾ।

"ਤੁਸੀਂ ਆਪਣਾ ਨਾਂ ਨਹੀਂ ਦੱਸਿਆ?"

"ਮੈਨੂੰ ਅਜੇ ਮੌਕਾ ਈ ਨਹੀਂ ਮਿਲਿਆ।"

"ਅੱਛਾ ਆਪਣੇ ਬਾਰੇ ਦੱਸੋ?"

"ਮੈਂ ਮਨਜੀਤ ਸਿੰਘ, ਪਿੰਡ ਬੱਲ ਕਲਾਂ ਜ਼ਿਲ੍ਹਾ ਅੰਮ੍ਰਿਤਸਰ ਦਾ ਡਾਕਟਰ ਹਾਂ। ਇਸ ਵੇਲੇ ਬਾਰਡਰ ਦੇ ਇੱਕ ਪਿੰਡ ਵਿਚ ਤੈਨਾਤ, ਪੰਜਾਬ ਸਰਕਾਰ ਦਾ ਮੈਡੀਕਲ ਅਫਸਰ ਹਾਂ। ਲੋਕ ਮੈਨੂੰ ਡਾ. ਬੱਲ ਜਾਂ ਡਾ. ਮਨਜੀਤ ਬੱਲ ਕਹਿੰਦੇ ਨੇ ਤੇ ਮੇਰੀ ਉਮਰ ਆ 25 ਸਾਲ।" ਮੈਂ ਕੁਝ ਆਪਣੀ ਜਾਣ-ਪਛਾਣ ਕਰਵਾਈ।

ਕੁਲ ਪਲਾਂ ਦੇ ਸਾਥ ਤੇ ਹਮ-ਉਮਰੀ ਦੇ ਅਹਿਸਾਸ ਨੇ 'ਆਪ ਤੋ ਤੁਮ ਤੇ ਤੂੰ' ਬਣਾ ਦਿੱਤਾ।

"ਯਾਰ ਤੂੰ ਡਾਕਟਰ ਐਂ? ਇੰਨੀ ਥੋੜ੍ਹੀ ਜਿਹੀ ਉਮਰ ਵਿਚ? ਉਹ ਵੀ ਇੰਡੀਆ ਵਰਗੇ ਮੁਲਕ ਵਿਚ?" ਉਹ ਕੁਝ ਹੈਰਾਨ ਹੋ ਰਿਹਾ ਸੀ। "ਮੈਂ ਵੀ 25 ਸਾਲ ਦਾ ਹਾਂ, ਬੀ.ਏ. ਕਰਕੇ ਅੱਬਾ ਨਾਲ ਆਪਣੀ ਰੀਅਲ ਅਸਟੇਟ ਤੇ ਵਾਚ ਕੰਪਨੀ ਦੀ ਦੁਕਾਨ 'ਤੇ ਬੈਠਦਾਂ।" ਉਹਨੇ ਕੁਝ ਹੋਰ ਤੁਆਰਫ ਕਰਵਾਇਆ।

ਉਹ ਮੈਨੂੰ, ਮਨਜੀਤ ਸਾਹਿਬ, ਜਾਂ ਕਦੀ-ਕਦੀ ਯਾਰ ਕਹਿ ਕੇ ਗੱਲ ਕਰਦਾ ਸੀ।

"ਹੋਰ ਦੱਸ ਯਾਰ, ਸ਼ਾਦੀ ਕਰਵਾ ਲੀ ਕਿ ਨਹੀਂ?"

"ਨਹੀਂ ਮਾਜਿਦ, ਯਾਰ ਅਜੇ ਤਾਂ ਅਸੀਂ ਆਪ ਬੱਚੇ ਆਂ।" ਉਹਦੇ ਹਾਵ-ਭਾਵ ਤੋਂ ਕੋਈ ਹੋਰ ਗੱਲ ਪੁੱਛਣ ਦੀ ਉਤਸੁਕਤਾ ਭਾਂਪ ਰਹੀ ਸੀ ਪਰ ਅਜੇ ਕੁਝ ਹੋਰ ਗੱਲਾਂ ਕਰਕੇ ਮੈਨੂੰ ਭਰੋਸੇ ਵਿਚ ਲੈ ਰਿਹਾ ਸੀ।

"ਆਹ ਤੁਸੀਂ ਲਾ ਕੇ ਦੇਖੋ।" ਆਪਣੀ ਐਨਕ ਲਾਹ ਕੇ ਮੇਰੇ ਵੱਲ ਕਰਦਾ ਬੋਲਿਆ।

"ਨਹੀਂ ਯਾਰ, ਇਹਨੇ ਤਾਂ ਪੱਗ ਨੂੰ ਉਤਾਂਹ ਚੁੱਕ ਦੇਣੈ।" ਮੈਂ ਕੁਝ ਨਾਂਹ-ਨੁੱਕਰ ਕਰ ਰਿਹਾ ਸਾਂ, ਪਰ ਉਹਨੇ ਮੇਰੇ ਵੱਲ ਝੁਕ ਕੇ ਆਪਣੇ ਹੱਥਾਂ ਨਾਲ ਮੈਨੂੰ ਉਹ ਚਸ਼ਮਾ ਪਹਿਨਾ ਦਿੱਤਾ। ਕੁਝ ਕੋਸ਼ਿਸ਼ ਮੈਨੂੰ ਵੀ ਕਰਨੀ ਪਈ ਤਾਂ ਕਿ ਪੱਗ ਖਰਾਬ ਨਾ ਹੋਵੇ।

"ਵਾਹ ਭਾਈ ਜਾਨ ਵਾਹ, ਪੱਗ ਤੇ ਇਸ ਚਸ਼ਮੇ ਨਾਲ ਤਾਂ ਤੁਸੀਂ ਹੀਰੋ ਲੱਗਣ ਲੱਗ ਪਏ ਓ। ਚਸ਼ਮੇ-ਬਦ-ਦੂਰ। ਮਾਸ਼ਾ ਅੱਲਾ ਨਜ਼ਰ ਨਾ ਲੱਗ ਜਾਵੇ।" ਮੈਨੂੰ ਵੀ ਮਹਿਸੂਸ ਹੋ ਰਿਹਾ ਸੀ, ਸ਼ਾਇਦ ਮੈਨੂੰ ਇਹ ਐਨਕ ਸੋਹਣੀ ਲੱਗ ਰਹੀ ਹੈ।

"ਲਓ, ਮਨਜੀਤ ਸਾਹਿਬ, ਇਹ ਮੇਰਾ ਪਹਿਲਾ ਤੋਹਫਾ, ਧਾਡੇ ਲਈ।"

"ਨਹੀਂ ਨਹੀਂ ਯਾਰ, ਇਹ ਤਾਂ ਐਨੀ ਮਹਿੰਗੀ ਆ।" ਮੈਂ ਐਨਕ ਲਾਹ ਕੇ ਉਹਨੂੰ ਫੜਾਉਣ ਦੀ ਕੋਸ਼ਿਸ਼ ਕੀਤੀ ਪਰ ਨਾਕਾਮ ਰਿਹਾ।

"ਇਹ ਤਾਂ ਹੁਣ ਤੁਸੀਂ ਈ ਪਹਿਨੋਗੇ ਭਾਈ ਜਾਨ, ਧਾਡੇ ਨਾਲ ਈ ਇੰਡੀਆ ਜਾਊਗੀ।"

ਮੈਂ ਚੁੱਪ ਕਰ ਗਿਆ, ਅੰਦਰੋਂ ਖੁਸ਼ ਵੀ ਸਾਂ ਕਿ ਵਧੀਆ ਦੋਸਤ ਮਿਲ ਗਿਐ, ਜਿਨ੍ਹੇ ਪਹਿਲੀ ਮੁਲਾਕਾਤ ਵਿਚ ਈ ਉਮਦਾ ਤੋਹਫਾ ਦੇ ਦਿੱਤਾ ਹੈ। ਗੱਲਾਂ ਗੱਲਾਂ ਵਿਚ ਉਹ ਮੈਨੂੰ ਬੰਬੇ, ਫਿਲਮੀ ਹਸਤੀਆਂ ਤੇ ਤਾਜ ਮਹਿਲ ਬਾਰੇ ਪੁੱਛਣ ਲੱਗਾ। "ਨਹੀਂ ਮਾਜਿਦ, ਬੰਬੇ ਤੇ ਆਗਰਾ ਤਾਂ ਅੰਮ੍ਰਿਤਸਰ ਤੋਂ ਬਹੁਤ ਦੂਰ ਨੇ। ਅਜੇ ਤਕ ਉਥੇ ਜਾਣ ਦਾ ਕੋਈ ਮੌਕਾ ਨਹੀਂ ਮਿਲਿਆ।"

ਚੌਕੜੀ ਮਾਰ ਕੇ ਬੈਠਿਆਂ, ਕੁਝ ਟੇਢਾ ਜਿਹਾ ਹੋ ਕੇ ਉਹਨੇ ਪੈਂਟ ਦੀ ਪਿਛਲੀ ਜੇਬ 'ਚੋਂ ਹਲਕੇ ਗੁਲਾਬੀ ਰੰਗ ਦਾ ਚਿੱਠੀ ਦਾ ਲਿਫਾਫਾ ਕੱਢਿਆ। ਮੈਂ ਸਭ ਵੇਖ ਰਿਹਾ ਸਾਂ, ਇਸ ਉਤੇ ਭਾਰਤੀ ਡਾਕ ਟਿਕਟਾਂ ਲੱਗੀਆਂ ਹੋਈਆਂ ਸਨ ਤੇ ਸਿਰਨਾਵਾਂ ਅੰਗਰੇਜ਼ੀ ਵਿਚ 'ਮਾਜਿਦ ਬੁਖਾਰੀ ਵਲਦ ਨੂਰ ਦੀਨ ਬੁਖਾਰੀ-ਇੱਛਰਾ, ਫਿਰੋਜ਼ਪੁਰ ਰੋਡ ਲਾਹੌਰ' ਲਿਖਿਆ ਹੋਇਆ ਸੀ।

ਹੁਣ ਤਕ ਉਹ ਭਾਵੇਂ ਮੇਰੇ ਨਾਲ ਕੁਝ ਖੁੱਲ੍ਹ ਗਿਆ ਸੀ, ਫਿਰ ਵੀ ਲਿਫਾਫਾ ਮੈਨੂੰ ਫੜਾਉਂਦਿਆਂ ਥੋੜ੍ਹਾ ਜਿਹਾ ਝਿਜਕ ਕੇ ਆਖਣ ਲੱਗਾ, "ਮੈਂ, ਆਹ ਜ਼ੁਬਾਨ, ਪੜ੍ਹ ਨਹੀਂ ਸਕਦਾ, ਸ਼ਾਇਦ ਹਿੰਦੀ ਆ, ਤੁਸੀਂ ਤਾਂ ਜ਼ਰੂਰ ਪੜ੍ਹ ਲਓਗੇ।"

ਜਦੋਂ ਮੈਂ ਲਿਫਾਫੇ 'ਚੋਂ ਚਿੱਠੀ ਦੇ ਵਰਕੇ ਕੱਢ ਰਿਹਾ ਸਾਂ ਤਾਂ ਲੱਗਦਾ ਸੀ, ਉਹਦੇ ਦਿਲ ਦੀ ਧੜਕਣ ਤੇਜ਼ ਹੋ ਰਹੀ ਸੀ।

"ਕੀਹਦੀ ਚਿੱਠੀ ਆ ਇਹ?" ਮੈਂ ਪੁੱਛਿਆ।

"ਤੁਸੀਂ ਇਹ ਜ਼ੁਬਾਨ ਪੜ੍ਹ ਤਾਂ ਸਕਦੇ ਓ ਨਾ?" ਲਗਦੈ ਉਹਨੂੰ ਬੇਚੈਨੀ ਜਿਹੀ ਲੱਗੀ ਹੋਈ ਸੀ।

"ਹਾਂ ਹਾਂ, ਕਿਉਂ ਨਹੀਂ। ਇਹ ਹਿੰਦੀ ਆ, ਮੈਂ ਹੁਣੇ ਪੜ੍ਹ ਦਿੰਨਾ।" ਮੈਂ ਵੀ ਕੁਝ ਉਤੇਜਿਤ ਹੋ ਰਿਹਾ ਸਾਂ। ਲਗਾਤਾਰ ਪੜ੍ਹ ਕੇ ਸੁਣਾਉਣ ਤੋਂ ਪਹਿਲਾਂ ਮੈਂ, ਮੌਨ ਹੀ ਅਧਿਐਨ ਕੀਤਾ ਤੇ ਫਿਰ ਪੜ੍ਹਨਾ ਸ਼ੁਰੂ ਕਰ ਦਿੱਤਾ। ਮੈਂ ਵੀ ਇਸ ਦਾ ਅਨੰਦ ਲੈ ਰਿਹਾ ਸਾਂ। ਚਿੱਠੀ ਦੀ ਸ਼ੁਰੂਆਤ ਸ਼ਿਅਰ ਨਾਲ ਕੀਤੀ ਗਈ ਸੀ:

ਜੁਦਾ ਤੋ ਹੈਂ ਮਗਰ ਕੁਛ ਹੈ
ਖੁਸ਼ੀ ਇਸ ਬਾਤ ਕੀ ਦਿਲ ਮੇਂ,
ਮਿਲੀ ਹੈ ਅਬ ਮੁਝੇ ਮੰਜ਼ਿਲ,
ਤੁਮਹਾਰੀ ਸ਼ੋਖ ਯਾਦੋਂ ਕੀ।

ਲਿਖਤੁਮ ਤੋਂ ਬਾਅਦ ਮੁਹੱਬਤ ਦੇ ਵਿਛੋੜੇ ਵਿਚ ਲਿਲਕੜੀਆਂ ਲੈਂਦੀ ਕਿਸੇ ਕੁੜੀ ਨੇ ਬਹੁਤ ਕੁਝ ਲਿਖਿਆ ਸੀ। ਮਾਜਿਦ ਤੋਂ ਬਿਨਾਂ ਬੇਮਤਲਬ ਜ਼ਿੰਦਗੀ ਬਾਰੇ, ਖੰਭ ਲਾ ਕੇ ਉਡ ਆਉਣ ਤੇ ਸਾਰੀਆਂ ਹੱਦਾਂ ਤੋੜ ਕੇ ਮੁੜ ਮਿਲਣ ਬਾਰੇ ਲਿਖਣ ਦੇ ਨਾਲ-ਨਾਲ ਇੰਡੀਆ ਅਤੇ ਪਾਕਿਸਤਾਨ ਦੇ ਚੰਗੇ ਸਬੰਧਾਂ ਦੀ ਕਾਮਨਾ ਕੀਤੀ ਸੀ ਤਾਂ ਕਿ ਉਹ ਬਿਨਾ ਕਿਸੇ ਵੀਜ਼ੇ ਜਾਂ ਰੋਕ-ਟੋਕ ਦੇ ਮਿਲ ਸਕਣ; ਤੇ ਅੰਤ ਵਿਚ ਲਿਖਿਆ ਸੀ, "ਪੂਰੀ ਕੀ ਪੂਰੀ ਤੁਮਹਾਰੀ ਮੁਸੱਰਤ।"



ਮਾਜਿਦ ਦੀਆਂ ਅੱਖਾਂ 'ਚ ਗਲੇਡੂ ਸਨ। ਉਹਨੂੰ ਗੰਭੀਰ ਵੇਖ ਕੇ ਮੈਂ ਵੀ ਕੁਝ ਸੀਰੀਅਸ ਹੋ ਗਿਆ ਤੇ ਪੂਰੀ ਚਿੱਠੀ ਸੁਣਾ ਕੇ, ਮੈਂ ਆਗਰੇ ਦੀ ਇਸ ਕੁੜੀ ਨਾਲ ਮੁਲਾਕਾਤ ਬਾਰੇ ਜਾਣਨ ਲਈ ਉਤਸੁਕਤਾ ਨਾਲ ਪੁੱਛਣ ਲੱਗਾ। ਮਾਜਿਦ ਮੈਨੂੰ ਹੁਣ ਆਪਣਾ ਰਾਜ਼ਦਾਨ ਸਮਝਣ ਲੱਗ ਪਿਆ ਸੀ।

"ਬੜਾ ਤੜਫਿਆ ਹਾਂ ਮੈਂ ਭਾਈ ਜਾਨ, ਇਹ ਚਿੱਠੀ ਆਪਣੇ ਸੀਨੇ ਨਾਲ ਲਾ ਕੇ ਬੜੀਆਂ ਥਾਂਵਾਂ 'ਤੇ ਗਿਆਂ, ਬੜੇ ਦੋਸਤਾਂ ਨਾਲ ਆਨੇ-ਬਹਾਨੇ ਗੱਲ ਕੀਤੀ ਕਿ ਕੋਈ ਹਿੰਦੀ ਪੜ੍ਹ ਸਕਦਾ ਹੋਵੇ ਤਾਂ ਦੱਸੋ ਪਰ ਕੋਈ ਗੱਲ ਨਾ ਬਣੀ। ਫਿਰ ਬਾਬੇ ਨਾਨਕ ਦੇ ਹੱਥ ਡੋਰ ਫੜਾ ਦਿੱਤੀ, ਸੋਚਿਆ, ਸਰਦਾਰਾਂ ਨੇ ਇੰਡੀਆ ਤੋਂ ਆਉਣੈ, ਕਿਸੇ ਨੂੰ ਯਾਰ ਬਣਾ ਕੇ, ਚਿੱਠੀ ਪੜ੍ਹਾ ਕੇ ਅਰਮਾਨ ਪੂਰੇ ਕਰ ਲਾਂਗਾ।"

"ਚੱਲ ਹੁਣ ਦੱਸ ਯਾਰ, ਕਿੱਥੇ ਮਿਲੀ ਸੀ ਤੈਨੂੰ, ਇਹ ਆਗਰੇ ਵਾਲੀ ਕੁੜੀ?" ਮੈਂ ਆਪਣੀ ਰੁਚੀ ਜਾਹਰ ਕਰਦਿਆਂ ਉਹਨੂੰ ਪਲੋਸ ਕੇ ਪੁੱਛਿਆ।

"ਛੇ ਮਹੀਨੇ ਪਹਿਲਾਂ, ਸਾਡੀ ਗਲੀ ਵਿਚ ਹੀ ਰਹਿੰਦੇ ਮੇਰੇ ਫੂਫਾ, ਖਾਨ ਅੰਕਲ ਦੇ ਭਾਈ ਜਾਨ ਪੂਰੇ ਟੱਬਰ ਸਮੇਤ ਇੱਕ ਮਹੀਨੇ ਦੇ ਵੀਜ਼ੇ 'ਤੇ ਆਗਰੇ ਤੋਂ ਆਏ ਸਨ।"

ਮੇਰੀ ਉਤਸੁਕਤਾ ਵਧ ਗਈ ਅਤੇ ਸੰਜੀਦਾ ਮਜ਼ਾ ਲੈਣ ਲਈ ਮੈਂ ਬੇਹੱਦ ਇਕਾਗਰਤਾ ਨਾਲ ਸੁਣਨ ਲੱਗਾ, "ਤੇ ਫੇਰ।"

"ਇੱਕ ਦਿਨ ਅੰਮੀ ਨੇ ਮੈਨੂੰ ਕਿਹਾ ਕਿ ਖਾਨ ਅੰਕਲ ਹੋਰਾਂ ਦੇ ਘਰੋਂ ਆਪਣੀ ਪ੍ਰੈੱਸ ਫੜ ਲਿਆ। ਮੈਂ ਜਾ ਕੇ ਉਨ੍ਹਾਂ ਦੇ ਬੂਹੇ ਦੀ ਘੰਟੀ ਮਾਰੀ। ਕੋਈ ਨਾ ਪਰਤਿਆ। ਦੂਜੀ ਵਾਰ ਘੰਟੀ ਮਾਰੀ ਤੇ ਉਡੀਕਣ ਲੱਗਾ। ਪੰਜਾਂ ਮਿੰਟਾਂ ਪਿੱਛੋਂ ਜਦ ਹੌਲੇ ਜਿਹੇ ਬੂਹਾ ਖੁੱਲ੍ਹਿਆ ਤਾਂ ਕਾਲੇ ਬੁਰਕੇ 'ਚੋਂ ਝਾਤੀਆਂ ਮਾਰਦੀਆਂ ਤਿੱਖੀਆਂ ਨਜ਼ਰਾਂ ਤੇ ਗੋਰੇ ਹੱਥ ਮੇਰੀ ਨਜ਼ਰੀਂ ਪਏ।"

"ਹਾਂ ਜੀ, ਕਿਸ ਸੇ ਮਿਲਨਾ ਹੈ?" ਮਿੱਠੀ ਜਿਹੀ ਆਵਾਜ਼ ਮੇਰੇ ਕੰਨਾਂ ਵਿਚ ਰਸ ਘੋਲ ਗਈ। ਮੈਂ ਉਹਦੇ ਵੱਲ ਵਿੰਹਦਾ ਹੀ ਰਹਿ ਗਿਆ। ਕੁਝ ਸੰਭਲਿਆ ਤਾਂ ਵੇਖਿਆ ਕਿ ਉਹ ਵੀ ਮੇਰੇ 'ਤੇ ਨਜ਼ਰਾਂ ਗੱਡੀ ਖਲੋਤੀ ਸੀ।

"ਘਰ ਤੋ ਕੋਈ ਨਹੀਂ, ਸਭੀ ਅਨਾਰਕਲੀ ਬਜ਼ਾਰ ਗਏ ਹੂਏ ਹੈਂ, ਅੱਛਾ, ਅੰਦਰ ਆ ਜਾਓ।" ਇੱਕੋ ਸਾਹੇ ਉਹ ਕਈ ਗੱਲਾਂ ਕਰ ਗਈ।

ਪਰ ਮੇਰੇ ਕੋਲ ਇੰਨੀ ਹਿੰਮਤ ਨਹੀਂ ਸੀ। ਮੈਨੂੰ ਇਹ ਤਾਂ ਪਤਾ ਸੀ ਕਿ ਖਾਨ ਅੰਕਲ ਦੇ ਘਰ ਇੰਡੀਆ ਤੋਂ ਕੋਈ ਮਹਿਮਾਨ ਆਏ ਹੋਏ ਨੇ, ਪਰ ਮੈਂ ਪਹਿਲੀ ਨਜ਼ਰੇ ਹੀ ਲੁੱਟਿਆ ਜਾਵਾਂਗਾ, ਇਹ ਨਹੀਂ ਸੀ ਪਤਾ। ਸ਼ਾਇਦ ਇੰਡੀਆ ਤੋਂ ਆਈ ਹੋਣ ਕਰਕੇ ਈ ਉਹ ਮੇਰੇ ਨਾਲ ਗੱਲ ਕਰ ਰਹੀ ਸੀ, ਇਥੋਂ ਦੀ ਕੁੜੀ ਨ੍ਹੀਂ ਸੀ ਕਰ ਸਕਦੀ।

"ਮੈਂ ਫੇਰ ਆ ਜੂੰ ਸ਼ਾਮ ਨੂੰ।" ਆਖ ਕੇ ਮੈਂ ਕਿਸੇ ਨਵੀਂ ਦੁਨੀਆਂ ਵਿਚ ਉਡਦਾ-ਉਡਦਾ ਆਪਣੇ ਘਰ ਵੱਲ ਤੁਰ ਪਿਆ। ਅੱਗੇ ਆਣ ਕੇ ਮੈਂ ਏਨਾ ਗਵਾਚ ਚੁਕਾ ਸਾਂ ਕਿ ਦੂਸਰੀ ਗਲੀ ਵਿਚ ਵੜ ਗਿਆ।"

"ਵਾਹ ਪਈ ਮਾਜਿਦ, ਆਹ ਤੇ ਬੜੀ ਫਿਲਮੀ ਸਟੋਰੀ ਬਣੀ ਤੇਰੇ ਨਾਲ।" ਮੈਂ ਉਹਦਾ ਮੂਡ ਬਦਲਣਾ ਚਾਹੁੰਦਾ ਸਾਂ।

"ਅੱਛਾ ਹੁਣ, ਸੁਣ ਅੰਬਰਸਰ ਦਾ ਇੱਕ ਪੰਜਾਬੀ ਟੱਪਾ:

ਤੰਦੂਰੀ ਤਾਈ ਹੋਈ ਏ,
ਖਸਮਾਂ ਨੂੰ ਖਾਣ ਰੋਟੀਆਂ,
ਚਿੱਠੀ ਸੱਜਣਾਂ ਦੀ ਆਈ ਹੋਈ ਏ।"

"ਹਾਂ ਮਨਜੀਤ ਸਾਹਿਬ, ਅੱਜ ਮੈਂ ਚਿੱਠੀ ਸੁਣ ਲਈ ਆ, ਮੈਨੂੰ ਅੱਜ ਹੋਰ ਕੁਝ ਵੀ ਨਹੀਂ ਦਿਸਦਾ।" ਉਹ ਬਹੁਤ ਹੀ ਖੁਸ਼ ਲੱਗ ਰਿਹਾ ਸੀ।

"ਬਾਕੀ ਮੁਲਾਕਾਤਾਂ ਬਾਰੇ ਵੀ ਦੱਸ।"

"ਉਸੇ ਦਿਨ ਤ੍ਰਕਾਲਾਂ ਨੂੰ, ਮੇਰੇ ਪੈਰ ਮੈਨੂੰ ਫਿਰ ਉਸੇ ਗਲੀ ਵੱਲ ਲੈ ਤੁਰੇ। ਜਾਪਦਾ ਸੀ, ਮੇਰਾ ਸਭ ਕੁਝ, ਮੇਰੀ ਦੁਨੀਆਂ, ਮੇਰਾ ਮੁਸਤੱਕਬਿਲ ਇਸੇ ਗਲੀ 'ਚ ਹੈ। ਮੈਂ ਤੁਰਿਆ ਜਾ ਰਿਹਾ ਸਾਂ ਤੇ ਇੰਡੀਆ ਰੇਡੀਓ ਸਟੇਸ਼ਨ 'ਤੇ ਗਾਣਾ ਵੱਜ ਰਿਹਾ ਸੀ, 'ਮੁਝੇ ਲੇ ਚਲੋ ਆਜ ਫਿਰ ਉਸ ਗਲੀ ਮੇਂ ਜਹਾਂ ਪਹਿਲੇ ਪਹਿਲੇ ਯੇ ਦਿਲ ਲੜਖੜਾਇਆ, ਵੋ ਦੁਨੀਆਂ ਵੋ ਮੇਰੀ ਮੁਹੱਬਤ ਕੀ ਦੁਨੀਆਂ ਜਹਾਂ ਸੇ ਮੈਂ ਬੇਤਾਬੀਆਂ ਲੈ ਕੇ ਆਇਆ', ਇਹ ਮੇਰੇ ਦਿਲ ਦੀ ਗੱਲ ਕਹਿ ਰਿਹਾ ਸੀ।"

"ਅੱਛਾ, ਤੇ ਇਨ੍ਹਾਂ ਮਹਿਮਾਨਾਂ ਦੇ ਇੱਕ ਮਹੀਨੇ ਦੇ ਵੀਜ਼ੇ ਦੌਰਾਨ ਕਿੰਨੀਆਂ ਮੁਲਾਕਾਤਾਂ ਹੋਈਆਂ?" ਮੈਂ ਪੂਰਾ ਹਿਸਾਬ ਲਾਉਣਾ ਚਾਹੁੰਦਾ ਸਾਂ।

"ਕੋਈ ਨਾ ਕੋਈ ਬਹਾਨਾ ਕਰਕੇ ਮੈਂ ਰੋਜ਼ ਜਾਂ ਇੱਕ ਦੋ ਦਿਨ ਛੱਡ ਕੇ ਖਾਨ ਅੰਕਲ ਵੱਲ ਜਾ ਧਮਕਦਾ ਸਾਂ। ਘਰ ਵਿਚ ਮੁਸੱਰਤ ਦੀ ਅੰਮੀ, ਖਾਨ ਆਂਟੀ ਤੇ ਹੋਰ ਛੋਟੇ ਬੱਚੇ ਹੁੰਦੇ ਸਨ। ਮੈਨੂੰ ਦੋਵੇਂ ਆਂਟੀਆਂ ਬੜਾ ਚਾਹੁਣ ਲੱਗ ਪਈਆਂ ਸਨ।"

"ਆਂਟੀਆਂ?" ਮੈਂ ਜ਼ਰਾ ਘਰੋੜ ਕੇ ਪੁੱਛਿਆ, "ਤੇ ਮੁਸੱਰਤ?"

"ਹਾਂ ਹਾਂ। ਮੁਸੱਰਤ ਵੀ, ਜਿਵੇਂ ਮੈਂ ਸਾਂ, ਉਹ ਵੀ ਮੇਰੇ 'ਤੇ ਫਿਦਾ ਸੀ।"

"ਇੱਕ ਦਿਨ ਜਦ ਸਾਰੇ ਜਣੇ ਸ਼ਾਪਿੰਗ ਵਾਸਤੇ ਬਾਜ਼ਾਰ ਗਏ ਹੋਏ ਸਨ ਤਾਂ, ਤਾਂ ਮੁਸੱਰਤ ਨੇ ਮੈਨੂੰ ਫੋਨ ਕਰਕੇ ਬੁਲਾ ਲਿਆ। ਉਸ ਮੁਲਾਕਾਤ ਦਾ ਆਲਮ ਮੈਂ ਬਿਆਨ ਨਹੀਂ ਕਰ ਸਕਦਾ। ਬੁਰਕੇ ਤੋਂ ਬਗੈਰ ਮੈਂ ਉਹਨੂੰ ਅੱਜ ਈ ਦੇਖਿਆ ਸੀ, ਕਿਆ ਕਿਆਮਤ ਸੀ, ਹੁਣ ਵੀ ਵੈਸਾ ਈ ਹੋਵੇਗਾ ਆਗਰੇ ਵਿਚ, ਉਹਦਾ ਬਦਨ। ਅਸੀਂ ਇੱਕ ਦੂਜੇ ਵਾਸਤੇ ਫਨਾਹ ਹੋਣ, ਉਮਰ ਭਰ 'ਕੱਠੇ ਰਹਿਣ, ਨਿਕਾਹ ਕਰਨ ਦੀਆਂ ਕਸਮਾਂ ਖਾਧੀਆਂ।" ਦੱਸਦਿਆਂ-ਦੱਸਦਿਆਂ ਉਹਦਾ ਗੱਚ ਭਰ ਆਇਆ।

"ਪਰ ਮੁਲਕਾਂ ਦੀਆਂ ਹੱਦਾਂ ਨੇ, ਵੀਜ਼ਿਆਂ ਦੀਆਂ ਮਜਬੂਰੀਆਂ ਨੇ, ਦੋ ਮੁਹੱਬਤ 'ਚ ਭਿੱਜੀਆਂ ਰੂਹਾਂ ਨੂੰ ਜੁਦਾ ਕਰ ਦਿੱਤਾ। ਉਹਨੂੰ ਜਾਣਾ ਪਿਆ, ਵਿਛੜਨਾ ਪਿਆ। ਇਹ ਉਹਦਾ ਪਹਿਲਾ ਖਤ ਹੈ, ਉਮੀਦ ਹੈ ਕਿ ਅਸੀਂ ਮਿਲਾਂਗੇ, ਜ਼ਰੂਰ ਮਿਲਾਂਗੇ।"

"ਅਭੀ ਤਕ ਜ਼ਿਹਨ ਮੇਂ ਹੈ ਆਪਕੇ ਮਿਲਨੇ ਕਾ ਵੋਹ ਮੰਜ਼ਰ
ਤਮੰਨਾ ਹੈ ਮਿਲਾਏ ਫਿਰ ਸੇ ਕਿਸਮਤ ਆਪ ਸੇ ਹਮ ਕੋ।"

ਗੱਲਾਂ ਕਰਦਿਆਂ ਸਮੇਂ ਦਾ ਪਤਾ ਹੀ ਨਾ ਲੱਗਾ। ਆਲੇ-ਦੁਆਲੇ ਹਨੇਰਾ ਪਸਰ ਰਿਹਾ ਸੀ। ਲਾਹੌਰ ਵੇਖਣ ਤੇ ਕੱਲ੍ਹ ਕੁਝ ਸ਼ਾਪਿੰਗ ਦਾ ਪ੍ਰੋਗਰਾਮ ਬਣਾ ਕੇ ਅਸੀਂ ਇੱਕ ਦੂਜੇ ਨੂੰ ਸ਼ੱਬਾ-ਖੈਰ ਆਖੀ। ਉਹ ਸਾਈਕਲ 'ਤੇ ਆਪਣੇ ਘਰ ਵੱਲ ਚੱਲ ਪਿਆ ਤੇ ਮੈਂ ਆਪਣੇ ਰੈਣ ਬਸੇਰੇ ਵੱਲ।

# ਬੀਤੇ ਸਮੇਂ ਦਾ ਬਲਬ ਸੀ ਲਾਲਟੈਨ

ਪੰਜਾਬੀ ਸੱਭਿਆਚਾਰ, ਪੰਜਾਬੀ ਵਿਰਸੇ ਵਿਚ ਹਰ ਚੀਜ਼ ਦੀ ਆਪੋ-ਆਪਣੀ ਮਹੱਤਤਾ ਹੈ। ਅੱਜ ਦੇ ਜ਼ਮਾਨੇ 'ਚ ਕਈ ਚੀਜ਼ਾਂ ਸਾਡੇ ਤੋਂ ਅਲੋਪ ਵੀ ਹੁੰਦੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਸਾਡੀ ਰੋਜ਼ ਦੀ ਜ਼ਿੰਦਗੀ ਵਿਚ ਬੜੀ ਅਹਿਮੀਅਤ ਸੀ, ਪਰ ਹੁਣ ਉਹ ਚੀਜ਼ਾਂ ਬੀਤੇ ਸਮੇਂ ਦਾ ਅੰਗ ਬਣ ਗਈਆਂ ਹਨ। ਇਨ੍ਹਾਂ ਵਿਚ ਇੱਕ ਨਾਂ ਹੈ ਲਾਲਟੈਨ ਦਾ, ਜੋ ਬਿਜਲੀ ਦੇ ਆਉਣ ਨਾਲ ਸਾਡੇ ਤੋਂ ਦੂਰ ਤਾਂ ਹੋ ਚੁਕੀ ਹੈ ਪਰ ਫਿਰ ਵੀ ਕਿਤੇ ਨਾ ਕਿਤੇ ਗਾਹੇ-ਬਗਾਹੇ ਨਜ਼ਰ ਪੈ ਜਾਂਦੀ ਹੈ ਤਾਂ ਅਚੰਭਾ ਜਿਹਾ ਲੱਗਦਾ ਹੈ।

ਜਦ ਪਿੰਡਾਂ ਵਿਚ ਅਜੇ ਬਿਜਲੀ ਨਹੀਂ ਸੀ ਆਈ ਤਾਂ ਹਰ ਘਰ ਵਿਚ ਲਾਲਟੈਨ ਹੁੰਦੀ ਸੀ। ਕੱਚੇ ਕੋਠੇ ਦੀ ਕਿਸੇ ਕੰਧ 'ਤੇ ਕਿੱਲ ਠੋਕ ਕੇ ਲਾਲਟੈਨ ਟੰਗੀ ਹੋਈ ਨਜ਼ਰ ਪੈਂਦੀ ਸੀ, ਜੋ ਰਾਤ ਹੋਣ 'ਤੇ ਹਰ ਘਰ ਵਿਚ ਰੋਸ਼ਨੀ ਪੈਦਾ ਕਰਦੀ ਅਤੇ ਬਲਬ ਦਾ ਕੰਮ ਕਰਦੀ। ਅੱਜ ਭਾਵੇਂ ਘਰ-ਘਰ ਬਿਜਲੀ ਪਹੁੰਚ ਗਈ ਹੈ ਤੇ ਹਰ ਘਰ ਅਨੇਕਾਂ ਚੀਜ਼ਾਂ, ਬਲਬ, ਟਿਊਬਾਂ, ਫੈਂਸੀ ਲਾਈਟਾਂ ਰਾਤ ਦੇ ਘੁੱਪ ਹਨੇਰੇ ਵਿਚ ਦਿਨ ਚੜ੍ਹਾ ਦਿੰਦੀਆਂ ਹਨ। ਅੱਜ ਹਰ ਘਰੇ ਬਿਜਲੀ ਜੈਨਰੇਟਰ, ਇਨਵਰਟਰ ਹੈ। ਪਰ ਫਿਰ ਵੀ ਕਿਤੇ ਨਾ ਕਿਤੇ ਹਨੇਰਾ ਹੋ ਹੀ ਜਾਂਦਾ ਹੈ। ਫਿਰ ਸਾਨੂੰ ਯਾਦ ਆਉਂਦੀ ਹੈ ਬੀਤੇ ਸਮੇਂ ਦੇ ਬਲਬ ਲਾਲਟੈਨ ਦੀ, ਜੋ ਬਿਨਾ ਬਿਜਲੀ ਤੋਂ ਹਰ ਘਰ ਦਾ ਹਨੇਰਾ ਦੂਰ ਕਰਦੀ ਸੀ।

ਉਸ ਸਮੇਂ ਜਦ ਸ਼ਾਮ ਨੂੰ ਸੂਰਜ ਢਲਦਾ ਸੀ ਤਾਂ ਹਰੇਕ ਘਰੇ ਲਾਲਟੈਨਾਂ ਜਗ ਪੈਂਦੀਆਂ ਸਨ। ਬਜ਼ੁਰਗ ਮਾਈਆਂ ਨੇ ਲਾਲਟੈਨ ਕਿੱਲੀ ਤੋਂ ਲਾਹ ਕੇ ਡੱਬੀ ਦੀ ਤੀਲੀ ਨਾਲ ਜਗਾ ਦੇਣੀ ਤੇ ਕਮਰੇ ਵਿਚ ਵਾਹਵਾ ਗੁਜ਼ਾਰੇ ਜੋਗਾ ਚਾਨਣ ਹੋ ਜਾਣਾ। ਘਰ ਵਿਚ ਰੋਜ਼ਮੱਰਾ ਦੀਆਂ ਚੀਜ਼ਾਂ ਹਨੇਰੇ ਵਿਚ ਲਾਲਟੈਨ ਦੀ ਮਦਦ ਨਾਲ ਹੀ ਲੱਭੀਆਂ ਜਾਂਦੀਆਂ। ਪੜ੍ਹਨ ਵਾਲੇ ਬੱਚੇ ਵੀ ਉਸ ਸਮੇਂ ਲਾਲਟੈਨ, ਮੋਮਬੱਤੀ ਜਾਂ ਦੀਵੇ ਦੇ ਚਾਨਣੇ ਹੀ ਪੜ੍ਹਦੇ। ਘਰ ਵਿਚ ਰੋਟੀ ਟੁੱਕ ਕਰਨ ਵੇਲੇ, ਡੰਗਰ ਵੱਛਾ ਬੰਨਣ ਵੇਲੇ, ਤੂੜੀ ਤੰਦ ਅੰਦਰੋਂ ਕੱਢਣ ਵੇਲੇ, ਕਮਰੇ ਵਿਚੋਂ ਕੋਈ ਚੀਜ਼ ਲੱਭਣ ਵੇਲੇ-ਗੱਲ ਕੀ ਹਰ ਕੰਮ ਲਾਲਟੈਨ ਦੇ ਚਾਨਣੇ ਹੁੰਦਾ ਸੀ। ਲਾਲਟੈਨ ਨੂੰ ਉਪਰੋਂ ਤਾਰ ਤੋਂ ਫੜ ਕੇ ਜਗਦੀ-ਜਗਦੀ ਨੂੰ ਸਾਰੇ ਘਰ ਵਿਚ ਘੁਮਾਇਆ ਜਾਂਦਾ। ਬੱਚੇ ਵੀ ਸ਼ਰਾਰਤਾਂ-ਸ਼ਰਾਰਤਾਂ ਵਿਚ ਘੁੰਮਾਈ ਫਿਰਦੇ।

ਲਾਲਟੈਨ ਲੋਹੇ ਦੀ ਪੱਤੀ ਤੋਂ ਤਿਆਰ ਕੀਤੀ ਹੁੰਦੀ, ਥੱਲੇ ਗੋਲ ਅਕਾਰ ਦੀ ਤੇਲ ਪਾਉਣ ਵਾਸਤੇ ਟੈਂਕੀ ਹੁੰਦੀ, ਜਿਸ ਵਿਚ ਮਿੱਟੀ ਦਾ ਤੇਲ ਪੈਂਦਾ, ਉਸ ਵਿਚ ਹੀ ਢੱਕਣ ਲਾ ਕੇ ਉਸ ਵਿਚੋਂ ਦੀ ਰੂੰ ਦੀ ਵੱਟੀ ਪਾਈ ਹੁੰਦੀ, ਜੋ ਥੱਲੇ ਟੈਂਕੀ ਵਿਚ ਮਿੱਟੀ ਦੇ ਤੇਲ 'ਚ ਡੁੱਬੀ ਰਹਿੰਦੀ, ਉਪਰ ਕੱਚ ਦਾ ਸ਼ੀਸ਼ਾ ਲੱਗਾ ਹੁੰਦਾ, ਜਿਸ ਨੂੰ ਪੰਜਾਬੀ ਵਿਚ ਚਿਮਨੀ ਕਿਹਾ ਜਾਂਦਾ ਤੇ ਇੱਕ ਚਾਬੀ ਜਿਹੀ ਦੀ ਮਦਦ ਨਾਲ ਸ਼ੀਸ਼ੇ ਨੂੰ ਉਪਰ-ਹੇਠਾਂ ਕੀਤਾ ਜਾਂਦਾ, ਜਦ ਲਾਲਟੈਨ ਜਗਾਉਣੀ ਹੁੰਦੀ ਤਾਂ ਸ਼ੀਸ਼ਾ ਉਪਰ ਚੁੱਕ ਦਿੱਤਾ ਜਾਂਦਾ ਤੇ ਜਗਾ ਕੇ ਸ਼ੀਸ਼ਾ ਥੱਲੇ ਕਰ ਦਿੱਤਾ ਜਾਂਦਾ, ਸ਼ੀਸ਼ੇ ਦੇ ਨਾਲ ਲਾਲਟੈਨ ਦੇ ਬੁਝਣ ਦਾ ਡਰ ਨਹੀਂ ਸੀ ਹੁੰਦਾ। ਮੀਂਹ ਹੋਵੇ ਜਾਂ ਹਨੇਰੀ ਤਾਂ ਵੀ ਲਾਲਟੈਨ ਜਗਦੀ ਰਹਿੰਦੀ, ਜਗਦੀ ਹੋਈ ਵੱਟੀ ਨੂੰ ਇੱਕ ਚਾਬੀ ਦੀ ਮਦਦ ਨਾਲ ਵੱਧ ਘੱਟ ਵੀ ਕਰ ਲਿਆ ਜਾਂਦਾ, ਜਿਸ ਨਾਲ ਚਾਨਣ ਵੱਧ ਘੱਟ ਵੀ ਕਰ ਲਿਆ ਜਾਂਦਾ ਸੀ। ਜਦ ਕਿਤੇ ਸ਼ੀਸ਼ਾ ਥੋੜਾ ਜਿਹਾ ਕਾਲਾ ਹੋ ਜਾਂਦਾ ਤਾਂ ਧੂੰਆਂ ਬਾਹਰ ਨਿਕਲਣ ਵਾਸਤੇ ਉਪਰ ਦਿੱਤੇ ਢੱਕਣ ਵਿਚ ਸੁਰਾਖ ਹੁੰਦੇ ਸਨ, ਉਥੋਂ ਦੀ ਧੂੰਆਂ ਨਿਕਲਦਾ ਰਹਿੰਦਾ, ਪਰ ਫਿਰ ਵੀ ਜਦ ਲੋੜ ਪੈਂਦੀ ਤਾਂ ਸ਼ੀਸ਼ਾ ਲਾਹ ਕੇ ਅੱਡ ਕਰਕੇ ਸਾਫ ਕਰ ਲਿਆ ਜਾਂਦਾ, ਜਿਸ ਨੂੰ ਮਾਈਆਂ, ਬੇਬੇ, ਦਾਦੀਆਂ ਚਿਮਨੀ ਸਾਫ ਕਰਨੀ ਕਹਿੰਦੀਆਂ ਸਨ।

ਸ਼ੀਸ਼ਾ ਸਾਫ ਕਰਨ ਨਾਲ ਲਾਲਟੈਨ ਦਾ ਚਾਨਣ ਵੱਧ ਜਾਂਦਾ ਤੇ ਰੋਸ਼ਨੀ ਦੂਣੀ ਹੋ ਜਾਂਦੀ, ਘਰ ਵਿਚ ਮਿੱਟੀ ਦੇ ਤੇਲ ਦਾ ਪਹਿਲਾਂ ਹੀ ਪ੍ਰਬੰਧ ਹੁੰਦਾ ਅਤੇ ਲੋੜ ਅਨੁਸਾਰ ਲਾਲਟੈਨ ਦੀ ਟੈਂਕੀ ਭਰ ਲੈਂਦੇ। ਮੈਨੂੰ ਅੱਜ ਵੀ ਯਾਦ ਹੈ, ਸਾਡੇ ਘਰ ਵੀ ਇੱਕ ਲਾਲਟੈਨ ਹੁੰਦੀ ਸੀ। ਸਾਡੀ ਦਾਦੀ ਜਦ ਜਗਾਉਂਦੀ ਤਾਂ ਅਸੀਂ ਵੀ ਸ਼ਰਾਰਤਾਂ ਕਰਦੇ, ਕਦੇ ਵੱਟੀ ਛੋਟੀ ਕਰ ਦਿੰਦੇ, ਕਦੇ ਵੱਡੀ ਕਰ ਦਿੰਦੇ ਅਤੇ ਕਦੇ ਬੁਝਾ ਹੀ ਦਿੰਦੇ। ਫਿਰ ਗਾਲ੍ਹਾਂ ਪੈਂਦੀਆਂ, ਫਿਰ ਡੱਬੀ ਲੱਭਣੀ, ਘਰੇ ਹਨੇਰਾ ਹੋ ਜਾਣਾ, ਇਸ ਤਰ੍ਹਾਂ ਦੇ ਉਹ ਵੇਲੇ ਜਦ ਯਾਦ ਆਉਂਦੇ ਨੇ ਤਾਂ ਬਚਪਨ ਯਾਦ ਆ ਜਾਂਦਾ ਹੈ।

ਭਾਵੇਂ ਅੱਜ ਦੀ ਨਵੀਂ ਪੀੜ੍ਹੀ ਨੂੰ ਲਾਲਟੈਨ ਬਾਰੇ ਕੁਝ ਨਹੀਂ ਪਤਾ, ਕੋਈ ਜਾਣਕਾਰੀ ਨਹੀਂ, ਪਰ ਜਿਨ੍ਹਾਂ ਨੇ ਉਸ ਸਮੇਂ ਇਨ੍ਹਾਂ ਚੀਜ਼ਾਂ ਦਾ ਅਨੰਦ ਮਾਣਿਆ ਹੈ, ਉਨ੍ਹਾਂ ਦੇ ਦਿਲ ਦਿਮਾਗ ਵਿਚ ਅੱਜ ਵੀ ਉਹ ਚੀਜ਼ਾਂ ਘੁੰਮਦੀਆਂ ਰਹਿੰਦੀਆਂ ਹਨ ਅਤੇ ਜਦੋਂ ਤੱਕ ਉਹ ਇਸ ਦੁਨੀਆਂ 'ਤੇ ਰਹਿਣਗੇ, ਉਹ ਚੀਜ਼ਾਂ ਹਮੇਸ਼ਾ ਉਨ੍ਹਾਂ ਦੇ ਨਾਲ ਰਹਿਣਗੀਆਂ। ਇਹ ਮੇਰਾ ਦਾਅਵਾ ਹੈ।

*-ਬੂਟਾ ਗੁਲਾਮੀ ਵਾਲਾ, ਮੋਗਾ*
*ਫੋਨ: 91-94171-97395*

# ਕਾਗਜ਼ੀ ਕਾਰਵਾਈ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਅੱਜ ਕੰਪਿਊਟਰ ਯੁੱਗ ਵਿਚ ਕਾਗਜ਼ ਦੀ ਖੂਬ ਕਦਰ-ਘਟਾਈ ਹੋ ਰਹੀ ਹੈ। ਕਾਗਜ਼ ਦੀਆਂ ਅਖਬਾਰਾਂ ਜਾਂ ਰਿਸਾਲੇ, ਜਿਨ੍ਹਾਂ ਨੂੰ ਕਿਹਾ ਹੀ ਪੇਪਰ ਜਾਂ ਪੱਤਰ ਜਾਂਦਾ ਸੀ, ਦੀ ਵਿਕਰੀ ਕਾਫੀ ਘਟ ਗਈ ਹੈ, ਥੱਬਿਆਂ ਦੇ ਥੱਬੇ ਕਾਗਜ਼ੀ ਨੋਟਾਂ ਦੇ ਥਾਂ ਏ. ਟੀ. ਐਮੀ. ਕਾਰਡ ਚਲਣ ਲੱਗ ਪਏ ਹਨ; ਬਹੁਤੇ ਚਿੱਠੀ-ਪੱਤਰ ਜਾਂ ਸੁਨੇਹੇ ਈਮੇਲਾਂ ਤੇ ਹੋਰ ਸੋਸ਼ਲ ਮੀਡੀਏ ਰਾਹੀਂ ਪਹੁੰਚਾਏ ਜਾਣ ਲੱਗ ਪਏ ਹਨ। ਫਿਰ ਵੀ ਇਸ਼ਤਿਹਾਰਾਂ ਦੇ ਰੂਪ ਵਿਚ ਘਰੋ ਘਰੀ ਕਾਗਜ਼ਾਂ ਦੇ ਪੁਲੰਦੇ ਪੁੱਜਦੇ ਹੀ ਰਹਿੰਦੇ ਹਨ। ਕਾਗਜ਼ੀ ਡਾਕ ਅਤੇ ਕਾਗਜ਼ਾਤ ਨੂੰ ਅਜੇ ਵੀ ਕਾਨੂੰਨੀ ਉਚਿਤਤਾ ਹਾਸਿਲ ਹੈ। ਬੱਸ ਕੁਝ ਹੀ ਸਮਾਂ ਪਹਿਲਾਂ ਤੱਕ ਘਰਾਂ, ਦਫਤਰਾਂ, ਕਚਹਿਰੀਆਂ, ਡਾਕਖਾਨਿਆਂ, ਸਕੂਲਾਂ-ਗੱਲ ਕੀ ਹਰ ਆਬਾਦ ਜਗ੍ਹਾ ਕਾਗਜ਼ਾਂ ਦਾ ਬੋਲਬਾਲਾ ਸੀ। ਕਾਗਜ਼ ਅਤੇ ਗਾਚਨੀ ਆਦਿ ਨੂੰ ਮਸਲ ਕੇ ਬਣਾਏ ਕੁੱਟ ਤੋਂ ਗੋਲ੍ਹੇ ਆਦਿ ਬਣਾਏ ਜਾਂਦੇ ਸਨ। ਅਜੇ ਕੱਲ੍ਹ ਤੱਕ ਸਾਡੀ ਮਾਂ ਆਪਣੇ ਹੱਥੀਂ ਬਣਾਏ ਗੋਲ੍ਹੇ ਨੂੰ ਪਰੋਥਣ ਰੱਖਣ ਲਈ ਵਰਤਦੀ ਰਹੀ ਹੈ। ਇਸ ਕਲਾ ਨੂੰ ਪੇਪਰ ਮਸ਼ੇਅ (Paper Mache ਮਸਲਿਆ ਕਾਗਜ਼) ਕਿਹਾ ਜਾਂਦਾ ਹੈ, ਜੋ ਚੀਨ ਤੋਂ ਪੱਛਮੀ ਏਸ਼ੀਆ ਰਾਹੀਂ ਭਾਰਤ ਪੁੱਜੀ। ਕਸ਼ਮੀਰ ਵਿਚ ਅੱਜ ਵੀ ਇਹ ਘਰੇਲੂ ਦਸਤਕਾਰੀ ਕਾਇਮ ਹੈ।

ਕਾਗਜ਼ ਮੁਢਲੇ ਤੌਰ 'ਤੇ ਲਿਖਣ ਸਮੱਗਰੀ ਹੈ, ਭਾਵੇਂ ਬਾਅਦ ਵਿਚ ਇਸ ਦੀ ਵਰਤੋਂ ਲਿਫਾਫੇ ਬਣਾਉਣ ਜਾਂ ਕੁਝ ਵਲੇਟਣ ਲਈ ਵੀ ਹੋਣ ਲੱਗ ਪਈ। ਪ੍ਰਾਚੀਨ ਕਾਲ ਵਿਚ ਜਦ ਤੋਂ ਲਿਖਣ ਪ੍ਰਥਾ ਸ਼ੁਰੂ ਹੋਈ ਹੈ, ਵੱਖ ਵੱਖ ਚੀਜ਼ਾਂ ਨੂੰ ਲਿਖਣ ਸਮੱਗਰੀ ਵਜੋਂ ਅਪਨਾਇਆ ਗਿਆ ਜਿਵੇਂ ਸ਼ਿਲਾਵਾਂ, ਪੱਕੀ ਮਿੱਟੀ, ਲੱਕੜੀ, ਧਾਤ, ਚਮੜਾ, ਛਿੱਲ ਜਾਂ ਸੱਕ, ਪੱਤੇ ਆਦਿ। ਫਿਰ ਭੋਜ-ਪੱਤਰਾਂ 'ਤੇ ਲਿਖਿਆ ਜਾਣ ਲੱਗਾ।

ਕਾਗਜ਼ ਦਾ ਸਮਾਨਅਰਥਕ ਸ਼ਬਦ 'ਪੱਤਰ' ਹੈ ਹੀ ਇਹੋ ਦਰਖਤਾਂ ਦਾ ਸਾਹ ਤੇ ਖੁਰਾਕ ਲੈਣ ਵਾਲਾ ਅੰਗ। ਇਸ ਦਾ ਸੰਸਕ੍ਰਿਤ ਰੂਪ ਪੱਤਰਮ ਹੈ। ਇਥੇ ਇਹ ਦੱਸਣਾ ਯੋਗ ਹੈ ਕਿ ਸੰਸਕ੍ਰਿਤ ਵਿਚ ਲਿਖਣ ਸਮੱਗਰੀ ਲਈ ਕਾਰਪਾਸ (ਕਪਾਹ) ਅਤੇ ਖੋਲ ਸ਼ਬਦ ਵੀ ਵਰਤੇ ਜਾਂਦੇ ਰਹੇ ਹਨ। ਅੰਗਰੇਜ਼ੀ ਸ਼ਬਦ ਪੇਪਰ ਵੀ ਮਿਲਦੇ-ਜੁਲਦੇ ਗਰੀਕ ਸ਼ਬਦ Papuros ਦਾ ਵਿਉਤਪਤ ਰੂਪ ਹੈ, ਜੋ ਇਕ ਬੂਟੇ ਦਾ ਨਾਂ ਹੈ। ਪਹਿਲਾਂ ਪਹਿਲ ਇਸ ਦੇ ਰੇਸ਼ਿਆਂ ਨੂੰ ਚਮਕਾ ਕੇ ਬਣਾਏ ਵਰਕਿਆਂ 'ਤੇ ਲਿਖਿਆ ਜਾਂਦਾ ਸੀ। ਅੱਜ ਕਾਗਜ਼ ਲੱਕੜੀ, ਘਾਹ, ਬਾਂਸ ਜਾਂ ਲੀਰਾਂ ਦੇ ਰੇਸ਼ਿਆਂ ਤੋਂ ਬਣਾਇਆ ਜਾਂਦਾ ਹੈ।

ਕੁਝ ਵੀ ਹੋਵੇ, ਸਾਡਾ ਸਰੋਕਾਰ ਕਾਗਜ਼ ਸ਼ਬਦ ਨਾਲ ਹੈ। ਕਾਗਜ਼ ਜਾਂ ਇਸ ਦੇ ਹੋਰ ਰੁਪਾਂਤਰ ਫਾਰਸੀ ਦੇ ਜ਼ਮਾਨੇ ਇਸ ਜ਼ਬਾਨ ਵਲੋਂ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਜਾ ਵੜੇ। ਇਸ ਦੀ ਗਵਾਹੀ ਗੁਰੂਆਂ ਦੀ ਬਾਣੀ ਤੋਂ ਭਲੀ ਭਾਂਤ ਮਿਲਦੀ ਹੈ, ''ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥'', ''ਕਾਗਦਿ ਕਲਮ ਨ ਲਿਖਣਹਾਰੁ॥'',






''ਕਾਗਦੁ ਲੂਣੁ ਰਹੈ ਘ੍ਰਿਤ ਸੰਗੇ॥'', ''ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥'' (ਗੁਰੂ ਨਾਨਕ)। ਪੰਜਾਬੀ ਦੀ ਬੋਲਚਾਲ ਵਿਚ ਕਾਗਜ਼ ਨੂੰ ਕਾਗਤ ਵੀ ਕਿਹਾ ਜਾਂਦਾ ਹੈ। ਦਿਲਚਸਪ ਹੈ ਕਿ ਫਾਰਸੀ ਵਿਚ ਹੀ ਕਾਗਜ਼ ਦਾ ਰੁਪਾਂਤਰ ਕਾਗਦ ਮਿਲਦਾ ਹੈ ਜਦ ਕਿ ਕਈ ਪੜ੍ਹੇ ਲਿਖੇ ਕਹਿਣਗੇ ਕਿ ਕਾਗਦ ਸ਼ਬਦ ਅਨਪੜ੍ਹਾਂ ਦਾ ਉਚਾਰ ਹੈ, ਪਰ ਕਾਗਜ਼ ਸ਼ਬਦ ਅਸਲ ਵਿਚ ਫਾਰਸੀ ਦਾ ਵੀ ਨਹੀਂ ਹੈ, ਇਸ ਭਾਸ਼ਾ ਵਿਚ ਇਹ ਅਰਬੀ ਤੋਂ ਆਇਆ ਤੇ ਅਰਬੀ ਵਿਚ ਹੋਰ ਅੱਗਿਓਂ। ਇਥੇ ਇਹ ਗੱਲ ਧਿਆਨਯੋਗ ਹੈ ਕਿ ਕਿਸੇ ਵਸਤੂ ਵਿਚ ਸਮੇਂ ਨਾਲ ਭਾਵੇਂ ਕਿੰਨਾ ਵੀ ਵਿਕਾਸ ਹੋ ਜਾਵੇ, ਉਸ ਲਈ ਵਰਤਿਆ ਜਾਂਦਾ ਸ਼ਬਦ ਪ੍ਰਾਚੀਨ ਵੀ ਰਹਿ ਸਕਦਾ ਹੈ ਤੇ ਨਵਾਂ ਜਾਂ ਹੋਰ ਭਾਸ਼ਾ ਤੋਂ ਲਿਆ ਗਿਆ ਸ਼ਬਦ ਵੀ ਵਰਤਿਆ ਜਾ ਸਕਦਾ ਹੈ। ਮਿਸਾਲ ਵਜੋਂ ਕਾਨੀ, ਲੇਖਣੀ ਫਿਰ ਕਲਮ ਤੇ ਅੱਜ ਪੈਨ। ਕਲਮ ਹੁਣ ਸਿਰਫ ਕਾਨੇ ਵਾਲੀ ਹੀ ਰਹਿ ਗਈ ਹੈ। ਦੂਜੇ ਪਾਸੇ ਅੰਗਰੇਜ਼ੀ ਵਿਚ ਮੋਟੇ ਤੌਰ 'ਤੇ ਕਾਗਜ਼ ਲਈ ਪੇਪਰ ਸ਼ਬਦ ਹੀ ਰਿਹਾ ਭਾਵੇਂ ਕਿ ਇਸ ਦੇ ਬਣਨ ਦੀ ਤਕਨੀਕ ਬਦਲ ਗਈ।

ਹੋਰ ਅੱਗੇ ਜਾਣਨ ਲਈ ਕਾਗਜ਼ ਨਾਂ ਦੀ ਸਮੱਗਰੀ ਦੇ ਇਤਿਹਾਸ ਵੱਲ ਮੁੜਨਾ ਪਵੇਗਾ। ਲਗਭਗ ਦੋ ਹਜ਼ਾਰ ਸਾਲ ਪਹਿਲਾਂ ਕਾਗਜ਼ ਦੀ ਕਾਢ ਚੀਨ ਵਿਚ ਹੋਈ। ਇਸ ਦਾ ਸਿਹਰਾ ਸਾਈ ਲੁਨ ਨਾਂ ਦੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ। 'ਮਹਾਨ ਕੋਸ਼' ਵਿਚ ਵੀ ਇਹ ਜਾਣਕਾਰੀ ਉਪਲਭਦ ਹੈ ਕਿ ਚੀਨੀਆਂ ਨੇ ਈਸਾ ਤੋਂ ਕਰੀਬ 95 ਸਾਲ ਪਹਿਲਾਂ ਰੂੰ ਅਤੇ ਉਨ ਤੋਂ ਕਾਗਜ ਬਣਾਉਣ ਦੀ ਜੁਗਤ ਕੱਢੀ। ਅਰਬ ਦੇ ਲੋਕਾਂ ਨੇ ਜਦ ਸੰਨ 704 ਵਿਚ ਸਮਰਕੰਦ ਫਤਿਹ ਕੀਤਾ, ਤਦ ਚੀਨੀ ਕੈਦੀਆਂ ਤੋਂ ਕਾਗਜ ਬਣਾਉਣ ਦੀ ਜੁਗਤ ਸਿੱਖੀ, ਅਰਬ ਤੋਂ ਯੂਨਾਨ ਵਿਚ, ਉਥੋਂ ਇਟਲੀ ਵਿਚ, ਇਟਲੀ ਤੋਂ ਸਪੇਨ, ਸਪੇਨ ਤੋਂ ਜਰਮਨੀ, ਜਰਮਨੀ ਤੋਂ ਫਰਾਂਸ ਅਤੇ ਇਥੋਂ ਅੱਗੇ ਚੌਦ੍ਹਵੀਂ ਸਦੀ ਦੇ ਅਰੰਭ ਵਿਚ ਇੰਗਲੈਂਡ ਵਿਚ ਕਾਗਜ ਬਣਨ ਦੀ ਵਿਦਿਆ ਫੈਲੀ। ਕਾਗਜ ਪਹਿਲਾਂ ਹੱਥ ਨਾਲ ਬਣਦਾ ਸੀ, ਇਸ ਦੇ ਬਣਾਉਣ ਦੀ ਕਲਾ ਫਰਾਂਸ ਵਿਚ ਸਭ ਤੋਂ ਪਹਿਲਾਂ ਲੁਈਸ ਰਾਬਟ ਨੇ ਤਿਆਰ ਕੀਤੀ। ਇਸ ਤਰ੍ਹਾਂ ਜੇ ਅਜੋਕਾ ਕਾਗਜ਼ ਬਣਾਉਣ ਦੀ ਤਕਨੀਕ ਚੀਨ ਵਿਚ ਸ਼ੁਰੂ ਹੋਈ ਤਾਂ ਕਾਗਜ਼ ਸ਼ਬਦ ਦੇ ਮੁਢ ਬਾਰੇ ਵੀ ਚੀਨ ਵੱਲ ਝਾਕਣਾ ਪਵੇਗਾ। ਪਲੈਟਸ ਨੇ ਆਪਣੇ ਹਿੰਦੋਸਤਾਨੀ ਕੋਸ਼ ਵਿਚ ਕਾਗਜ਼ ਸ਼ਬਦ ਦੀ ਬਣਤਰ ਵੱਲ ਸੰਕੇਤ ਦਿੰਦਿਆਂ ਜ਼ਿਕਰ ਕੀਤਾ ਹੈ ਕਿ ਇਹ ਕਾਗ+ਦ ਤੋਂ ਬਣਿਆ ਹੈ, ਜਿਸ ਵਿਚ 'ਕਾਗ' ਦਾ ਮਤਲਬ ਹੈ ਅਵਾਜ਼ ਜਾਂ ਸ਼ੋਰ ਅਤੇ 'ਦ' ਦਾ ਅਰਥ ਹੈ, ਦੇਣਾ। ਸੋ, ਸਮੁੱਚਾ ਅਰਥ ਬਣਿਆ, ਅਵਾਜ਼ ਦੇਣ ਵਾਲਾ, ਸ਼ੋਰ ਪਾਉਣ ਵਾਲਾ। ਸ਼ਾਇਦ ਕਾਗਜ਼ ਬਣਾਉਣ ਵੇਲੇ ਪੈਦਾ ਹੁੰਦੀ ਸ਼ੋਰੀਲੀ ਅਵਾਜ਼ ਨਾਲ ਸਬੰਧ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਵਿਉਤਪਤੀ ਗਲੇ ਨਹੀਂ ਉਤਰਦੀ।

ਪ੍ਰਾਪਤ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਚੀਨ ਵਿਚ ਕਾਗਜ਼ ਲਈ 'ਗੁ ਜ਼ੀ' ਜਿਹਾ ਸ਼ਬਦ ਵਰਤਿਆ ਗਿਆ। ਚੀਨੀ ਭਾਸ਼ਾ ਵਿਚ ਇਸ ਦਾ ਅਰਥ ਹੈ, ਲਿਖਣ ਸਮੱਗਰੀ। ਕਾਗਜ਼ ਬਣਾਉਣ ਦੀ ਤਕਨੀਕ ਜਿਵੇਂ ਉਪਰ ਦੱਸਿਆ ਗਿਆ ਹੈ, ਸੱਤਵੀਂ ਸਦੀ ਵਿਚ ਉਜ਼ਬੇਕਿਸਤਾਨ ਦੇ ਸ਼ਹਿਰ ਸਮਰਕੰਦ ਪਹੁੰਚ ਗਈ। ਇਥੇ 'ਗੁ ਜ਼ੀ' ਜਿਹੇ ਸ਼ਬਦ ਦਾ ਤੁਰਕੀਕਰਣ ਹੋਇਆ ਤਾਂ ਸਾਹਮਣੇ ਆਇਆ, 'ਕਾਗਿਦ'। ਇਹ ਸ਼ਬਦ ਤੁਰਕ ਖਿੱਤੇ ਸਮੇਤ ਅਰਬ ਅਤੇ ਫਾਰਸ ਵਿਚ ਵੀ ਕਾਇਮ ਰਿਹਾ। ਬਾਅਦ ਵਿਚ ਅਰਬੀ ਵਿਚ ਇਸ ਦੀ 'ਦ' ਧੁਨੀ 'ਜ਼' ਵਿਚ ਬਦਲ ਗਈ ਅਤੇ ਸ਼ਬਦ ਬਣਿਆ ਕਾਗਜ਼। ਇਸੇ ਸ਼ਬਦ ਨੇ ਅੱਗੇ ਭਾਰਤ ਦੀਆਂ ਕਈ ਬੋਲੀਆਂ ਵਿਚ ਵੱਖੋ ਵੱਖਰੇ ਰੂਪ ਧਾਰੇ ਜਿਵੇਂ ਮਰਾਠੀ ਵਿਚ ਕਾਗਦ, ਗੁਜਰਾਤੀ ਵਿਚ ਕਾਗਲ਼/ਕਾਗਰ, ਤਾਮਿਲ ਵਿਚ ਕਾਗਿਦਮ, ਮਲਿਆਲਮ ਵਿਚ ਕਾਇਤਮ ਅਤੇ ਕੰਨੜ ਵਿਚ ਕਾਇਤਾ। ਲਹਿੰਦੀ ਦੇ ਪ੍ਰਭਾਵ ਕਾਰਨ ਗੁਰੂਆਂ ਭਗਤਾਂ ਨੇ ਵੀ ਕਾਗਲ/ਕਾਗਰ ਸ਼ਬਦ ਵਰਤੇ ਹਨ, 'ਕਾਗਰ ਨਾਵ ਲੰਘਹਿ ਕਤ ਸਾਗਰੁ॥', ''ਦੂਯਾ ਕਾਗਲੁ ਚਿਤਿ ਨ ਜਾਣਦਾ॥'' (ਗੁਰੂ ਅਰਜਨ)

ਚੀਨੀ ਭਾਸ਼ਾ ਵਿਚ ਇਸ ਦੀ ਵਿਉਤਪਤੀ ਹੋਰ ਤਰ੍ਹਾਂ ਵੀ ਕੀਤੀ ਜਾਂਦੀ ਹੈ, ਪਰ ਏਨਾ ਸਪੱਸ਼ਟ ਹੈ ਕਿ ਕਾਗਜ਼ ਤਕਨੀਕ ਅਤੇ ਸ਼ਬਦ ਦਾ ਜਨਮ ਸਥਾਨ ਇਹੋ ਧਰਤੀ ਹੈ। ਉਂਜ ਕਾਗਦ ਸ਼ਬਦ ਸੰਸਕ੍ਰਿਤ ਵਿਚ ਵੀ ਮਿਲਦਾ ਹੈ। ਇਸ ਦਾ ਮਤਲਬ ਹੈ ਕਿ ਇਹ ਸ਼ਬਦ ਦੇਰ ਪਹਿਲਾਂ ਅਰਬੀ-ਫਾਰਸੀ ਤੋਂ ਸੰਸਕ੍ਰਿਤ ਵਿਚ ਚਲੇ ਗਿਆ। ਕਾਗਜ਼ ਸਿਰਫ ਲਿਖਣ ਸਮੱਗਰੀ ਹੀ ਨਹੀਂ, ਕਿਸੇ ਕਾਗਜ਼ 'ਤੇ ਲਿਖੀ ਕਿਸੇ ਲਿਖਤ ਜਾਂ ਦਸਤਾਵੇਜ਼ ਵੀ ਕਾਗਜ਼ ਕਹਾਉਂਦੀ ਹੈ। ਇਸ ਲਈ ਕਾਗਜ਼-ਪੱਤਰ ਸ਼ਬਦ ਵੀ ਚਲਦਾ ਹੈ। ਫਾਰਸੀ, ਉਰਦੂ ਅਤੇ ਕੁਝ ਹੱਦ ਤੱਕ ਪੰਜਾਬੀ ਵਿਚ 'ਕਾਗਜ਼ ਦੇ ਘੋੜੇ ਦੜਾਉਣਾ' ਮੁਹਾਵਰੇ ਦਾ ਅਰਥ ਹੈ, ਖਤੋਖਿਤਾਬਤ ਜਾਰੀ ਰੱਖਣਾ ਅਤੇ ਵਿਸਤ੍ਰਿਤ ਅਰਥ ਕਾਗਜ਼ੀ ਕਾਰਵਾਈ ਕਰਨਾ ਜਿਹਾ ਹੀ ਹੈ। 'ਕਾਗਤਾਂ ਦੀ ਬੇੜੀ' ਦਾ ਮਤਲਬ ਛਿਣ ਭੰਗਰੀ, ਨਾਸ਼ਵਾਨ ਵਰਤਾਰਾ ਹੈ। ਧਿਆਨ ਦਿਉ ਗੁਰੂ ਅਮਰ ਦਾਸ ਦੇ ਸ਼ਬਦ ਹੈ, ''ਦੇਹ ਕਾਚੀ ਕਾਗਦ ਮਿਕਦਾਰਾ॥'' ਭਾਵ ਦੇਹ ਕਾਗਜ਼ ਵਾਂਗ ਕੱਚੀ ਹੈ। ਚੋਣਾਂ ਦੌਰਾਨ ਕਾਗਜ਼ ਦਾਖਲ ਕੀਤੇ ਜਾਂਦੇ ਜਾਂ ਭਰੇ ਜਾਂਦੇ ਹਨ। 'ਕਾਗਜ਼ ਕਾਲੇ ਕਰਨਾ' ਦਾ ਮਤਲਬ ਵਿਅਰਥ ਲਿਖਣਾ ਅਤੇ 'ਕਾਗਜ਼ ਬਣਾਉਣਾ' ਦਾ ਅਰਥ ਲਿਖਤੀ ਕਾਗਜ਼ ਤਿਆਰ ਕਰਵਾ ਕੇ ਪੱਕੀ ਕਾਨੂੰਨੀ ਕਾਰਵਾਈ ਕਰਨਾ ਹੈ। ਹਾਸ਼ਮ ਅਨੁਸਾਰ,

ਆਸ਼ਕ ਆਖ ਦੇਖਾਂ ਕਿਸ ਖਾਤਰ,
ਨਿਤ ਚਰਬੀ ਮਾਸ ਸੁਕਾਵਣ।
ਚਾਹੁਣ ਹਰਫ ਹਿਜਰ ਦਾ ਲਿਖਿਆ
ਉਹ ਕਾਗਜ਼ ਸਾਫ ਬਣਾਵਣ।
ਰੁਕ ਰੁਕ ਸੂਤ ਪਏ ਮਿਸਤਰ ਦਾ,
ਅਤੇ ਸਾਬਤ ਕਲਮ ਚਲਾਵਣ।
ਹਾਸ਼ਮ ਆਸ਼ਕ ਏਸ ਕਿਤਾਬੋਂ,
ਨਿਤ ਸਮਝ ਸਲੂਕ ਕਮਾਵਣ।
ਆਸ਼ਕ ਜੇਡ ਬੇਅਕਲ ਨਾ ਕੋਈ...।

ਕਾਗਜ਼ ਸ਼ਬਦ ਤੋਂ ਹੀ ਕਾਗਜ਼ੀ ਬਣਿਆ, ਜਿਸ ਦਾ ਇਕ ਅਰਥ ਹੈ, ਕਾਗਜ਼ ਨਾਲ ਸਬੰਧਤ ਜਿਵੇਂ 'ਕਾਗਜ਼ੀ ਕਾਰਵਾਈ' ਉਕਤੀ ਵਿਚ। ਇਸ ਦਾ ਅਸਲੀ ਅਰਥ ਤਾਂ ਲਿਖਤੀ ਕਾਰਵਾਈ ਹੈ, ਜੋ ਪੱਕੀ ਸਮਝੀ ਜਾਂਦੀ ਹੈ, ਪਰ ਵਿਸਤ੍ਰਿਤ ਅਰਥ ਕੁਝ ਕੁਝ ਇਸ ਤੋਂ ਉਲਟ ਹੀ ਹੋ ਜਾਂਦੀ ਹੈ, ਅਰਥਾਤ ਜੋ ਕਾਗਜ਼ਾਂ ਵਿਚ ਹੀ ਰਹਿ ਜਾਂਦੀ ਹੈ, ਪੂਰੀ ਘਟ ਹੀ ਕੀਤੀ ਜਾਂਦੀ ਹੈ। ਕਾਗਜ਼ ਪਤਲਾ ਹੁੰਦਾ ਹੈ, ਇਸ ਲਈ ਕਾਗਜ਼ੀ ਪਹਿਲਵਾਨ ਕਮਜ਼ੋਰ ਜਾਂ ਪਤਲਾ ਹੁੰਦਾ ਹੈ। ਇਸੇ ਤਰ੍ਹਾਂ ਕਾਗਜ਼ ਵਰਗੀ ਪਤਲੀ ਛਿੱਲ ਵਾਲੇ ਫਲਾਂ/ਮੇਵਿਆਂ ਦੀ ਕਿਸਮ ਨੂੰ ਕਾਗਜ਼ੀ ਕਿਹਾ ਜਾਂਦਾ ਹੈ, ਜਿਵੇਂ ਕਾਗਜ਼ੀ ਨਿੰਬੂ, ਬਦਾਮ ਜਾਂ ਅਖਰੋਟ। ਫਾਰਸੀ ਵਿਚ ਕਾਗਜ਼ ਬਣਾਉਣ/ਵੇਚਣ ਵਾਲੇ, ਵਿਅਕਤੀ, ਇਸ ਨੂੰ ਰੱਖਣ ਵਾਲੇ ਰਖਨੇ, ਇਥੋਂ ਤੱਕ ਕਿ ਲਿਖਾਰੀ (ਮੇਰੇ ਵਰਗੇ) ਨੂੰ ਵੀ ਕਾਗਜ਼ੀ ਕਿਹਾ ਜਾਂਦਾ ਹੈ। ਫਾਰਸੀ ਵਿਚ ਹਕੀਮ ਵਲੋਂ ਕਾਗਜ਼ 'ਤੇ ਲਿਖੀ ਦਵਾ ਵੀ ਕਾਗਜ਼ੀ ਕਹਾਉਂਦੀ ਹੈ। ਪੰਜਾਬੀ ਵਿਚ ਫੋੜੇ ਆਦਿ 'ਤੇ ਲਾਉਣ ਲਈ ਦਵਾਈ ਲੱਗੀ ਟਾਕੀ ਨੂੰ ਕਾਗਜ਼ੀ ਕਿਹਾ ਜਾਂਦਾ ਹੈ। 'ਪੱਕੇ ਕਾਗਜ਼' ਦਾ ਮਤਲਬ ਹੈ, ਅਸ਼ਟਾਮ ਜਾਂ ਸਬੂਤ ਵਜੋਂ ਲਿਖਤੀ ਪੱਤਰ। ਇਸ ਤੋਂ ਉਲਟ ਕੱਚਾ ਕਾਗਜ਼ ਹੁੰਦਾ ਹੈ। 'ਕੋਰਾ ਕਾਗਜ਼' ਉਂਜ ਤਾਂ ਅਨਲਿਖਿਆ ਕਾਗਜ਼ ਹੁੰਦਾ ਹੈ, ਪਰ ਇਸ ਦੀ ਅੱਜ ਵਧੇਰੇ ਲਾਖਣਿਕ ਵਰਤੋਂ ਹੀ ਹੁੰਦੀ ਹੈ। ਅਰਬੀ ਵਿਚ ਕਾਗਜ਼ ਦਾ ਬਹੁਵਚਨ ਕਾਗਜ਼ਾਤ ਹੈ, ਅਸੀਂ ਇਸ ਨੂੰ ਦਸਤਾਵੇਜ਼ਾਂ ਦੇ ਅਰਥਾਂ ਵਿਚ ਲੈਂਦੇ ਹਾਂ। ਅੰਤ ਵਿਚ ਬੁੱਲ੍ਹੇ ਸ਼ਾਹ ਦੇ ਬੋਲਾਂ ਨਾਲ ਕਾਗਜ਼ੀ ਕਾਰਵਾਈ ਖਤਮ ਕਰਦੇ ਹਾਂ,

ਹੋਰ ਨੇ ਸੱਭੇ ਗੱਲੜੀਆਂ,
ਅੱਲ੍ਹਾ ਅੱਲ੍ਹਾ ਦੀ ਗੱਲ।
ਕੁਝ ਰੌਲਾ ਪਾਇਆ ਆਲਮਾਂ,
ਕੁਝ ਕਾਗਜ਼ ਪਾਇਆ ਝੱਲ।

## ਕਾਵਿ ਕਿਆਰੀ

### ਆਜ਼ਾਦੀ ਕਿਨ੍ਹਾਂ ਲਈ?

ਕਲਮਾਂ ਵਾਲਿਓ ਉਠੋ ਜ਼ਰਾ ਜਾਗੋ,
ਸੋਚੀਏ ਆਜ਼ਾਦੀ ਕਿਸ ਨੇ ਢਾਈ ਹੋਈ ਏ?
ਹੌਲੀ ਹੌਲੀ ਲੱਗਦੈ ਹੋ ਗਈ ਬੁੱਢੀ,
ਇਕੱਤਰਹਰ ਦੀ ਹੋਣ ਨੂੰ ਆਈ ਹੋਈ ਏ।
ਪੱਤ ਲਾਹੀ ਕੌਰਵਾਂ ਦਰੋਪਤੀ ਵਾਂਗੂੰ,
ਚੁੱਕ ਪਾਂਡਵਾਂ ਜੂਏ 'ਤੇ ਲਾਈ ਹੋਈ ਏ।
ਹਾਲ ਗਰੀਬ ਦਾ ਅੱਜ ਡਾਢਾ ਮਾੜਾ,
ਭੁੱਖਮਰੀ ਨੇ ਜਨਤਾ ਫਾਹੀ ਹੋਈ ਏ।

ਅਨਪੜ੍ਹਤਾ, ਬਿਮਾਰੀ ਹੈ ਹੋਈ ਹਾਵੀ,
ਬੇਰੁਜ਼ਗਾਰੀ ਬਣ ਦੈਂਤ ਆਈ ਹੋਈ ਏ।
ਫਿਰਕਾਪ੍ਰਸਤੀ ਦਾ ਕੋਹੜ ਗਲ ਪਿਆ ,
ਉਤੋਂ ਬਾਬਿਆਂ ਨੇ ਅੱਤ ਕਰਾਈ ਹੋਈ ਏ।
ਪਸ਼ੂਆਂ ਦੇ ਨਾਂ 'ਤੇ ਕਤਲ ਹੋਣ ਬੰਦੇ ,
ਰਹਿੰਦੀ ਨੇਤਾਵਾਂ ਪੂਰੀ ਪਾਈ ਹੋਈ ਏ।
ਹਾਰ ਪਾਂਦੇ ਗਲਾਂ ਵਿਚ ਕਾਤਿਲਾਂ ਦੇ ,
ਜਾਪੇ ਪੁਲਿਸ ਨਾਲ ਰਲਾਈ ਹੋਈ ਏ।

ਬਲਾਤਕਾਰ ਨਿੱਤ ਹੁੰਦੇ ਬੱਚੀਆਂ ਦੇ,
ਭੈੜੇ ਜ਼ਾਲਮਾਂ ਉਮਰ ਭੁਲਾਈ ਹੋਈ ਏ।
ਭ੍ਰਿਸ਼ਟਾਚਾਰ ਸਾਰੇ ਹੱਦ ਬੰਨ੍ਹੇ ਟੱਪੇ,
ਇੱਜਤ ਮਿੱਟੀ 'ਚ ਮਿਲਾਈ ਹੋਈ ਏ।
ਬੇਪਰਦਾ ਹੁੰਦੇ ਨਿੱਤ ਨਵੇਂ ਘਪਲੇ,
ਜਾਣੋ ਖਜਾਨਾ ਲੁਟਾਉਣ 'ਤੇ ਆਈ ਹੋਈ ਏ।
ਹੈ ਸਰਕਾਰਾਂ ਦੀ ਕਹੀਏ ਬਦਨੀਤੀ,
ਜਾਂ ਹਾਕਮਾਂ ਨੇ ਸ਼ਰਮ ਹੀ ਲਾਹੀ ਹੋਈ ਏ।

ਭਾਵੇਂ ਕਹੀਏ ਹੈ ਇੱਥੇ ਲੋਕਤੰਤਰ,
ਕਦੇ ਗਰੀਬਾਂ ਦੀ ਨਹੀਂ ਸੁਣਵਾਈ ਹੋਈ ਏ।
ਪੂੰਜੀਪਤੀ ਸਦਾ ਸਰਕਾਰ ਬਣਾਉਂਦੇ,
ਪਰ ਨੇਤਾਵਾਂ ਦੀ ਅੱਗੇ ਹੋੜ ਲਾਈ ਹੋਈ ਏ।
ਨੀਤੀਆਂ ਪੂਰਦੀਆਂ ਹੱਕ ਅਮੀਰਾਂ ਦਾ,
ਜਾਣੋ ਗਰੀਬਾਂ 'ਤੇ ਸਾੜ੍ਹਸਤੀ ਆਈ ਹੋਈ ਏ।
ਕੀ ਕਹੀਏ ਆਜ਼ਾਦੀ ਦਾ ਲਾਭ ਕਿਸ ਨੂੰ?
ਮਹਿੰਗਾਈ ਲੋਕਾਂ ਦੀ ਹੋਸ਼ ਭੁਲਾਈ ਹੋਈ ਏ।

-ਸੇਵਾ ਸਿੰਘ ਨੂਰਪੁਰੀ

# ਪੰਜਾਬੀ ਬੋਲੀ ਦਾ ਵਿਗੜਿਆ ਰੂਪ

ਦਲਜੀਤ ਸਿੰਘ ਇੰਡੀਆਨਾ

ਸਾਲ 1966 ਵਿਚ ਪੰਜਾਬੀ ਸੂਬੇ ਦਾ ਗਠਨ ਪੰਜਾਬੀ ਬੋਲੀ ਦੇ ਆਧਾਰ 'ਤੇ ਹੋਇਆ ਸੀ। ਬਹੁਤੇ ਪੰਜਾਬੀ ਬੋਲਦੇ ਇਲਾਕੇ ਇਸ ਵਿਚ ਸ਼ਾਮਲ ਕਰ ਦਿੱਤੇ ਗਏ, ਪਰ ਕਈ ਇਲਾਕੇ ਇਸ ਵਿਚ ਇਹ ਕਹਿ ਕੇ ਸ਼ਾਮਲ ਨਾ ਕੀਤੇ ਗਏ ਕਿ ਇੱਥੇ ਪੰਜਾਬੀ ਨਹੀਂ ਬੋਲੀ ਜਾਂਦੀ। ਬੋਲੀ ਦੇ ਆਧਾਰ 'ਤੇ ਬਣਾਏ ਮੌਜੂਦਾ ਪੰਜਾਬ ਵਿਚ ਅੱਧੀ ਸਦੀ ਬਾਅਦ ਵੀ ਪੰਜਾਬੀ ਬੋਲੀ ਬੇਆਸਰੀ ਹੈ।

ਅੱਜ ਬਹੁਗਿਣਤੀ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਥਾਂ ਹਿੰਦੀ ਜਾਂ ਅੰਗਰੇਜ਼ੀ ਨੂੰ ਪਹਿਲ ਦਿੱਤੀ ਜਾਂਦੀ ਹੈ। ਘਰਾਂ ਵਿਚ ਬੋਲੀ ਜਾਂਦੀ ਪੰਜਾਬੀ ਵਿਚ ਵੀ ਬਹੁਤ ਸਾਰੇ ਸ਼ਬਦ ਹਿੰਦੀ ਦੇ ਰਲ ਗਏ ਹਨ, ਇਸ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਟੈਲੀਵਿਜ਼ਨ 'ਤੇ ਚਲਦੇ ਹਿੰਦੀ ਨਾਟਕ, ਜਿਨ੍ਹਾਂ ਨੇ ਘਰ ਦੀਆਂ ਔਰਤਾਂ ਅਤੇ ਬੱਚਿਆਂ ਦੀ ਪੰਜਾਬੀ ਵਿਚ ਹਿੰਦੀ ਰਲਾ ਦਿੱਤੀ ਹੈ।

ਦੂਜਾ ਵੱਡਾ ਨੁਕਸਾਨ ਆਹ ਵੈਬ ਚੈਨਲਾਂ ਦੇ ਕੱਚ-ਘਰੜ ਪੱਤਰਕਾਰਾਂ ਨੇ ਕਰ ਦਿੱਤਾ। ਪਹਿਲੇ ਸਮੇਂ ਵਿਚ ਸਿਰਫ ਪੰਜਾਬੀ ਦੂਰਦਰਸ਼ਨ ਹੁੰਦਾ ਸੀ ਤੇ ਉਥੇ ਪੰਜਾਬੀ ਦੀ ਯੋਗਤਾ ਵਾਲੇ ਪੱਤਰਕਾਰ ਰੱਖੇ ਜਾਂਦੇ ਸਨ, ਪਰ ਅੱਜ ਕਲ ਤਾਂ ਆਵਾ ਹੀ ਊਤਿਆ ਹੋਇਆ ਹੈ।

ਬਹੁਤੇ ਅਖਬਾਰ ਵਾਲਿਆਂ ਨੇ ਆਪਣਾ ਵੈਬ ਚੈਨਲ ਸ਼ੁਰੂ ਕੀਤਾ ਹੋਇਆ ਹੈ, ਜਿਸ 'ਤੇ ਬਹੁਤੇ ਪੱਤਰਕਾਰ ਪ੍ਰੋਗਰਾਮ ਪੇਸ਼ ਕਰਨ ਵੇਲੇ ਪੰਜਾਬੀ ਭਾਸ਼ਾ ਦੀ ਸਹੀ ਵਰਤੋਂ ਨਹੀਂ ਕਰਦੇ, ਜਿਸ ਨੂੰ ਸੁਣ ਕੇ ਬਹੁਤ ਗੁੱਸਾ ਆਉਂਦਾ ਹੈ।

ਪਿਛਲੇ ਕਈ ਦਿਨਾਂ ਤੋਂ ਮੈਂ ਇਹੋ ਜਿਹੇ ਸ਼ਬਦ ਇੱਕਠੇ ਕਰ ਰਿਹਾ ਸੀ, ਜੋ ਹਿੰਦੀ ਦੇ ਹਨ ਤੇ ਜਿਨ੍ਹਾਂ ਨੂੰ ਪੰਜਾਬੀ ਵਿਚ ਧੱਕੇ ਨਾਲ ਵਾੜ ਦਿੱਤਾ ਗਿਆ ਹੈ। ਇਸ ਨਾਲ ਪੰਜਾਬੀ ਬੋਲੀ ਦਾ ਮੂੰਹ-ਮੁਹਾਂਦਰਾਂ ਵਿਗੜ ਰਿਹਾ ਹੈ। ਇਹ ਸ਼ਬਦ ਸ਼ੋਸ਼ਲ ਮੀਡੀਏ 'ਤੇ ਵੀ ਲਿਖੇ ਜਾਂਦੇ ਹਨ। ਇਕੱਠੇ ਕੀਤੇ ਕੁਝ ਸ਼ਬਦ ਪੇਸ਼ ਹਨ:

*ਗਹਿਣੇ ਤੋਂ ਗਿਰਵੀ
*ਚੋਣਾਂ ਤੋਂ ਚੁਣਾਵ
*ਦਰਖਤ ਤੋਂ ਪੇੜ
*ਥੱਲੇ ਤੋਂ ਨੀਚੇ
*ਚੰਗੇ ਤੋਂ ਅੱਛੇ
*ਖੇਡ ਤੋਂ ਖੇਲ
*ਕਿਸੇ ਦਾ ਤੋਂ ਕਿਸੀ ਕਾ
*ਤਰੱਕੀ ਤੋਂ ਪਦ ਉਨਤ
*ਤਿੱਖੀ ਤੋਂ ਨੁਕੀਲੀ
*ਮਤਰੇਈ ਤੋਂ ਸੌਤੇਲੀ
*ਖਵਾਉਣ ਤੋਂ ਖਿਲਾਣ
*ਕੌੜੇ ਤੋਂ ਕੜਵਾ
*ਪੱਧਰ ਤੋਂ ਸਤਰ
*ਔਕੜ ਤੋਂ ਦਿੱਕਤ
*ਲੂਣ ਤੋਂ ਨਮਕ
*ਸਾਂਭ-ਸੰਭਾਲ ਤੋਂ ਰੱਖ-ਰਖਾਵ
*ਕਰੜੀ ਤੋਂ ਕੜੀ
*ਵਿਚਕਾਰ ਤੋਂ ਅਧੂਰਾ
*ਅੱਥਰੂ ਤੋਂ ਆਂਸੂ
*ਬੂਟਿਆਂ ਤੋਂ ਪੌਦੇ
*ਤਲੇ ਚੱਟਣੇ ਤੋਂ ਤਲਵੇ ਚੱਟਣੇ
*ਪਿਉਣ ਤੋਂ ਪਿਲਾਉਣ
*ਸਾਉਣ ਤੋਂ ਸਾਵਨ
*ਮੀਂਹ ਤੋਂ ਬਰਸਾਤ
*ਜਿਉਂਦਾ ਸਾੜ ਦੇਣਾ ਤੋਂ ਜ਼ਿੰਦਾ ਜਲਾ ਦੇਣਾ
*ਸੁਰੱਖਿਆ ਤੋਂ ਸੁਰਖਸ਼ਾ
*ਪਤਾ ਲੱਗਣਾ ਤੋਂ ਪਤਾ ਚਲਨਾ
*ਢਾਂਚਾ ਤੋਂ ਵਿਵਸਥਾ
*ਵੱਢਣ ਤੋਂ ਕੱਟਣ
*ਸਾਫ-ਸੁਥਰਾ ਤੋਂ ਸਵੱਛ
*ਵੜਨਾ ਤੋਂ ਘੁਸਨਾ
*ਨਿਆਂ ਤੋਂ ਨਿਆਏ
*ਗਵਾਚ ਗਿਆ ਤੋਂ ਖੋ ਗਿਆ
*ਕੰਧ ਤੋਂ ਦੀਵਾਰ
*ਲਗਾਤਾਰ ਤੋਂ ਨਿਰੰਤਰ
*ਘੜੀਸਣਾ ਤੋਂ ਘਸੀਟਨਾ
*ਐਲਾਨ ਕਰਨਾ ਤੋਂ ਘੋਸ਼ਿਤ ਕਰਨਾ
*ਗੱਭਰੂ ਤੋਂ ਯੁਵਾ
*ਸਹੂਲਤ ਤੋਂ ਸੁਵਿਧਾ
*ਚੌਕਨਾ ਤੋਂ ਸਤਰਕ
*ਦਾਖਲਾ ਤੋਂ ਪਰਵੇਸ਼
*ਸਾਰੀਆਂ ਤੋਂ ਤਮਾਮ
*ਦੁਖਿਆਰੀ ਤੋਂ ਪੀੜਿਤਾ
*ਸ਼ਹੀਦੀ ਤੋਂ ਬਲੀਦਾਨ
*ਪਾਖੰਡ ਤੋਂ ਢੋਂਗ
*ਜਿੱਤ ਤੋਂ ਵਿਜੈ
*ਉਮਰ ਤੋਂ ਆਯੂ
*ਇਨਾਮ ਤੋਂ ਪੁਰਸਕਾਰ
*ਡਿੱਗੀ ਹੋਈ ਤੋਂ ਗਿਰੀ ਹੋਈ
*ਹੱਲ ਤੋਂ ਸਮਾਧਾਨ
*ਭੈਣ ਜੀ ਤੋਂ ਦੀਦੀ
*ਭੂਆ ਤੋਂ ਬੂਆ
*ਭਾਜੀ ਤੋਂ ਪਾਜੀ
*ਚਾਚਾ ਜੀ ਤੋਂ ਚਾਚੂ

ਇਹ ਕੁਝ ਕੁ ਉਹ ਸ਼ਬਦ ਹਨ, ਜੋ ਹਰ ਰੋਜ਼ ਕੱਚ ਘਰੜ ਪੱਤਰਕਾਰ ਰੇਡੀਓ ਅਤੇ ਟੀ.ਵੀ. ਉਤੇ ਪ੍ਰੋਗਰਾਮ ਪੇਸ਼ ਕਰਨ ਵੇਲੇ, ਸੋਸ਼ਲ ਮੀਡੀਆ ਅਤੇ ਅਖਬਾਰਾਂ ਵਿਚ ਖਬਰ ਲਿਖਣ ਵੇਲੇ ਵਰਤਦੇ ਹਨ।

ਮੈਂ ਇਹ ਛੋਟੀ ਜਿਹੀ ਕੋਸ਼ਿਸ਼ ਇਸ ਲਈ ਕੀਤੀ ਹੈ ਕਿ ਅਸੀ ਲਿਖਣ-ਬੋਲਣ ਵੇਲੇ ਆਪਣੀ ਜ਼ੁਬਾਨ ਪੰਜਾਬੀ ਵਿਚ ਨਿਖਾਰ ਲੈ ਕੇ ਆਈਏ। ਜੇ ਹਿੰਦੀ ਬੋਲਣੀ ਹੈ, ਉਹ ਸ਼ੁੱਧ ਬੋਲੋ ਅਤੇ ਜੇ ਪੰਜਾਬੀ ਬੋਲਣੀ ਹੈ ਤਾਂ ਉਹ ਵੀ ਸ਼ੁੱਧ ਬੋਲੀਏ ਤੇ ਲਿਖੀਏ।

# ਬਾਲੜੀਆਂ ਤੇ ਅੱਲ੍ਹੜ ਮੁਟਿਆਰਾਂ ਦਾ ਲੋਕ ਨਾਚ: ਕਿੱਕਲੀ

ਕਿਸੇ ਖੁਸ਼ੀ ਦੇ ਮੌਕੇ ਜਦੋਂ ਸਾਡੇ ਅੰਦਰੋਂ ਖੁਸ਼ੀ ਦੀਆਂ ਤਰੰਗਾਂ ਉਠਦੀਆਂ ਹਨ ਤਾਂ ਮਨ ਵਜਦ ਵਿਚ ਆ ਜਾਂਦਾ ਹੈ ਤੇ ਅਸੀਂ ਆਪਣੇ ਸਰੀਰ ਦੀਆਂ ਹਰਕਤਾਂ ਰਾਹੀਂ ਇਸ ਦਾ ਪ੍ਰਗਟਾਵਾ ਕਰਦੇ ਹਾਂ। ਰਾਗ ਤੇ ਤਾਲ ਦੇ ਸੁਮੇਲ ਨਾਲ ਮਨੁੱਖ ਨੱਚ ਉਠਦਾ ਹੈ। ਇਕੱਲੇ ਮਨੁੱਖ ਦੀ ਖੁਸ਼ੀ ਵਿਚ ਸ਼ਾਮਿਲ ਹੋਣ ਲਈ ਜਦੋਂ ਉਸ ਦੇ ਹੋਰ ਸਾਥੀ ਉਸ ਨਾਲ ਰਲ ਕੇ ਨੱਚਣ ਲੱਗਦੇ ਹਨ ਤਾਂ ਇਹ ਨਾਚ ਸਮੂਹਕ ਨਾਚ ਦਾ ਰੂਪ ਧਾਰ ਲੈਂਦਾ ਹੈ, ਜਿਸ ਨੂੰ ਅਸੀਂ ਲੋਕ ਨਾਚ ਦਾ ਨਾਂ ਦਿੰਦੇ ਹਾਂ।

ਲੋਕ ਨਾਚ ਮਨ ਦੀ ਖੁਸ਼ੀ ਦਾ ਸਰੀਰਕ ਪ੍ਰਗਟਾਵਾ ਹੈ। ਇਹ ਉਹ ਚਸ਼ਮਾ ਹੈ, ਜਿਸ ਵਿਚੋਂ ਖੁਸ਼ੀ ਦੀਆਂ ਫੁਹਾਰਾਂ ਆਪ ਮੁਹਾਰੇ ਵਹਿ ਟੁਰਦੀਆਂ ਹਨ।

ਪੰਜਾਬ ਦੇ ਪਿੰਡਾਂ ਵਿਚ ਤਰਕਾਲਾਂ ਸਮੇਂ ਮੋਕਲੇ ਵਿਹੜਿਆਂ ਅਤੇ ਸੰਘਣੀਆਂ ਟਾਹਲੀਆਂ ਹੇਠਾਂ 'ਕਿੱਕਲੀ ਕਲੀਰ ਦੀ, ਪਗ ਮੇਰੇ ਵੀਰ ਦੀ' ਦੇ ਬੋਲ ਆਮ ਸੁਣਾਈ ਦਿੰਦੇ ਹਨ। ਇਹ ਬੋਲ



ਸੁਖਦੇਵ ਮਾਦਪੁਰੀ
ਫੋਨ: 91-94630-34472

ਨਿੱਕੜੀਆਂ ਬੱਚੀਆਂ ਅਤੇ ਜਵਾਨੀ ਦੀਆਂ ਬਰੂਹਾਂ 'ਤੇ ਖਲੋਤੀਆਂ ਉਨ੍ਹਾਂ ਮੁਟਿਆਰਾਂ ਦੇ ਹਨ, ਜੋ ਵਜਦ ਵਿਚ ਆ ਕੇ ਕਿੱਕਲੀ ਦਾ ਲੋਕ ਨਾਚ ਨੱਚ ਰਹੀਆਂ ਹੁੰਦੀਆਂ ਹਨ। ਕਿੱਕਲੀ ਪੰਜਾਬੀ ਕੁੜੀਆਂ ਦਾ ਹਰਮਨ ਪਿਆਰਾ ਲੋਕ ਨਾਚ ਹੈ। ਰੋੜੇ ਖੇਡਦੀਆਂ, ਨਿੱਕੇ ਵੀਰਾਂ-ਭੈਣਾਂ ਨੂੰ ਖਿਡਾਉਂਦੀਆਂ ਅਤੇ ਗੁੱਡੇ-ਗੁੱਡੀਆਂ ਦੇ ਕਾਜ ਰਚਾਉਂਦੀਆਂ ਕੁੜੀਆਂ ਦਾ ਮਨ ਜਦੋਂ ਹੁਲਾਰਾ ਖਾ ਕੇ ਮਸਤੀ ਦੇ ਵੇਗ ਵਿਚ ਆਉਂਦਾ ਹੈ ਤਾਂ ਉਹ ਜੋਟੇ ਬਣਾ ਕੇ ਇੱਕ ਦੂਜੇ ਦੇ ਹੱਥਾਂ ਨੂੰ ਕਲਿੰਗੀਆਂ ਪਾ ਕੇ ਘੁੰਮਣ ਲਗ ਜਾਂਦੀਆਂ ਹਨ। ਘੁੰਮਦਿਆਂ ਘੁੰਮਦਿਆਂ ਉਨ੍ਹਾਂ ਨੂੰ ਘੁਮੇਰ ਚੜ੍ਹ ਜਾਂਦੀ ਹੈ ਤੇ ਉਹ ਧਰਤੀ 'ਤੇ ਲੋਟ-ਪੋਟ ਹੋ ਕੇ ਡਿੱਗ ਪੈਂਦੀਆਂ ਹਨ। ਘੁੰਮਣਾ ਬੱਚਿਆਂ ਨੂੰ ਅਨੂਠਾ ਹੁਲਾਰਾ ਦਿੰਦਾ ਹੈ। ਇਸੇ ਕਰਕੇ ਬੱਚੇ ਲਾਟੂ ਚਲਾਉਣ, ਭੰਬੀਰੀਆਂ, ਘੁੰਮਾਉਣ, ਚਰਕ ਚੂੰਡੇ ਅਤੇ ਚੰਡੋਲ ਉਤੇ ਹੂਟੇ ਲੈਣ ਵਿਚ ਖਾਸ ਅਨੰਦ ਮਾਣਦੇ ਹਨ। ਕਿੱਕਲੀ ਉਨ੍ਹਾਂ ਦੀਆਂ ਅੰਤਰੀਵ ਖੁਸ਼ੀਆਂ ਅਤੇ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਹਰਮਨ ਪਿਆਰਾ ਨਾਚ ਹੈ, ਜਿਸ ਰਾਹੀਂ ਖੁਸ਼ੀ ਦੀਆਂ ਕੂਲ੍ਹਾਂ ਵਹਿ ਟੁਰਦੀਆਂ ਹਨ। ਘੁੰਮ ਰਹੀਆਂ ਨਿੱਕੀਆਂ ਮਾਸੂਮ ਬਾਲੜੀਆਂ ਦੇ ਕਈ ਕਈ ਜੋੜੇ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ।

ਪੰਜਾਬ ਦੇ ਹੋਰਨਾਂ ਲੋਕ ਨਾਚਾਂ ਵਾਂਗ ਕਿੱਕਲੀ ਪਾਉਣ ਲਈ ਵੀ ਵਿਸ਼ੇਸ਼ ਸਮਾਨ ਅਤੇ ਬੱਝਵੀਂ ਤਕਨੀਕ ਦੀ ਲੋੜ ਨਹੀਂ। ਇਸ ਨੂੰ ਦੋ ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਸੱਜੇ ਹੱਥ ਨੂੰ ਸੱਜੇ ਨਾਲ ਅਤੇ ਖੱਬੇ ਹੱਥ ਨੂੰ ਖੱਬੇ ਨਾਲ ਫੜ ਕੇ ਮਧਾਣੀ ਦੇ ਫੁੱਲਾਂ ਵਾਂਗ ਕਲਿੰਗੀਆਂ ਪਾ ਲੈਂਦੀਆਂ ਹਨ। ਇਸ ਮਗਰੋਂ ਉਹ ਆਪੋ ਆਪਣੀਆਂ ਅੱਡੀਆਂ ਨੂੰ ਜੋੜ ਕੇ ਇੱਕ ਦੂਜੀ ਦੇ ਪੈਰਾਂ ਦੀਆਂ ਉਂਗਲਾਂ ਜੋੜਦੀਆਂ ਹਨ ਅਤੇ ਬਾਹਾਂ ਨੂੰ ਤਣ ਕੇ ਆਪਣੇ ਪੈਰਾਂ ਉਪਰ ਚਰਕ ਚੂੰਡੇ ਵਾਂਗ ਘੁੰਮਦੀਆਂ ਗੇੜੇ 'ਤੇ ਗੇੜਾ ਬੰਨ੍ਹ ਦਿੰਦੀਆਂ ਹਨ। ਗੇੜੇ ਦੀ ਰਫਤਾਰ ਨਾਲ ਕਿੱਕਲੀ ਦੇ ਗੀਤਾਂ ਦੇ ਬੋਲ ਵੀ ਹਵਾ ਵਿਚ ਘੁੰਮਦੇ ਹਨ:

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿੱਟੇ ਮੂੰਹ ਜਵਾਈ ਦਾ।
ਗਈ ਸਾਂ ਮੈਂ ਗੰਗਾ
ਚੜ੍ਹਾ ਲਿਆਈ ਵੰਗਾਂ
ਅਸਮਾਨੀ ਮੇਰਾ ਘੱਗਰਾ
ਮੈਂ ਕਿਹੜੀ ਕਿੱਲੀ ਟੰਗਾਂ
ਨੀ ਮੈਂ ਐਸ ਕਿੱਲੀ ਟੰਗਾਂ
ਨੀ ਮੈਂ ਓਸ ਕਿੱਲੀ ਟੰਗਾਂ।

ਬੱਚਿਆਂ ਦੇ ਪਿਆਰ ਦੀ ਦੁਨੀਆਂ ਉਨ੍ਹਾਂ ਦੇ ਮਾਂ-ਬਾਪ, ਭੈਣ-ਭਰਾ ਤੇ ਮਾਮੇ-ਮਾਸੀਆਂ ਤੀਕਰ ਹੀ ਸੀਮਤ ਹੈ। ਭੈਣ-ਭਰਾ ਹਾਣ ਦੇ ਹੋਣ ਕਾਰਨ ਉਨ੍ਹਾਂ ਦਾ ਆਪਸ ਦਾ ਪਿਆਰ ਹਾਣੀਆਂ ਦਾ ਪਿਆਰ ਹੁੰਦਾ ਹੈ। ਕਿੱਕਲੀ ਦੇ ਗੀਤਾਂ ਵਿਚ ਭੈਣ ਦਾ ਵੀਰ ਨਾਲ ਪਿਆਰ ਹੀ ਵਧੇਰੇ ਕਰਕੇ ਰੂਪਮਾਨ ਹੋਇਆ ਹੈ। ਭੈਣ ਦੇ ਦਿਲ ਵਿਚ ਆਪਣੇ ਵੀਰ ਲਈ ਸੈਆਂ ਚਾਅ ਹਨ, ਉਮੰਗਾਂ ਹਨ, ਰੀਝਾਂ ਹਨ। ਵੀਰ ਦੀ ਨਵੀਂ ਭਾਬੋ ਘਰ ਆਉਂਦੀ ਹੈ, ਨਿੱਕੀ ਭੈਣ ਦਾ ਚਾਅ ਝੱਲਿਆ ਨਹੀਂ ਜਾਂਦਾ:

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ
ਸੂਰਜ ਲੜਾਈ ਦਾ
ਵੀਰ ਮੇਰਾ ਆਵੇਗਾ
ਭਾਬੋ ਨੂੰ ਲਿਆਵੇਗਾ
ਸਹੇਲੀਆਂ ਸਦਾਵਾਂਗੀ
ਨੱਚਾਂਗੀ ਤੇ ਗਾਵਾਂਗੀ
ਜੰਜ ਚੜ੍ਹੇ ਵੀਰ ਦੀ
ਕਿੱਕਲੀ ਕਲੀਰ ਦੀ

---

ਕੋਠੇ ਉਤੇ ਰੇਠੜਾ
ਭੈਣ ਮੇਰੀ ਖੇਡਦੀ
ਭਣੋਈਆ ਮੈਨੂੰ ਵੇਖਦਾ
ਵੇਖ ਲੈ ਵੇ ਵੇਖ ਲੈ
ਬਾਰੀ ਵਿਚ ਬਹਿਨੀ ਆਂ
ਛੰਮ ਛੰਮ ਰੋਨੀ ਆਂ
ਲਾਲ ਜੀ ਦੇ ਕੱਪੜੇ
ਸਬੂਣ ਨਾਲ ਧੋਨੀ ਆਂ
ਸਬੂਣ ਗਿਆ ਉਡ ਪੁਡ
ਲੈ ਨੀ ਭਾਬੋ ਮੋਤੀ ਚੁਗ
ਭਾਬੋ ਮੇਰੀ ਸੋਹਣੀ
ਜੀਹਦੇ ਮੱਥੇ ਦੌਣੀ
ਦੌਣੀ ਵਿਚ ਸਤਾਰਾ
ਮੈਨੂੰ ਵੀਰ ਪਿਆਰਾ
ਵੀਰੇ ਦੀ ਮੈਂ ਵਹੁਟੀ ਡਿੱਠੀ
ਚੰਨ ਨਾਲੋਂ ਚਿੱਟੀ
ਤੇ ਪਤਾਸਿਆਂ ਤੋਂ ਮਿੱਠੀ।

ਭੈਣ ਨੂੰ ਵੀਰ ਦੇ ਵਿਆਹ ਦਾ ਚਾਅ ਤਾਂ ਭਲਾ ਹੋਣਾ ਹੀ ਹੋਇਆ, ਉਸ ਨੂੰ ਤਾਂ ਆਪਣੇ ਵੀਰਾਂ ਦੇ ਮੰਗੇ ਜਾਣ ਦਾ ਵੀ ਮਾਣ ਹੈ। ਕੁਆਰਾ ਵੀਰ ਵੀ ਉਸ ਦੀ ਬਾਲ ਕਲਪਨਾ ਦੇ ਘੋੜੇ ਅਸਵਾਰ ਹੋ ਕੇ ਲਾਹੌਰ ਸ਼ਹਿਰ ਜਾ ਚੌਪਟ ਖੇਡਦਾ ਹੈ:

ਅੰਬੇ ਨੀ ਮਾਏ ਅੰਬੇ
ਮੇਰੇ ਸੱਤ ਭਰਾ ਮੰਗੇ
ਮੇਰਾ ਇੱਕ ਭਰਾ ਕੁਆਰਾ
ਉਹ ਚੌਪਟ ਖੇਲਣ ਵਾਲਾ
ਚੌਪਟ ਕਿੱਥੇ ਖੇਲੇ





ਲਾਹੌਰ ਸ਼ਹਿਰ ਖੇਲੇ
ਲਾਹੌਰ ਸ਼ਹਿਰ ਉਚਾ
ਮੈਂ ਮਨ ਪਕਾਇਆ ਸੁੱਚਾ
ਮੇਰੇ ਮਨ ਨੂੰ ਲੱਗੇ ਮੋਤੀ
ਮੈਂ ਗਲੀਆਂ ਵਿਚ ਖਲੋਤੀ
ਮੈਂ ਬੜੇ ਬਾਬੇ ਦੀ ਪੋਤੀ।

ਕਿਧਰੇ ਵੀਰ ਦੇ ਬਾਗਾਂ ਵਿਚ ਚੰਬਾਕਲੀ ਖਿੜਦੀ ਹੈ। ਉਸ ਦਾ ਵੀਰਾ ਸਰਦਾਰ ਬਣ ਕੇ ਕੁਰਸੀ 'ਤੇ ਬਹਿੰਦਾ ਹੈ ਤੇ ਉਸ ਦੀ ਭਾਬੋ ਪ੍ਰਧਾਰ ਬਣ ਕੇ ਪੀਹੜੇ 'ਤੇ ਬਿਰਾਜਮਾਨ ਹੁੰਦੀ ਹੈ। ਗੀਤ ਦੇ ਬੋਲ ਹਨ:

ਹੇਠ ਵਗੇ ਦਰਿਆ
ਉਤੇ ਮੈਂ ਖੜੀ
ਮੇਰੇ ਵੀਰੇ ਲਾਇਆ ਬਾਗ
ਖਿੜ ਪਈ ਚੰਬਾ ਕਲੀ
ਚੰਬਾ ਕਲੀ ਨਾ ਤੋੜ
ਵੀਰ ਮੇਰਾ ਕੁਟੂਗਾ
ਮੇਰਾ ਵੀਰ ਬੜਾ ਸਰਦਾਰ
ਬਹਿੰਦਾ ਕੁਰਸੀ 'ਤੇ
ਭਾਬੋ ਬੜੀ ਪ੍ਰਧਾਨ
ਬਹਿੰਦੀ ਪੀਹੜੀ 'ਤੇ
ਪੀਹੜੀ ਗਈ ਟੁੱਟ
ਭਾਬੋ ਗਈ ਰੁੱਸ
ਭਾਬੋ ਕੁੱਕੜਾਂ ਨੂੰ ਨਾ ਮਾਰ
ਕੁੱਕੜ ਵੀਰੇ ਦੇ।

ਭੈਣ ਵੀਰੇ ਨੂੰ ਪਰਚਾਉਣ ਲਈ ਆਪਣੀਆਂ ਨਿੱਜੀ ਖੇਡਾਂ ਵੀ ਉਸ ਨੂੰ ਪੇਸ਼ ਕਰਦੀ ਹੈ:

ਐਧਰ ਪਾਵਾਂ ਖਿਚੜੀ
ਔਧਰ ਪਾਵਾਂ ਤੇਲ
ਜਲ'ਗੀ ਖਿਚੜੀ
ਰਹਿ ਗਿਆ ਤੇਲ
ਆਹ ਲੈ ਵੀਰਾ ਗੁੱਡੀਆਂ
ਖੇਲ ਵੀਰਾ ਗੁੱਡੀਆਂ।

---

ਕਿੱਕਲੀ ਪਾਵਣ ਆਈ ਆਂ
ਬਦਾਮ ਖਾਵਣ ਆਈ ਆਂ
ਬਦਾਮ ਮੇਰਾ ਮਿੱਠਾ
ਮੈਂ ਵੀਰ ਦਾ ਮੂੰਹ ਡਿੱਠਾ।

ਕਿੱਕਲੀ ਵਿਚ ਗਾਏ ਜਾਂਦੇ ਗੀਤਾਂ ਨੂੰ ਗਾਉਣ ਦਾ ਇੱਕ ਹੋਰ ਢੰਗ ਵੀ ਹੈ। ਦੋ ਕੁੜੀਆਂ ਧਰਤੀ 'ਤੇ ਬੈਠ ਕੇ ਜਾਂ ਖੜੋ ਕੇ ਇੱਕ ਦੂਜੀ ਦੇ ਹੱਥਾਂ 'ਤੇ ਤਾੜੀਆਂ ਮਾਰ ਕੇ ਤੇ ਤਾੜੀਆਂ ਦੀ ਤਾਲ ਨਾਲ ਗੀਤ ਦੇ ਬੋਲ ਬੋਲਦੀਆਂ ਹਨ ਅਤੇ ਅੰਤਲੇ ਟੱਪੇ ਨੂੰ ਕਿੱਕਲੀ ਪਾਉਂਦੀਆਂ ਦੁਹਰਾਉਂਦੀਆਂ ਹਨ:

ਤੋਤੇ ਵੇ ਤੋਤੜਿਆ
ਤੋਤੜਿਆ ਮਤੋਤੜਿਆ
ਤੋਤਾ ਹੈ ਸਿਕੰਦਰ ਦਾ
ਪਾਣੀ ਪੀਵੇ ਮੰਦਰ ਦਾ
ਸ਼ੀਸ਼ਾ ਵੇਖੇ ਲਹਿਰੇ ਦਾ
ਕੰਮ ਕਰੇ ਦੁਪਹਿਰੇ ਦਾ
ਕਾਕੜਾ ਖੜਾਨੀਆਂ
ਚਾਰ ਛੱਲੇ ਪਾਨੀਆਂ
ਇੱਕ ਛੱਲਾ ਰੇਤਲਾ
ਰੇਤਲੇ ਦੀ ਤਾਈ ਆਈ
ਨਵੀਂ ਨਵੀਂ ਭਰਜਾਈ ਆਈ
ਖੋਲ੍ਹ ਮਾਸੀ ਕੁੰਡਾ
ਜੀਵੇ ਤੇਰਾ ਮੁੰਡਾ
ਮਾਸੀ ਗਈ ਕਲਕੱਤੇ
ਉਥੇ ਮੇਮ ਸਾਹਿਬ ਨੱਚੇ
ਬਾਬੂ ਸੀਟੀਆਂ ਵਜਾਵੇ
ਗੱਡੀ ਛਕ ਛਕ ਜਾਵੇ।

ਮਾਂ ਦੇ ਪਿਆਰ ਵਿਚ ਮੁਗਧ ਹੋਈਆਂ ਕੁੜੀਆਂ ਕਿੱਕਲੀ ਪਾਉਂਦੀਆਂ ਸੂਫੀ ਫਕੀਰਾਂ ਵਾਂਗ ਵਜਦ ਵਿਚ ਆ ਜਾਂਦੀਆਂ ਹਨ। ਮਸਤੀ ਝੂਮ ਉਠਦੀ ਹੈ:

ਛੀ ਛਾਂ
ਜੀਵੇ ਮਾਂ
ਖਖੜੀਆਂ ਖਰਬੂਜੇ ਖਾ
ਖਾਂਦੀ ਖਾਂਦੀ ਕਾਬਲ ਜਾ
ਗੋਰੀ ਗਾਂ ਗੁਲਾਬੀ ਵੱਛਾ
ਮਾਰੇ ਸਿੰਗ ਤੁੜਾਵੇ ਰੱਸਾ।

ਹਾਸਿਆਂ ਤਮਾਸ਼ਿਆਂ ਭਰੇ ਬੋਲਾਂ ਨਾਲ ਕਿੱਕਲੀ ਪਾਉਂਦੀਆਂ ਕੁੜੀਆਂ ਇੱਕ ਸਮਾਂ ਬੰਨ੍ਹ ਦਿੰਦੀਆਂ ਹਨ। ਹਵਾਂ ਵਿਚ ਕੇਸਰ ਘੁਲ ਜਾਂਦੇ ਹਨ:

ਸੱਸ ਦਾਲ ਚਾ ਪਕਾਈ
ਛੰਨਾ ਭਰ ਕੇ ਲਿਆਈ
ਸੱਸ ਖੀਰ ਚਾ ਪਕਾਈ
ਹੇਠ ਟੰਗਣੇ ਲੁਕਾਈ
ਅੰਦਰ ਬਾਹਰ ਵੜਦੀ ਖਾਵੇ
ਭੈੜੀ ਗਲ ਗੜੱਪੇ ਲਾਵੇ
ਲੋਕੋ ਸੱਸਾਂ ਬੁਰੀਆਂ ਵੇ
ਕਲੇਜੇ ਮਾਰਨ ਛੁਰੀਆਂ ਵੇ।

---

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੀ ਭੈਣ ਦਾ
ਲੈ ਮਾਮਾ ਪੀਹੜੀ
ਪੀਹੜੀ ਹੇਠ ਕੀੜੀ
ਵੇਖ ਤਮਾਸ਼ਾ ਭਾਈਆਂ
ਪਿੱਟੀ ਕੀੜੀ ਦਾ।

---

ਚਾਰ ਚੁਰਾਸੀ
ਘੁੰਮਰ ਘਾਸੀ
ਨੌ ਸੌ ਘੋੜਾ
ਨੌ ਸੌ ਹਾਥੀ
ਨੌ ਸੌ ਫੁੱਲ ਗੁਲਾਬ ਦਾ
ਮੁੰਡੇ ਖੇਡਣ ਗੁੱਲੀ ਡੰਡਾ
ਕੁੜੀਆਂ ਕਿੱਕਲੀ ਪਾਉਂਦੀਆਂ
ਮੁੰਡੇ ਕਰਦੇ ਖੇਤੀ ਪੱਤੀ
ਕੁੜੀਆਂ ਘਰ ਵਸਾਉਂਦੀਆਂ।

ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਸਥਾਨਕ ਤੌਰ 'ਤੇ ਕਿੱਕਲੀ ਦੇ ਅਨੇਕਾਂ ਗੀਤ ਮਿਲਦੇ ਹਨ। ਮਸ਼ੀਨੀ ਸਭਿਅਤਾ ਦੇ ਵਿਕਾਸ ਕਾਰਨ ਸਾਡੇ ਮਨੋਰੰਜਨ ਦੇ ਸਾਧਨ ਵਧ ਗਏ ਹਨ, ਜਿਸ ਦਾ ਪ੍ਰਭਾਵ ਕਿੱਕਲੀ ਦੇ ਨਾਚ ਅਤੇ ਗੀਤਾਂ 'ਤੇ ਵੀ ਪਿਆ ਹੈ। ਕਿੱਕਲੀ ਪਾਉਣ ਦਾ ਰਿਵਾਜ ਕਾਫੀ ਘਟ ਰਿਹਾ ਹੈ। ਕਿੱਕਲੀ ਦੇ ਗੀਤ ਬਾਲ ਕਲਪਨਾ ਦੇ ਪ੍ਰਤੀਕ ਹਨ। ਇਹ ਸਾਡੇ ਲੋਕ ਸਾਹਿਤ ਦਾ ਵੱਡਮੁੱਲਾ ਸਰਮਾਇਆ ਹਨ, ਇਸ ਲਈ ਇਨ੍ਹਾਂ ਨੂੰ ਕਾਨੀਬੱਧ ਕਰਕੇ ਸਾਂਭਣ ਦੀ ਬੇਹਦ ਲੋੜ ਹੈ।

# ਵਿਸਰ ਰਹੇ ਹਨ ਵਿਆਹ ਪਿਛੋਂ ਬਣਨ ਵਾਲੇ ਰਿਸ਼ਤੇ

ਪਰਿਵਾਰ ਸਮਾਜਕ ਢਾਂਚੇ ਦੀ ਮੂਲ ਇਕਾਈ ਹੈ। ਮੁਢਲੇ ਤੌਰ 'ਤੇ ਪਰਿਵਾਰ ਵਿਚ ਅੱਠ ਕਿਸਮ ਦੇ ਰਿਸ਼ਤੇ ਮਿਲਦੇ ਹਨ, ਉਹ ਹਨ: ਪਤੀ-ਪਤਨੀ, ਮਾਂ-ਧੀ, ਪਿਉ-ਧੀ, ਮਾਂ-ਪੁੱਤਰ, ਪਿਉ-ਪੁੱਤਰ, ਭੈਣ-ਭੈਣ, ਭੈਣ-ਭਰਾ ਤੇ ਭਰਾ-ਭਰਾ। ਬਾਕੀ ਰਿਸ਼ਤੇਦਾਰੀਆਂ ਇਨ੍ਹਾਂ ਰਿਸ਼ਤਿਆਂ ਦੇ ਆਧਾਰ 'ਤੇ ਉਸਰਦੀਆਂ ਹਨ।

ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਕਈ ਸਮਾਜਾਂ ਵਿਚ ਚਾਚੇ-ਤਾਏ ਦੀ ਸੰਤਾਨ ਨੂੰ ਵੀ ਮੂਲ ਰਿਸ਼ਤਿਆਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ।

ਮਨੁੱਖੀ ਸਮਾਜ ਵਿਚ ਇਕ ਆਮ ਮਨੁੱਖ ਦੋ ਪਰਿਵਾਰਾਂ ਨਾਲ ਸਬੰਧ ਰੱਖਦਾ ਹੈ-ਪਹਿਲਾ, ਜਿਸ ਵਿਚ ਉਹ ਜੰਮਿਆ-ਪਲਿਆ ਹੁੰਦਾ ਹੈ ਤੇ ਦੂਜਾ, ਜੋ ਉਸ ਦੇ ਵਿਆਹ ਪਿਛੋਂ ਸਮਾਜ ਦੀ ਮਰਿਆਦਾ ਅਨੁਸਾਰ ਸਥਾਪਤ ਹੋ ਗਿਆ ਹੁੰਦਾ ਹੈ। ਵਿਆਹ ਪਿੱਛੋਂ ਪਤੀ-ਪਤਨੀ ਆਪਣੇ ਖੂਨ ਦੇ ਮੁਢਲੇ ਰਿਸ਼ਤਿਆਂ ਦੇ ਨਾਲ ਨਾਲ ਆਪੂੰ ਸਿਰਜੇ ਰਿਸ਼ਤਿਆਂ ਨਾਲ ਵੀ ਜੁੜ ਜਾਂਦੇ ਹਨ। ਖੂਨ ਦੇ ਰਿਸ਼ਤੇ ਤੇ ਖੁਦ ਸਿਰਜੇ ਰਿਸ਼ਤੇ ਮੁੜ ਨਵੀਂ ਤਰ੍ਹਾਂ ਦੇ ਰਿਸ਼ਤਿਆਂ ਨਾਲ ਜੁੜ ਜਾਂਦੇ ਹਨ।

ਵਿਆਹ ਉਪਰੰਤ ਪਤੀ/ਪਤਨੀ ਦੇ ਸਹੁਰਾ-ਪੱਖ ਵੱਲ ਨਵੇਂ ਸਥਾਪਤ ਹੋ ਜਾਣ ਵਾਲੇ ਰਿਸ਼ਤੇ ਪੰਜਾਬੀ ਸਮਾਜ ਦੀ ਸਾਕੇਦਾਰੀ ਵਿਚ ਹੇਠ ਲਿਖੇ ਰਿਸ਼ਤਿਆਂ ਦੇ ਨਾਂਵਾਂ ਨਾਲ ਜਾਣੇ ਜਾਂਦੇ ਹਨ। ਉਨ੍ਹਾਂ ਵਿਚੋਂ ਕੁਝ ਰਿਸ਼ਤੇ ਪਤੀ/ਪਤਨੀ ਦੇ ਸਹੁਰਾ-ਪੱਖ ਵੱਲ ਦੇ ਰਿਸ਼ਤਿਆਂ 'ਤੇ ਦੋਹਾਂ (ਪਤੀ-ਪਤਨੀ) 'ਤੇ ਲਾਗੂ ਹੁੰਦੇ ਹਨ। ਕੁਝ ਰਿਸ਼ਤੇ ਇਸ ਤਰ੍ਹਾਂ ਹਨ:

ਪਤੀ/ਪਤਨੀ ਦੀ ਮਾਂ: ਸੱਸ
ਪਤੀ/ਪਤਨੀ ਦਾ ਪਿਤਾ: ਸਹੁਰਾ

ਪਤੀ/ਪਤਨੀ ਦੀ ਚਾਚੀ: ਪਤੀਸ*
ਪਤੀ/ਪਤਨੀ ਦਾ ਚਾਚਾ: ਪਤਿਔਰਾ

ਪਤੀ/ਪਤਨੀ ਦੀ ਤਾਈ: ਪਤੀਸ
ਪਤੀ/ਪਤਨੀ ਦਾ ਤਾਇਆ: ਪਤਿਔਰਾ*

ਪਤੀ/ਪਤਨੀ ਦੀ ਭੂਆ: ਫੁਫੇਸ
ਪਤੀ/ਪਤਨੀ ਦਾ ਫੁੱਫੜ: ਫਫਿਔਰਾ

ਪਤੀ/ਪਤਨੀ ਦੀ ਮਾਸੀ: ਮਮੇਸ
ਪਤੀ/ਪਤਨੀ ਦਾ ਮਾਸੜ: ਮਸਿਔਰਾ

ਪਤੀ/ਪਤਨੀ ਦੀ ਮਾਮੀ: ਮਲੇਸ
ਪਤੀ/ਪਤਨੀ ਦਾ ਮਾਮਾ: ਮਲਿਔਰਾ

ਪਤੀ/ਪਤਨੀ ਦੀ ਨਾਨੀ: ਨਨੇਸ
ਪਤੀ/ਪਤਨੀ ਦਾ ਨਾਨਾ: ਨਨਿਔਰਾ

ਪਤੀ/ਪਤਨੀ ਦੀ ਦਾਦੀ: ਦਦੇਹਸ
ਪਤੀ/ਪਤਨੀ ਦਾ ਦਾਦਾ: ਦਦਿਔਰਾ

ਪਤਨੀ ਦਾ ਭਰਾ: ਸਾਲਾ
ਪਤਨੀ ਦੇ ਭਰਾ ਦੀ ਪਤਨੀ: ਸਾਲੇਹਾਰ

ਪਤੀ ਦੀ ਭੈਣ: ਨਣਦ
ਪਤੀ ਦੀ ਭੈਣ ਦਾ ਪਤੀ: ਨਣਦੋਈਆ

ਪਤਨੀ ਦੀ ਭੈਣ: ਸਾਲੀ
ਪਤਨੀ ਦੀ ਭੈਣ ਦਾ ਪਤੀ: ਸਾਂਢੂ

ਪਤੀ ਦਾ ਵੱਡਾ ਭਰਾ: ਜੇਠ
ਪਤੀ ਦੀ ਵੱਡੀ ਭਾਬੀ: ਜੇਠਾਣੀ

ਪਤੀ ਦਾ ਛੋਟਾ ਭਰਾ: ਦਿਓਰ
ਪਤੀ ਦੀ ਛੋਟੀ ਭਾਬੀ: ਦਰਾਣੀ

ਜਿਥੇ ਬਹੁਤੇ ਰਿਸ਼ਤਿਆਂ ਨੂੰ ਮਨੁੱਖ ਭੁੱਲਦਾ ਜਾ ਰਿਹਾ ਹੈ, ਉਥੇ ਹੁਣ ਤੱਕ ਆਪਣਾ ਨਾਂ ਤੇ ਪਛਾਣ ਬਚਾਈ ਬੈਠੇ ਰਿਸ਼ਤੇ ਵੀ ਹੁਣ ਅੰਕਲ-ਆਂਟੀ ਤੱਕ ਸਿਮਟਣ ਲੱਗੇ ਹਨ।

---

*ਚਾਚੀ/ਚਾਚਾ, ਤਾਈ/ਤਾਇਆ-ਦੋਹਾਂ ਰਿਸ਼ਤਿਆਂ ਦੇ ਨਾਂਵਾਂ ਲਈ ਪਤੀਸ/ਪਤਿਔਰਾ ਦਾ ਰਿਸ਼ਤਾ ਦੱਸਿਆ ਜਾਂਦਾ ਹੈ। ਕਈ ਥਾਂਈਂ ਨਿੱਕੀ ਵੱਡੀ ਪਤੀਸ (ਪਤਿਔਰਾ) ਕਹਿੰਦੇ ਰਹੇ ਹੋਣ ਬਾਰੇ ਵੀ ਸੁਣਿਆ ਹੈ।



Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ
Amolak Singh Gakhal
Chief Patron, United Sports Club
Main Sponsor
Diamond Trucking Stockton's
Gulwinder Gakhal, Neki Atwal & Pinki Atwal
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor of U-25
1st Prize
Sponsored by
TAKHAR FAMILY
in loving memory of Late. Santokh Singh Takhar Apna Punjab & Northern California Club
Media In charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਮੁੱਖ ਮਹਿਮਾਨ
OPENING
ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਮੇਜਰ ਸਿੰਘ ਬੈਂਸ
ਤੀਰਥ ਸਿੰਘ ਗਾਖਲ
ਵਿਸ਼ੇਸ਼ ਮਹਿਮਾਨ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
ਗੋਲਡ ਮੈਡਲ ਨਾਲ ਸਨਮਾਨ
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
ਨੇਕੀ ਸਿੱਧਵਾਂ
ਮੰਗੀ ਬੱਗਾ ਪਿੰਡ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
GUEST OF HONOUR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Uppal Manjit Singh
Pamma deol
Jaswant Singh Hothi
Joga Kang
Jass Sohal
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Inderjit Dhugga
Lakha
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Dhanna Coach
TUTT BROTHERS, INDER DOSANJH AUTO GROUP INC., DIAMOND TRANSPORTS, OCEAN TRANSPORTS & WHITE HAWLK, INDERJIT THIND, JASPREET S ATORNY, GN TIRE & LUBE, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SIKH PANCHAYAT SADH SANGAT, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, HARDUMAN (BILLA) SANGHERA, KULDEEP S. DHALIWAL, SUKHJIT S SANDHU. PARGAN SINGH. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH
MIKE BOPARAI, JASWANT SINGH SARAI, MANNY GREWAL, JAGDEEP SINGH INSURANCE, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, NAJAR SINGH SAHOTA, PRITAM S. GREWAL, HARDEV S. TAKHAR, SUKHBIR S. NIJJAR, KULWANT S KHEHRA, SUKHWANT S KHEHRA, BAY STAR TRANSPORT, MEHFIL INDIAN RESTAURANT, SHAHID BHAGAT SINGH CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT
CENTRAL VALLEY SPORTS CLUB, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL. JARNAIL S MANN. JASVIR S TAKHAR. SURINDER S DHANOA, BOOTA SINGH, SHANKAR SINGH, JASBIR S NAHAL, CAR WASH GILLROY. RANA KAHLON, SUCHA RAM BHARTA. SHASHI PAUL, HARWINDER S DHALIWAL. MAJOR S GILL. JACK RAM, PAUL RAM, SEWA SINGH, JASSI SHERGILL, MALAGHAR S KHERA, BITTU RAI, BALWINDER VIRK, JASWANT UPPAL, KULDEEP S MANN, JOGA SINGH, NACHHATTAR KHABRA, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.
All Kabaddi Lovers are openly Invited
ਆਲ ਓਪਨ ਯੂ.ਐੱਸ.ਏ: ਯੂਨਾਈਟਡ ਸਪੋਰਟਸ ਕਲੱਬ, ਯਮਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Young Sports Kabaddi Club CA.
3. Metro Sports Club New York 4. Canada Club
ਕੁਮੈਂਟੇਟਰ
Spectator Have to reach at James Logan High School, International Law of Kabddi will apply, United Sports Club has reserve the right for last decisions.

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਮੌਕੇ

# ਚੌਥਾ ਸਾਲਾਨਾ ਨਗਰ ਕੀਰਤਨ

**1 ਸਤੰਬਰ 2019 (ਐਤਵਾਰ) ਸਵੇਰੇ 10:30 ਵਜੇ ਤੋਂ**

(ਲੇਬਰ ਡੇਅ ਵੀਕਐਂਡ)





## ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ

**28 ਅਗਸਤ ਤੋਂ 31 ਅਗਸਤ 2019 ਤੱਕ**

ਸ਼ਾਮ 7:30 ਵਜੇ ਤੋਂ ਰਾਤ 8:30 ਵਜੇ ਤੱਕ

**1 ਸਤੰਬਰ 2019 (ਐਤਵਾਰ)**

ਸਵੇਰੇ 10:30 ਤੋਂ 11:30 ਵਜੇ ਤੱਕ

**ਕੀਰਤਨੀ ਜਥੇ**

ਭਾਈ ਇੰਦਰਜੀਤ ਸਿੰਘ ਖਾਲਸਾ
ਭਾਈ ਰਸ਼ਪਾਲ ਸਿੰਘ
ਭਾਈ ਲਖਨ ਸਿੰਘ
ਭਾਈ ਸਤਨਾਮ ਸਿੰਘ
ਭਾਈ ਰਾਜਿੰਦਰ ਸਿੰਘ
ਢਾਡੀ ਜਥਾ ਬੀਬੀ ਚੰਚਲਦੀਪ ਕੌਰ

ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮ ਦੇ ਪੰਜੇ ਦਿਨ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਨਗਰ ਕੀਰਤਨ ਦਾ ਰੂਟ:** ਗੁਰਦੁਆਰਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਐਵੇਨਿਊ ਤੋਂ ਖੱਬੇ, ਅਬੌਰਨ ਰੋਡ ਤੋਂ ਸੱਜੇ, ਰੂਬੀ ਐਵੇਨਿਊ ਤੋਂ ਸੱਜੇ, ਕੁਇੰਬੀ ਰੋਡ ਤੋਂ ਸੱਜੇ ਅਤੇ ਗੁਰਦੁਆਰਾ ਐਵੇਨਿਊ ਤੋਂ ਸੱਜੇ।

*ਹੋਰ ਪਾਰਕਿੰਗ: ਐਵਰਗਰੀਨ ਵੈਲੀ ਹਾਈ ਸਕੂਲ, ਛਬੋਇਆ ਮਿਡਲ ਸਕੂਲ, ਕੈਰੋਲਿਨ ਕਲਾਰਕ ਐਲੀਮੈਂਟਰੀ ਸਕੂਲ ਅਤੇ ਉਥੋਂ ਫਰੀ ਸ਼ਟਲ ਸਰਵਿਸ*

ਪ੍ਰੋਗਰਾਮਾਂ ਦੇ ਇੰਚਾਰਜ: ਸੁਰਜੀਤ ਸਿੰਘ ਬੈਂਸ, ਫੋਨ: 408-394-3595
ਪ੍ਰੋਗਰਾਮਾਂ ਦੇ ਕੋਆਰਡੀਨੇਟਰ: ਜਸਵੀਰ ਸਿੰਘ ਪੁਆਰ, ਫੋਨ: 408-416-7200 ਅਤੇ ਗੁਰਜੰਟ ਸਿੰਘ ਸੰਘਾ, ਫੋਨ: 408-219-6532
ਧਾਰਮਿਕ ਮਾਮਲਿਆਂ ਦੇ ਇੰਚਾਰਜ: ਸੁਖਦੇਵ ਸਿੰਘ ਬੈਨੀਵਾਲ, ਫੋਨ: 408-421-9463
ਸਿਆਸੀ ਮਾਮਲਿਆਂ ਦੇ ਇੰਚਾਰਜ: ਭੁਪਿੰਦਰ (ਬਾਬ) ਸਿੰਘ ਢਿੱਲੋਂ, ਫੋਨ: 408-568-0034
ਆਮ ਜਾਣਕਾਰੀ: ਅਮਰਿੰਦਰ ਸਿੰਘ ਝੱਜ, ਫੋਨ: 408-600-7857 ਅਤੇ ਕਿਰਪਾਲ ਸਿੰਘ ਅਟਵਾਲ, ਫੋਨ: 408-835-7712
ਹੈਡ ਗ੍ਰੰਥੀ: ਭਾਈ ਮਹਿੰਦਰ ਸਿੰਘ ਬਾਜਵਾ, ਫੋਨ: 408-274-9373
ਬੁਥ ਰਿਜ਼ਰਵੇਸ਼ਨ: ਖੁਸ਼ਵਿੰਦਰਪਾਲ ਸਿੰਘ, ਫੋਨ: 408-507-1290
ਲੰਗਰ ਸੇਵਾ: ਹਰਜਿੰਦਰ ਸਿੰਘ ਲੱਧੜ, ਫੋਨ: 408-904-9158 ਅਤੇ ਕੁਲਦੀਪ ਸਿੰਘ ਸ਼ੇਰਗਿੱਲ, ਫੋਨ: 408-230-8319

# ਸਿੱਖ ਗੁਰਦੁਆਰਾ ਸੈਨ ਹੋਜੇ, ਕੈਲੀਫੋਰਨੀਆ

**3636 Gurdwara Ave, San Jose, CA 95148 Gurdwara website: www.sanjosegurdwara.org**

**Donation to Gurdwara Sahib: You can now donate on-line as well using Credit/Debit card or Paypal.**

Visit: www.sanjosegurdwara.org and touch "Donate" tab and enter information. You can also enter a message like Ardas etc and listen it on Gurdwara website radio same day after Rehras Sahib Path at 6pm.